**ਐਮ.ਏ.(ਪੰਜਾਬੀ) ਭਾਗ ਦੂਜਾ** — **ਇਲੈਕਟਿਵ ਕੋਰਸ : ਚੌਥਾ**

**ਸਮੈਸਟਰ – ਤੀਜਾ** — **ਪੰਜਾਬੀ ਵਾਰਤਕ**

**ਯੂਨਿਟ ਨੰਬਰ : 1**

## ਪਾਠ ਨੰਬਰ:

1.1 : ਵਾਰਤਕ ਤੇ ਵਾਰਤਕ ਸ਼ੈਲੀ

1.2 : ਪੰਜਾਬੀ ਵਾਰਤਕ ਦਾ ਜਨਮ ਅਤੇ ਵਿਕਾਸ

1.3 : 'ਪੁਰਾਤਨ ਜਨਮਸਾਖੀ' ਦੀਆਂ ਪ੍ਰਮੁੱਖ ਸਾਖੀਆਂ ਅਤੇ ਘਟਨਾਵਾਂ

1.4 : 'ਪੁਰਾਤਨ ਜਨਮਸਾਖੀ' ਦਾ ਕਰਤਾ ਅਤੇ ਰਚਨਾਕਾਲ

1.5 : 'ਪੁਰਾਤਨ ਜਨਮਸਾਖੀ' ਵਿਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ

1.6 : 'ਪੁਰਾਤਨ ਜਨਮਸਾਖੀ' ਦੀ ਸ਼ੈਲੀ ਅਤੇ ਭਾਸ਼ਾ

1.7 : ਜਨਮਸਾਖੀ ਪਰੰਪਰਾ ਵਿਚ 'ਪੁਰਾਤਨ ਜਨਮਸਾਖੀ' ਦਾ ਸਥਾਨ

## ਪੁਸਤਕ – ਵਾਰਤਕ ਵਿਰਸਾ

1.8 : ਵਾਰਤਕ ਵਿਰਸਾ (ਸੰਕਲਿਤ ਰਚਨਾਵਾਂ ਦਾ ਵਿਸ਼ੈ ਵਸਤੂ)

1.9 : ਵਾਰਤਕ ਵਿਰਸਾ : ਭਾਸ਼ਾ ਤੇ ਸ਼ੈਲੀ

1.10 : ਵਾਰਤਕ ਵਿਰਸਾ : ਸ਼ਬਦਾਵਲੀ

1.11 : ਵਾਰਤਕ ਵਿਰਸਾ : ਕਲਾ ਪੱਖ

1.12 : ਵਾਰਤਕ ਵਿਰਸਾ : ਸੰਖੇਪ ਪ੍ਰਸ਼ਨ-ਉੱਤਰ

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

# ਵਾਰਤਕ ਤੇ ਵਾਰਤਕ ਸ਼ੈਲੀ

## ਪਿਆਰੇ ਵਿਦਿਆਰਥੀ,

ਐਮ. ਏ. (ਪੰਜਾਬੀ) ਭਾਗ ਦੂਜਾ ਦੇ ਪਰਚਾ ਤੀਜਾ ਦਾ ਇਹ ਪਹਿਲਾ ਪਾਠ ਹੈ। ਕੋਰਸ ਵਿੱਚ ਲੱਗੀਆਂ ਪਾਠ ਪੁਸਤਕਾਂ ਦਾ ਅਸਲ ਆਨੰਦ ਲੈਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਇਸ ਪਾਠ ਨੂੰ ਚੰਗੀ ਤਰ੍ਹਾਂ ਸਮਝੋ। ਕੋਰਸ ਵਿੱਚ ਲੱਗੀਆਂ ਸਾਰੀਆਂ ਪਾਠ ਪੁਸਤਕਾਂ ਪੜ੍ਹ ਲਵੋ ਤੇ ਇਸ ਪਾਠ ਦੀ ਸਮੱਗਰੀ ਨੂੰ ਸਮਝ ਕੇ, ਪ੍ਰੀਖਿਆ ਦੀ ਤਿਆਰੀ ਕਰੋ। ਇਸ ਪਾਠ ਵਿੱਚ ਵਾਰਤਕ ਦੇ ਤਕਨੀਕੀ ਪੱਖਾਂ 'ਤੇ ਵਿਚਾਰ ਕੀਤੀ ਗਈ ਹੈ।

## ਪਾਠ ਦਾ ਮੰਤਵ

ਇਸ ਪਾਠ ਵਿੱਚ ਵਿਦਿਆਰਥੀਆਂ ਨੂੰ ਸਾਹਿਤ ਵਿਚ ਵਾਰਤਕ ਦੇ ਸਥਾਨ, ਉਸ ਦੇ ਕਵਿਤਾ ਨਾਲੋਂ ਅੰਤਰ, ਉਸ ਦੀ ਪਰਿਭਾਸ਼ਾ ਅਤੇ ਉਸ ਦੇ ਤੱਤਾਂ ਸੰਬੰਧੀ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਛੁੱਟ ਵਾਰਤਕ ਦੇ ਵਰਗੀਕਰਣ ਬਾਰੇ ਚਰਚਾ ਕੀਤੀ ਜਾਵੇਗੀ ਤੇ ਵਾਰਤਕ ਦਾ ਪ੍ਰਮੁੱਖ ਰੂਪ ਨਿਬੰਧ ਦੇ ਉਪ-ਰੂਪਾਂ ਲੇਖ, ਥੀਸਿਸ, ਆਦਿ ਦੇ ਪਰਸਪਰ ਅੰਤਰ ਨੂੰ ਸਪਸ਼ਟ ਕੀਤਾ ਜਾਵੇਗਾ। ਅੰਤ ਵਿੱਚ ਵਾਰਤਕ ਸ਼ੈਲੀ ਦੇ ਮੁਖ ਲੱਛਣਾਂ ਦਾ ਉਲੇਖ ਕਰਨ ਦਾ ਜਤਨ ਕੀਤਾ ਜਾਵੇਗਾ ਤਾਂ ਜੋ ਵਿਦਿਆਰਥੀ ਪੰਜਾਬੀ ਦੇ ਪ੍ਰਸਿੱਧ ਗੱਦ ਲੇਖਕਾਂ ਦੀਆਂ ਰਚਨਾਵਾਂ ਦਾ ਅਧਿਐਨ ਕਰਦੇ ਸਮੇਂ ਉਨ੍ਹਾਂ ਦੀ ਵਾਰਤਕ ਸ਼ੈਲੀ ਦੇ ਵਿਸ਼ੇਸ਼ ਲੱਛਣਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਪਰਖ ਸਕਣ।

## ਮੂਲ ਪਾਠ :

ਸਾਹਿਤ ਮਨੁੱਖੀ ਵਿਚਾਰਾਂ ਤੇ ਭਾਵਾਂ ਦਾ ਅਜਿਹਾ ਸ਼ਾਬਦਿਕ ਪ੍ਰਗਟਾਵਾ ਹੁੰਦਾ ਹੈ ਜਿਹੜਾ ਪਾਠਕ ਨੂੰ ਸੁਹਜ ਸੁਆਦ ਪ੍ਰਦਾਨ ਕਰਦਾ ਹੈ ਤੇ ਮਨੁੱਖੀ ਆਦਰਸ਼ਾਂ ਦੀ ਕਲਾਤਮਕ ਅਗਵਾਈ ਕਰਦਾ ਹੈ। ਇਸ ਪ੍ਰਕਾਰ ਸਾਹਿਤ ਦੇ ਤਿੰਨ ਮੁੱਖ ਮੰਤਵ ਮੰਨੇ ਜਾ ਸਕਦੇ ਹਨ :

(ੳ) ਸ੍ਵੈ-ਪ੍ਰਗਟਾਵਾ

(ਅ) ਸੁਹਜ ਸੁਆਦ ਦੇਣਾ

(ੲ) ਮਨੁੱਖੀ ਆਦਰਸ਼ਾਂ ਦੀ ਕਲਾਤਮਕ ਅਗਵਾਈ।

ਸੰਸਕ੍ਰਿਤ ਦੇ ਵਿਦਵਾਨਾਂ ਨੇ ਸਾਹਿਤ ਨੂੰ ਮਨੁੱਖੀ ਹਿੱਤਾਂ ਦਾ ਸਮਰਥਕ ਮੰਨਿਆ ਹੈ ਤੇ ਉਸ ਵਿੱਚ ਸਤਿਅਮ, ਸ਼ਿਵਮ ਅਤੇ ਸੁੰਦਰਮ ਵਿਸ਼ੇਸ਼ਤਾਈਆਂ ਦੀ ਹੋਂਦ ਦੀ ਅਵੱਸ਼ਕਤਾ ਨੂੰ ਸਵੀਕਾਰ ਕੀਤਾ ਹੈ। ਇਨ੍ਹਾਂ ਵਿਸ਼ੇਸ਼ਤਾਈਆਂ ਕਰਕੇ ਸਾਹਿਤ ਵਿੱਚ ਸੱਚ ਦਾ ਪ੍ਰਗਟਾਵਾ ਅਜਿਹੇ ਸੁੰਦਰ ਢੰਗ ਨਾਲ ਕੀਤਾ ਜਾਂਦਾ ਹੈ ਕਿ ਉਹ ਸੁਹਜ ਦਿੰਦਾ ਹੈ ਤੇ ਮਨੁੱਖ ਮਨ ਨੂੰ ਸ਼ਕਤੀਸ਼ਾਲੀ ਪ੍ਰੇਰਨਾ ਬਖਸ਼ਦਾ ਹੈ।

ਭਾਵੇਂ ਵਿਆਪਕ ਅਰਥਾਂ ਵਿੱਚ ਗਿਆਨ, ਵਿਗਿਆਨ, ਮਨੋਵਿਗਿਆਨ, ਅਰਥ ਸ਼ਾਸਤਰ, ਇਤਿਹਾਸ, ਰਾਜਨੀਤੀ, ਧਰਮ ਤੇ ਨੈਤਿਕ ਸ਼ਾਸਤਰ ਦੀਆਂ ਰਚਨਾਵਾਂ ਵੀ ਸਾਹਿਤ ਹੀ ਗਿਣੀਆਂ ਜਾਂਦੀਆਂ ਹਨ ਪਰ ਇਹ ਸਾਰੀਆਂ ਰਚਨਾਵਾਂ ਨਿਰੋਲ ਸਾਹਿਤ ਦੇ ਖੇਤਰ ਵਿੱਚ ਨਹੀਂ ਆਉਂਦੀਆਂ ਕਿਉਂਕਿ ਭਾਵੇਂ ਇਹ ਮਨੁੱਖੀ ਸਿੱਧਾਤਾਂ ਤੇ ਵਿਚਾਰਾਂ ਨੂੰ ਸ਼ਬਦਾਂ ਵਿੱਚ ਅੰਕਿਤ ਕਰਦੀਆਂ ਹਨ ਪਰ ਇਹ ਪਾਠਕ ਦੇ ਸੁਹਜ ਸੁਆਦ ਦੀ ਪੂਰਤੀ ਨਹੀਂ ਕਰਦੀਆਂ। ਜਿੱਥੇ ਵਿਗਿਆਨ ਵਿੱਚ ਭੌਤਿਕ ਵਸਤੂਆਂ ਦੇ ਗੁਣ, ਉਨ੍ਹਾਂ ਦੇ ਪਰਮਾਣੂਆਂ ਦੀ ਤਰਤੀਬ, ਉਨ੍ਹਾਂ ਦੀ ਭੌਤਿਕ ਤੇ ਰਸਾਇਣਕ ਬਣਤਰ ਅਤੇ ਉਨ੍ਹਾਂ ਦੀਆਂ ਹੋਂਦ ਵਿੱਚ

ਆਉਣ ਦੀਆਂ ਵਿਧੀਆਂ ਦਾ ਅਧਿਐਨ ਕੀਤਾ ਜਾਂਦਾ ਹੈ, ਉਥੇ ਸਾਹਿਤ ਵਿੱਚ ਵਸਤੂਆਂ ਨੂੰ ਭਾਵ ਗ੍ਰਸਤ ਰੂਪ ਵਿੱਚ ਵੇਖ ਕੇ, ਉਨ੍ਹਾਂ ਨੂੰ ਇਕ ਆਦਰਸ਼ਕ ਦ੍ਰਿਸ਼ਟੀ ਤੋਂ ਨਿਰਖ-ਪਰਖ ਕੇ ਉਨ੍ਹਾਂ ਦਾ ਅਜਿਹਾ ਭਾਵਕ ਚਿਤਰਨ ਪੇਸ਼ ਕੀਤਾ ਜਾਂਦਾ ਹੈ ਜਿਹੜਾ ਪਾਠਕ ਦੀ ਕਲਪਨਾ ਨੂੰ ਟੁੰਭ ਸਕੇ, ਉਸ ਦੇ ਅੰਦਰ ਭਾਵ ਪੈਦਾ ਕਰ ਸਕੇ ਅਤੇ ਉਸ ਨੂੰ ਕਿਸੇ ਆਦਰਸ਼ ਦੀ ਪ੍ਰੇਰਨਾ ਦੇ ਸਕੇ। ਗਿਆਨ ਤੇ ਵਿਗਿਆਨ ਦੀਆਂ ਰਚਨਾਵਾਂ ਜਿੱਥੇ ਵਿਗਿਆਨਕ ਸੱਚ ਨੂੰ ਪੇਸ਼ ਕਰਦੀਆਂ ਹਨ ਉਥੇ ਸਾਹਿਤਕ ਰਚਨਾਵਾਂ ਕਾਵਿਕ-ਸੱਚ ਨੂੰ ਪ੍ਰਗਟ ਕਰਦੀਆਂ ਹਨ। ਜਿਥੇ ਵਿਗਿਆਨਕ ਸੱਚ ਸਥੂਲ ਹੁੰਦਾ ਹੈ, ਉਥੇ ਕਾਵਿਕ ਸੱਚ ਤਰਲ ਤੇ ਸੂਖ਼ਮ ਹੁੰਦਾ ਹੈ। ਕਾਵਿਕ-ਸੱਚ ਵਿੱਚ ਭਾਵਾਂ ਦੀ ਤਰਲਤਾ ਅਤੇ ਕਲਪਨਾ ਦੀ ਸੂਖ਼ਮਤਾ ਰਲੀ ਹੁੰਦੀ ਹੈ। ਸਾਹਿਤ ਨੂੰ ਮੁੱਖ ਤੌਰ 'ਤੇ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ :-

1. ਪਦ 2. ਗੱਦ

ਪਦ ਜਾਂ ਕਾਵਿ ਨੂੰ ਇਕ ਵਿਦਵਾਨ ਹਿਊਮ ਨੇ 'ਮਨੁੱਖਤਾ ਦੀ ਮਾਤ-ਭਾਸ਼ਾ'[1] ਆਖਿਆ ਹੈ। ਮਹਾਨ ਅੰਗ੍ਰੇਜ਼ੀ ਕਵੀ ਸ਼ੈਲੇ ਅਨੁਸਾਰ, ''ਇਕ ਕਵੀ ਹਨੇਰੇ ਵਿੱਚ ਬੈਠੀ ਬੁਲਬੁਲ ਵਾਂਗ ਹੁੰਦਾ ਹੈ ਜਿਹੜੀ ਆਪਣੀ ਇਕੱਲਤਾ ਨੂੰ ਮਿੱਠੀਆਂ ਸੁਰਾਂ ਨਾਲ ਭਰਪੂਰ ਕਰਨ ਦੀ ਕੋਸ਼ਿਸ਼ ਕਰਦੀ ਹੈ।''[2]

ਕਵਿਤਾ ਆਮ ਤੌਰ 'ਤੇ ਛੰਦ-ਬੱਧ ਸਾਹਿਤਕ ਰਚਨਾ ਹੁੰਦੀ ਹੈ ਜਿਸ ਵਿੱਚ ਬੁੱਧੀ ਦੀ ਥਾਂ ਭਾਵਾਂ ਦੀ ਪ੍ਰਧਾਨਤਾ ਹੁੰਦੀ ਹੈ। ਇਸ ਦੇ ਉਲਟ ਵਾਰਤਕ ਜਾਂ ਗੱਦ ਸਾਧਾਰਨ ਬੋਲ ਚਾਲ ਦੀ ਭਾਸ਼ਾ ਵਿੱਚ ਕੀਤੀ ਹੋਈ ਇਕ ਛੰਦ-ਰਹਿਤ ਰਚਨਾ ਹੁੰਦੀ ਹੈ ਜਿਸ ਵਿੱਚ ਭਾਵਾਂ ਦੀ ਥਾਂ ਬੁੱਧੀ ਤੇ ਦਲੀਲ ਦੀ ਪ੍ਰਧਾਨਤਾ ਹੁੰਦੀ ਹੈ। ਜਿੱਥੇ ਕਾਵਿ ਦੀ ਰਚਨਾ ਕਰਨ ਵਾਲਾ ਲੇਖਕ ਲੈਅ, ਤਾਲ ਅਤੇ ਤੁਕਾਂਤ ਆਦਿ ਦਾ ਵਿਸ਼ੇਸ਼ ਤੌਰ 'ਤੇ ਧਿਆਨ ਰਖਦਾ ਹੈ, ਉਥੇ ਵਾਰਤਕ ਜਾਂ ਗੱਦ-ਲੇਖਕ ਨੂੰ ਇਸ ਤਰ੍ਹਾਂ ਦੀ ਪਾਬੰਦੀ ਸਵੀਕਾਰ ਕਰਨ ਦੀ ਜ਼ਰੂਰਤ ਨਹੀਂ। ਲੈਅ, ਸੁਰ, ਤਾਲ ਤੇ ਤੁਕਾਂਤ ਪੈਦਾ ਕਰਨ ਅਰਥਾਤ ਕਾਵਿਕ-ਵਾਯੂਮੰਡਲ ਉਤਪੰਨ ਕਰਨ ਲਈ ਕਾਵਿਕ-ਰਚਨਾ ਵਿੱਚ ਸ਼ਬਦ-ਚੋਣ, ਸ਼ਬਦ-ਜੜ੍ਹਤ ਅਤੇ ਪਿੰਗਲ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ। ਇਸ ਪਾਬੰਦੀ ਦੇ ਪਰਿਣਾਮ-ਸਰੂਪ ਕਾਵਿ ਵਿੱਚ ਸੁੰਦਰ ਸ਼ਬਦਾਂ ਦੀ ਵਰਤੋਂ ਸੁੰਦਰ ਢੰਗ ਨਾਲ ਕਰਨੀ ਪੈਂਦੀ ਹੈ। ਇਸ ਪ੍ਰਕਾਰ ਕਾਵਿ ਵਿੱਚ ਬਿੰਬਾਂ, ਪ੍ਰਤੀਕਾਂ ਅਤੇ ਅਲੰਕਾਰਾਂ ਦੀ ਹੋਂਦ ਜ਼ਰੂਰੀ ਹੋ ਜਾਂਦੀ ਹੈ। ਲੈਅ, ਤਾਲ, ਤੋਲ ਅਤੇ ਤੁਕਾਂਤ ਦੀ ਹੋਂਦ ਕਾਰਨ ਕਾਵਿਕ-ਰਚਨਾਵਾਂ ਵਿੱਚ ਗੱਦ-ਰਚਨਾਵਾਂ ਦੇ ਟਾਕਰੇ 'ਤੇ ਵਧੇਰੇ ਰਸ ਉਤਪੰਨ ਹੋ ਜਾਂਦਾ ਹੈ।

ਵਾਰਤਕ ਨੂੰ ਭਾਸ਼ਾ ਦੇ ਵਿਆਕਰਣਕ ਨਿਯਮਾਂ ਦੀ ਪਾਲਣਾ ਕਰਨ ਦੀ ਮਜਬੂਰੀ ਹੁੰਦੀ ਹੈ ਪਰੰਤੂ ਕਵਿਤਾ ਇਨ੍ਹਾਂ ਵਿਆਕਰਣ ਨਿਯਮਾਂ ਦੀ ਕੈਦ ਤੋਂ ਮੁਕਤ ਹੈ। ਕਵਿਤਾ ਵਿੱਚ ਤੁਕਾਂਤ ਪੈਦਾ ਕਰਨ ਦੀ ਮਜਬੂਰੀ ਕਾਰਨ ਕਈ ਵਾਰੀ ਸ਼ਬਦਾਂ ਨੂੰ ਭੰਨ ਤੋੜ ਕੇ ਅਜਿਹੇ ਰੂਪ ਵਿੱਚ ਵੀ ਵਰਤ ਲਿਆ ਜਾਂਦਾ ਹੈ ਜਿਹੜਾ ਰੂਪ ਵਿਆਕਰਣਕ ਤੌਰ 'ਤੇ ਅਸ਼ੁੱਧ ਹੁੰਦਾ ਹੈ ਪਰ ਵਾਰਤਕ ਵਿੱਚ ਇਸ ਪ੍ਰਕਾਰ ਦੀ ਕੋਈ ਭੰਨ ਤੋੜ ਨਹੀਂ ਕੀਤੀ ਜਾ ਸਕਦੀ।

ਭਾਵਾਂ ਤੇ ਕਲਪਨਾ ਦੀ ਬਹੁਲਤਾ ਕਾਰਨ ਕਵਿਤਾ ਨੂੰ ਦਿਲ ਦੀ ਹੂਕ ਅਤੇ ਉਸ ਦੇ ਟਾਕਰੇ ਉੱਤੇ ਵਿਚਾਰਾਂ ਤੇ ਬੁੱਧੀ ਦੀ ਬਹੁਲਤਾ ਕਰਕੇ ਵਾਰਤਕ ਨੂੰ ਦਿਮਾਗ ਦੀ ਬੋਲੀ ਆਖਿਆ ਜਾਂਦਾ ਹੈ। ਪਰ ਕਿਉਂਕਿ ਭਾਵਾਂ ਦਾ ਸਹੀ ਤੌਰ 'ਤੇ ਨਿਰੂਪਣ ਕਰਨ ਲਈ ਸੌ ਫੀ ਸਦੀ ਢੁਕਵੇਂ ਸ਼ਬਦ ਮਿਲਣੇ ਔਖੇ ਹੋ ਜਾਂਦੇ ਹਨ, ਇਸ ਲਈ ਕਵਿਤਾ ਵਿੱਚ ਇਨ੍ਹਾਂ ਭਾਵਾਂ ਨੂੰ ਸੰਕੇਤਾਂ, ਬਿੰਬਾਂ ਅਤੇ ਕਲਪਨਾ-ਚਿੱਤਰਾਂ ਦੀ ਸਹਾਇਤਾ ਨਾਲ ਪ੍ਰਗਟ ਕਰਨ ਦਾ ਜਤਨ ਕੀਤਾ ਜਾਂਦਾ ਹੈ। ਇਸ ਦੇ ਫ਼ਲਸਰੂਪ ਕਵਿਤਾ ਵਿੱਚ ਵਿਸਥਾਰ ਦੀ ਥਾਂ ਸੰਜਮ ਅਤੇ ਫੈਲਾਅ ਦੀ ਥਾਂ ਸੰਕੇਤ ਆ ਜਾਂਦਾ ਹੈ। ਇਸ ਦੇ ਟਾਕਰੇ ਉਤੇ ਵਾਰਤਕ ਵਿੱਚ ਵਿਚਾਰਾਂ ਨੂੰ ਨਿਆਇ-ਯੁਕਤ

1. Poetry is the mother-tongue of Mankind.
2. A Poet is a nightingale who sits in darkness and sings to cheer its own solitude with sweet songs.

ਅਤੇ ਦਲੀਲ-ਸਾਹਿਤ ਪੇਸ਼ ਕੀਤਾ ਜਾਂਦਾ ਹੈ। ਵਿਚਾਰ ਤੇ ਦਲੀਲ ਦੀ ਪੁਸ਼ਟੀ ਲਈ ਉਦਾਹਰਣਾਂ ਅਤੇ ਦ੍ਰਿਸ਼ਟਾਂਤ ਦੇਣੇ ਪੈਂਦੇ ਹਨ ਇਸ ਕਰਕੇ ਵਾਰਤਕ ਵਿੱਚ ਵਿਸਥਾਰ ਤੇ ਫੈਲਾਅ ਆ ਜਾਂਦਾ ਹੈ।

ਇਸ ਵਿਚਾਰ ਤੋਂ ਕਦਾਚਿਤ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਨਿਰੋਲ ਬੋਲ-ਚਾਲ ਵਿੱਚ ਵਰਤੇ ਜਾਂਦੇ ਵਾਕ ਵਾਰਤਕ ਨੂੰ ਜਨਮ ਦੇ ਸਕਦੇ ਹਨ। ਸਾਹਿਤ ਦਾ ਇਕ ਰੂਪ ਹੋਣ ਦੇ ਨਾਤੇ ਵਾਰਤਕ ਵਿੱਚ ਅਜਿਹੇ ਸਾਰੇ ਗੁਣ ਹੋਣੇ ਚਾਹੀਦੇ ਹਨ ਜਿਹੜੇ ਕਿਸੇ ਕ੍ਰਿਤ ਨੂੰ ਸਾਹਿਤ ਬਣਾਉਂਦੇ ਹਨ। ਜਿਵੇਂ ਅਸੀਂ ਉਪਰ ਜ਼ਿਕਰ ਕਰ ਆਏ ਹਾਂ, ਗਿਆਨ ਵਿਗਿਆਨ ਤੇ ਸਮਾਜਕ ਸ਼ਾਸਤਰ ਦੀਆਂ ਪੁਸਤਕਾਂ ਨੂੰ ਨਿਰੋਲ ਸਾਹਿਤ ਦਾ ਅੰਗ ਨਹੀਂ ਮੰਨਿਆ ਜਾਂਦਾ। ਇੱਥੇ ਇਹ ਗੱਲ ਦੱਸ ਦੇਣੀ ਵੀ ਜ਼ਰੂਰੀ ਜਾਪਦੀ ਹੈ ਕਿ ਭਾਵੇਂ ਗਿਆਨ, ਵਿਗਿਆਨ ਤੇ ਸਮਾਜਕ ਸ਼ਾਸਤਰ ਨਾਲ ਸੰਬੰਧਤ ਰਚਨਾਵਾਂ ਆਮ ਤੌਰ 'ਤੇ ਵਾਰਤਕ ਵਿੱਚ ਲਿਖੀਆਂ ਜਾਂਦੀਆਂ ਹਨ ਪਰ ਇਨ੍ਹਾਂ ਨੂੰ ਸਾਹਿਤਕ ਸ਼ਬਦਾਵਲੀ ਵਿੱਚ ਵਾਰਤਕ ਕਹਿਣਾ ਉਚਿਤ ਨਹੀਂ। ਇਸ ਕਿਸਮ ਦੀਆਂ ਰਚਨਾਵਾਂ ਨਿਰਸੰਦੇਹ ਮਨੁੱਖ ਦੀ ਬੌਧਿਕ ਸੰਤੁਸ਼ਟਤਾ ਕਰਦੀਆਂ ਹਨ ਪਰ ਉਹ ਆਮ ਤੌਰ 'ਤੇ ਸੁਹਜ-ਸੁਆਦ ਪ੍ਰਦਾਨ ਨਹੀਂ ਕਰਦੀਆਂ। ਉਹ ਨਾ ਤਾਂ ਪਾਠਕ ਦੇ ਭਾਵਾਂ ਨੂੰ ਟੁੰਭਦੀਆਂ ਹਨ ਤੇ ਨਾ ਹੀ ਉਸ ਦੀ ਕਲਪਣਾ ਨੂੰ ਪ੍ਰਚੰਡ ਕਰਦੀਆਂ ਹਨ। ਇਸੇ ਕਰਕੇ ਉਹ ਸਾਹਿਤਕ ਮਾਪ-ਦੰਡਾਂ ਅਨੁਸਾਰ ਸਾਹਿਤ ਦੇ ਖੇਤਰ ਵਿੱਚ ਨਹੀਂ ਆਉਂਦੀਆਂ ਪਰ ਜਦੋਂ ਅਸੀਂ ਕਿਸੇ ਵਾਰਤਕ ਰਚਨਾ ਦਾ ਪਾਠ ਕਰਦੇ ਹਾਂ ਤਾਂ ਕੇਵਲ ਸਾਨੂੰ ਕਿਸੇ ਵਿਸ਼ੇ ਸੰਬੰਧੀ ਜਾਣਕਾਰੀ ਹੀ ਪ੍ਰਾਪਤ ਨਹੀਂ ਹੁੰਦੀ ਸਗੋਂ ਨਾਲ ਹੀ ਨਾਲ ਸਾਡੀ ਸੁਹਜ-ਭੁੱਖ ਦੀ ਤ੍ਰਿਪਤੀ ਵੀ ਹੁੰਦੀ ਹੈ। ਇਸ ਦੇ ਨਾਲ ਹੀ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜਿਨ੍ਹਾਂ ਕ੍ਰਿਤਾਂ ਦਾ ਵਿਸ਼ਾ ਭਾਵੇਂ ਵਿਗਿਆਨਕ, ਦਾਰਸ਼ਨਿਕ, ਰਾਜਨੀਤਕ, ਮਨੋਵਿਗਿਆਨਕ ਅਤੇ ਧਾਰਮਿਕ ਆਦਿ ਹੋਵੇ ਜੇਕਰ ਉਨ੍ਹਾਂ ਵਿੱਚ ਵਿਸ਼ੇ ਦਾ ਨਿਰੂਪਣ ਸਾਹਿਤਕ ਢੰਗ ਨਾਲ ਕੀਤਾ ਗਿਆ ਹੋਵੇ ਤਾਂ ਅਜਿਹੀਆਂ ਕ੍ਰਿਤਾਂ ਸਾਹਿਤ ਖੇਤਰ ਦਾ ਅੰਗ ਹੁੰਦੀਆਂ ਹਨ ਤੇ ਜੇਕਰ ਉਹ ਵਾਰਤਕ ਵਿੱਚ ਕੀਤੀਆਂ ਗਈਆਂ ਹੋਣ ਤਾਂ ਉਨ੍ਹਾਂ ਦੀ ਵਾਰਤਕ ਸਾਹਿਤਕ ਵਾਰਤਕ ਹੁੰਦੀ ਹੈ। ਇਸ ਲਈ ਵਾਰਤਕ ਦਾ ਵਿਸ਼ਾ ਕੋਈ ਵੀ ਹੋ ਸਕਦਾ ਹੈ। ਵਿਸ਼ੇ ਦੇ ਪੱਖੋਂ ਇਸ ਉੱਤੇ ਕੋਈ ਪਾਬੰਦੀ ਨਹੀਂ। ਹਾਂ ਉਸ ਵਿਸ਼ੇ ਦਾ ਪ੍ਰਗਟਾਅ ਕਲਾਤਮਕ ਹੋਣਾ ਜ਼ਰੂਰੀ ਹੈ।

ਇਸ ਵਿਚਾਰ ਉਪਰੰਤ ਅਸੀਂ ਵਾਰਤਕ ਦੀ ਪਰਿਭਾਸ਼ਾ ਇਸ ਤਰ੍ਹਾਂ ਕਰ ਸਕਦੇ ਹਾਂ :

ਵਾਰਤਕ ਸਾਹਿਤ ਦਾ ਉਹ ਰੂਪ ਹੈ ਜਿਸ ਵਿੱਚ ਕਿਸੇ ਵਿਸ਼ੇ ਦਾ ਪ੍ਰਗਟਾਅ ਸਾਧਾਰਨ ਬੋਲ ਚਾਲ ਦੇ ਨੇੜੇ ਦੀ ਭਾਸ਼ਾ ਵਿਚ ਅਜਿਹੇ ਬੌਧਿਕ ਅਤੇ ਨਿਆਇ-ਯੁਕਤ ਢੰਗ ਨਾਲ ਕੀਤਾ ਜਾਂਦਾ ਹੈ ਕਿ ਉਸ ਵਿੱਚ ਭਾਵਾਂ ਦੀ ਥਾਂ ਬੁੱਧੀ ਅਤੇ ਕਲਪਣਾ ਦੀ ਥਾਂ ਤਰਕ ਦੀ ਪ੍ਰਧਾਨਤਾ ਹੋਵੇ, ਵਿਆਕਰਣਕ ਨਿਯਮਾਂ ਦੀ ਪਾਲਣਾ ਕਰੇ ਪਰ ਇੰਝ ਕਰਨ ਦੇ ਬਾਵਜੂਦ ਪਾਠਕ ਨੂੰ ਸੁਹਜ ਸੁਆਦ ਦੇਵੇ ਅਤੇ ਸਾਹਿਤ ਦੇ ਆਮ ਗੁਣਾਂ ਦੀ ਧਾਰਨੀ ਹੋਵੇ।

ਇਸ ਪਰਿਭਾਸ਼ਾ ਦੀ ਕਸਵੱਟੀ 'ਤੇ ਪਰਖਿਆਂ ਅਜਿਹੀਆਂ ਲੈਅ, ਤੋਲ-ਤੁਕਾਂਤ ਅਤੇ ਛੰਦ-ਰਹਿਤ ਰਚਨਾਵਾਂ ਜਿਹੜੀਆਂ ਕਿਸੇ ਵਿਸ਼ੇ ਦਾ ਬੌਧਿਕ ਵਿਸ਼ਲੇਸ਼ਣ ਕਰਦੀਆਂ ਹੋਈਆਂ ਸੁਹਜ-ਸੁਆਦ ਵੀ ਦਿੰਦੀਆਂ ਹਨ, ਵਾਰਤਕ ਖੇਤਰ ਵਿੱਚ ਗਿਣੀਆਂ ਜਾਂਦੀਆਂ ਹਨ ਜਿਵੇਂ ਪ੍ਰਸਿੱਧ ਅੰਗਰੇਜ਼ੀ ਨਾਵਲਕਾਰ ਐਚ.ਜੀ.ਵੈਲਜ਼ ਦੀਆਂ ਰਚਨਾਵਾਂ।

## ਵਾਰਤਕ ਦੇ ਤੱਤ

ਜਿੱਥੇ ਕਵਿਤਾ ਦੇ ਚਾਰ ਮੁੱਖ ਤੱਤ ਭਾਵ ਤੱਤ, ਕਲਪਨਾ ਤੱਤ, ਬੁੱਧੀ ਤੱਤ ਅਤੇ ਸ਼ੈਲੀ-ਤੱਤ ਮੰਨੇ ਜਾਂਦੇ ਹਨ ਉਥੇ ਵਾਰਤਕ ਵਿੱਚ ਹੇਠ ਲਿਖੇ ਤੱਤਾਂ ਦੀ ਹੋਂਦ ਜ਼ਰੂਰੀ ਖਿਆਲ ਕੀਤੀ ਜਾਂਦੀ ਹੈ :-

### 1. ਬੁੱਧੀ ਤੱਤ

ਵਾਰਤਕ ਦੀ ਪਰਿਭਾਸ਼ਾ ਵਿੱਚ ਇਸ ਤੱਤ ਦਾ ਉਲੇਖ ਆ ਚੁੱਕਾ ਹੈ। ਜਿੱਥੇ ਕਵਿਤਾ ਵਿੱਚ ਭਾਵਾਂ ਤੇ ਕਲਪਨਾ ਨੂੰ ਪ੍ਰਧਾਨ ਸਥਾਨ ਪ੍ਰਾਪਤ ਹੈ, ਉਥੇ ਵਾਰਤਕ ਵਿੱਚ ਬੁੱਧੀ ਨੂੰ ਪ੍ਰਮੁੱਖ ਸਮਝਿਆ ਜਾਂਦਾ ਹੈ।

ਵਾਰਤਕ ਵਿੱਚ ਵਿਸ਼ੇ ਨੂੰ ਬੌਧਿਕ ਪੱਧਰ 'ਤੇ ਬਿਆਨ ਕੀਤਾ ਜਾਂਦਾ ਹੈ ਤੇ ਉਸ ਦੀ ਸਪਸ਼ਟਤਾ ਲਈ ਦਲੀਲਾਂ ਅਤੇ ਤਰਕਾਂ ਦਾ ਸਹਾਰਾ ਲਿਆ ਜਾਂਦਾ ਹੈ। ਸੰਸਾਰ ਦੇ ਸਭ ਤੋਂ ਪਹਿਲੇ ਆਲੋਚਕ ਅਰਸਤੂ ਨੇ ਜਿੱਥੇ ਆਪਣੀ ਮਹਾਨ ਰਚਨਾ 'ਕਾਵਿ ਸ਼ਾਸਤਰ' (Poetics) ਵਿੱਚ ਮਹਾਂ ਕਾਵਿ ਤੇ ਦੁਖਾਂਤ ਨਾਟਕ ਬਾਰੇ ਭਰਪੂਰ ਚਰਚਾ ਕੀਤੀ ਹੈ, ਉਥੇ ਵਖਿਆਨ ਸ਼ਾਸਤਰ (Rhotoric) ਸੰਬੰਧੀ ਵੀ ਕਾਫ਼ੀ ਕੁੱਝ ਲਿਖਿਆ ਹੈ। ਅਸੀਂ ਆਪ ਵੇਖਦੇ ਹਾਂ ਕਿ ਵਖਿਆਨ ਕਰਤਾ ਵਖਿਆਨ ਨੂੰ ਵਧੇਰੇ ਮਨੋਰੰਜਕ, ਪ੍ਰਭਾਵਸ਼ਾਲੀ ਤੇ ਸ਼ਕਤੀਸ਼ਾਲੀ ਬਣਾਉਣ ਦਾ ਪੂਰਾ ਜਤਨ ਕਰਦੇ ਹਨ। ਇਕ ਚੰਗੇ ਵਖਿਆਨ ਵਿੱਚ ਵੀ ਚੰਗੀ ਵਾਰਤਕ ਦੇ ਤੱਤ ਬਹੁਤ ਸੁਹਣੀ ਤਰ੍ਹਾਂ ਸੰਮਿਲਤ ਹੁੰਦੇ ਹਨ।

ਵਾਰਤਕ ਕਿਉਂਕਿ ਦਿਮਾਗ ਦੀ ਬੋਲੀ ਹੈ, ਇਸ ਲਈ ਉਸ ਵਿੱਚ ਬੁੱਧੀ ਦੀ ਪ੍ਰਧਾਨਤਾ ਦਾ ਹੋਣਾ ਕੁਦਰਤੀ ਗੱਲ ਹੈ। ਹਰ ਵਿਚਾਰ ਨੂੰ ਯੁਕਤੀ-ਸੰਗਤ ਤਾਂ ਹੀ ਪ੍ਰਗਟ ਕੀਤਾ ਜਾ ਸਕਦਾ ਹੈ ਜੇਕਰ ਲੇਖਕ ਉਸ ਨੂੰ ਆਪਣੀ ਦਿਮਾਗੀ ਟਕਸਾਲ ਵਿੱਚ ਪੂਰੀ ਤਰ੍ਹਾਂ ਭੰਨ-ਘੜ ਲਵੇ। ਬੁੱਧੀ ਦਾ ਖੇਤਰ ਗਿਆਨ ਦਾ ਖੇਤਰ ਹੈ। ਇਸ ਲਈ ਕਈ ਵਿਦਵਾਨ 'ਬੁੱਧੀ ਤੱਤ' ਦੀ ਥਾਂ 'ਗਿਆਨ ਤੱਤ' ਨੂੰ ਵਾਰਤਕ ਦਾ ਜ਼ਰੂਰੀ ਤੱਤ ਸਮਝਦੇ ਹਨ। ਇਨ੍ਹਾਂ ਵਿੱਚ ਕੋਈ ਭਿੰਨ ਭੇਦ ਨਹੀਂ। ਗਿਆਨ ਬੁੱਧੀ ਦੇ ਸਹਾਰੇ ਹੀ ਪ੍ਰਗਟ ਹੁੰਦਾ ਹੈ। ਬੁੱਧੀ ਹੀ ਨਿਆਇ ਅਤੇ ਤਰਕ ਨੂੰ ਜਨਮ ਦਿੰਦੀ ਹੈ। ਨਿਆਇ ਅਤੇ ਤਰਕ ਦੇ ਸਹਾਰੇ ਵਿਸ਼ੇ ਦੇ ਪੱਖ ਵਿੱਚ ਅਤੇ ਉਸ ਦੇ ਵਿਰੋਧ ਵਿੱਚ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ ਤਾਂ ਜੋ ਵਿਸ਼ੇ ਨੂੰ ਹਰ ਪ੍ਰਕਾਰ ਸਪਸ਼ਟ ਰੂਪ ਵਿੱਚ ਪੇਸ਼ ਕੀਤਾ ਜਾ ਸਕੇ। ਸੰਭਵ ਜਾਂ ਅਸੰਭਵ ਦੀ ਪਛਾਣ ਬੁੱਧੀ ਤੱਤ ਰਾਹੀਂ ਹੀ ਕੀਤੀ ਜਾ ਸਕਦੀ ਹੈ। ਪੁਰਾਤਨ ਕਾਲ ਵਿੱਚ ਮਨੁੱਖ ਦੀ ਬੁੱਧੀ ਘੱਟ ਵਿਕਸਿਤ ਸੀ ਜਿਸ ਕਰਕੇ ਪੁਰਾਤਨ ਕਾਲ ਦੀਆਂ ਰਚਨਾਵਾਂ ਵਿੱਚ ਅਸੰਭਵ ਘਟਨਾਵਾਂ, ਕਰਾਮਾਤਾਂ ਅਤੇ ਨਾ ਮੰਨਣ ਯੋਗ ਗੱਲਾਂ ਦਾ ਜ਼ਿਕਰ ਵੀ ਹੁੰਦਾ ਹੈ। ਇਨ੍ਹਾਂ ਦੇ ਫ਼ਲਸਰੂਪ ਪੁਰਾਤਨ ਲਿਖਤਾਂ ਵਿੱਚ ਕਾਵਿਕ ਅੰਸ਼ ਦੀ ਬਹੁਲਤਾ ਹੁੰਦੀ ਸੀ ਕਿਉਂਕਿ ਉਦੋਂ ਅਜੇ ਕਵਿਤਾ ਹੀ ਹੋਂਦ ਵਿੱਚ ਆਈ ਸੀ। ਜਦੋਂ ਵਾਰਤਕ ਲਿਖਣੀ ਆਰੰਭ ਹੋਈ ਤਾਂ ਵੀ ਉਸ ਵਿੱਚ ਬੁੱਧੀ ਦੇ ਨਾਲ-ਨਾਲ ਭਾਵਾਂ ਦੀ ਚਾਸ਼ਨੀ ਵੀ ਅਧਿਕ ਹੁੰਦੀ ਸੀ। ਇਸ ਦੇ ਪਰਿਣਾਮ ਸਰੂਪ ਪੁਰਾਤਨ ਵਾਰਤਕ ਕਾਵਿ-ਮਈ ਹੁੰਦੀ ਸੀ। ਆਧੁਨਿਕ ਕਾਲ ਵਿੱਚ ਵਾਰਤਕ ਵਿੱਚ ਬੁੱਧੀ ਤੱਤ ਨੂੰ ਸਭ ਤੋਂ ਉੱਚਾ ਸਥਾਨ ਦਿੱਤਾ ਜਾਂਦਾ ਹੈ ਤੇ ਇਹੀ ਤੱਤ ਇਸ ਸਾਹਿਤ ਰੂਪ ਨੂੰ ਕਵਿਤਾ ਤੋਂ ਵਖਰਿਆਉਂਦਾ ਹੈ। ਕਿਸੇ ਵਰਣਨ ਯੋਗ ਵਸਤੂ ਨੂੰ ਕ੍ਰਮ ਅਤੇ ਸੰਗਤੀ ਪ੍ਰਦਾਨ ਕਰਨਾ ਬੁੱਧੀ ਦਾ ਹੀ ਕੰਮ ਹੈ। ਇਸੇ ਤਰ੍ਹਾਂ ਭਾਵਾਂ ਨੂੰ ਸਪਸ਼ਟ ਕਰਨ ਦਾ ਕੰਮ ਵੀ ਬੁੱਧੀ ਤੱਤ ਹੀ ਕਰਦਾ ਹੈ।

ਕਵਿਤਾ ਵਿੱਚ ਕਈ ਵਿਚਾਰ ਜਾਂ ਭਾਵ ਅਸਪਸ਼ਟ ਜਾਂ ਧੁੰਦਲੇ ਵੀ ਰਹਿ ਜਾਇਆ ਕਰਦੇ ਹਨ ਕਿਉਂ ਜੋ ਉਥੇ ਭਾਵ ਤੇ ਕਲਪਨਾ ਬੁੱਧੀ ਉੱਤੇ ਭਾਰੂ ਹੁੰਦੇ ਹਨ ਪਰ ਵਾਰਤਕ ਵਿੱਚ ਅਸਪਸ਼ਟਤਾ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਹਰ ਵਿਚਾਰ ਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਬਿਆਨ ਕਰਨਾ ਪੈਂਦਾ ਹੈ। ਜੇਕਰ ਭਾਵ ਤੇ ਕਲਪਨਾ ਦੇ ਕੁਝ ਅੰਸ਼ ਵਾਰਤਕ ਵਿੱਚ ਆ ਵੀ ਜਾਣ ਤਾਂ ਵੀ ਉਹ ਬੁੱਧੀ ਦੇ ਅਧੀਨ ਹੁੰਦੇ ਹਨ। ਇਸ ਲਈ ਵਾਰਤਕ ਬੁੱਧੀ ਤੱਤ ਦੇ ਸਹਾਰੇ ਪਾਠਕ ਨੂੰ ਸੌਖਿਆਂ ਹੀ ਸਮਝ ਆ ਜਾਂਦੀ ਹੈ।

## 2. ਭਾਵ-ਤੱਤ

ਭਾਵੇਂ ਵਾਰਤਕ ਵਿੱਚ ਬੁੱਧੀ ਤੱਤ ਦਾ ਪ੍ਰਮੁੱਖ ਸਥਾਨ ਹੈ ਪਰ ਕਿਉਂ ਜੋ ਵਾਰਤਕ ਸਾਹਿਤ ਦਾ ਇੱਕ ਰੂਪ ਹੈ ਤੇ ਇਸ ਨੇ ਪਾਠਕ ਨੂੰ ਹਿਲੂਣਨਾ ਹੈ, ਪ੍ਰੇਰਨਾ ਹੈ, ਇਸ ਵਿੱਚ ਭਾਵ-ਤੱਤ ਦੀ ਹੋਂਦ ਵੀ ਜ਼ਰੂਰੀ ਹੈ। ਇਸ ਤੱਤ ਦੀ ਮਾਤਰਾ ਏਨੀ ਕੁ ਹੋਣੀ ਚਾਹੀਦੀ ਹੈ ਕਿ ਵਾਰਤਕ ਲਿਖਾਰੀ ਦੀ ਰਚਨਾ ਪਾਠਕ ਨੂੰ ਟੁੰਭ ਸਕੇ ਅਤੇ ਉਹ ਆਪਣੇ ਮਾਨਸਿਕ ਵਿਚਾਰਾਂ ਨੂੰ ਪਾਠਕ ਨਾਲ ਇਸ ਤਰ੍ਹਾਂ ਸਾਂਝਿਆਂ ਕਰੇ ਕਿ ਪਾਠਕ ਸੁੱਤੇ -ਸਿਧ ਹੀ ਉਨ੍ਹਾਂ ਦਾ ਅਸਰ ਕਬੂਲ ਕਰ ਸਕੇ। ਭਾਵਾਂ ਦੀ ਅਣਹੋਂਦ ਵਾਰਤਕ ਨੂੰ ਖੁਸ਼ਕ, ਰੁੱਖੀ, ਨੀਰਸ, ਨਾ ਪੜ੍ਹਨ ਯੋਗ ਅਤੇ ਅਕਾਊ ਬਣਾ ਸਕਦੀ ਹੈ। ਵਿਗਿਆਨ, ਅਰਥ ਸ਼ਾਸਤਰ, ਦਰਸ਼ਨ, ਮਨੋਵਿਗਿਆਨ ਆਦਿ ਵਿਸ਼ਿਆਂ ਦੀਆਂ ਰਚਨਾਵਾਂ ਵਿੱਚ ਬੁੱਧੀ ਤੱਤ ਤਾਂ ਹੁੰਦਾ ਹੈ ਪਰ ਭਾਵ-ਤੱਤ ਨਹੀਂ ਹੁੰਦਾ। ਇਸ ਕਰ ਕੇ ਅਸੀਂ ਇਨ੍ਹਾਂ ਖੇਤਰਾਂ ਦੀਆਂ ਰਚਨਾਵਾਂ ਨੂੰ ਸਾਹਿਤ ਖੇਤਰ ਵਿੱਚ ਨਹੀਂ ਗਿਣਦੇ। ਕਿਸੇ ਵਾਰਤਕ ਰਚਨਾ

ਨੂੰ ਸਾਹਿਤ ਵਿੱਚ ਤਾਂ ਹੀ ਸਥਾਨ ਮਿਲ ਸਕਦਾ ਹੈ ਜੇਕਰ ਉਸ ਵਿੱਚ ਭਾਵ-ਤੱਤ ਮੌਜੂਦ ਹੋਵੇ। ਉਹ ਹੋਵੇ ਤਾਂ ਬੁੱਧੀ-ਤੱਤ ਦੇ ਅਧੀਨ ਪਰ ਹੋਵੇ ਜ਼ਰੂਰ। ਉਸ ਦੀ ਹੋਂਦ ਰਚਨਾ ਨੂੰ ਨਿਰੋਲ ਬੌਧਿਕ ਨਹੀਂ ਰਹਿਣ ਦਿੰਦੀ, ਕਲਾਤਮਕ ਬਣਾ ਦਿੰਦੀ ਹੈ ਤੇ ਅਸੀਂ ਜਾਣਦੇ ਹਾਂ ਕਿ ਕਲਾਤਮਕਤਾ ਹੀ ਕਿਸੇ ਰਚਨਾ ਨੂੰ ਸਾਹਿਤ ਵਿੱਚ ਸਨਮਾਨ ਯੋਗ ਥਾਂ ਦਿਵਾਉਣ ਦਾ ਕਾਰਨ ਬਣਦੀ ਹੈ।

## 3. ਭਾਸ਼ਾਈ ਤੱਤ

ਵਿਚਾਰਾਂ ਤੇ ਭਾਵਾਂ ਨੂੰ ਸਪਸ਼ਟ ਰੂਪ ਵਿੱਚ ਪ੍ਰਗਟ ਕਰਨ ਲਈ ਵਾਰਤਕ ਲਿਖਾਰੀ ਨੂੰ ਭਾਸ਼ਾ ਦਾ ਸਹਾਰਾ ਲੈਣਾ ਪੈਂਦਾ ਹੈ। ਜਿੱਥੇ ਕਵਿਤਾ ਵਿੱਚ ਲੈਅ, ਤਾਲ ਤੇ ਤੁਕਾਂਤ ਦੀ ਬੰਦਸ਼ ਕਰਕੇ ਭਾਸ਼ਾ ਦੀ ਵਰਤੋਂ ਵਿੱਚ ਵਿਆਕਰਣਕ ਨਿਯਮਾਂ ਦੀ ਉਲੰਘਣਾ ਵੀ ਮੁਆਫ਼ ਕੀਤੀ ਜਾ ਸਕਦੀ ਹੈ, ਉਥੇ ਵਾਰਤਕ ਵਿੱਚ ਇਹ ਛੋਟ ਨਹੀਂ ਦਿੱਤੀ ਜਾ ਸਕਦੀ। ਭਾਸ਼ਾ ਦੀ ਵਰਤੋਂ ਹੀ ਕਿਸੇ ਲਿਖਾਰੀ ਨੂੰ ਸਾਹਿੱਤ-ਖੇਤਰ ਵਿੱਚ ਉੱਚਾ ਸਥਾਨ ਦਿਵਾ ਸਕਦੀ ਹੈ। ਭਾਸ਼ਾਈ ਤੱਤਾਂ ਨੂੰ ਹੇਠ ਲਿਖੇ ਉਪਲੇਖਾਂ ਅਧੀਨ ਵਿਚਾਰਿਆ ਜਾ ਸਕਦਾ ਹੈ :-

**(ੳ) ਸ਼ਬਦ :** ਸ਼ਬਦ ਵਾਰਤਕ ਦੀ ਛੋਟੀ ਤੋਂ ਛੋਟੀ ਸੁਤੰਤਰ ਇਕਾਈ ਹੈ। ਲੇਖਕ ਨੂੰ ਭਾਸ਼ਾ ਦੇ ਸ਼ਬਦਾਂ ਤੇ ਉਨ੍ਹਾਂ ਦੇ ਅਰਥਾਂ ਦਾ ਪੂਰਾ-ਪੂਰਾ ਗਿਆਨ ਹੋਣਾ ਚਾਹੀਦਾ ਹੈ। ਇਸ ਗਿਆਨ ਦੇ ਆਸਰੇ ਹੀ ਉਹ ਸ਼ਬਦਾਂ ਦੀ ਢੁੱਕਵੀਂ ਵਰਤੋਂ ਕਰ ਸਕਦਾ ਹੈ। ਸ਼ਬਦ ਉਹ ਕੱਚਾ ਮਸਾਲਾ ਹਨ ਜਿਨ੍ਹਾਂ ਨਾਲ ਵਾਰਤਕ ਦੀ ਇਮਾਰਤ ਦੀ ਉਸਾਰੀ ਕੀਤੀ ਜਾ ਸਕਦੀ ਹੈ। ਇਨ੍ਹਾਂ ਰਾਹੀਂ ਹੀ ਲੇਖਕ ਦੇ ਵਿਚਾਰ ਕਲਾ ਦਾ ਰੂਪ ਧਾਰਨ ਕਰਦੇ ਹਨ। ਬਹੁਤੇ ਪੰਡਤਾਊ, ਬੋਝਲ ਤੇ ਔਖੇ ਸ਼ਬਦਾਂ ਦੀ ਵਰਤੋਂ ਵਾਰਤਕ ਨੂੰ ਅਸਪਸ਼ਟ ਅਤੇ ਗੁੰਝਲਦਾਰ ਬਣਾ ਦਿੰਦੀ ਹੈ।

**(ਅ) ਵਾਕ ਅਤੇ ਪੈਰ੍ਹੇ :** ਸ਼ਬਦਾਂ ਦੇ ਵਿਆਕਰਣਕ ਮੇਲ ਤੋਂ ਵਾਕ ਅਤੇ ਵਾਕਾਂ ਦੀ ਲੜੀ ਤੋਂ ਪੈਰ੍ਹੇ ਬਣਦੇ ਹਨ। ਵਾਰਤਕ ਨੂੰ ਕਲਾਮਈ ਤੇ ਸਾਹਿਤਕ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਵਾਕ ਵਿਆਕਰਣਕ ਤੌਰ 'ਤੇ ਸ਼ੁੱਧ ਹੋਣ 'ਤੇ ਉਹ ਇੱਕ ਲੜੀ ਵਿੱਚ ਪ੍ਰੋਤੇ ਹੋਣ। ਵਾਰਤਕ ਰਚਨਾ ਪੈਰ੍ਹਿਆਂ ਵਿੱਚ ਵੰਡੀ ਹੋਵੇ ਪਰ ਪੈਰ੍ਹੇ ਵਿੱਚ ਇੱਕ ਮੁੱਖ ਵਿਚਾਰ ਨੂੰ ਖੋਲ੍ਹਿਆ ਗਿਆ ਹੋਵੇ। ਇਕ ਪੈਰ੍ਹੇ ਦਾ ਦੂਜੇ ਨਾਲ ਵਿਸ਼ਾਗਤ ਸੰਬੰਧ ਹੋਵੇ ਤਾਂ ਜੋ ਕਿਸੇ ਬਾਰੇ ਲਿਖੀ ਗਈ ਵਾਰਤਕ ਰਚਨਾ ਉਸ ਵਿਸ਼ੇ ਦਾ ਯੁਕਤੀ-ਸੰਗਤ ਪ੍ਰਗਟਾਅ ਕਰ ਸਕੇ।

## 4. ਸ਼ੈਲੀ ਤੱਤ

ਵਿਚਾਰਾਂ ਅਤੇ ਭਾਵਾਂ ਨੂੰ ਲੇਖਕ ਸ਼ਬਦਾਂ ਦੇ ਮਾਧਿਅਮ ਰਾਹੀਂ ਪੇਸ਼ ਕਰਦੇ ਹਨ ਪਰ ਜਦੋਂ ਤੱਕ ਪੇਸ਼ਕਾਰੀ ਕਲਾਮਈ ਨਾ ਹੋਵੇ, ਵਾਰਤਕ ਰਚਨਾ ਸਾਹਿਤਕ ਨਹੀਂ ਬਣ ਸਕਦੀ। ਇਸ ਕਲਾਮਈ ਪ੍ਰਗਟਾਅ ਲਈ ਰਚਨਾ ਦਾ ਰੂਪ-ਵਿਧਾਨ ਹੋਣਾ ਚਾਹੀਦਾ ਹੈ। ਵਿਚਾਰਾਂ ਤੇ ਭਾਵਾਂ ਨੂੰ ਕਿਸੇ ਵਿਉਂਤ-ਬੱਧ ਤਰੀਕੇ ਨਾਲ ਕਿਸੇ ਤਰਤੀਬ ਵਿੱਚ ਰੱਖ ਕੇ ਪ੍ਰਗਟ ਕਰਨ ਨਾਲ ਹੀ ਰਚਨਾ ਨੂੰ ਰੌਚਿਕ ਤੇ ਰਸਦਾਇਕ ਬਣਾਇਆ ਜਾ ਸਕਦਾ ਹੈ। ਇਸ ਤੱਤ ਸਦਕਾ ਹੀ ਇੱਕ ਲੇਖਕ ਦੀ ਰਚਨਾ ਦੂਜੇ ਤੋਂ ਵਖਰਿਆਈ ਜਾ ਸਕਦੀ ਹੈ। ਇਸ ਉੱਤੇ ਵਿਸਥਾਰ ਸਾਹਿਤ ਚਰਚਾ ਅੱਗੇ ਕੀਤੀ ਜਾਵੇਗੀ।

## ਵਰਗੀਕਰਨ

ਵਾਰਤਕ ਦਾ ਵਰਗੀਕਰਨ ਵਿਸ਼ਾ ਪੱਖ, ਸ਼ੈਲੀ ਪੱਖ ਅਤੇ ਉਦੇਸ਼ ਜਾਂ ਮਨੋਰਥ ਦੇ ਪੱਖ ਤੋਂ ਕੀਤਾ ਜਾ ਸਕਦਾ ਹੈ। ਇਨ੍ਹਾਂ ਤਿੰਨਾਂ ਅੰਗਾਂ ਦੇ ਆਧਾਰ 'ਤੇ ਵਾਰਤਕ ਦਾ ਵਰਗੀਕਰਣ ਨਿਮਨ ਅਨੁਸਾਰ ਕੀਤਾ ਜਾ ਸਕਦਾ ਹੈ।

## (ੳ) ਗਿਆਨਮਈ ਵਾਰਤਕ

ਅਜਿਹੀ ਵਾਰਤਕ ਵਿੱਚ ਸਕੂਲ ਕਾਲਜ ਦੀਆਂ ਪਾਠ-ਪੁਸਤਕਾਂ, ਨਿਬੰਧ, ਖੋਜ-ਪ੍ਰਬੰਧ, ਵਿਸ਼ਵਕੋਸ਼ ਤੇ ਪੱਤਰਾਂ ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਰਿਪੋਰਟਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਸਾਰੀਆਂ ਲਿਖਤਾਂ ਵਿੱਚ ਕਿਸੇ ਨਾ ਕਿਸੇ ਵਿਸ਼ੇ ਬਾਰੇ ਜਾਣਕਾਰੀ ਦਿੱਤੀ ਗਈ ਹੁੰਦੀ ਹੈ। ਲੇਖਕ ਵਿਸ਼ੇ ਦੇ ਹਰ ਪੱਖ 'ਤੇ ਚਾਨਣਾ ਪਾਉਣ ਦਾ ਜਤਨ ਕਰਦਾ ਹੈ। ਪਰ ਇਸ ਵਿੱਚ ਕੇਵਲ ਉਹ ਰਚਨਾ ਹੀ ਸਾਹਿਤ ਖੇਤਰ ਵਿੱਚ

ਗਿਣੀ ਜਾਵੇਗੀ ਜਿਹੜੀ ਸਾਹਿਤਕ ਮਾਪ-ਦੰਡਾਂ 'ਤੇ ਪੂਰੀ ਉਤਰਦੀ ਹੋਵੇ। ਇਸਦੀ ਉਦਾਹਰਣ ਹੇਠਾਂ ਦਿੱਤੀ ਜਾਂਦੀ ਹੈ :

''ਸਾਡਾ ਅੱਖ ਦਾ ਆਨਾ ਕਨਵੈਕਸ ਲੈਨਜ਼ ਹੈ। ਕਨਵੈਕਸ ਲੈਨਜ਼ ਦਾ ਖ਼ਾਸਾ ਇਹ ਹੈ ਕਿ ਜੇ ਇਸ ਦੇ ਸਾਹਮਣੇ ਇਕ ਬੱਤੀ ਜਾਂ ਕੋਈ ਹੋਰ ਚੀਜ਼ ਰੱਖੀ ਜਾਵੇ ਤਾਂ ਲੈਨਜ਼ ਦੇ ਦੂਜੇ ਪਾਸੇ ਉਸ ਬੱਤੀ ਦਾ ਅਕਸ ਬਣੇਗਾ। ਇਹ ਅਕਸ ਬੱਤੀ ਨਾਲੋਂ ਬਹੁਤ ਛੋਟਾ ਹੋਵੇਗਾ। ਇਹ ਸਾਇੰਸ ਦਾ ਛੋਟਾ ਜਿਹਾ ਤਜ਼ਰਬਾ ਹੈ ਜਿਸ ਨੂੰ ਛੋਟੀਆਂ ਜਮਾਤਾਂ ਦੇ ਵਿਦਿਆਰਥੀ ਕਰਦੇ ਹਨ। ਸਾਡੀ ਅੱਖ ਦਾ ਆਨਾ ਭੀ ਕਨਵੈਕਸ ਲੈਨਜ਼ ਹੋਣ ਕਰਕੇ ਇਹੋ ਕਿਰਿਆ ਹੀ ਕਰਦਾ ਹੈ।''[1]

ਸ: ਕਪੂਰ ਸਿੰਘ ਆਈ. ਸੀ. ਐਸ. ਦੀ ਕਾਫ਼ੀ ਸਾਰੀ ਵਾਰਤਕ ਰਚਨਾ ਖ਼ਾਸ ਕਰਕੇ 'ਬਹੁ-ਵਿਸਤਾਰ' ਦੀ ਪੁਸਤਕ ਇਸੇ ਵਰਗ ਵਿੱਚ ਗਿਣੀ ਜਾ ਸਕਦੀ ਹੈ।

## (ਅ) ਬਿਰਤਾਂਤੀ ਵਾਰਤਕ

ਇਸ ਪ੍ਰਕਾਰ ਦੀ ਵਾਰਤਕ ਵਿੱਚ ਕਿਸੇ ਵਸਤੂ ਜਾਂ ਘਟਨਾ ਦਾ ਪੂਰਾ-ਪੂਰਾ ਵਿਵਰਣ ਦਿੱਤਾ ਜਾਂਦਾ ਹੈ। ਇਹ ਆਮ ਤੌਰ 'ਤੇ ਬਾਹਰਮੁੱਖੀ ਹੁੰਦਾ ਹੈ ਤੇ ਇਸ ਵਿੱਚ ਲੇਖਕ ਦਾ ਵਿਅਕਤਿਤਵ ਪ੍ਰਗਟ ਨਹੀਂ ਹੁੰਦਾ। ਇਸ ਦਾ ਇਹ ਅਰਥ ਨਹੀਂ ਕਿ ਅਜਿਹੀ ਵਾਰਤਕ ਉੱਤੇ ਲਿਖਾਰੀ ਦੀ ਸ਼ਖ਼ਸੀਅਤ ਦਾ ਪ੍ਰਭਾਵ ਨਹੀਂ ਹੁੰਦਾ। ਜਿਥੋਂ ਤੱਕ ਵਾਰਤਕ ਸ਼ੈਲੀ ਦਾ ਸਬੰਧ ਹੈ, ਉਸ ਵਿੱਚ ਤਾਂ ਲੇਖਕ ਦੇ ਵਿਅਕਤਿਤਵ ਦੀ ਮੁਹਰ-ਛਾਪ ਲੱਗੀ ਹੁੰਦੀ ਹੈ ਪਰ ਘਟਨਾ ਜਾਂ ਵਸਤੂ ਦੇ ਵਰਣਨ ਵਿੱਚ ਵਸਤੂਗਤ ਤਰੀਕੇ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਢੰਗ ਆਮ ਤੌਰ 'ਤੇ ਨਾਵਲਾਂ ਵਿੱਚ ਵਰਤਿਆ ਜਾਂਦਾ ਹੈ। ਇਸ ਦੀਆਂ ਮਿਸਾਲਾਂ ਨਾਨਕ ਸਿੰਘ, ਭਾਈ ਵੀਰ ਸਿੰਘ ਤੇ ਸੰਤ ਸਿੰਘ ਸੇਖੋਂ ਦੇ ਨਾਵਲਾਂ ਵਿੱਚ ਲੱਭੀਆਂ ਜਾ ਸਕਦੀਆਂ ਹਨ। ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮਿਆਂ (ਮੇਰਾ ਵਲੈਤੀ ਸਫ਼ਰਨਾਮਾ ਅਤੇ ਸੈਲਾਨੀ ਦੇਸ਼ ਭਗਤ) ਵਿੱਚੋਂ ਵੀ ਸਾਨੂੰ ਇਸ ਪ੍ਰਕਾਰ ਦੀ ਵਾਰਤਕ ਮਿਲਦੀ ਹੈ ਜਿਵੇਂ ਕਿ –

''ਝੀਲ ਦੇ ਕਿਨਾਰੇ ਕੀ ਸਨ, ਮੇਲੇ ਲੱਗੇ ਹੋਏ ਸਨ। ਹਵਾ ਤੇ ਮੋਟਰ ਦੀਆਂ ਕਿਸ਼ਤੀਆਂ, ਨ੍ਹਾਉਣ ਵਾਲੇ ਸ਼ੁਕੀਨ, ਕੰਢੇ ਬੈਠ ਕੇ ਬੋਤਲਾਂ ਨਾਲ ਰੰਗ ਲਾਉਣ ਵਾਲੇ ਫੱਕੜ – ਕਿਨਾਰਿਆਂ ਉੱਤੇ ਸੋਹਣੀ ਥਾਂ ਅਮੀਰਾਂ ਦੇ ਮੰਦਰ ਤੇ ਮਾਮੂਲੀ ਥਾਂ ਮਾਹੀਗੀਰਾਂ ਦੇ ਝੌਂਪੜੇ ਆਪਣੇ ਪਰਛਾਵੇਂ ਪਾਣੀ ਵਿੱਚ ਦੁੱਵਲੀ ਬਹਾਰ ਲਾ ਰਹੇ ਸਨ। ਥਾਂ-ਥਾਂ ਨਿੱਕੇ ਪੁੱਲ ਜਿਹੇ ਬਣੇ ਹੋਏ ਸਨ। .......ਝੀਲ ਦੀ ਪੂਰਬੀ ਗੁੱਠ ਦੇ ਕੋਲ ਦਰਿਆ ਰੇਨ ਝੀਲ ਵਿੱਚ ਰਲਦਾ ਹੈ।''[2]

## (ੲ) ਵਿਆਖਿਆਮਈ ਵਾਰਤਕ

ਇਸ ਪ੍ਰਕਾਰ ਦੀ ਵਾਰਤਕ ਉਦੋਂ ਉਪਜਦੀ ਹੈ ਜਦੋਂ ਕੋਈ ਲੇਖਕ ਆਪਣੇ ਵਿਚਾਰਾਂ ਨੂੰ ਤਰਕ ਸੰਗਤ ਤਰੀਕੇ ਨਾਲ ਪੇਸ਼ ਕਰਦਾ ਹੈ। ਅਜਿਹੀ ਵਾਰਤਕ ਵਿੱਚ ਦਲੀਲਾਂ, ਦ੍ਰਿਸ਼ਟਾਂਤ ਅਤੇ ਮਿਸਾਲਾਂ ਦੀ ਯੋਗ ਵਰਤੋਂ ਕੀਤੀ ਹੁੰਦੀ ਹੈ। ਪ੍ਰਿੰਸੀਪਲ ਤੇਜਾ ਸਿੰਘ ਦੇ ਕਈ ਲੇਖਾਂ ਵਿੱਚ ਇਸ ਕਿਸਮ ਦੀ ਵਾਰਤਕ ਦੀਆਂ ਸੁੰਦਰ ਉਦਾਹਰਣਾਂ ਲੱਭ ਸਕਦੀਆਂ ਹਨ :-

''ਘਰ ਇੱਟਾਂ ਜਾਂ ਵਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ ਜਿਥੇ ਮਨੁੱਖ ਦੇ ਪਿਆਰ ਤੇ ਸਧਰਾਂ ਪਲਦੀਆਂ ਹਨ। ਜਿੱਥੇ ਬਾਲਪਣ ਵਿੱਚ ਮਾਂ, ਭੈਣ ਅਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ। ਜਿਥੇ ਜਵਾਨੀ ਵਿੱਚ ਸਾਰੇ ਜਹਾਨ ਗਾਹ ਲਿਤਾੜ ਕੇ ਖੱਟੀ ਕਮਾਈ ਕਰਕੇ ਮੁੜ ਆਉਣ ਨੂੰ ਜੀ ਕਰਦਾ ਹੈ। ਜਿਥੇ ਬੁਢਾਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿੱਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਹੈ।''[3]

1. ਮਨ ਦੀ ਖੇਡ – ਪ੍ਰਿੰਸੀਪਲ ਨਿਰੰਜਨ ਸਿੰਘ
2. ਸਵਿਟਜ਼ਰਲੈਂਡ ਦੀ ਯਾਤਰਾ (ਮੇਰਾ ਵਲੈਤੀ ਸਫ਼ਰਨਾਮਾ) – ਲਾਲ ਸਿੰਘ ਕਮਲਾ ਅਕਾਲੀ
3. ਘਰ ਦਾ ਪਿਆਰ (ਨਵੀਆਂ ਸੋਚਾਂ) – ਪ੍ਰਿੰ : ਤੇਜਾ ਸਿੰਘ

## (ਸ) ਦਾਰਸ਼ਨਿਕ ਵਾਰਤਕ

ਜਿਸ ਵਾਰਤਕ ਰਚਨਾ ਵਿੱਚ ਕਿਸੇ ਦਾਰਸ਼ਨਿਕ ਵਿਸ਼ੇ 'ਤੇ ਚਰਚਾ ਕੀਤੀ ਗਈ ਹੋਵੇ, ਉਹ ਦਾਰਸ਼ਨਿਕ ਵਾਰਤਕ ਅਖਵਾਉਂਦੀ ਹੈ। ਕਪੂਰ ਸਿੰਘ ਆਈ. ਸੀ. ਐਸ. ਦੇ ਲੇਖ 'ਛੇ ਦਰਸ਼ਨ' (ਬਹੁ-ਵਿਸਤਾਰ), ਸ਼ੰਕਰਾਚਾਰੀਆ (ਸਪਤਸ੍ਰਿੰਗ) ਇਸ ਵਰਗ ਦੀ ਵਾਰਤਕ ਰਚਨਾ ਹੈ। ਡਾ. ਬਲਬੀਰ ਸਿੰਘ ਨੇ ਵੀ ਇਸੇ ਪ੍ਰਕਾਰ ਦੀ ਵਾਰਤਕ ਰਚਨਾ ਕੀਤੀ ਹੈ।

## (ਹ) ਇਤਿਹਾਸਿਕ ਵਾਰਤਕ

ਜਿਸ ਵਾਰਤਕ ਰਚਨਾ ਵਿੱਚ ਇਤਿਹਾਸਕ ਵਿਸ਼ਿਆਂ ਜਾਂ ਇਤਿਹਾਸਿਕ ਵਿਅਕਤੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੋਵੇ, ਉਹ ਇਤਿਹਾਸਿਕ ਵਾਰਤਕ ਅਖਵਾਉਂਦੀ ਹੈ। ਗਿਆਨੀ ਹੀਰਾ ਸਿੰਘ ਦਰਦ ਦੀ ਪੁਸਤਕ 'ਮੇਰੀਆਂ ਇਤਿਹਾਸਿਕ ਯਾਦਾਂ' ਇਸ ਕਿਸਮ ਦੀ ਵਾਰਤਕ ਦੇ ਨਮੂਨੇ ਵਜੋਂ ਪੇਸ਼ ਕੀਤੀ ਜਾ ਸਕਦੀ ਹੈ। ਸੇਵਾ ਸਿੰਘ ਠੀਕਰੀਵਾਲਾ ਰਚਿਤ ਪ੍ਰੋ. ਗੁਰਚਰਨ ਸਿੰਘ ਵਿੱਚ ਵੀ ਸਾਨੂੰ ਇਤਿਹਾਸਿਕ ਵਾਰਤਕ ਦੇ ਦਰਸ਼ਨ ਹੁੰਦੇ ਹਨ।

## (ਕ) ਧਾਰਮਿਕ ਵਾਰਤਕ

ਅਜਿਹੀ ਵਾਰਤਕ ਵਿੱਚ ਧਾਰਮਿਕ ਵਿਸ਼ਿਆਂ 'ਤੇ ਚਰਚਾ ਕੀਤੀ ਹੁੰਦੀ ਹੈ। ਪ੍ਰੋ. ਸਾਹਿਬ ਸਿੰਘ ਦੇ 'ਧਾਰਮਿਕ ਲੇਖ', 'ਕੁਝ ਹੋਰ ਧਾਰਮਿਕ ਲੇਖ', 'ਸਰਬੱਤ ਦਾ ਭਲਾ', 'ਸਦਾਚਾਰ ਤੇ ਹੋਰ ਲੇਖ' ਆਦਿ ਪੁਸਤਕਾਂ ਵਿੱਚ ਦਰਜ ਲੇਖ ਧਾਰਮਿਕ ਵਾਰਤਕ ਦੇ ਖੇਤਰ ਵਿੱਚ ਆਉਂਦੇ ਹਨ। ਪ੍ਰਿੰਸੀਪਲ ਜੋਧ ਸਿੰਘ, ਡਾ. ਸ਼ੇਰ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ ਦੁਆਰਾ ਰਚੀ ਗਈ ਵਾਰਤਕ ਵੀ ਇਸੇ ਸ਼੍ਰੇਣੀ ਵਿੱਚ ਆਉਂਦੀ ਹੈ।

ਸ਼ੈਲੀ ਦੇ ਪੱਖੋਂ ਵਾਰਤਕ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ :-

## (ੳ) ਟਕਸਾਲੀ ਵਾਰਤਕ

ਅਜਿਹੀ ਸ਼ੈਲੀ ਵਿੱਚ ਭਾਸ਼ਾਈ ਤੇ ਵਿਆਕਰਣਕ ਸ਼ੁੱਧਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਪੰਜਾਬੀ ਵਿੱਚ ਪ੍ਰਿੰਸੀਪਲ ਤੇਜਾ ਸਿੰਘ ਦੀ ਵਾਰਤਕ ਇਸ ਵਰਗ ਵਿੱਚ ਗਿਣੀ ਜਾਂਦੀ ਹੈ।

## (ਅ) ਕਾਵਿਕ ਵਾਰਤਕ

ਜਿਸ ਵਾਰਤਕ ਨੂੰ ਲੇਖਕ ਉਪਮਾਵਾਂ, ਅਲੰਕਾਰਾਂ ਅਤੇ ਵਿਸ਼ੇਸ਼ਣਾਂ ਆਦਿ ਨਾਲ ਸ਼ਿੰਗਾਰ ਕੇ ਸੁੰਦਰ ਬਣਾ ਕੇ ਅਤੇ ਆਪਣੇ ਭਾਵਾਂ ਦੀ ਪੁੱਠ ਚਾੜ੍ਹ ਕੇ ਇਸ ਪ੍ਰਕਾਰ ਲਿਖੇ ਕਿ ਉਸ ਵਿੱਚ ਬੁੱਧੀ ਦੀ ਥਾਂ ਭਾਵਾਂ ਦੀ ਪ੍ਰਧਾਨਤਾ ਪ੍ਰਤੀਤ ਹੋਵੇ ਤਾਂ ਉਹ ਕਾਵਿਕ ਵਾਰਤਕ ਹੋਵੇਗੀ। ਜਨਮਸਾਖੀਆਂ ਦੀ ਵਾਰਤਕ ਅਤੇ ਸ: ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਵਾਰਤਕ ਇਸ ਤਰ੍ਹਾਂ ਦੀ ਹੈ।

## (ੲ) ਵਿਅੰਗਾਤਮਕ ਵਾਰਤਕ

ਜਦੋਂ ਵਾਰਤਕ ਲਿਖਾਰੀ ਆਪਣੀ ਰਚਨਾ ਵਿੱਚ ਵਿਅੰਗ, ਚੋਟ ਤੇ ਚੋਭ ਦੀ ਵਰਤੋਂ ਕਰਦਾ ਹੈ ਤਾਂ ਉਹ ਵਿਅੰਗਾਤਮਕ ਵਾਰਤਕ ਨੂੰ ਜਨਮ ਦੇਂਦਾ ਹੈ। ਐੱਸ. ਐੱਸ. ਚਰਨ ਸਿੰਘ ਸ਼ਹੀਦ, ਗੁਰਨਾਮ ਸਿੰਘ ਤੀਰ, ਸੂਬਾ ਸਿੰਘ ਅਤੇ ਹਰਿੰਦਰ ਸਿੰਘ ਰੂਪ ਇਸ ਕਿਸਮ ਦੀ ਵਾਰਤਕ ਲਿਖਣ ਵਾਲੇ ਸਫ਼ਲ ਲਿਖਾਰੀ ਹਨ।

## (ਸ) ਨਾਟਕੀ ਵਾਰਤਕ

ਜਦੋਂ ਕੋਈ ਨਾਟਕਕਾਰ ਪਾਤਰਾਂ ਦੀ ਵਾਰਤਾਲਾਪ ਨੂੰ ਉੱਚੇ ਸਾਹਿਤਕ ਪੱਧਰ ਤੇ ਪੇਸ਼ ਕਰਦਾ ਹੈ ਤਾਂ ਅਜਿਹੀ ਵਾਰਤਾਲਾਪ ਨਾਟਕੀ ਵਾਰਤਕ ਦਾ ਨਮੂਨਾ ਬਣ ਜਾਂਦੀ ਹੈ। ਸੰਤ ਸਿੰਘ ਸੇਖੋਂ ਦੇ ਨਾਟਕ 'ਕਲਾਕਾਰ' ਵਿੱਚ ਚੰਦਰਮਾ ਤੇ ਅਹਿਲਿਆ ਨਾਂ ਦੇ ਪਾਤਰਾਂ ਵਿਚਕਾਰ ਗੱਲ-ਬਾਤ ਉਦਾਹਰਣ ਦੇ ਤੌਰ 'ਤੇ ਪੇਸ਼ ਕੀਤੀ ਜਾ ਸਕਦੀ ਹੈ।

ਜੇਕਰ ਉਦੇਸ਼ ਜਾਂ ਮਨੋਰਥ ਦੀ ਦ੍ਰਿਸ਼ਟੀ ਤੋਂ ਵਾਰਤਕ ਦਾ ਵਰਗੀਕਰਣ ਕਰਨਾ ਹੋਵੇ ਤਾਂ (ੳ) ਉਪਦੇ

ਸ਼ਾਤਮਕ ਵਾਰਤਕ (ਅ) ਸੁਧਾਰਕ ਵਾਰਤਕ (ੲ) ਪ੍ਰਚਾਰਾਤਮਕ ਵਾਰਤਕ ਆਦਿ ਵੰਨਗੀਆਂ ਗਿਣੀਆਂ ਜਾ ਸਕਦੀਆਂ ਹਨ।

ਫੁਟਕਲ ਤੌਰ 'ਤੇ ਵਾਰਤਕ ਵਿੱਚ ਟੀਕੇ, ਗੋਸ਼ਟਾਂ, ਪਰਮਾਰਥ, ਬਚਨ, ਲੇਖ, ਨਿਬੰਧ, ਖੋਜ-ਪ੍ਰਬੰਧ ਆਦਿ ਵੀ ਸੰਮਿਲਤ ਹਨ। ਵਾਰਤਕ ਦਾ ਘੇਰਾ ਬੜਾ ਵਿਸ਼ਾਲ ਹੈ। ਇਸ ਵਿੱਚ ਨਾਵਲ, ਨਿੱਕੀ ਕਹਾਣੀ, ਨਾਟਕ ਅਤੇ ਇਕਾਂਗੀ ਜਿਹੜੇ ਆਮ ਤੌਰ 'ਤੇ ਵਾਰਤਕ ਵਿੱਚ ਲਿਖੇ ਜਾਂਦੇ ਹਨ, ਉਹ ਵੀ ਗਿਣੇ ਜਾ ਸਕਦੇ ਹਨ। ਇਸ ਤੋਂ ਇਲਾਵਾ ਖੋਜ, ਆਲੋਚਨਾ ਅਤੇ ਸਾਹਿਤ ਦੇ ਇਤਿਹਾਸ ਦੀਆਂ ਪੁਸਤਕਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਪਰੰਤੂ ਨਿਰੋਲ ਵਾਰਤਕ ਵਿੱਚ ਅਸੀਂ ਹੇਠ ਲਿਖੀਆਂ ਵੰਨਗੀਆਂ ਨੂੰ ਸ਼ਾਮਲ ਕਰ ਸਕਦੇ ਹਾਂ :-

(ੳ) ਜੀਵਨੀ (ਅ) ਸ੍ਵੈ-ਜੀਵਨੀ (ੲ) ਸਫ਼ਰਨਾਮਾ (ਸ) ਲੇਖ, ਨਿਬੰਧ, ਖੋਜ-ਪ੍ਰਬੰਧ (ਹ) ਰੇਖਾ ਚਿੱਤਰ।

ਇਨ੍ਹਾਂ ਵਿੱਚੋਂ ਲੇਖ, ਨਿਬੰਧ ਅਤੇ ਖੋਜ ਪ੍ਰਬੰਧ (ਥੀਸਿਸ) ਵਾਰਤਕ ਵਿੱਚ ਵਿਸ਼ੇਸ਼ ਸਥਾਨ ਰਖਦੇ ਹਨ। ਇਨ੍ਹਾਂ ਦੀ ਪਰਿਭਾਸ਼ਾ, ਵਿਸ਼ੇਸ਼ਤਾਈਆਂ ਅਤੇ ਪਰਸਪਰ ਅੰਤਰ ਜਾਣਨਾ ਵੀ ਜ਼ਰੂਰੀ ਹੈ।

ਭਾਵੇਂ 'ਲੇਖ ਤੇ ਨਿਬੰਧ' ਸ਼ਬਦਾਂ ਨੂੰ ਸਮਾਨ ਅਰਥਾਂ ਵਿੱਚ ਵਰਤ ਲਿਆ ਜਾਂਦਾ ਹੈ ਤੇ ਇਸ ਤੋਂ ਭਾਵ ਕਿਸੇ ਵਿਸ਼ੇ ਬਾਰੇ ਵਾਰਤਕ ਵਿੱਚ ਕੀਤੀ ਅਜਿਹੀ ਰਚਨਾ ਹੁੰਦੀ ਹੈ ਜਿਸ ਵਿੱਚ ਉਸ ਵਿਸ਼ੇ ਦੇ ਲਗਪਗ ਸਾਰੇ ਪੱਖਾਂ ਉੱਤੇ ਚਾਨਣਾ ਪਾਇਆ ਗਿਆ ਹੋਵੇ। ਪਰ 'ਲੇਖ' ਸ਼ਬਦ ਵਧੇਰੇ ਵਿਆਪਕ ਅਰਥਾਂ ਵਿੱਚ ਵਰਤਿਆ ਜਾਂਦਾ ਹੈ ਤੇ ਨਿਬੰਧ ਉੱਚ ਕੋਟੀ ਦੇ ਲੇਖਾਂ ਲਈ ਪ੍ਰਯੋਗ ਵਿੱਚ ਆਉਂਦਾ ਹੈ। ਨਿਬੰਧ ਅਸਲ ਵਿੱਚ ਆਧੁਨਿਕ ਕਾਲ ਦਾ ਸਾਹਿਤਕ ਰੂਪ ਹੈ ਜਿਵੇਂ ਨਿੱਕੀ ਕਹਾਣੀ, ਇਕਾਂਗੀ ਆਦਿ। ਜਦੋਂ ਅੰਗਰੇਜ਼ੀ ਵਿਦਵਾਨ ਜਾਨਸਨ ਨੇ ਲੇਖ ਨੂੰ ਦਿਮਾਗ਼ ਦੀ ਉੱਘੜੀ ਦੁੱਘੜੀ ਉਡਾਣ ਅਤੇ ਸਾਹਿਤ ਦਾ ਅਨਿਯਮਿਤ ਅਤੇ ਅਣਪਚਿਆ ਹੋਇਆ ਅੰਗ'[1] ਆਖਿਆ ਉਦੋਂ ਅਜੇ ਇਸ ਸਾਹਿਤਕ ਰੂਪ ਨੇ ਆਪਣੀ ਯੁਵਾ ਅਵਸਥਾ ਨਹੀਂ ਸੀ ਵੇਖੀ। ਲੇਖ ਅਧੂਰੀ ਤੇ ਅਪੂਰਨ ਕਿਸਮ ਦੀ ਵਾਰਤਕ ਰਚਨਾ ਹੁੰਦੀ ਹੈ 'ਤੇ ਇਹ ਗੱਲ ਢੁਕਦੀ ਹੈ ਪਰ ਸਾਹਿਤਕਾਰਾਂ ਤੇ ਖੋਜੀਆਂ ਦੁਆਰਾ ਲਿਖੇ ਲੇਖਾਂ ਜਿਨ੍ਹਾਂ ਨੂੰ ਨਿਬੰਧ ਜਾਂ ਖੋਜ-ਪ੍ਰਬੰਧ ਆਖਣਾ ਉਚਿਤ ਹੈ, ਉੱਤੇ ਨਹੀਂ ਢੁਕਦੀ। ਨਿਬੰਧ ਦਾ ਆਕਾਰ ਲੇਖ ਨਾਲੋਂ ਤੇ ਖੋਜ-ਪ੍ਰਬੰਧ ਨਾਲੋਂ ਛੋਟਾ ਹੁੰਦਾ ਹੈ। ਖੋਜ-ਪ੍ਰਬੰਧ ਤਾਂ ਲਗਪਗ ਸੌ ਸਫ਼ਿਆਂ ਤੋਂ ਲੈ ਕੇ ਪੰਜ ਸੌ ਤੱਕ ਜਾਂ ਉਸ ਤੋਂ ਵੀ ਵੱਧ ਆਕਾਰ ਦੇ ਹੁੰਦੇ ਹਨ।

ਖੋਜ-ਪ੍ਰਬੰਧ ਦੇ ਟਾਕਰੇ ਉੱਤੇ ਨਿਬੰਧ ਛੋਟੇ ਆਕਾਰ ਦੀ ਉਹ ਗੱਦ-ਰਚਨਾ ਹੁੰਦੀ ਹੈ ਜਿਹੜੀ ਆਪਣੇ ਆਪ ਵਿੱਚ ਪੂਰਨ ਹੁੰਦੀ ਹੈ ਤੇ ਜਿਸ ਵਿੱਚ ਕਿਸੇ ਵਿਸ਼ੇ ਦੇ ਕਿਸੇ ਇਕ ਪੱਖ ਉੱਤੇ ਚਰਚਾ ਕੀਤੀ ਹੁੰਦੀ ਹੈ। ਨਿਬੰਧ ਵਿੱਚੋਂ ਨਿਬੰਧਕਾਰ ਦੀ ਸ਼ਖ਼ਸੀਅਤ ਸਾਫ਼ ਵਿਖਾਈ ਦਿੰਦੀ ਹੈ। ਇਸੇ ਕਰਕੇ ਐਲਗਜ਼ੈਂਡਰ ਸਮਿਥ ਨੇ ਨਿਬੰਧ ਨੂੰ ਸਰੋਦੀ ਗੀਤ ਨਾਲ ਉਪਮਾ ਦਿੱਤੀ ਹੈ।

ਪੱਛਮੀ ਵਿਦਵਾਨ ਇਹ ਮੰਨਦੇ ਹਨ ਕਿ ਨਿਬੰਧ ਦਾ ਆਕਾਰ ਇੰਨਾ ਕੁ ਹੋਣਾ ਚਾਹੀਦਾ ਹੈ ਕਿ ਉਸਨੂੰ ਸੌਖੀ ਤਰ੍ਹਾਂ ਇੱਕ ਬੈਠਕ ਵਿੱਚ ਪੜ੍ਹਿਆ ਜਾ ਸਕੇ ਜਿਵੇਂ ਕਿ ਨਿੱਕੀ ਕਹਾਣੀ ਜਾਂ ਇਕਾਂਗੀ ਨੂੰ ਪੜ੍ਹਿਆ ਜਾ ਸਕਦਾ ਹੈ। ਨਿਬੰਧ ਵਿੱਚ ਕਿਸੇ ਸਿਧਾਂਤ ਨੂੰ ਪ੍ਰਗਟਾਉਣ ਦਾ ਮੰਤਵ ਨਹੀਂ ਹੁੰਦਾ ਸਗੋਂ ਕਿਸੇ ਬਾਰੇ ਹਰ ਪ੍ਰਕਾਰ ਦੀ ਜਾਣਕਾਰੀ ਨੂੰ ਪੇਸ਼ ਕਰਨਾ ਹੁੰਦਾ ਹੈ। ਚੰਗਾ ਨਿਬੰਧਕਾਰ ਆਪਣੇ ਨਿਬੰਧ ਵਿੱਚ ਇਕ ਵਿਚਾਰ 'ਤੇ ਹੀ ਕੇਂਦਰਿਤ ਰਹਿੰਦਾ ਹੈ। ਇੱਧਰ-ਉਧਰ ਦੀਆਂ ਫ਼ਜ਼ੂਲ ਗੱਲਾਂ ਲਈ ਇਸ ਵਿੱਚ ਕੋਈ ਸਥਾਨ ਨਹੀਂ ਹੁੰਦਾ। ਲੇਖਕ ਆਪਣੇ ਵਿਚਾਰਾਂ ਦਾ ਪ੍ਰਗਟਾਅ ਨਿਰਸੰਕੋਚ ਤੌਰ 'ਤੇ ਕਰਦਾ ਹੈ ਅਤੇ ਬੁੱਧੀ ਤੇ ਭਾਵਾਂ ਦੇ ਸੁਚੱਜੇ ਮੇਲ ਰਾਹੀਂ ਆਪਣੀ ਰਚਨਾ ਨੂੰ ਸਾਹਿਤਕ ਪੱਧਰ ਪ੍ਰਦਾਨ ਕਰਦਾ ਹੈ।

ਖੋਜ-ਪ੍ਰਬੰਧ ਯੂਨੀਵਰਸਿਟੀਆਂ ਵਿੱਚ ਐਮ.ਏ., ਐਮ.ਲਿੱਟ, ਪੀ-ਐੱਚ.ਡੀ. ਅਤੇ ਡੀ.ਲਿੱਟ. ਦੀਆਂ ਡਿਗਰੀਆਂ ਪ੍ਰਾਪਤ ਕਰਨ ਲਈ ਲਿਖੇ ਜਾਂਦੇ ਹਨ। ਇਨ੍ਹਾਂ ਵਿੱਚ ਕਿਸੇ ਵਿਸ਼ੇ ਉੱਤੇ ਖੋਜ ਭਰਪੂਰ ਜਾਣਕਾਰੀ ਟਿੱਪਣੀਆਂ ਤੇ ਹਵਾਲਿਆਂ ਸਹਿਤ ਪੇਸ਼ ਕੀਤੀ ਗਈ ਹੁੰਦੀ ਹੈ। ਉਸ ਵਿਸ਼ੇ ਸੰਬੰਧੀ ਹਰ ਤਰ੍ਹਾਂ ਦੀ

1. A loose sally of mind and irregular undigested piece of literature.

ਜਾਣਕਾਰੀ ਦੇਣਾ ਅਜਿਹੇ ਖੋਜ-ਪ੍ਰਬੰਧ ਦਾ ਮੁੱਖ ਮੰਤਵ ਹੁੰਦਾ ਹੈ। ਖੋਜ-ਪ੍ਰਬੰਧ ਵਿੱਚ ਆਪਣੇ ਮੱਤ ਦੀ ਪੁਸ਼ਟੀ ਵਿੱਚ ਹੋਰ ਲਿਖਾਰੀਆਂ ਤੇ ਵਿਦਵਾਨਾਂ ਦੀਆਂ ਰਾਵਾਂ ਦਾ ਉਲੇਖ ਵੀ ਕੀਤਾ ਜਾਂਦਾ ਹੈ। ਲੰਬਾ ਆਕਾਰ ਅਤੇ ਸਿੱਧਾਂਤ ਪੇਸ਼ ਕਰਨ ਦੀ ਆਵਸ਼ਕਤਾ ਖੋਜ-ਪ੍ਰਬੰਧ ਨੂੰ ਨਿਬੰਧ ਨਾਲੋਂ ਵਖਰਿਆਉਂਦੇ ਹਨ। ਖੋਜ-ਪ੍ਰਬੰਧ ਦੇ ਅੰਤ ਉੱਤੇ ਉਨ੍ਹਾਂ ਸਾਰੀਆਂ ਪੁਸਤਕਾਂ ਦੀ ਸੂਚੀ ਵੀ ਦਰਜ ਕਰਨੀ ਪੈਂਦੀ ਹੈ ਜਿਨ੍ਹਾਂ ਵਿੱਚੋਂ ਕਈ ਹਵਾਲੇ ਜਾਂ ਟੂਕਾਂ ਉਸ ਖੋਜ-ਪ੍ਰਬੰਧ ਵਿੱਚ ਦਿੱਤੀਆਂ ਗਈਆਂ ਹੁੰਦੀਆਂ ਹਨ। ਖੋਜ-ਪ੍ਰਬੰਧ ਵਿੱਚ ਫੁੱਟ-ਨੋਟ ਦੀ ਵਰਤੋਂ ਵੀ ਨਿਬੰਧ ਤੇ ਲੇਖ ਦੇ ਟਾਕਰੇ ਉੱਤੇ ਬਹੁਤ ਅਧਿਕ ਹੁੰਦੀ ਹੈ। ਲੇਖ ਵਿੱਚ ਤਾਂ ਇਹ ਹੁੰਦੀ ਹੀ ਨਹੀਂ।

## ਵਾਰਤਕ ਸ਼ੈਲੀ

ਹਰ ਸਾਹਿਤਕਾਰ ਆਪਣੀ ਲਿਖਤ ਨੂੰ ਆਪਣੇ ਨਵੇਕਲੇ ਹੀ ਢੰਗ ਵਿੱਚ ਪੇਸ਼ ਕਰਦਾ ਹੈ। ਲੇਖਕ ਦੀ ਨਿੱਜੀ ਛੋਹ ਦੀ ਛਾਪ ਲੱਗਣ ਕਰਕੇ ਉਸ ਦੀ ਲਿਖਤ ਦੂਜਿਆਂ ਨਾਲੋਂ ਵੱਖਰੀ ਪਛਾਣੀ ਜਾ ਸਕਦੀ ਹੈ। ਜਦੋਂ ਕਿਸੇ ਪਾਸ ਕਹਿਣ ਨੂੰ ਕੁੱਝ ਹੋਵੇ ਤਾਂ ਉਹ ਉਸ ਨੂੰ ਕਹਿਣ ਦਾ ਵੱਖਰਾ ਢੰਗ ਵੀ ਲੱਭ ਲੈਂਦਾ ਹੈ। ਜਦੋਂ ਸਾਹਿਤਕਾਰ ਦੇ ਮਨ ਵਿੱਚ ਕੋਈ ਵਿਚਾਰ ਉਤਪੰਨ ਹੁੰਦੇ ਹਨ ਤਾਂ ਉਹ ਉਨ੍ਹਾਂ ਨੂੰ ਪ੍ਰਗਟ ਕਰਨ ਲਈ ਭਾਸ਼ਾ ਦਾ ਸਹਾਰਾ ਲੈਂਦਾ ਹੈ। ਭਾਸ਼ਾ ਨੂੰ ਵਰਨਣ ਕਰਨ ਦੀ ਯੋਗਤਾ ਹਰ ਇੱਕ ਦੀ ਵੱਖਰੀ ਵੱਖਰੀ ਹੁੰਦੀ ਹੈ। ਭਾਵੇਂ ਸਮੱਗਰੀ ਇਕੋ ਹੋਵੇ ਉਹ ਆਪਣੇ ਆਪ ਵਿੱਚ ਸੰਪੂਰਨ ਹੁੰਦੇ ਹਨ। ਉਹ ਕਿਸੇ ਇਕ ਕੇਂਦਰੀ ਵਿਸ਼ੇ ਦੁਆਲੇ ਉਸਾਰੇ ਗਏ ਹੁੰਦੇ ਹਨ। ਜਦੋਂ ਵਿਚਾਰ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਗਟ ਹੁੰਦੇ ਹਨ ਤਾਂ ਉਨ੍ਹਾਂ ਉੱਤੇ ਲੇਖਕ ਦੀ ਸ਼ਖ਼ਸੀਅਤ ਦੀ ਮੁਹਰ ਲੱਗ ਜਾਂਦੀ ਹੈ। ਪ੍ਰਸਿੱਧ ਅੰਗਰੇਜ਼ੀ ਸਾਹਿਤਕਾਰ ਅਲੈਗਜ਼ੈਂਡਰ ਪੋਪ ਨੇ ਸ਼ੈਲੀ ਨੂੰ **'ਵਿਚਾਰ ਦੀ ਪੋਸ਼ਾਕ'**[1] ਆਖਿਆ ਹੈ। ਜਦੋਂ ਕੋਈ ਵਿਚਾਰ ਕਿਸੇ ਲੇਖਕ ਦੀ ਨਿੱਜੀ ਭਾਸ਼ਾ ਤੇ ਉਸ ਦੇ ਨਿੱਜੀ ਢੰਗ ਦੁਆਰਾ ਅਭਿਵਿਅਕਤ ਹੁੰਦਾ ਹੈ ਤਾਂ ਲਿਖਤ ਵਿੱਚ ਵਿਸ਼ੇਸ਼ ਰੂਪ ਧਾਰਨ ਕਰਦਾ ਹੈ। ਇਹ ਰੂਪ ਕਿਸੇ ਦੂਜੇ ਸਾਹਿਤਕਾਰ ਦੀ ਲਿਖਤ ਦੇ ਰੂਪ ਤੋਂ ਵੱਖਰਾ ਤੇ ਨਵੇਕਲਾ ਹੁੰਦਾ ਹੈ। ਇਸ ਨਵੇਕਲੇ ਢੰਗ ਰਾਹੀਂ ਕਿਸੇ ਸਾਹਿਤਕਾਰ ਨੂੰ ਦੂਜੇ ਸਾਹਿਤਕਾਰ ਤੋਂ ਵੱਖਰਾ ਕਰ ਕੇ ਵੇਖ ਸਕਦੇ ਹਾਂ। ਇਹੀ ਉਸ ਦੀ ਸ਼ੈਲੀ ਹੁੰਦੀ ਹੈ।

ਆਪਣੀ ਵੱਖਰੀ ਸ਼ੈਲੀ ਬਣਾਉਣ ਲਈ ਵਾਰਤਕ ਲਿਖਾਰੀ ਨੂੰ ਵਿਸ਼ਾਲ ਅਧਿਐਨ ਦੇ ਆਧਾਰ ਉੱਤੇ ਲਿਖਣ ਦੀ ਚੋਖੀ ਮਸ਼ਕ ਹੋਣੀ ਚਾਹੀਦੀ ਹੈ। ਜਿਵੇਂ ਕੋਈ ਵਕਤਾ ਥਾਂ-ਥਾਂ ਉੱਤੇ ਭਾਸ਼ਣ ਦੇਣ ਉਪਰੰਤ ਬੋਲਣ ਦਾ ਕੋਈ ਵੱਖਰਾ ਲਹਿਜਾ ਤੇ ਨਵੇਕਲਾ ਢੰਗ ਗ੍ਰਹਿਣ ਕਰ ਲੈਂਦਾ ਹੈ, ਉਸੇ ਤਰ੍ਹਾਂ ਹੀ ਕੋਈ ਲਿਖਾਰੀ ਲਗਾਤਾਰ ਅਭਿਆਸ ਨਾਲ ਆਪਣੀ ਇੱਕ ਵੱਖਰੀ ਲਿਖਣ ਸ਼ੈਲੀ ਬਣਾ ਲੈਂਦਾ ਹੈ। ਭਾਵੇਂ ਕੋਈ ਆਪਣੀ ਮਾਤ-ਭਾਸ਼ਾ ਵਿੱਚ ਹੀ ਲਿਖੇ ਉਸ ਨੂੰ ਉਸ ਭਾਸ਼ਾ ਦਾ ਵਿਆਕਰਣ, ਉਸ ਦੀ ਲੋਕ ਤੇ ਸਾਹਿਤਕ ਪਰੰਪਰਾ ਬਾਰੇ ਪੂਰਨ ਜਾਣਕਾਰੀ ਹੋਣੀ ਚਾਹੀਦੀ ਹੈ। ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਵੇਲੇ ਵੀ ਸਾਵਧਾਨੀ ਵਰਤਣੀ ਚਾਹੀਦੀ ਹੈ। ਉਨ੍ਹਾਂ ਬਦੇਸ਼ੀ ਸ਼ਬਦਾਂ ਨੂੰ ਆਪਣੀ ਭਾਸ਼ਾ ਦੇ ਸੁਭਾਅ ਅਨੁਸਾਰ ਅਪਣਾਉਣਾ ਚਾਹੀਦਾ ਹੈ।

'ਸ਼ੈਲੀ ਹੀ ਮਨੁੱਖ ਹੈ' ਦਾ ਭਾਵ ਹੈ ਕਿ ਹਰ ਸਾਹਿਤਕਾਰ ਦੀ ਲਿਖਣ ਦੀ ਸ਼ੈਲੀ ਉੱਤੇ ਉਸ ਦੀ ਸ਼ਖ਼ਸੀਅਤ ਦੀ ਛਾਪ ਹੁੰਦੀ ਹੈ। ਚੰਗੀ ਵਾਰਤਕ ਸ਼ੈਲੀ ਵਿੱਚ ਹੇਠ ਲਿਖੇ ਗੁਣ ਹੁੰਦੇ ਹਨ :

1. ਵਾਰਤਕ ਸ਼ੈਲੀ ਦਾ ਸਭ ਤੋਂ ਪ੍ਰਸਿੱਧ ਗੁਣ ਉਸ ਦਾ ਨਵੇਕਲਾਪਣ, ਨਿਆਰਾਪਣ ਹੈ। ਜਿਵੇਂ ਕਿਸੇ ਮਨੁੱਖ ਦਾ ਨਵੇਕਲਾਪਨ ਉਸ ਨੂੰ ਦੂਜਿਆਂ ਮਨੁੱਖਾਂ ਤੋਂ ਵਖਰਿਆਉਂਦਾ ਹੈ ਉਵੇ ਹੀ ਇਕ ਲਿਖਾਰੀ ਦਾ ਵੱਖਰਾਪਨ ਉਸ ਨੂੰ ਦੂਜਿਆਂ ਤੋਂ ਵੱਖਰਾ ਦਰਸਾਉਂਦਾ ਹੈ। ਇਸ ਗੁਣ ਨੂੰ ਮੌਲਿਕਤਾ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ।

---

1. Dress of Thought.

2. ਚੰਗੀ ਵਾਰਤਕ ਸ਼ੈਲੀ ਦਾ ਦੂਜਾ ਗੁਣ ਸਪਸ਼ਟਤਾ ਹੈ। ਇਹ ਉਸ ਹਾਲਤ ਵਿੱਚ ਹੀ ਸੰਭਵ ਹੈ ਜੇ ਕਰ ਲਿਖਾਰੀ ਨੂੰ ਵਿਸ਼ੇ ਦਾ ਵਿਸ਼ਾਲ ਗਿਆਨ ਹੋਵੇ ਤੇ ਉਸ ਦਾ ਆਪਣੇ ਵਿਚਾਰਾਂ ਨੂੰ ਸਪਸ਼ਟ ਤੌਰ 'ਤੇ ਵਰਣਨ ਕਰਨ ਲਈ ਭਾਸ਼ਾ ਉੱਤੇ ਪੂਰਨ ਅਧਿਕਾਰ ਹੋਵੇ।

3. ਵਾਰਤਕ ਕਿਉਂਕਿ ਦਿਮਾਗ ਦੀ ਬੋਲੀ ਹੈ, ਇਸ ਲਈ ਇਸ ਵਿੱਚ ਪ੍ਰਗਟ ਕੀਤੇ ਵਿਚਾਰ ਦਲੀਲ ਅਤੇ ਨਿਆਇ ਉੱਤੇ ਆਧਾਰਤ ਹੋਣੇ ਚਾਹੀਦੇ ਹਨ। ਉਸ ਨੂੰ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਨ ਲਈ ਦਲੀਲਾਂ ਦੇਣੀਆਂ ਆਉਂਦੀਆਂ ਹੋਣ ਤੇ ਆਪਣੇ ਖਿਆਲਾਂ ਨੂੰ ਯੁਕਤੀ-ਸੰਗਤ ਪੇਸ਼ ਕਰਨ ਦੀ ਜਾਚ ਆਉਂਦੀ ਹੋਵੇ। ਇਸ ਕਰਕੇ **ਨਿਆਇਸ਼ੀਲਤਾ** ਚੰਗੀ ਸ਼ੈਲੀ ਦਾ ਇੱਕ ਪ੍ਰਮੁੱਖ ਲੱਛਣ ਹੈ।

4. ਵਾਰਤਕ ਸ਼ੈਲੀ ਦਾ ਇਕ ਹੋਰ ਗੁਣ ਸੁਭਾਸ਼ਤਾ ਹੈ। ਭਾਸ਼ਾ ਦੇ ਸਹੀ ਗਿਆਨ ਤੋਂ ਬਗੈਰ ਯੋਗ ਸ਼ਬਦਾਂ ਦੀ ਚੋਣ ਅਤੇ ਉਨ੍ਹਾਂ ਦਾ ਪ੍ਰਯੋਗ ਸੰਭਵ ਨਹੀਂ। ਲੇਖਕ ਨੂੰ ਭਾਸ਼ਾ ਦੀ ਸਮਰਥਾ, ਠੇਠਤਾ ਤੇ ਪ੍ਰਮਾਣਿਕਤਾ ਬਾਰੇ ਵਿਸ਼ਾਲ ਜਾਣਕਾਰੀ ਹੋਣੀ ਜ਼ਰੂਰੀ ਹੈ।

5. ਚੰਗੀ ਵਾਰਤਕ ਸ਼ੈਲੀ ਵਿੱਚ ਸੁਮਾਪ ਦਾ ਹੋਣਾ ਵੀ ਲਾਜ਼ਮੀ ਗਿਣਿਆ ਜਾਂਦਾ ਹੈ। ਸੁਮਾਪ ਤੋਂ ਭਾਵ ਤਰਤੀਬ ਤੇ ਕ੍ਰਮ ਹੈ। ਸੁਮਾਪ ਲਿਆਉਣ ਲਈ ਵਾਰਤਕ ਲਿਖਤ ਨੂੰ ਪੈਰ੍ਹਿਆਂ ਵਿੱਚ ਵੰਡਣਾ ਪੈਂਦਾ ਹੈ। ਹਰ ਪੈਰ੍ਹੇ ਵਿੱਚ ਇਕੋ ਖਿਆਲ ਹੋਣਾ ਚਾਹੀਦਾ ਹੈ। ਸਾਰੇ ਪੈਰ੍ਹੇ ਇਕ ਦੂਜੇ ਨਾਲ ਇਕੋ ਸੰਗਲੀ ਵਿੱਚ ਪਰੋਏ ਹੋਣ। ਉਨ੍ਹਾਂ ਦਾ ਆਪਸ ਵਿੱਚ ਅਟੁੱਟ ਸੰਬੰਧ ਹੋਵੇ। ਪੈਰ੍ਹੇ ਨਾ ਹੀ ਬਹੁਤ ਲੰਬੇ ਹੋਣ ਤੇ ਨਾ ਹੀ ਬਹੁਤ ਛੋਟੇ। ਲਿਖਤ ਦਾ ਆਕਾਰ ਨਾ ਬਹੁਤ ਲੰਬਾ ਅਤੇ ਨਾ ਹੀ ਬਹੁਤ ਛੋਟਾ ਹੋਣਾ ਚਾਹੀਦਾ ਹੈ।

6. ਚੰਗੀ ਵਾਰਤਕ ਸ਼ੈਲੀ ਲਈ ਵਿਆਕਰਣਕ ਸ਼ੁੱਧਤਾ ਦੀ ਵੀ ਅਵੱਸ਼ਕਤਾ ਹੁੰਦੀ ਹੈ। ਇਸ ਸ਼ੁੱਧਤਾ ਦੀ ਅਣਹੋਂਦ ਵਿੱਚ ਸ਼ੈਲੀ ਨਿਰਬਲ ਤੇ ਸ਼ਕਤੀਹੀਨ ਹੋ ਜਾਂਦੀ ਹੈ।

# ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ – ਇਕ ਸਰਵੇਖਣ

## ਪਾਠ ਦਾ ਮੰਤਵ

ਵਾਰਤਕ, ਸਾਹਿਤ ਦੀ ਇਕ ਮਹੱਤਵਪੂਰਨ ਵਿਧਾ ਹੈ ਅਤੇ ਇਸ ਪਾਠ ਵਿੱਚ ਪੰਜਾਬੀ ਵਾਰਤਕ ਦੇ ਜਨਮ ਬਾਰੇ ਪ੍ਰਚਲਿਤ ਭਿੰਨ-ਭਿੰਨ ਮੱਤਾਂ ਅਤੇ ਉਨ੍ਹਾਂ ਦੀ ਸਾਰਥਿਕਤਾ ਸੰਬੰਧੀ ਚਰਚਾ ਕੀਤੀ ਜਾਵੇਗੀ ਤੇ ਇਹ ਗੱਲ ਵਿਚਾਰੀ ਜਾਵੇਗੀ ਕਿ ਪੰਜਾਬੀ ਵਾਰਤਕ ਦਾ ਨਿਕਾਸ ਕਿਹੜੀਆਂ ਪ੍ਰਸਥਿਤੀਆਂ ਅਧੀਨ ਹੋਇਆ। ਇਸ ਤੋਂ ਛੁੱਟ ਪੰਜਾਬੀ ਵਾਰਤਕ ਦੇ ਨਿਕਾਸ ਦਾ ਆਲੋਚਨਾਤਮਕ ਸਰਵੇਖਣ ਪ੍ਰਸਤੁਤ ਕੀਤਾ ਜਾਵੇਗਾ। ਇਸ ਪਾਠ ਦੀ ਸਮੱਗਰੀ ਦੀ ਸਹਾਇਤਾ ਨਾਲ ਤੁਸੀਂ ਕੋਰਸ ਵਿੱਚ ਲੱਗੀਆਂ ਪਾਠ ਪੁਸਤਕਾਂ ਦਾ ਸਹੀ ਸਾਹਿਤਕ ਅਧਿਐਨ ਕਰ ਸਕੋਗੇ।

ਉਪਰੋਕਤ ਮੰਤਵ ਸਿੱਧੀ ਲਈ ਅਸੀਂ ਪੰਜਾਬੀ ਕਵਿਤਾ ਤੇ ਪੰਜਾਬੀ ਵਾਰਤਕ ਦੇ ਨਿਕਾਸ–ਕਾਲ ਦੀ ਤੁਲਨਾ ਕਰਕੇ ਇਹ ਜਾਣਨ ਦਾ ਜਤਨ ਕਰਾਂਗੇ ਕਿ ਪੰਜਾਬੀ ਵਾਰਤਕ ਪੰਜਾਬੀ ਕਵਿਤਾ ਨਾਲੋਂ ਕਿਉਂ ਬਾਅਦ ਵਿੱਚ ਉਪਜੀ ? ਪੰਜਾਬੀ ਵਾਰਤਕ ਤੇ ਕਵਿਤਾ ਤੋਂ ਦੇਰ ਨਾਲ ਉਪਜਣ ਦੇ ਇਤਿਹਾਸਕ, ਸਭਿਅਚਾਰਕ ਤੇ ਸਮਾਜਕ ਕਾਰਨਾਂ ਬਾਰੇ ਸੰਖਿਪਤ ਚਰਚਾ ਵੀ ਕੀਤੀ ਜਾਵੇਗੀ। ਇਸ ਚਰਚਾ ਰਾਹੀਂ ਅਸੀਂ ਇਹ ਗੱਲ ਦੱਸਣ ਦਾ ਜਤਨ ਕਰਾਂਗੇ ਕਿ ਪੰਜਾਬੀ ਵਾਰਤਕ ਦੀਆਂ ਮੁੱਢਲੀਆਂ ਵੰਨਗੀਆਂ ਵਧੇਰੇ ਕਰਕੇ ਧਾਰਮਕ ਕਿਉਂ ਹਨ। ਅੱਗੇ ਅਸੀਂ ਪੰਜਾਬੀ ਵਾਰਤਕ ਦੇ ਵਿਕਾਸ ਨੂੰ ਇਤਿਹਾਸਕ ਕ੍ਰਮ ਵਿੱਚ ਪੇਸ਼ ਕਰਕੇ ਇਸ ਦੇ ਸਰਵੇਖਣ ਦੇ ਕਾਰਜ ਨੂੰ ਨੇਪਰੇ ਚਾੜ੍ਹਾਂਗੇ।

## ਮੂਲ ਪਾਠ

### ਪੰਜਾਬੀ ਵਾਰਤਕ ਦਾ ਜਨਮ

ਪੰਜਾਬੀ ਵਾਰਤਕ ਦੇ ਮੁੱਢ ਬਾਰੇ ਡਾ. ਤਰਲੋਚਨ ਸਿੰਘ ਬੇਦੀ ਦਾ ਮੱਤ ਹੈ ਕਿ ਇਹ ਤੇਰ੍ਹਵੀਂ ਚੌਧਵੀਂ ਸਦੀ ਵਿੱਚ ਬੱਝਾ। ਉਨ੍ਹਾਂ ਨੇ ਆਪਣੇ ਮੱਤ ਦੀ ਪੁਸ਼ਟੀ ਵਿੱਚ 'ਏਕਾਦਸੀ ਮਹਾਤਮ' ਨਾਂ ਦੀ ਇਕ ਦੁਰਲੱਭ ਹੱਥ–ਲਿਖਤ ਦੀ ਦੱਸ ਪਾਈ ਹੈ।[1] ਇਸ ਰਚਨਾ ਵਿੱਚ ਯੁਧਿਸ਼ਟਰ ਤੇ ਅਰਜਨ ਅਤੇ ਬ੍ਰਹਮਾ ਤੇ ਨਾਰਦ ਦੀਆਂ ਆਪਸ ਵਿੱਚ ਗੋਸ਼ਟਾਂ ਦਰਜ ਹਨ। ਇਸ ਲਿਖਤ ਵਿੱਚ ਪੁਰਾਣੀਆਂ ਇਤਿਹਾਸਿਕ ਕਥਾਵਾਂ ਅੰਕਿਤ ਹਨ ਅਤੇ ਏਕਾਦਸੀ ਮਹਾਤਮ ਬਾਰੇ ਚਰਚਾ ਹੈ। ਡਾ. ਸੁਧੇਸ਼ਵਰ ਵਰਮਾ ਅਨੁਸਾਰ ਇਸ ਰਚਨਾ ਦੀ ਭਾਸ਼ਾ ਸਾਧ ਭਾਸ਼ਾ ਹੈ ਜਿਸ ਉੱਤੇ ਪੰਜਾਬੀ ਦੀ ਪੋਠੋਹਾਰੀ ਉਪਭਾਸ਼ਾ ਤੇ ਕਾਂਗੜੀ ਦਾ ਪ੍ਰਤੱਖ ਪ੍ਰਭਾਵ ਨਜ਼ਰੀਂ ਆਉਂਦਾ ਹੈ। ਰਚਨਾ ਦੀ ਸ਼ੈਲੀ ਪ੍ਰਸ਼ਨੋਤਰੀ ਹੈ ਤੇ ਬਿਆਨ ਵਿੱਚ ਸੰਖੇਪਤਾ ਤੇ ਸੰਜਮ ਹੈ।

ਸਾਧ ਭਾਸ਼ਾ ਵਿੱਚ ਲਿਖੀ ਹੋਣ ਕਰਕੇ 'ਏਕਾਦਸੀ ਮਹਾਤਮ' ਨੂੰ ਪੰਜਾਬੀ ਵਾਰਤਕ ਦੇ ਮੁੱਢ ਵਿੱਚ ਰੱਖਣਾ ਤਾਂ ਉਚਿਤ ਨਹੀਂ ਪਰ ਇਸ ਨੂੰ ਪੰਜਾਬੀ ਵਾਰਤਕ ਦੀ ਨੀਂਹ ਆਖਣਾ ਵਧੇਰੇ ਯੁਗਤੀ–ਸੰਗਤ ਹੈ।

ਡਾ. ਮੋਹਨ ਸਿੰਘ ਦੀਵਾਨਾ ਦਾ ਮੱਤ ਹੈ ਕਿ ਪੰਜਾਬੀ ਵਾਰਤਕ ਅਵਧੀ, ਬ੍ਰਜੀ ਅਤੇ ਉਰਦੂ ਭਾਸ਼ਾ ਦੀ ਵਾਰਤਕ ਤੋਂ ਪਹਿਲਾਂ ਪੈਦਾ ਹੋਈ। ਉਨ੍ਹਾਂ ਅਨੁਸਾਰ, ''ਕਾਵਿ ਵਾਂਗ ਪੰਜਾਬੀ ਵਿੱਚ ਵਾਰਤਕ ਦੀ ਗਿਣਾਤਮਕ ਤੇ ਗੁਣਾਤਮਕ ਪੱਖ ਤੋਂ ਪ੍ਰਾਪਤੀ ਅਵਧੀ, ਬ੍ਰਜੀ ਅਤੇ ਉਨ੍ਹਾਂ ਦੀ ਕੁੱਖੋਂ ਜਨਮੀ ਉਰਦੂ ਭਾਸ਼ਾ ਵਿੱਚ ਮਿਲਦੀ ਵਾਰਤਕ ਤੋਂ ਬਹੁਤ ਅਧਿਕ ਹੈ ਤੇ ਇਸ ਦਾ ਜਨਮ ਵੀ ਉਨ੍ਹਾਂ ਭਾਸ਼ਾਵਾਂ ਦੀ ਵਾਰਤਕ ਤੋਂ ਢੇਰ ਚਿਰ ਪਹਿਲਾਂ ਹੋਇਆ।''[2]

ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ, ''ਪੰਦਰ੍ਹਵੀਂ ਸੋਲਵੀਂ ਸਦੀ ਤੱਕ ਪੰਜਾਬੀ ਵਾਰਤਕ ਦਾ ਰੂਪ ਬੱਝਣਾ ਸ਼ੁਰੂ ਹੋ ਗਿਆ ਸੀ।''[3] ਕਸੇਲ ਸਾਹਿਬ ਦਾ ਇਹ ਮੱਤ ਵਧੇਰੇ ਮੰਨਣ ਯੋਗ ਜਾਪਦਾ ਹੈ। ਪੰਜਾਬੀ ਸਾਹਿਤ

1. ਡਾ. ਤਰਲੋਚਨ ਸਿੰਘ ਬੇਦੀ ਦਾ ਖੋਜ ਭਾਸ਼ਨ – ਪੰਜਾਬੀ ਯੂਨੀਵਰਸਿਟੀ, ਪਟਿਆਲਾ 1972–73
2. History of Punjabi Literature, 2nd Ed., Amritsar.
3. ਆਧੁਨਿਕ ਗੱਦਕਾਰ

ਵਿੱਚ ਕਵਿਤਾ ਦਾ ਸੂਰਜ ਬਾਬਾ ਫ਼ਰੀਦ ਸ਼ੱਕਰਗੰਜ ਦੀ ਕਾਵਿ-ਰਚਨਾ ਨਾਲ ਬਾਰ੍ਹਵੀਂ ਤੇਰ੍ਹਵੀਂ ਸਦੀ ਵਿੱਚ ਉਦੈ ਹੋਇਆ ਸੀ ਤੇ ਗੁਰੂ ਨਾਨਕ (1469-1538 ਈ:) ਦੇ ਸਮੇਂ ਇਸ ਨੇ ਪੰਜਾਬੀ ਜੀਵਨ ਦੇ ਹਰ ਪੱਖ ਨੂੰ ਆਪਣੀਆਂ ਕਿਰਨਾਂ ਦੀ ਚਮਕ-ਦਮਕ ਨਾਲ ਰੁਸ਼ਨਾ ਦਿੱਤਾ ਸੀ। ਪ੍ਰੋ. ਪੂਰਨ ਸਿੰਘ ਦੇ ਇਹ ਵਿਚਾਰ ਕਿ ਪੰਜਾਬੀ ਸਾਹਿਤ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲੇ ਦੁਆਲੇ ਬਿਰਛਾਂ ਦੀਆਂ ਛਾਵਾਂ ਹੇਠ ਖੇਡਿਆ, ਮੌਲ੍ਹਿਆ, ਪਲਿਆ ਤੇ ਪਰਵਾਨ ਚੜ੍ਹਿਆ, ਪੰਜਾਬੀ ਵਾਰਤਕ ਬਾਰੇ ਵੀ ਠੀਕ ਮੰਨੇ ਜਾ ਸਕਦੇ ਹਨ।

ਡਾ. ਜੀਤ ਸਿੰਘ ਸੀਤਲ ਦਾ ਕਥਨ ਹੈ ''ਪੁਰਾਤਨ ਵਾਰਤਕ ਦਾ ਆਰੰਭ ਨਾਥਾਂ ਜੋਗੀਆਂ ਤੇ ਮੁਸਲਮਾਨ ਸੂਫ਼ੀ ਦਰਵੇਸ਼ਾਂ ਦੀਆਂ ਪਰਸਪਰ ਗੋਸ਼ਟੀਆਂ, ਬਚਨਾਂ, ਕੌਲਾਂ ਤੇ ਸੁਖਨਾਂ ਨਾਲ ਹੋਇਆ। ਮਹਾਨ ਪੁਰਸ਼ਾਂ ਦੇ ਇਹ ਬਚਨ, ਸੁਖਨ ਜਾਂ ਕੌਲ ਸੀਨਾ-ਬਸੀਨਾ ਚਲੇ ਆਉਂਦੇ ਜਾਂ ਉਨ੍ਹਾਂ ਦੇ ਪੈਰੋਕਾਰ ਲਿਖ ਲੈਂਦੇ, ਇਹ ਵਿਸ਼ੇਸ਼ ਕਰਕੇ ਉਨ੍ਹਾਂ ਦੀਆਂ ਯਾਤਰਾਵਾਂ, ਗੋਸ਼ਟੀਆਂ, ਸੰਗਤਾਂ, ਕਰਾਮਾਤਾਂ, ਬਾਤ-ਚੀਤਾਂ ਨਾਲ ਸੰਬੰਧਤ ਹੁੰਦੇ ਜਾਂ ਉਨ੍ਹਾਂ ਦੇ ਬਚਨਾਂ ਸ਼ਬਦਾਂ ਦੀ ਵਿਆਖਿਆ ਹੁੰਦੇ ਜਾਂ ਫਿਰ ਉਨ੍ਹਾਂ ਦੀਆਂ ਜੀਵਨੀਆਂ ਦੀਆਂ ਮਹੱਤਵਪੂਰਨ ਘਟਨਾਵਾਂ ਹੁੰਦੀਆਂ ਸਨ।''[1] ਜੇਕਰ ਪੰਜਾਬੀ ਵਾਰਤਕ ਦੇ ਪੁਰਾਤਨ ਨਮੂਨਿਆਂ ਵਿਚ ਮਿਲਦੀ ਸਮੱਗਰੀ ਦੇ ਆਧਾਰ 'ਤੇ ਵੇਖੀਏ ਤਾਂ ਡਾ. ਸੀਤਲ ਦਾ ਉਪਰੋਕਤ ਮੱਤ ਕਾਫ਼ੀ ਹੱਦ ਤੱਕ ਠੀਕ ਜਾਪਦਾ ਹੈ। ਇਸ ਵਿਚ ਮਾਮੂਲੀ ਜਿਹੀ ਸੋਧ ਕਰਨ ਦੀ ਲੋੜ ਹੈ। ਪੰਜਾਬੀ ਦੀ ਪੁਰਾਤਨ ਵਾਰਤਕ ਗੁਰੂ ਨਾਨਕ ਦੇਵ ਦੀਆਂ ਨਾਥ-ਜੋਗੀਆਂ ਤੇ ਮੁਸਲਮਾਨ ਫ਼ਕੀਰਾਂ ਨਾਲ ਇਤਿਹਾਸਕ ਤੇ ਕਾਲਪਨਿਕ ਗੋਸ਼ਟਾਂ, ਉਨ੍ਹਾਂ ਦੀ ਬਾਣੀ ਦੇ ਪਰਮਾਰਥਾਂ ਤੇ ਉਨ੍ਹਾਂ ਦੇ ਸੀਨਾ-ਬ-ਸੀਨਾ ਚਲੇ ਆ ਰਹੇ ਬਚਨਾਂ ਦੇ ਰੂਪ ਵਿਚ ਹੈ। ਇਸ ਤੋਂ ਪਹਿਲਾਂ ਦੀਆਂ ਗੋਸ਼ਟਾਂ, ਬਚਨ ਤੇ ਸੁਖਨ ਪੰਜਾਬੀ ਵਾਰਤਕ ਦਾ ਪਿਛੋਕੜ ਤਾਂ ਮੰਨੇ ਜਾ ਸਕਦੇ ਹਨ ਪਰ ਉਨ੍ਹਾਂ ਨੂੰ ਪੰਜਾਬੀ ਵਾਰਤਕ ਦਾ ਮੁੱਢ ਨਹੀਂ ਆਖਿਆ ਜਾ ਸਕਦਾ।

ਜਿਵੇਂ ਹੋਰ ਭਾਸ਼ਾਵਾਂ ਤੇ ਸਾਹਿਤ ਵਿਚ ਆਮ ਤੌਰ 'ਤੇ ਵਾਰਤਕ ਕਵਿਤਾ ਤੋਂ ਬਾਅਦ ਹੋਂਦ ਵਿਚ ਆਈ, ਉਸੇ ਤਰ੍ਹਾਂ ਪੰਜਾਬੀ ਸਾਹਿਤ ਵਿਚ ਵੀ ਵਾਰਤਕ ਦਾ ਆਰੰਭ ਕਵਿਤਾ ਤੋਂ ਬਾਅਦ ਹੀ ਹੋਇਆ। ਜਦੋਂ ਬਾਬਾ ਫ਼ਰੀਦ ਸ਼ੱਕਰਗੰਜ ਤੇ ਗੁਰੂ ਸਾਹਿਬਾਨ ਦੀ ਰਚੀ ਬਾਣੀ ਜਨ-ਸਾਧਾਰਨ ਵਿੱਚ ਪ੍ਰਿਅ ਹੋ ਗਈ ਤਾਂ ਉਸ ਨੂੰ ਸਮਝਣ ਲਈ ਤੇ ਗੁਰੂ ਸਾਹਿਬਾਨ ਖ਼ਾਸ ਕਰਕੇ ਗੁਰੂ ਨਾਨਕ ਦੇਵ ਦੇ ਜੀਵਨ ਸਮਾਚਾਰ ਜਾਣਨ ਦੀ ਲੋੜ ਪੂਰੀ ਕਰਨ ਲਈ ਪੰਜਾਬੀ ਵਾਰਤਕ ਦਾ ਵੀ ਸ੍ਰੀ ਗਣੇਸ਼ ਹੋਇਆ। ਵੈਦਿਕ ਕਾਲ ਵਿਚ ਵੀ ਕਾਵਿ-ਸਾਹਿਤ ਦੀ ਪ੍ਰਧਾਨਤਾ ਰਹੀ ਤੇ ਸਮਾਂ ਗੁਜ਼ਰਨ ਨਾਲ ਹੀ ਕੁੱਝ ਗੱਦ ਸਾਹਿਤ ਉਤਪੰਨ ਹੋਇਆ। ਪ੍ਰਾਕ੍ਰਿਤ-ਕਾਲ ਵਿੱਚ ਵੀ ਵਧੇਰੇ ਸਾਹਿਤ ਕਵਿਤਾ-ਰੂਪ ਵਿਚ ਹੀ ਰਚਿਆ ਗਿਆ ਪਰ ਕੁੱਝ ਵਾਰਤਕ ਸਾਹਿਤ ਵੀ ਉਤਪੰਨ ਹੋਇਆ। ਅਪਭ੍ਰੰਸ਼ ਕਾਲ ਵਿੱਚ ਬ੍ਰਜ-ਭਾਸ਼ਾ, ਰਾਜਸਥਾਨੀ ਆਦਿ ਵਿਚ ਕੁੱਝ ਗੱਦ-ਰਚਨਾ ਹੋਈ ਜਿਸ ਦਾ ਪ੍ਰਭਾਵ ਗੁਆਂਢੀ ਭਾਸ਼ਾਵਾਂ ਉੱਤੇ ਵੀ ਪਿਆ।

ਭਾਰਤ ਉੱਤੇ ਮੱਧ-ਕਾਲ ਵਿਚ ਹੋਏ ਬਦੇਸ਼ੀ ਹਮਲਿਆਂ ਦੇ ਫ਼ਲਸਰੂਪ ਇਥੇ ਸਾਮੀ ਅਤੇ ਦੇਸੀ ਸਭਿਆਚਾਰਾਂ ਦਾ ਪਰਸਪਰ ਮੇਲ ਹੋਇਆ। ਇਸਲਾਮ, ਹਿੰਦੂ ਧਰਮ, ਨਾਥ ਸਿੱਧ ਮਤ, ਬੁੱਧ ਧਰਮ, ਜੈਨ ਮੱਤ ਆਦਿ ਧਰਮਾਂ ਦੇ ਆਪਸੀ ਸੰਪਰਕ ਨੇ ਦੇਸ਼ ਵਿਚ ਭਗਤੀ ਲਹਿਰ ਨੂੰ ਜਨਮ ਦਿੱਤਾ। ਦੱਖਣ ਵਿਚ ਰਾਮਾਨੁਜ ਇਸ ਭਗਤੀ ਲਹਿਰ ਦੇ ਸੰਸਥਾਪਕ ਸਨ। ਉੱਤਰੀ ਭਾਰਤ ਵਿਚ ਰਾਮਾਨੰਦ ਨੇ ਇਸ ਲਹਿਰ ਦਾ ਪਰਚਾਰ ਕੀਤਾ ਅਤੇ ਉਸ ਤੋਂ ਪ੍ਰੇਰਨਾ ਲੈ ਕੇ ਭਗਤ ਕਬੀਰ, ਭਗਤ ਰਵਿਦਾਸ, ਭਗਤ ਪੀਪਾ ਤੇ ਭਗਤ ਨਾਮਦੇਵ ਨੇ ਇਸ ਲਹਿਰ ਨੂੰ ਹੋਰ ਵਧੇਰੇ ਵਿਕਸਿਤ ਕੀਤਾ। ਇਨ੍ਹਾਂ ਭਗਤਾਂ ਨੇ ਆਪਣੀ ਬਾਣੀ ਰਚ ਕੇ ਜਨ ਸਾਧਾਰਨ ਵਿਚ ਜਾਗ੍ਰਤੀ ਪੈਦਾ ਕੀਤੀ ਅਤੇ ਹਿੰਦੂ ਤੇ ਮੁਸਲਮਾਨ ਧਰਮਾਂ ਦੀ ਪੁਜਾਰੀ ਜਮਾਤ ਦੇ ਕੱਟੜ ਵਿਚਾਰਾਂ ਦਾ ਖੰਡਣ ਕੀਤਾ। ਭਗਤੀ ਲਹਿਰ ਨੇ ਇਕ ਪਰਮਾਤਮਾ ਦੀ ਉਪਾਸਨਾ ਦਾ ਸੰਦੇਸ਼ ਦੇ ਕੇ ਲੋਕਾਂ ਨੂੰ ਏਕਤਾ ਦੇ ਸੂਤਰ ਵਿਚ ਪਰੋਇਆ। ਲੋਕੀਂ ਆਪਣੇ ਗੁਰੂਆਂ, ਪੀਰਾਂ, ਫ਼ਕੀਰਾਂ, ਸਾਧੂ, ਸੰਤਾਂ

1. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੰਨਾ 339

ਦੇ ਬਚਨਾਂ, ਸੁਖਨਾਂ, ਉਪਦੇਸ਼ਾਂ ਅਤੇ ਅਧਿਆਤਮਕ ਵਿਚਾਰਾਂ ਨੂੰ ਸੁਣਨ, ਪੜ੍ਹਨ ਤੇ ਸਮਝਣ ਲੱਗੇ। ਸਾਰੇ ਦੇਸ਼ ਵਿਚ ਇਕ ਸਭਿਆਚਾਰਕ ਜਾਗ੍ਰਤੀ ਆ ਗਈ। ਸਮਾਜਕ ਕੀਮਤਾਂ ਬਦਲਣ ਲਗੀਆਂ। ਰਾਜਸੀ ਅਤਿਆਚਾਰ, ਧਾਰਮਕ ਪਾਖੰਡ ਤੇ ਸਮਾਜਕ ਘਿਰਣਾ ਦੇ ਵਿਰੁੱਧ ਵਾਤਾਵਰਨ ਉਸਰਨ ਲਗਾ। ਸਮਾਜ ਵਿਚ ਸਦਾਚਾਰ, ਸਹਿਨਸ਼ੀਲਤਾ, ਨਿਮਰਤਾ, ਸਚਾਈ ਤੇ ਅਹਿੰਸਾ ਦਾ ਪ੍ਰਚਾਰ ਹੋਣ ਲਗਾ। ਇਨ੍ਹਾਂ ਦੈਵੀ ਗੁਣਾਂ ਦਾ ਸੰਦੇਸ਼ ਦੇਸ਼ ਦੇ ਕੋਨੇ ਕੋਨੇ ਵਿਚ ਪਸਰਨਾ ਸ਼ੁਰੂ ਹੋਇਆ। ਸਾਧੂ, ਸੰਤਾਂ, ਸੂਫੀ ਫ਼ਕੀਰਾਂ ਤੇ ਗੁਰੂ ਸਾਹਿਬਾਨ ਨੇ ਥਾਂ-ਥਾਂ ਉੱਤੇ ਵਿਚਰ ਕੇ ਲੋਕਾਂ ਨੂੰ ਨਵੇਂ ਵਿਚਾਰਾਂ ਤੋਂ ਜਾਣੂ ਕਰਵਾਇਆ ਤੇ ਸਮਾਜ ਕਲਿਆਣ ਦੇ ਕਾਰਜਾਂ ਨੂੰ ਧਾਰਮਿਕ ਤਰੀਕੇ ਨਾਲ ਨੇਪਰੇ ਚਾੜ੍ਹਿਆ। ਭਗਤੀ ਲਹਿਰ ਦੇ ਪ੍ਰਭਾਵ ਅਧੀਨ ਉਤਪੰਨ ਹੋਈ ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਜਾਗ੍ਰਤੀ ਨੇ ਅਧਿਆਤਮਕ-ਕਾਵਿ ਦੇ ਸੋਮੇ ਜਾਰੀ ਕਰ ਦਿੱਤੇ ਤੇ ਉਨ੍ਹਾਂ ਸੋਮਿਆਂ ਦੇ ਸਵੱਛ ਜਲ ਰੂਪੀ ਸਾਧ-ਬਚਨਾਂ ਤੋਂ ਪੰਜਾਬੀ ਵਾਰਤਕ ਦੇ ਝਰਨੇ ਫੁਟ ਨਿਕਲੇ।

ਤੋਲ, ਤੁਕਾਂਤ, ਛੰਦ ਆਦਿ ਗੁਣਾਂ ਦੀ ਧਾਰਨੀ ਹੋਣ ਕਰਕੇ ਕਵਿਤਾ ਜ਼ੁਬਾਨੀ ਯਾਦ ਕੀਤੀ ਜਾ ਸਕਦੀ ਹੈ ਤੇ ਪੁਰਾਤਨ ਕਾਲ ਵਿਚ ਜਦੋਂ ਕਾਗਜ਼ ਦੀ ਘਾਟ ਸੀ ਤੇ ਛਾਪੇ ਖ਼ਾਨੇ ਹੋਂਦ ਵਿਚ ਨਹੀਂ ਸਨ ਆਏ, ਵਧੇਰੇ ਕਰਕੇ ਕਵਿਤਾ ਹੀ ਰਚੀ ਜਾਂਦੀ ਸੀ। ਜਦੋਂ ਕਵਿਤਾ ਨੂੰ ਸਮਝਣ ਦੀ ਲੋੜ ਪਈ ਤਾਂ ਉਸ ਦੀ ਵਿਆਖਿਆ ਹਿੱਤ ਵਾਰਤਕ ਹੋਂਦ ਵਿਚ ਆਈ। ਪੁਰਾਤਨ ਕਾਲ ਦਾ ਮਨੁੱਖ ਵਧੇਰੇ ਕਰਕੇ ਭਾਵੁਕ ਸੀ, ਉਦੋਂ ਉਸ ਦੀ ਬੌਧਕ ਪੱਧਰ ਏਨੀ ਉੱਚੀ ਨਹੀਂ ਸੀ ਹੋਈ। ਇਸ ਕਰਕੇ ਹੀ ਉਸ ਕਾਲ ਵਿਚ ਵਾਰਤਕ ਜਿਹੜੀ ਮਨੁੱਖ ਦੀ ਬੁੱਧੀ ਦਾ ਚਮਤਕਾਰ ਹੁੰਦੀ ਹੈ, ਹੋਂਦ ਵਿਚ ਨਹੀਂ ਸੀ ਆਈ। ਪੱਥਰ ਤੇ ਧਾਤ ਦੇ ਜ਼ਮਾਨੇ ਵਿਚ ਆਮ ਲੋਕਾਂ ਨੂੰ ਵਿੱਦਿਆ ਪ੍ਰਾਪਤੀ ਦੇ ਸਾਧਨ ਪ੍ਰਾਪਤ ਨਹੀਂ ਸਨ ਜਿਸ ਕਰਕੇ ਉਹ ਕੇਵਲ ਖਾਸ ਮੌਕਿਆਂ ਉੱਤੇ ਹੀ ਪੁਜਾਰੀਆਂ ਪਾਸੋਂ ਧਾਰਮਿਕ ਕਵਿਤਾ ਜਾਂ ਗੀਤ ਸੁਣ ਕੇ ਆਪਣੀ ਧਾਰਮਿਕ-ਰੁਚੀ ਨੂੰ ਤ੍ਰਿਪਤ ਕਰਦੇ ਸਨ। ਉਦੋਂ ਵਾਰਤਕ ਦੀ ਲੋੜ ਮਹਿਸੂਸ ਨਹੀਂ ਸੀ ਹੁੰਦੀ। ਕੁਦਰਤ ਉਤੇ ਮਨੁੱਖ ਨੂੰ ਵਸੀਕਾਰ ਪ੍ਰਾਪਤ ਨਹੀਂ ਸੀ। ਮਨੁੱਖ ਹੋਣੀ ਅੱਗੇ ਬੇਬਸ ਸੀ। ਉਹ ਕੁਦਰਤ ਦੀਆਂ ਭਿੰਨ-ਭਿੰਨ ਸ਼ਕਤੀਆਂ ਤੋਂ ਡਰਦਾ ਸੀ ਤੇ ਉਨ੍ਹਾਂ ਦੀ ਪੂਜਾ ਕਰਕੇ ਉਸ ਡਰ ਤੋਂ ਮੁਕਤੀ ਹਾਸਲ ਕਰਨ ਦਾ ਜਤਨ ਕਰਦਾ ਸੀ। ਇਸ ਪੂਜਾ ਨੇ ਧਾਰਮਿਕ ਕਵਿਤਾ ਨੂੰ ਜਨਮ ਦਿੱਤਾ ਜਿਸ ਨੂੰ ਮਨੁੱਖ ਜਨਮ, ਮਰਨ, ਵਿਆਹ ਤੇ ਮੁਸੀਬਤ ਆਦਿ ਦੇ ਅਵਸਰਾਂ 'ਤੇ ਗਾ ਕੇ ਜਾਂ ਸੁਣ ਕੇ ਆਪਣੀ ਮਾਨਸਿਕ ਸੰਤੁਸ਼ਟਤਾ ਦੀ ਕੋਸ਼ਿਸ਼ ਕਰਦਾ ਸੀ। ਕਬੀਲਦਾਰੀ, ਗ਼ੁਲਾਮੀ ਅਤੇ ਸਾਮੰਤਸ਼ਾਹੀ ਕਾਲ ਵਿਚ ਮਨੁੱਖ ਦੀਆਂ ਲੋੜਾਂ ਸੀਮਤ ਸਨ। ਆਰਥਿਕ ਵਿਵਸਥਾ ਬਹੁਤ ਸਰਲ ਸੀ। ਮਨੁੱਖੀ ਜੀਵਨ ਦੀ ਸਰਲਤਾ ਤੇ ਸਮਾਜ ਦੇ ਪਛੜੇਪਨ ਨੇ ਵਾਰਤਕ ਦੀ ਉਪਜ ਲਈ ਲੋੜੀਂਦੇ ਹਾਲਾਤ ਪੈਦਾ ਨਹੀਂ ਸਨ ਕੀਤੇ। ਇਹੀ ਕਾਰਨ ਹੈ ਕਿ ਉਸ ਕਾਲ ਵਿਚ ਵਾਰਤਕ ਅੱਵਲ ਤਾਂ ਉਪਜੀ ਨਹੀਂ ਤੇ ਜੇ ਉਪਜੀ ਤਾਂ ਉਹ ਕਵਿਤਾ ਦੀ ਵਿਆਖਿਆ ਦੇ ਉਦੇਸ਼ ਹਿੱਤ ਹੀ ਜਨਮੀ। ਉਸ ਦਾ ਕੋਈ ਸੁਤੰਤਰ ਰੂਪ ਹੋਂਦ ਵਿਚ ਨਾ ਆਇਆ। ਵਾਰਤਕ ਲਿਖਣ ਵਾਲੇ ਲਿਖਾਰੀ ਥੋੜ੍ਹੀਆਂ ਜਿਹੀਆਂ ਸਤਰਾਂ ਲਿਖਣ ਉਪਰੰਤ ਕਵਿਤਾ ਦੀਆਂ ਟੂਕਾਂ ਲਿਖਣ ਲਈ ਮਜਬੂਰ ਹੁੰਦੇ ਸਨ। ਇਸੇ ਕਰਕੇ ਵਾਰਤਕ ਦੀਆਂ ਪਹਿਲੀਆਂ ਲਿਖਤਾਂ ਵਿਚ ਸਾਨੂੰ ਕਵਿਤਾ ਦੀਆਂ ਟੂਕਾਂ ਅਧਿਕ ਮਾਤਰਾ ਵਿਚ ਦਰਜ ਹੋਈਆਂ ਮਿਲਦੀਆਂ ਹਨ।

ਵਾਰਤਕ ਦੀ ਉਪਜ ਦੇ ਮੁੱਢਲੇ ਦੌਰ ਵਿਚ ਸਮਾਜ ਦੇ ਹਰ ਖੇਤਰ ਵਿਚ ਧਰਮ ਦੀ ਪ੍ਰਧਾਨਤਾ ਸੀ। ਧਰਮ ਦੀ ਚੜ੍ਹਤ ਏਨੀ ਸੀ ਕਿ ਵੱਡੇ-ਵੱਡੇ ਰਾਜੇ-ਮਹਾਰਾਜੇ ਵੀ ਧਰਮ ਅੱਗੇ ਸਿਰ ਨਿਵਾਉਂਦੇ ਸਨ। ਇਸ ਧਾਰਮਕ ਵਾਤਾਵਰਣ ਵਿਚ ਹਰ ਸਾਹਿਤ ਰਚਨਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਧਾਰਮਿਕ ਪ੍ਰਭਾਵ ਗ੍ਰਹਿਣ ਕਰਕੇ ਹੋਂਦ ਵਿਚ ਆਉਂਦੀ ਸੀ। ਇਹੀ ਹਾਲ ਪੰਜਾਬੀ ਵਾਰਤਕ ਦਾ ਹੋਇਆ। ਪੰਜਾਬੀ ਦਾ ਮੁੱਢਲਾ ਸਾਹਿਤ ਨਿਰੋਲ ਧਾਰਮਿਕ ਸੀ ਤੇ ਜਦੋਂ ਵਾਰਤਕ ਨੇ ਜਨਮ ਲਿਆ ਤਾਂ ਉਸ ਉੱਤੇ ਵੀ ਧਰਮ ਦੀ ਛਾਪ ਲੱਗੀ ਹੋਈ ਸੀ।

## ਪੰਜਾਬੀ ਵਾਰਤਕ ਦਾ ਵਿਕਾਸ

ਪੰਜਾਬੀ ਵਾਰਤਕ ਦਾ ਮੁੱਢ ਮਨੋਹਰ ਦਾਸ ਮਿਹਰਬਾਨ ਦੁਆਰਾ ਰਚੀ ਗਈ 'ਸੱਚ ਖੰਡ' ਪੋਥੀ ਨਾਲ ਬੱਝਾ। ਇਹ ਪੋਥੀ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ' ਨਾਂ ਅਧੀਨ ਖਾਲਸਾ ਕਾਲਜ, ਅੰਮ੍ਰਿਤਸਰ ਤੋਂ 1962 ਵਿਚ ਪ੍ਰਕਾਸ਼ਿਤ ਹੋਈ ਹੈ। ਇਸ ਜਨਮ ਸਾਖੀ ਦੀ ਹਰ ਸਾਖੀ ਨੂੰ ਲੇਖਕ ਨੇ ਗੋਸ਼ਟ ਆਖਿਆ ਹੈ ਤੇ ਇਨ੍ਹਾਂ ਗੋਸ਼ਟਾਂ ਰਾਹੀਂ ਉਸ ਨੇ ਗੁਰੂ ਨਾਨਕ ਦੇਵ ਦੀ ਲਗਭਗ ਇਕ ਤਿਹਾਈ ਬਾਣੀ ਦੇ ਪਰਮਾਰਥ ਲਿਖੇ ਹਨ। ਹਰ ਗੋਸ਼ਟ ਦੇ ਅੰਤ ਉਤੇ ਲੇਖਕ ਨੇ ਆਪਣਾ ਇਕ ਇਕ ਸਲੋਕ ਵੀ ਦਰਜ ਕੀਤਾ ਹੈ। ਜਨਮ ਸਾਖੀ ਦੇ ਰਚਨ ਸਮੇਂ ਇਸ ਵਿਚ 167 ਗੋਸ਼ਟਾਂ ਸਨ ਪਰ ਕਿਸੀ ਸਮੇਂ 14 ਗੋਸ਼ਟਾਂ ਗੁੰਮ ਹੋ ਗਈਆਂ ਤੇ ਪ੍ਰਕਾਸ਼ਿਤ ਜਨਮ ਸਾਖੀ ਵਿਚ ਕੁਲ 153 ਗੋਸ਼ਟਾਂ ਹਨ।

ਮਿਹਰਬਾਨ ਨੇ ਗੁਰੂ ਨਾਨਕ ਦੇਵ ਦੇ ਜੀਵਨ ਸਮਾਚਾਰ ਉਨ੍ਹਾਂ ਦੀ ਬਾਣੀ ਦੇ ਪ੍ਰਸੰਗ ਵਿਚ ਕੀਤੇ ਹਨ ਅਤੇ ਗੁਰੂ ਜੀ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਨੂੰ ਸ਼ਬਦ ਉਚਾਰੇ ਜਾਣ ਦੀ ਪਿਛੋਕੜ ਬੰਨ੍ਹਣ ਲਈ ਵਰਤਿਆ ਹੈ। ਲੇਖਕ ਦਾ ਮੁਖ ਮਨੋਰਥ ਬਾਣੀ ਦੇ ਪਰਮਾਰਥ ਲਿਖਣਾ ਹੈ ਪਰ ਗੌਣ ਰੂਪ ਵਿਚ ਇਸ ਰੂਪ ਵਿਚ ਗੁਰੂ ਸਾਹਿਬ ਦੀ ਜੀਵਨੀ ਦੇ ਤੱਥ ਵੀ ਹਨ। ਲੇਖਕ ਨੇ ਗੁਰੂ ਨਾਨਕ ਦੇਵ ਦੇ ਜਨਮ, ਤਲਵੰਡੀ ਨਿਵਾਸ, ਸੁਲਤਾਨਪੁਰ ਚਾਕਰੀ ਅਤੇ ਉਨ੍ਹਾਂ ਦੀਆਂ ਉਦਾਸੀਆਂ ਨਾਲ ਸੰਬੰਧਤ ਘਟਨਾਵਾਂ ਲਿਖਣ ਉਪਰੰਤ ਉਨ੍ਹਾਂ ਦੇ ਕਰਤਾਰਪੁਰ ਨਿਵਾਸ ਨਾਲ ਆਪਣਾ ਬਿਰਤਾਂਤ ਖਤਮ ਕਰ ਦਿੱਤਾ ਹੈ।

ਮਿਹਰਬਾਨ ਨੇ ਗੁਰੂ ਸਾਹਿਬ ਦੀਆਂ ਕੇਵਲ ਦੋ ਯਾਤਰਾਵਾਂ-ਪੂਰਵ ਦੱਖਣ ਅਤੇ ਉੱਤਰ-ਪੱਛਮ ਦਾ ਉਲੇਖ ਕੀਤਾ ਹੈ।

ਇਸ ਜਨਮ ਸਾਖੀ ਦੇ ਕਰਤਾ ਦੀ ਸ਼ੈਲੀ ਵਾਰਤਾਲਾਪੀ, ਵਿਸਥਾਰਪੂਰਨ ਅਤੇ ਨਾਟਕੀ ਹੈ। ਇਸ ਵਿਚ ਆਦਰਸ਼ਵਾਦ, ਕਲਪਨਾ ਅਤੇ ਉਪਦੇਸ਼ ਦਾ ਸੁਮੇਲ ਹੈ। ਭਾਸ਼ਾ ਦੇ ਪੱਖੋਂ ਇਹ ਬੜੀ ਵਚਿੱਤਰ ਰਚਨਾ ਹੈ। ਇਸ ਦੀਆਂ ਕੁਝ ਗੋਸ਼ਟਾਂ ਠੇਠ ਪੰਜਾਬੀ ਵਿਚ ਹਨ, ਨਾਥ ਜੋਗੀਆਂ ਅਤੇ ਪੰਡਿਤਾਂ ਨਾਲ ਹੋਈਆਂ ਗੋਸ਼ਟਾਂ ਦੀ ਭਾਸ਼ਾ ਖੜ੍ਹੀ ਬੋਲੀ ਜਾਂ ਸਾਧ ਭਾਸ਼ਾ ਹੈ ਪਰ ਮੁਸਲਮਾਨ ਫ਼ਕੀਰਾਂ ਨਾਲ ਹੋਈਆਂ ਗੋਸ਼ਟਾਂ ਦੀ ਭਾਸ਼ਾ ਲਹਿੰਦੀ ਪੰਜਾਬੀ ਹੈ। ਇਹ ਭਾਸ਼ਾ ਆਦਿ ਗਰੰਥ ਦੀ ਭਾਸ਼ਾ ਜਿੰਨੀ ਸੰਜੋਗਾਤਮਕ ਨਹੀਂ ਪਰ ਆਧੁਨਿਕ ਪੰਜਾਬੀ ਨਾਲੋਂ ਵਧੇਰੇ ਸੰਜੋਗਾਤਮਕ ਹੈ। ਸ਼ਬਦ ਜੋੜਾਂ ਦੇ ਪੱਖੋਂ ਇਹ ਆਦਿ ਗਰੰਥ ਦੀ ਭਾਸ਼ਾ ਨਾਲ ਸਮਾਨਤਾ ਰਖਦੀ ਹੈ ਤੇ ਅੱਜ ਦੀ ਭਾਸ਼ਾ ਤੋਂ ਕਾਫ਼ੀ ਭਿੰਨ ਹੈ। ਇਹ ਜਨਮ ਸਾਖੀ ਸਤਾਰ੍ਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਰਚੀ ਗਈ।

ਪੰਜਾਬੀ ਵਾਰਤਕ ਦੇ ਇਸ ਮੁੱਢਲੇ ਪੜਾਅ ਵਿਚ ਦੋ ਹੋਰ ਜਨਮ ਸਾਖੀਆਂ ਹੋਂਦ ਵਿਚ ਆਈਆਂ। ਉਨ੍ਹਾਂ ਵਿਚੋਂ ਇਕ 'ਆਦਿ ਸਾਖੀਆਂ' ਦੇ ਨਾਂ ਨਾਲ ਪ੍ਰਸਿੱਧ ਹੈ ਜਿਸ ਦੀ ਇਕ ਹੱਥ ਲਿਖਤ ਸ਼ੰਭੂ ਨਾਥ ਦੁਆਰਾ ਲਿਖੇ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ। ਇਸ ਜਨਮ ਸਾਖੀ ਦੇ ਕਰਤਾ ਨੇ ਇਸ ਵਿਚ ਸਾਖੀਆਂ ਦੀ ਗਿਣਤੀ 30 ਦਿੱਤੀ ਹੈ ਪਰ ਕਈ ਅੰਕਾਂ ਅਧੀਨ ਇਕ ਤੋਂ ਵੱਧ ਸਾਖੀਆਂ ਦਰਜ ਹਨ। ਇਸ ਤਰ੍ਹਾਂ ਇਸ ਵਿਚ ਸਾਖੀਆਂ ਦੀ ਗਿਣਤੀ 50 ਬਣ ਜਾਂਦੀ ਹੈ। ਇਸ ਵਿਚ ਮਿਲਦੇ ਪ੍ਰਸੰਗ ਮਿਹਰਬਾਨ ਵਾਲੀ ਜਨਮ ਸਾਖੀ ਤੋਂ ਵਧੇਰੇ ਵਿਕਸਿਤ ਹਨ ਪਰ ਪੁਰਾਤਨ ਨਾਲੋਂ ਘੱਟ ਵਿਕਸਿਤ ਹਨ। ਇਸ ਵਿਚ ਕਈ ਅਜਿਹੇ ਪ੍ਰਸੰਗ ਵੀ ਆ ਗਏ ਹਨ ਜਿਹੜੇ ਮਿਹਰਬਾਨ ਵਾਲੀ ਜਨਮ ਸਾਖੀ ਵਿਚ ਨਹੀਂ ਸਨ। ਇਸ ਜਨਮ ਸਾਖੀ ਦੀ ਭਾਸ਼ਾ ਪੁਰਾਤਨ ਪੰਜਾਬੀ ਹੈ ਜਿਸ ਉੱਤੇ ਲਹਿੰਦੀ ਅਤੇ ਸਾਧ ਭਾਸ਼ਾ ਦਾ ਕਾਫੀ ਪ੍ਰਭਾਵ ਹੈ। ਇਸ ਦੇ ਸ਼ਬਦ ਜੋੜ ਅਤੇ ਸ਼ਬਦਾਂ ਦੇ ਰੂਪ ਕਾਫ਼ੀ ਹੱਦ ਤੱਕ ਤਾਂ ਮਿਹਰਬਾਨ ਵਾਲੀ ਜਨਮ ਸਾਖੀ ਨਾਲ ਮੇਲ ਖਾਂਦੇ ਹਨ ਪਰ ਕੁਝ ਹੱਦ ਤਕ ਉਸ ਤੋਂ ਕੁੱਝ ਸਮਾਂ ਬਾਅਦ ਦੀ ਭਾਸ਼ਾ ਦੇ ਰੂਪਾਂ ਤੇ ਜੋੜਾਂ ਨਾਲ ਮਿਲਦੇ ਹਨ। ਇਸ ਰਚਨਾ ਦੀ ਸ਼ੈਲੀ ਪੁਰਾਤਨ ਜਨਮ ਸਾਖੀ ਦੀ ਸ਼ੈਲੀ ਵਾਂਗ ਸੰਜਮ ਭਰਪੂਰ, ਨਾਟਕੀ ਅਤੇ ਕਾਵਿਕ ਹੈ। ਇਸ ਦਾ ਰਚਨ ਕਾਲ 1620-1655 ਈ. ਦਾ ਵਿਚਕਾਰਲਾ ਸਮਾਂ ਹੈ।

## ਪੁਰਾਤਨ ਜਨਮ ਸਾਖੀ

ਉਹ ਜਨਮਸਾਖੀ ਹੈ ਜਿਸ ਨੂੰ ਭਾਈ ਵੀਰ ਸਿੰਘ ਨੇ ਇੰਡੀਆ ਆਫ਼ਿਸ ਲਾਇਬਰੇਰੀ ਹੱਥ ਲਿਖਤ, ਹਾਫ਼ਿਜ਼ਬਾਦੀ ਹੱਥ ਲਿਖਤ ਅਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਪ੍ਰਾਪਤ ਨੁਸਖੇ ਦੇ ਆਧਾਰ 'ਤੇ ਸੰਪਾਦਿਤ ਕੀਤਾ। ਇਸ ਜਨਮ ਸਾਖੀ ਵਿਚ ਸਾਖੀਆਂ ਦੀ ਕੁਲ ਗਿਣਤੀ 57 ਹੈ ਅਤੇ ਇਸ ਵਿਚ ਗੁਰੂ ਸਾਹਿਬ ਦੀਆਂ ਪੰਜ ਉਦਾਸੀਆਂ ਦਾ ਵਰਣਨ ਹੈ। ਇਹ ਜਨਮ ਸਾਖੀ 1635 ਤੋਂ 1655 ਈ. ਵਿਚਕਾਰ ਹੋਂਦ ਵਿਚ ਆਈ। ਇਸ ਦੀ ਭਾਸ਼ਾ ਲਹਿੰਦੀ ਪ੍ਰਧਾਨ ਪੰਜਾਬੀ ਹੈ ਜਿਸ ਉੱਤੇ ਸਾਧ ਭਾਸ਼ਾ ਦਾ ਵੀ ਚੋਖਾ ਪ੍ਰਭਾਵ ਦਿਖਾਈ ਦਿੰਦਾ ਹੈ। ਇਸ ਦੀ ਭਾਸ਼ਾ ਮਿਹਰਬਾਨ ਰਚਿਤ ਜਨਮਸਾਖੀ ਵਾਂਗ ਸੰਜੋਗਾਤਮਕ ਹੁੰਦੀ ਹੋਈ ਵੀ ਉਸ ਤੋਂ ਕੁੱਝ ਹੱਦ ਤੱਕ ਵਧੇਰੇ ਵਿਜੋਗਾਤਮਕ ਹੈ। ਇਸ ਜਨਮ ਸਾਖੀ ਦੀ ਸ਼ੈਲੀ ਰੁਮਾਂਚਿਕ, ਕਾਵਿਕ ਅਤੇ ਨਾਟਕੀ ਹੈ। ਇਸ ਦਾ ਇਕ ਹੋਰ ਵਿਸ਼ੇਸ਼ ਗੁਣ ਇਸ ਦਾ ਸੰਜਮ ਭਰਪੂਰ ਤੇ ਸੰਕੋਚਵਾਂ ਬਿਆਨ ਹੈ। ਬਾਣੀ ਦੀਆਂ ਟੂਕਾਂ ਤੇ ਕਿਤੇ-ਕਿਤੇ ਮਿਲਦੀ ਵਿਆਖਿਆ ਅਤੇ ਸ਼ਰਧਾ ਭਰਪੂਰ ਬਿਆਨ ਕਰਕੇ ਇਹ ਧਾਰਮਿਕ ਭਾਵਨਾ ਅਧੀਨ ਕੀਤੀ ਅਜਿਹੀ ਰਚਨਾ ਹੈ ਜਿਸ ਦਾ ਉਦੇਸ਼ ਗੁਰੂ ਨਾਨਕ ਦੇਵ ਦੀ ਕਰਾਮਾਤੀ ਸ਼ਖ਼ਸੀਅਤ ਨੂੰ ਪਾਠਕਾਂ ਸਾਮ੍ਹਣੇ ਪੇਸ਼ ਕਰਨਾ ਹੈ।

ਉਪਰੋਕਤ ਤਿੰਨਾਂ ਜਨਮ ਸਾਖੀਆਂ ਦੇ ਲੇਖਕਾਂ ਨੇ ਇਹ ਰਚਨਾਵਾਂ ਪਹਿਲੋਂ ਮਿੱਥੇ ਹੋਏ ਟੀਚੇ ਅਨੁਸਾਰ ਕੀਤੀਆਂ ਹਨ ਤੇ ਆਪਣੀ ਧਾਰਮਿਕ ਤੇ ਸ਼ਰਧਾਲੂ ਬਿਰਤੀ ਕਾਰਨ ਮਿਥਿਹਾਸਕ ਘਟਨਾਵਾਂ ਨੂੰ ਗੁਰੂ ਸਾਹਿਬ ਦੇ ਜੀਵਨ ਨਾਲ ਜੋੜ ਕੇ ਇਤਿਹਾਸਕ ਜੀਵਨੀ ਲਿਖਣ ਦੀ ਥਾਂ ਪਰੰਪਰਾਗਤ ਉਪਖਿਆਲੀ ਪ੍ਰਕਾਰ ਦੀ ਜੀਵਨੀ ਲਿਖੀ ਹੈ। ਇਸ ਪ੍ਰਕਾਰ ਦੀ ਜੀਵਨੀ ਵਿਚ ਮੁੱਖ ਪਾਤਰ ਤਾਂ ਇਤਿਹਾਸਕ ਵਿਅਕਤੀ ਹੁੰਦਾ ਹੈ ਪਰ ਉਸ ਦੇ ਜੀਵਨ ਨਾਲ ਅਜਿਹੀਆਂ ਕਰਾਮਾਤੀ ਤੇ ਪ੍ਰਾਸਰੀਰਕ ਘਟਨਾਵਾਂ ਜੋੜ ਦਿੱਤੀਆਂ ਜਾਂਦੀਆਂ ਹਨ ਕਿ ਉਸਦੀ ਸ਼ਖ਼ਸੀਅਤ ਦਾ ਇਤਿਹਾਸਕ ਰੂਪ ਪ੍ਰਗਟ ਹੋਣ ਦੀ ਥਾਂ ਉਹ ਇਕ ਉਪਖ਼ਿਆਲੀ ਨਾਇਕ (Legendary Hero) ਭਾਸਣ ਲੱਗ ਜਾਂਦਾ ਹੈ।

ਜਨਮ ਸਾਖੀਆਂ ਦੀ ਲੜੀ ਵਿਚ ਬਾਲੇ ਵਾਲੀ ਜਨਮ ਸਾਖੀ ਦਾ ਜ਼ਿਕਰ ਕਰਨਾ ਵੀ ਉਚਿਤ ਜਾਪਦਾ ਹੈ। ਇਸ ਦੇ ਕਰਤਾ ਦਾ ਦਾਅਵਾ ਹੈ ਕਿ ਇਹ ਜਨਮ ਸਾਖੀ ਉਸ ਨੇ ਗੁਰੂ ਨਾਨਕ ਦੇਵ ਦੇ ਨਿਕਟਵਰਤੀ ਭਾਈ ਬਾਲੇ ਦੀ ਜ਼ੁਬਾਨੀ ਸੁਣ ਕੇ ਗੁਰੂ ਅੰਗਦ ਦੇਵ ਦੀ ਹਜ਼ੂਰੀ ਵਿਚ ਲਿਖੀ ਪਰ ਇਸ ਦੀ ਅੰਦਰਲੀ ਗਵਾਹੀ ਦੇ ਆਧਾਰ 'ਤੇ ਇਹ ਮਿਹਰਬਾਨ ਰਚਿਤ ਜਨਮ ਸਾਖੀਆਂ ਅਤੇ ਪੁਰਾਤਨ ਜਨਮ ਸਾਖੀ ਤੋਂ ਬਾਅਦ ਦੀ ਰਚਨਾ-ਸਾਬਤ ਹੁੰਦੀ ਹੈ। ਇਸ ਜਨਮ ਸਾਖੀ ਦਾ ਆਕਾਰ ਸ਼ੁਰੂ ਵਿਚ 76 ਸਾਖੀਆਂ ਦਾ ਸੀ ਪਰ ਸਮਾਂ ਬੀਤਣ ਨਾਲ ਇਸ ਵਿਚ ਬਹੁਤ ਭਾਰੀ ਵਾਧਾ ਹੋਇਆ ਹੈ। ਇਸ ਜਨਮ ਸਾਖੀ ਵਿਚ ਵੀ ਵਾਰਤਕ ਅਤੇ ਕਵਿਤਾ ਦੀ ਮਿੱਸ ਹੈ। ਭਾਸ਼ਾ ਪਹਿਲੀਆਂ ਜਨਮ ਸਾਖੀਆਂ ਨਾਲੋਂ ਵਧੇਰੇ ਵਿਯੋਗਾਤਮਕ ਹੈ। ਇਸ ਦੀ ਸ਼ੈਲੀ ਬਿਰਤਾਂਤਕ ਤੇ ਨਾਟਕੀ ਹੈ ਪਰ ਇਸ ਵਿਚ ਇਕਸਾਰਤਾ ਨਹੀਂ। ਇਸ ਵਿਚ ਪੌਰਾਣਕ ਤੇ ਕਾਵਿਕ ਅੰਸ਼ ਦੀ ਪ੍ਰਧਾਨਤਾ ਹੈ। ਇਸ ਵਿਚ ਸੱਚ ਖੰਡ ਪੋਥੀ ਵਰਗਾ ਬੌਧਿਕ ਅੰਸ਼ ਅਤੇ ਪੁਰਾਤਨ ਜਨਮ ਸਾਖੀ ਵਰਗਾ ਸੰਜਮ ਨਹੀਂ ਹੈ। ਇਸ ਦਾ ਰਚਨ ਕਾਲ ਸਤਾਰ੍ਹਵੀਂ ਸਦੀ ਦਾ ਅੰਤਲਾ ਭਾਗ ਹੈ।

ਇਸ ਲੜੀ ਦੀ ਅੰਤਿਮ ਰਚਨਾ 'ਗਿਆਨ ਰਤਨਾਵਲੀ' ਹੈ ਜਿਸ ਨੂੰ ਲੱਗਭਗ ਢਾਈ ਸੌ ਸਾਲ ਤੱਕ ਤਾਂ ਮਨੀ ਸਿੰਘ ਦੇ ਨਾਂ ਨਾਲ ਜੋੜਿਆ ਜਾਂਦਾ ਰਿਹਾ ਹੈ ਪਰ ਆਧੁਨਿਕ ਖੋਜ ਨੇ ਸਾਬਿਤ ਕਰ ਦਿੱਤਾ ਹੈ ਕਿ ਇਸ ਰਚਨਾ ਦਾ ਕਰਤਾ ਸੂਰਤ ਸਿੰਘ ਬਾਠ ਸੀ ਤੇ ਇਹ ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਰਚੀ ਗਈ। ਇਸ ਜਨਮ ਸਾਖੀ ਦੀ ਸ਼ੈਲੀ ਇਕਸਾਰ ਨਹੀਂ। ਇਹ ਬਿਰਤਾਂਤਕ ਵੀ ਹੈ ਤੇ ਵਿਆਖਿਆਮਈ ਵੀ, ਸਾਧਾਰਨ ਵੀ ਹੈ ਤੇ ਬੌਧਿਕ ਵੀ। ਇਸ ਦੀ ਭਾਸ਼ਾ ਕਿਤੇ ਪੰਜਾਬੀ ਤੇ ਕਿਤੇ ਸਧੁਕੜੀ ਹੈ। ਇਸ ਵਿਚ ਗੁਰੂ ਨਾਨਕ ਦੇਵ ਦੀਆਂ ਕੁੱਝ ਬਾਣੀਆਂ ਦੇ ਟੀਕੇ ਵੀ ਦਰਜ ਹਨ।

ਗੁਰੂ ਨਾਨਕ ਕਾਲ ਦੀ ਵਾਰਤਕ ਵਿਚ 'ਪ੍ਰਾਣ ਸੰਗਲੀ' ਗ੍ਰੰਥ ਵਿਚ ਮਿਲਦੀ ਵਾਰਤਕ ਬੜੀ ਮਹਾਨਤਾ ਰਖਦੀ ਹੈ। ਇਸ ਗ੍ਰੰਥ ਦਾ ਅਧਿਕਤਮ ਭਾਗ ਤਾਂ ਕਵਿਤਾ ਦਾ ਹੈ ਪਰ ਵਿੱਚ-ਵਿੱਚ ਗੁਰੂ ਨਾਨਕ ਦੇਵ ਦੇ

ਜੀਵਨ ਨਾਲ ਸੰਬੰਧਤ ਘਟਨਾਵਾਂ ਨੂੰ ਵਾਰਤਕ ਵਿਚ ਵੀ ਅੰਕਿਤ ਕੀਤਾ ਗਿਆ ਹੈ। ਇਸ ਰਚਨਾ ਦੀ ਵਾਰਤਕ ਦੀ ਭਾਸ਼ਾ ਪੁਰਾਤਨ ਜਨਮ ਸਾਖੀ ਨਾਲ ਮੇਲ ਖਾਂਦੀ ਹੈ ਤੇ ਇਸ ਦਾ ਰਚਨ ਕਾਲ ਆਦਿ ਗ੍ਰੰਥ ਦਾ ਸੰਪਾਦਨ ਕਾਲ ਹੀ ਹੈ ਕਿਉਂਕਿ ਇਸ ਦੇ ਸਿੰਘਲਾਦੀਪ ਤੋਂ ਲਿਆਂਦੇ ਜਾਣ ਦਾ ਪ੍ਰਸੰਗ ਗੁਰੂ ਅਰਜਨ ਦੇਵ ਦੇ ਜੀਵਨ ਕਾਲ ਨਾਲ ਜੋੜਿਆ ਹੋਇਆ ਹੈ।

ਪਰਚੀਆਂ ਸੇਵਾ ਦਾਸ (1708 ਈ.) ਵਿਚ ਵਧੇਰੇ ਸਾਖੀਆਂ ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸੰਬੰਧਤ ਹਨ। ਪਰ 'ਭਗਤ ਰਤਨਾਵਲੀ' ਜਿਹੜੀ ਗਿਆਨ ਰਤਨਾਵਲੀ ਦੇ ਕਰਤਾ ਦੀ ਹੀ ਰਚਨਾ ਹੈ ਤੇ ਜਿਸ ਵਿਚ ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਦਾ ਟੀਕਾ ਮਿਲਦਾ ਹੈ, ਪਹਿਲੇ ਛੇ ਗੁਰੂ ਸਾਹਿਬਾਨ ਦੇ ਸਿੱਖਾਂ ਦੇ ਜੀਵਨ ਦੇ ਅਧਿਆਤਮਕ ਪੱਖ ਨੂੰ ਵੀ ਉਘਾੜਦੀ ਹੈ।

ਉਂਜ ਤਾਂ ਜਨਮ ਸਾਖੀਆਂ ਵਿਚ ਵੀ ਗੋਸ਼ਟਾਂ ਦਰਜ ਹਨ ਪਰ ਬਹੁਤ ਸਾਰੀਆਂ ਗੋਸ਼ਟਾਂ ਜਿਨ੍ਹਾਂ ਵਿਚ ਅਧਿਆਤਮਕ ਵਿਚਾਰਾਂ ਦੀ ਵਿਆਖਿਆ ਕੀਤੀ ਮਿਲਦੀ ਹੈ, ਲਿਖਤੀ ਰੂਪ ਵਿਚ ਪ੍ਰਾਪਤ ਹਨ। ਇਨ੍ਹਾਂ ਵਿਚੋਂ 'ਦਾਰਾ ਸ਼ਕੋਹ ਤੇ ਬਾਬਾ ਲਾਲਾ ਦੀ ਗੋਸ਼ਟ', 'ਗੋਸ਼ਟ ਗੋਰਖ ਭਰਥਰੀ', 'ਮੱਕੇ ਦੀ ਗੋਸ਼ਟ''ਅਜਿਤੇ ਰੰਧਾਵੇ ਦੀ ਗੋਸ਼ਟ', 'ਰਾਜੇ ਜਨਕ ਨਾਲ ਗੋਸ਼ਟ','ਕਲਜੁਗ ਨਾਲ ਗੋਸ਼ਟ', 'ਗੋਸ਼ਟ ਸ੍ਰੀ ਕ੍ਰਿਸ਼ਨ ਅਰ ਊਧੇ ' ਆਦਿ ਪ੍ਰਸਿੱਧ ਹਨ। ਇਨ੍ਹਾਂ ਸਾਰੀਆਂ ਗੋਸ਼ਟਾਂ ਦੀ ਸ਼ੈਲੀ ਪ੍ਰਸ਼ਨੋਤਰੀ ਹੈ।

**ਟੀਕੇ ਤੇ ਪਰਮਾਰਥ :–** ਪੁਰਾਤਨ ਵਾਰਤਕ ਦੀ ਇਕ ਹੋਰ ਵੰਨਗੀ ਹੈ ਪਰ ਇਹ ਜਨਮ ਸਾਖੀਆਂ ਵਿਚ ਮਿਲਦੀ ਸਮੱਗਰੀ ਦਾ ਭਾਗ ਵੀ ਹਨ ਤੇ ਸੁਤੰਤਰ ਰੂਪ ਵਿਚ ਵੀ ਪ੍ਰਾਪਤ ਹਨ। 'ਜਪੁ ਪਰਮਾਰਥ','ਸਿਧ ਗੋਸ਼ਟਿ ਦਾ ਟੀਕਾ''ਸੁਖਮਨੀ ਸਹੰਸਰ ਨਾਮਾ','ਟੀਕਾ ਦੱਖਣੀ ਉਅੰਕਾਰ','ਟੀਕਾ ਪਟੀ','ਟੀਕਾ ਬਾਰਹ ਮਾਹ ਤੁਖਾਰੀ','ਟੀਕਾ ਆਸਾ ਦੀ ਵਾਰ','ਪਰਮਾਰਥ ਸ੍ਰੀ ਭਗਵਦ ਗੀਤਾ', ਆਦਿ ਦੇ ਨਾਂ ਵਰਣਨ ਯੋਗ ਹਨ। ਇਨ੍ਹਾਂ ਵਿਚੋਂ ਅਨੰਦਘਣ ਰਚਿਤ ਟੀਕਾ ਜਪੁਜੀ ਤੇ ਟੀਕਾ ਆਸਾ ਦੀ ਵਾਰ ਬਹੁਤ ਪ੍ਰਸਿੱਧ ਹਨ।

ਗੁਰੂ ਗੋਬਿੰਦ ਸਿੰਘ ਦੇ ਜੀਵਨ ਕਾਲ ਉਪਰੰਤ ਜਿਹੜੀ ਵਾਰਤਕ ਰਚਨਾ ਹੋਈ ਉਸ ਵਿਚ 'ਪ੍ਰੇਮ ਸੁਮਾਰਗ ਗਰੰਥ' ਤੇ 'ਸੌ ਸਾਖੀ' ਵਿਸ਼ੇਸ਼ ਤੌਰ 'ਤੇ ਚਰਚਾ ਦੀ ਮੰਗ ਕਰਦੇ ਹਨ। ਇਨ੍ਹਾਂ ਰਚਨਾਵਾਂ ਨੂੰ ਕਾਫ਼ੀ ਸਮੇ ਤੱਕ ਗੁਰੂ ਗੋਬਿੰਦ ਸਿੰਘ ਰਚਿਤ ਸਮਝਿਆ ਜਾਂਦਾ ਰਿਹਾ ਹੈ। 'ਪ੍ਰੇਮ ਸੁਮਾਰਗ' ਵਿਚ ਆਦਰਸ਼ਕ ਸਿੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਦੇ ਜੀਵਨ ਦੇ ਕਾਰ ਵਿਹਾਰ ਦੇ ਸੰਸਕਾਰਾਂ ਦਾ ਜ਼ਿਕਰ ਹੈ। ਇਸ ਵਿਚ ਖਾਲਸਾ ਰਾਜ ਵਿਧਾਨ ਤੇ ਸਹਜ ਜੋਗ ਮਾਰਗ ਬਾਰੇ ਵੀ ਚਰਚਾ ਕੀਤੀ ਗਈ ਹੈ। ਇਸ ਦੀ ਭਾਸ਼ਾ ਠੇਠ ਪੰਜਾਬੀ ਹੈ, ਵਾਕ ਛੋਟੇ-ਛੋਟੇ ਤੇ ਭਾਵਪੂਰਤ ਹਨ। ਇਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਰਚਨਾ ਪ੍ਰਤੀਤ ਹੁੰਦੀ ਹੈ। 'ਸੌ ਸਾਖੀ' ਦੀ ਵਾਰਤਕ ਸਾਧਾਰਨ ਪੱਧਰ ਦੀ ਬਿਰਤਾਂਤਕ ਹੈ। ਇਸ ਵਿਚਲੇ ਪ੍ਰਸੰਗਾਂ ਤੋਂ ਇਹ ਰਣਜੀਤ ਸਿੰਘ ਕਾਲ ਦੇ ਅੰਤਲੇ ਪੱਖ ਦੀ ਸਿੱਧ ਹੁੰਦੀ ਹੈ।

ਦੇਸੀ ਤੇ ਬਦੇਸ਼ੀ ਬੋਲੀਆਂ ਵਿਚੋਂ ਅਨੁਵਾਦ ਕਰਨ ਦਾ ਕੰਮ ਉਂਜ ਤਾਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਆਰੰਭ ਹੋ ਗਿਆ ਸੀ ਪਰ ਗੁਰੂ ਸਾਹਿਬ ਵੇਲੇ ਵਧੇਰੇ ਅਨੁਵਾਦ ਬ੍ਰਜ ਭਾਸ਼ਾ ਵਿਚ ਹੋਏ। ਬਾਅਦ ਦੇ ਸਮੇਂ ਵਿਚ ਸੇਵਾ ਪੰਥੀ, ਉਦਾਸੀ ਤੇ ਨਿਰਮਲੇ ਸੰਤਾਂ ਨੇ ਸੰਸਕ੍ਰਿਤ ਅਤੇ ਫ਼ਾਰਸੀ ਵਿਚੋਂ ਪ੍ਰਸਿੱਧ ਰਚਨਾਵਾਂ ਦੇ ਅਨੁਵਾਦ ਕੀਤੇ। ਫ਼ਾਰਸੀ ਵਿਚੋਂ 'ਕੀਮੀਆ-ਏ-ਸਆਦਤ' ਦਾ ਅਨੁਵਾਦ 'ਪਾਰਸ ਭਾਗ' ਨਾਂ ਅਧੀਨ ਅੱਡਣ ਸ਼ਾਹ ਨੇ ਕੀਤਾ। ਇਸ ਅਨੁਵਾਦ ਦੀ ਸ਼ੈਲੀ ਇਤਿਹਾਸਿਕ ਪੱਧਰ ਦੀ ਹੈ ਤੇ ਇਸ ਵਿੱਚ ਡੂੰਘੇ ਦਾਰਸ਼ਨਿਕ ਵਿਚਾਰਾਂ ਨੂੰ ਸਥੂਲ ਚਿੰਨ੍ਹਾਂ ਰਾਹੀਂ ਸਮਝਾਇਆ ਗਿਆ ਹੈ। ਫ਼ਾਰਸੀ ਵਿਚੋਂ ਮੌਲਾਨਾ ਰੂਮੀ ਦੀ ਮਸਨਵੀ ਅਤੇ ਸੁਖਨਾਂ ਦੇ ਅਨੁਵਾਦ ਵੀ ਹੋਏ ਪਰ ਉਨ੍ਹਾਂ ਦੀ ਭਾਸ਼ਾ ਤੇ ਲਹਿਜਾ ਪ੍ਰਚਲਿਤ ਪੰਜਾਬੀ ਦਾ ਨਾ ਹੋਣ ਕਰਕੇ ਉਹ ਵਧੇਰੇ ਲੋਕ-ਪ੍ਰਿਯ ਨਹੀਂ ਹੋ ਸਕੇ।

ਸੰਸਕ੍ਰਿਤ ਵਿਚੋਂ ਜਿਹੜੇ ਅਨੁਵਾਦ ਹੋਏ ਉਨ੍ਹਾਂ ਵਿਚੋਂ 'ਯੋਗ ਵਿਸ਼ਿਸ਼ਟ','ਮਾਰਕੰਡੇ ਪੁਰਾਣ','ਭਗਵਤ ਮਹਾਂ ਪੁਰਾਣ','ਵਿਸ਼ਨੂੰ ਪੁਰਾਣ' ਦੇ ਅਨੁਵਾਦ ਵਰਣਨ ਯੋਗ ਹਨ। ਫੁਟਕਲ ਰਚਨਾਵਾਂ ਵਿੱਚ ਪੱਕੀ ਰੋਟੀ,

ਹੁਕਮਨਾਮੇ ਤੇ ਚਿੱਠੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਨ੍ਹਾਂ ਨੇ ਪੰਜਾਬੀ ਵਾਰਤਕ ਦੀ ਸ਼ਬਦਾਵਲੀ ਤੇ ਸ਼ੈਲੀ ਨੂੰ ਵਿਕਾਸ ਕਰਨ ਵਿੱਚ ਸਹਿਯੋਗ ਦਿੱਤਾ।

1800 ਈ. ਤੱਕ ਦੇ ਕਾਲ ਵਿੱਚ ਜਨਮਸਾਖੀਆਂ, ਗੋਸ਼ਟਾਂ, ਟੀਕੇ, ਪਰਮਾਰਥ, ਹੁਕਮਨਾਮੇ, ਚਿੱਠੀਆਂ, ਪਰਚੀਆਂ ਅਤੇ ਅਨੁਵਾਦਿਤ ਗ੍ਰੰਥ ਨੇ ਪੰਜਾਬੀ ਵਿੱਚ ਬਹੁ-ਭਾਸ਼ਾਈ ਤੇ ਬਹੁ-ਰੰਗੀ ਸ਼ਬਦਾਵਲੀ ਲੈ ਆਂਦੀ ਜਿਸ ਸਦਕਾ ਪੰਜਾਬੀ ਵਾਰਤਕ ਅਧਿਆਤਮਕ ਅਤੇ ਸਮਾਜਕ ਵਿਸ਼ਿਆਂ ਨੂੰ ਪੂਰੀ ਯੋਗਤਾ ਨਾਲ ਪ੍ਰਗਟ ਕਰਨ ਦੇ ਸਮਰੱਥ ਹੋ ਗਈ।

ਰਣਜੀਤ ਸਿੰਘ ਕਾਲ ਵਿੱਚ ਪੰਜਾਬੀ ਵਾਰਤਕ ਖੇਤਰ ਵਿੱਚ ਕੋਈ ਖ਼ਾਸ ਵਰਣਨਯੋਗ ਉੱਨਤੀ ਨਹੀਂ ਹੋਈ। ਇਸ ਸਮੇਂ ਫ਼ਾਰਸੀ ਤੇ ਸੰਸਕ੍ਰਿਤ ਵਿਚੋਂ ਅਨੁਵਾਦ ਕਰਨ ਦੀ ਰੁਚੀ ਜਾਰੀ ਰਹੀ। ਸੰਸਕ੍ਰਿਤ ਵਿਚੋਂ 'ਮਹਾਂ ਭਾਰਤ' ਤੇ 'ਗੀਤ ਗੋਵਿੰਦ' (ਰਚਿਤ ਜੈਦੇਵ) ਦੇ ਅਤੇ ਫ਼ਾਰਸੀ ਵਿਚੋਂ 'ਅਕਬਰ ਨਾਮਾ','ਆਈਨੇ ਅਕਬਰੀ','ਅਸਪਨਾਮਾ','ਫੀਲਨਾਮਾ', ਅਤੇ 'ਬਾਜ਼ਨਾਮਾ' ਆਦਿ ਦੇ ਅਨੁਵਾਦ ਹੋਏ। ਇਸੇ ਕਾਲ ਵਿੱਚ ਅੰਗ੍ਰੇਜ਼ੀ ਵਿਚੋਂ ਅਨੁਵਾਦ ਕਰਨ ਦਾ ਕਾਰਜ ਵੀ ਆਰੰਭ ਹੋਇਆ। 1815 ਈ. ਵਿਚ ਲੁਧਿਆਣਾ ਈਸਾਈ ਮਿਸ਼ਨ ਵੱਲੋਂ 'ਬਾਈਬਲ' ਦਾ ਉਪਭਾਸ਼ਾ ਵਿਚ ਅਨੁਵਾਦ ਪ੍ਰਕਾਸ਼ਿਤ ਕੀਤਾ ਗਿਆ।

1849 ਈ. ਵਿਚ ਪੰਜਾਬ ਉੱਤੇ ਅੰਗਰੇਜ਼ੀ ਰਾਜ ਸਥਾਪਿਤ ਹੋ ਜਾਣ ਨਾਲ 1850–1900 ਈ. ਤੱਕ ਦਾ ਕਾਲ ਪੰਜਾਬੀ ਸਾਹਿਤ ਦੀ ਸੰਝ ਦਾ ਸਮਾਂ ਹੈ, ਜਦੋਂ ਨਾ ਤਾਂ ਕਾਵਿ-ਖੇਤਰ ਵਿੱਚ ਤੇ ਨਾ ਹੀ ਵਾਰਤਕ-ਖੇਤਰ ਵਿਚ ਕੋਈ ਉਲੇਖਨੀ ਪ੍ਰਗਤੀ ਹੋਈ। ਪਰ ਜਿਵੇਂ ਰਾਤ ਬਾਅਦ ਦਿਨ ਅਤੇ ਪੱਤਝੜ ਤੋਂ ਬਾਅਦ ਬਸੰਤ ਦੀ ਰੁੱਤ ਆਉਂਦੀ ਹੈ ਤਿਵੇਂ ਪੰਜਾਬੀ ਸਾਹਿਤ ਦੀ ਸੰਝ ਤੋਂ ਬਾਅਦ ਪੰਜਾਬੀ ਵਿੱਚ ਆਧੁਨਿਕ ਸਾਹਿਤ ਦਾ ਸੂਰਜ ਉਦੈ ਹੋਇਆ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਪੰਜਾਬ ਵਿਚ ਪਹਿਲਾਂ ਨਾਮਧਾਰੀ ਲਹਿਰ ਤੇ ਫੇਰ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪੰਜਾਬ ਦੇ ਸਮਾਜਕ, ਰਾਜਸੀ ਤੇ ਸਭਿਆਚਾਰਕ ਜੀਵਨ ਵਿੱਚ ਚੇਤੰਨਤਾ ਪੈਦਾ ਹੋਈ ਜਿਸ ਨੇ ਸਾਹਿਤ ਸਿਰਜਣਾ ਲਈ ਨਵੇਂ ਸਿਰਿਉਂ ਉਤਸ਼ਾਹ ਤੇ ਉਮਾਹ ਉਤਪੰਨ ਕੀਤਾ। ਇਸ ਦਾ ਕਾਰਨ ਇਹ ਸੀ ਕਿ ਅੰਗਰੇਜ਼ੀ ਸ਼ਾਸਨ ਕਾਇਮ ਹੋਣ ਨਾਲ ਦੇਸ਼ ਦੇ ਆਰਥਿਕ ਤੇ ਸਮਾਜਕ ਪ੍ਰਬੰਧ ਵਿਚ ਪਰਿਵਰਤਨ ਹੋਇਆ। ਰੇਲਾਂ, ਡਾਕ-ਪ੍ਰਬੰਧ, ਡਾਕਟਰੀ ਸਹੂਲਤਾਂ ਤੇ ਵਿੱਦਿਅਕ ਪ੍ਰਬੰਧ ਦੀ ਆਧੁਨਿਕ ਪ੍ਰਕਾਰ ਦੀ ਉੱਨਤੀ ਨਾਲ ਸਾਰਾ ਦੇਸ਼ ਇਕ ਇਕਾਈ ਵਿਚ ਸੰਗਠਿਤ ਹੋ ਗਿਆ ਤੇ ਨਵੀਂ ਕਿਸਮ ਦੀ ਰਾਸ਼ਟਰੀ ਜਾਗ੍ਰਤੀ ਦਾ ਜਨਮ ਹੋਇਆ। ਛਾਪੇਖ਼ਾਨੇ ਸਥਾਪਿਤ ਹੋ ਜਾਣ ਨਾਲ ਭਾਰਤੀ ਭਾਸ਼ਾਵਾਂ ਵਿੱਚ ਅਖ਼ਬਾਰ ਤੇ ਰਸਾਲੇ ਪ੍ਰਕਾਸ਼ਿਤ ਹੋਣ ਲਗੇ ਤੇ ਇਨ੍ਹਾਂ ਨੇ ਵਾਰਤਕ ਰਚਨਾ ਦੇ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਹਿੱਸਾ ਪਾਇਆ। ਇਸ ਸਮੇਂ ਚਾਲੂ ਹੋਈਆਂ ਧਾਰਮਿਕ ਲਹਿਰਾਂ ਦੇ ਆਪਸੀ ਵਿਰੋਧ ਕਰਕੇ ਜਿਹੜੀਆਂ ਬਹਿਸਾਂ ਤੇ ਸ਼ਾਸਤਰਾਰਥ ਹੋਣ ਲੱਗੇ ਉਨ੍ਹਾਂ ਨੇ ਆਧੁਨਿਕ ਵਾਰਤਕ ਦੇ ਵਿਕਾਸ ਵਿੱਚ ਕਾਫੀ ਯੋਗਦਾਨ ਪਾਇਆ। ਗਿਆਨੀ ਗਿਆਨ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਸੇਵਾ ਸਿੰਘ, ਬਿਹਾਰੀ ਲਾਲ ਪੁਰੀ ਤੇ ਸ਼ਰਧਾ ਰਾਮ ਫਲੌਰੀ ਆਦਿ ਵਾਰਤਕ ਲੇਖਕ ਸਾਹਿਤ ਖੇਤਰ ਵਿਚ ਆ ਕੁੱਦੇ ਜਿਨ੍ਹਾਂ ਨੇ ਭਾਵੇਂ ਜਨਮ ਸਾਖੀਆਂ ਦੀ ਪੁਰਾਤਨ ਪਰੰਪਰਾ ਨੂੰ ਹੀ ਅੱਗੇ ਤੋਰਿਆ ਪਰ ਨਾਲ ਹੀ ਪੰਜਾਬੀ ਵਾਰਤਕ ਦਾ ਪਿੜ ਵੀ ਮੋਕਲਾ ਕੀਤਾ। ਇਨ੍ਹਾਂ ਵਿੱਚੋਂ ਸ਼ਰਧਾ ਰਾਮ ਫਲੌਰੀ ਤੇ ਬਿਹਾਰੀ ਲਾਲ ਪੁਰੀ ਨੇ ਪੰਜਾਬੀ ਵਾਰਤਕ ਨੂੰ ਨਵੇਂ ਵਿਸ਼ੇ ਪ੍ਰਗਟ ਕਰਨ ਦਾ ਮਾਧਿਅਮ ਬਣਾਇਆ। ਸ਼ਰਧਾ ਰਾਮ ਫਲੌਰੀ ਦੀਆਂ ਦੋ ਪ੍ਰਸਿੱਧ ਰਚਨਾਵਾਂ 'ਸਿੱਖ ਰਾਜ ਦੀ ਵਿਥਿਆ' ਅਤੇ 'ਪੰਜਾਬੀ ਬਾਤ ਚੀਤ' ਇਸ ਕਾਲ ਦੀ ਸਨਮਾਨ ਯੋਗ ਪ੍ਰਾਪਤੀ ਕਹੀਆਂ ਜਾ ਸਕਦੀਆਂ ਹਨ। ਭਾਵੇਂ ਇਹ ਅੰਗਰੇਜ਼ ਅਫ਼ਸਰਾਂ ਨੂੰ ਪੰਜਾਬੀ ਭਾਸ਼ਾ ਸਿਖਾਉਣ ਦੇ ਸੀਮਤ ਮੰਤਵ ਨਾਲ ਤਿਆਰ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਵਿੱਚ ਖ਼ਾਸ ਕਰਕੇ 'ਪੰਜਾਬੀ ਬਾਤ ਚੀਤ' ਵਿੱਚ ਮਾਝੇ, ਦੁਆਬੇ, ਅਤੇ ਕਾਂਗੜੇ ਦੇ ਵਸਨੀਕਾਂ ਦੀ ਸਥਾਨਕ ਉਪਭਾਸ਼ਾ ਵਿਚ ਗੱਲਬਾਤ ਬੜੀ ਹੀ ਰੌਚਕ ਤੇ ਮਨੋਰੰਜਕ ਹੈ ਤੇ ਇਹ ਆਧੁਨਿਕ ਪੰਜਾਬੀ ਵਾਰਤਕ ਵੱਲ ਪੁੱਟਿਆ ਇਕ ਨਿੱਗਰ ਕਦਮ ਹੈ। ਬਿਹਾਰੀ ਲਾਲ ਪੁਰੀ ਅਤੇ ਡਾ. ਚਰਨ ਸਿੰਘ ਨੇ ਵੀ ਪੰਜਾਬੀ ਵਾਰਤਕ ਨੂੰ ਆਧੁਨਿਕਤਾ ਵੱਲ ਲਿਆਉਣ ਵਿੱਚ ਆਪਣੀ ਵਿਤ ਅਨੁਸਾਰ ਹਿੱਸਾ ਪਾਇਆ ਹੈ। ਪੁਰੀ ਸਾਹਿਬ ਨੇ ਛੋਟੇ ਆਕਾਰ ਦੇ

ਲੇਖ ਦੀ ਲੀਹ ਪਾਈ। ਡਾ. ਚਰਨ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ, ਜਿਸ ਕਰਕੇ ਉਨ੍ਹਾਂ ਦੀ ਵਾਰਤਕ ਵਧੇਰੇ ਸੁਧਾਰਕ ਤੇ ਉਪਦੇਸ਼ਾਤਮਕ ਹੈ।

## ਆਧੁਨਿਕ ਪੰਜਾਬੀ ਵਾਰਤਕ

ਪੰਜਾਬੀ ਵਿੱਚ ਆਧੁਨਿਕ ਵਾਰਤਕ ਦਾ ਆਰੰਭ ਭਾਈ ਵੀਰ ਸਿੰਘ (1872-1957ਈ.) ਦੇ ਉਨ੍ਹਾਂ ਟ੍ਰੈਕਟਾਂ ਨਾਲ ਹੋਇਆ ਜਿਹੜੇ ਉਨ੍ਹਾਂ ਨੇ ਸਿੰਘ ਸਭਾ ਲਹਿਰ ਦੇ ਇੱਕ ਸੰਸਥਾਪਕ ਹੋਣ ਦੇ ਨਾਤੇ ਧਰਮ ਪ੍ਰਚਾਰ ਦੇ ਮੰਤਵ ਨੂੰ ਮੁੱਖ ਰੱਖ ਕੇ ਪ੍ਰਕਾਸ਼ਿਤ ਕੀਤੇ। ਬਾਅਦ ਵਿਚ ਇਹ ਟ੍ਰੈਕਟ 'ਗੁਰੂ ਨਾਨਕ ਚਮਤਕਾਰ' ਸ੍ਰੀ ਕਲਗੀਧਰ ਚਮਤਕਾਰ' ਦੇ ਰੂਪ ਵਿੱਚ ਸੰਗ੍ਰਹਿ ਕਰਕੇ ਛਾਪੇ ਗਏ। ਇਨ੍ਹਾਂ ਚਮਤਕਾਰਾਂ ਤੋਂ ਛੁੱਟ ਭਾਈ ਸਾਹਿਬ ਨੇ 'ਸ੍ਰੀ ਅਸ਼ਟ ਗੁਰੂ ਚਮਤਕਾਰ', 'ਸੰਤ ਗਾਥਾ', 'ਅਮਰ ਲੇਖ' ਆਦਿ ਵਾਰਤਕ ਰਚਨਾਵਾਂ ਕੀਤੀਆਂ। ਜਿਥੋਂ ਤੱਕ ਚਮਤਕਾਰਾਂ ਦੇ ਵਿਸ਼ੇ ਦਾ ਸੰਬੰਧ ਹੈ, ਇਹ ਜਨਮਸਾਖੀਆਂ, ਨਾਨਕ ਪ੍ਰਕਾਸ਼ ਅਤੇ ਸੂਰਜ ਪ੍ਰਕਾਸ਼ ਆਦਿ ਪੁਰਾਤਨ ਗ੍ਰੰਥਾਂ ਵਾਲਾ ਹੀ ਹੈ ਪਰ ਭਾਈ ਵੀਰ ਸਿੰਘ ਨੇ ਇਸ ਵਿਸ਼ੇ ਨੂੰ ਆਪਣੀ ਸਾਹਿਤਕ ਪ੍ਰਤਿਭਾ ਦੀ ਛਾਪ ਲਗਾ ਕੇ ਇਉਂ ਪੇਸ਼ ਕੀਤਾ ਹੈ ਕਿ ਇਹ ਰਚਨਾਵਾਂ ਕਾਫ਼ੀ ਹੱਦ ਤੱਕ ਮੌਲਿਕ ਜਾਪਦੀਆਂ ਹਨ। 'ਗੁਰੂ ਨਾਨਕ ਚਮਤਕਾਰ' ਤੇ 'ਕਲਗੀਧਰ ਚਮਤਕਾਰ' ਦੀ ਸ਼ੈਲੀ ਵਿੱਚ ਇਕਸਾਰਤਾ ਨਹੀਂ ਕਿਉਂਕਿ ਇਹ ਗ੍ਰੰਥ ਇਕ ਸਮੇਂ ਬੈਠ ਕੇ ਤਿਆਰ ਨਹੀਂ ਕੀਤੇ ਗਏ। ਪਰ 'ਅਸ਼ਟ ਗੁਰੂ ਚਮਤਕਾਰ' ਦੀ ਸ਼ੈਲੀ ਵਿੱਚ ਇਕਸਾਰਤਾ ਹੈ। 'ਸੰਤ ਗਾਥਾ' ਦੇ ਲੇਖ ਪੂਰਨ ਸੰਤਾਂ ਦੇ ਆਦਰਸ਼ਕ ਜੀਵਨ ਨਾਲ ਸੰਬੰਧਤ ਹਨ ਤੇ 'ਅਮਰ ਲੇਖ' ਵਿੱਚ ਅੰਕਿਤ ਲੇਖ ਸਿੱਖ ਪੁਜਾਰੀ ਜਮਾਤ ਦੀਆਂ ਆਚਰਣਕ ਕਮਜ਼ੋਰੀਆਂ ਉੱਤੇ ਸਖਤ ਟਿੱਪਣੀ ਦੇ ਰੂਪ ਵਿੱਚ ਹਨ। ਭਾਈ ਵੀਰ ਸਿੰਘ ਦੀ ਵਾਰਤਕ ਭਾਵੇਂ ਪੁਰਾਤਨ ਵਾਰਤਕ ਦੇ ਅੰਸ਼ਾਂ ਤੋਂ ਮੁਕਤ ਨਹੀਂ ਖ਼ਾਸ ਕਰਕੇ ਵਿਸ਼ਾ ਪੱਖ ਤੋਂ ਪਰ ਰੂਪਕ ਪੱਖੋਂ ਇਹ ਆਧੁਨਿਕਤਾ ਦੀ ਧਾਰਨੀ ਹੈ। ਇਨ੍ਹਾਂ ਰਚਨਾਵਾਂ ਵਿੱਚ ਕਿਤੇ-ਕਿਤੇ ਬਹੁਤ ਹੀ ਅਦਭੁਤ ਦ੍ਰਿਸ਼-ਵਰਣਨ ਕੀਤਾ ਮਿਲਦਾ ਹੈ, ਜਿਹੜਾ ਇਨ੍ਹਾਂ ਦਾ ਸਾਹਿਤਕ ਮੁੱਲ ਹੋਰ ਵੀ ਵਧਾਉਂਦਾ ਹੈ।

ਭਾਈ ਵੀਰ ਸਿੰਘ ਦੇ ਸਮਕਾਲੀ ਭਾਈ ਮੋਹਨ ਸਿੰਘ ਵੈਦ (1881-1936) ਅਤੇ ਚਰਨ ਸ਼ਹੀਦ ਸਿੰਘ (1851-1935) ਨੇ ਵੀ ਆਧੁਨਿਕ ਵਾਰਤਕ ਖੇਤਰ ਵਿੱਚ ਸਲਾਹੁਣ ਯੋਗ ਕੰਮ ਕੀਤਾ ਹੈ। ਵੈਦ ਸਾਹਿਬ ਨੇ ਤਾਂ ਅਨੁਵਾਦ-ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤਾ ਹੈ ਪਰ ਚਰਨ ਸਿੰਘ ਸ਼ਹੀਦ ਨੇ ਹਲਕੇ-ਫੁਲਕੇ ਲੇਖਾਂ ਵਰਗੀਆਂ ਕਹਾਣੀਆਂ ਵਿੱਚ ਆਪਣੀ ਹਾਸਰਸੀ ਨਾਲ ਪੰਜਾਬੀ ਵਾਰਤਕ ਨੂੰ ਵਿਅੰਗਾਤਮਕ ਵਾਰਤਕ ਦਾ ਇਕ ਉੱਤਮ ਨਮੂਨਾ ਭੇਟ ਕੀਤਾ ਹੈ।

ਪ੍ਰੋ. ਪੂਰਨ ਸਿੰਘ (1881-1931) ਭਾਈ ਵੀਰ ਸਿੰਘ ਦੇ ਸਮਕਾਲੀ ਸਨ। ਭਾਵੇਂ ਉਹ ਸਵਾਮੀ ਰਾਮ ਤੀਰਥ ਦੇ ਸ਼ਿਸ਼ ਸਨ ਅਤੇ ਭਾਈ ਵੀਰ ਸਿੰਘ ਤੋਂ ਪ੍ਰਭਾਵਿਤ ਹੋਏ ਸਨ ਪਰ ਉਨ੍ਹਾਂ ਨੇ ਪੰਜਾਬੀ ਵਾਰਤਕ ਨੂੰ ਪਰੰਪਰਾ ਦੀ ਜਿਲ੍ਹਣ ਵਿੱਚੋਂ ਕੱਢ ਕੇ ਨਿੱਜੀ ਭਾਵਾਂ ਨੂੰ ਵਿਅਕਤ ਕਰਨ ਦੇ ਯੋਗ ਬਣਾਇਆ। ਪ੍ਰੋ. ਪੂਰਨ ਸਿੰਘ ਅਨੁਸਾਰ, ''ਨਸਰ ਲਿਖਣੀ ਕਠਿਨ ਹੈ, ਇਥੇ ਰੂਹ ਤੇ ਦਿਮਾਗ ਦੀ ਨੰਗੀ ਤਸਵੀਰ ਖਿਚੀਂਦੀ ਹੋਈ- ਨਸਰ ਤੇ ਨਜ਼ਮ ਵਿੱਚ ਫ਼ਰਕ ਬੜਾ ਘੱਟ ਰਹਿ ਜਾਂਦਾ ਹੈ ਜਦ ਕਿ ਅਨੁਭਵੀ ਪੁਰਸ਼ਾਂ ਦੇ ਬਚਨਾਂ ਦੀ ਗੋਂਦ ਹੋਵੇ। ਅੰਮ੍ਰਿਤ ਬਚਨ ਨਸਰ ਵਿੱਚ ਨਜ਼ਮ ਹਨ ਤੇ ਨਜ਼ਮ ਵਿੱਚ ਰੱਬੀ ਗੀਤ ਹਨ।''[1] ਵਾਰਤਕ ਦੀ ਜਿਹੜੀ ਪਰਿਭਾਸ਼ਾ ਪ੍ਰੋ. ਪੂਰਨ ਸਿੰਘ ਨੇ ਦਿੱਤੀ ਹੈ ਉਨ੍ਹਾਂ ਦੀ ਵਾਰਤਕ ਇਸ ਉੱਤੇ ਪੂਰੀ ਉਤਰਦੀ ਹੈ। ਵਾਰਤਕ ਲਿਖਣ ਸਮੇਂ ਉਹ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਦੇ ਹੋਏ ਆਪਣੇ ਭਾਵਾਂ ਦੇ ਅਧੀਨ ਹੋ ਕੇ ਲਿਖਦੇ ਹਨ, ਜਿਸ ਕਰਕੇ ਉਨ੍ਹਾਂ ਦੀ ਵਾਰਤਕ ਭਾਵੁਕ, ਜਜ਼ਬੇ ਗੁੱਧੀ ਤੇ ਕਾਵਿਕ ਬਣ ਜਾਂਦੀ ਹੈ, ਕਿਉਂਕਿ ਉਨ੍ਹਾਂ ਨੇ ਮਾਤ ਭਾਸ਼ਾ ਪੰਜਾਬੀ ਦੀ ਬਕਾਇਦਾ ਸਿੱਖਿਆ ਪ੍ਰਾਪਤ ਨਹੀਂ ਸੀ ਕੀਤੀ ਤੇ ਇਹ ਉਨ੍ਹਾਂ ਨੂੰ ਆਪ ਮੁਹਾਰੀ ਆਈ, ਇਸ ਲਈ ਉਨ੍ਹਾਂ ਦੀ ਰਚਨਾ ਵਿੱਚ ਵਿਆਕਰਣਕ ਤਰੁੱਟੀਆਂ ਆਮ ਵੇਖਣ ਵਿੱਚ ਆਉਂਦੀਆਂ

1. ਖੁਲ੍ਹੇ ਲੇਖ

ਹਨ। ਉਨ੍ਹਾਂ ਦੀ ਵਾਰਤਕ 'ਖੁੱਲ੍ਹੇ ਲੇਖ' ਪੰਜਾਬੀ ਵਾਰਤਕ ਖੇਤਰ ਵਿੱਚ ਆਪਣੀ ਮਿਸਾਲ ਆਪ ਹੈ।

ਆਧੁਨਿਕ ਯੁੱਗ ਦੇ ਪ੍ਰਮਾਣਿਕ ਤੇ ਸ਼ੁੱਧ ਵਾਰਤਕ ਲਿਖਾਰੀ ਪ੍ਰਿੰਸੀਪਲ ਤੇਜਾ ਸਿੰਘ (1893-1958) ਸਨ। ਅੰਗਰੇਜ਼ੀ ਸਾਹਿਤ ਦੇ ਚੰਗੇ ਗਿਆਤਾ ਹੋਣ ਕਰਕੇ ਉਨ੍ਹਾਂ ਦੀ ਵਾਰਤਕ ਸ਼ੈਲੀ ਉੱਤੇ ਅੰਗਰੇਜ਼ੀ ਦੇ ਪ੍ਰਮਾਣਿਕ ਵਾਰਤਕ ਲੇਖਕਾਂ ਦਾ ਡੂੰਘਾ ਪ੍ਰਭਾਵ ਪਿਆ। ਉਨ੍ਹਾਂ ਨੇ ਪੰਜਾਬੀ ਵਿੱਚ ਕਈ ਪ੍ਰਕਾਰ ਦੇ ਨਿਬੰਧ ਲਿਖ ਕੇ ਇਸ ਦੇ ਸਾਹਿਤ ਭੰਡਾਰ ਨੂੰ ਭਰਪੂਰ ਕੀਤਾ। ਭਾਵੇਂ ਉਨ੍ਹਾਂ ਨੇ ਲਿਖਿਆ ਘੱਟ ਪਰ ਜਿੰਨਾ ਲਿਖਿਆ ਉਸ ਵਿੱਚ ਚੰਗੀ ਵਾਰਤਕ ਦੇ ਸਾਰੇ ਗੁਣ ਮਿਲਦੇ ਹਨ ਤੇ ਉਸ ਉੱਤੇ ਉਨ੍ਹਾਂ ਦੀ ਸੁਹਿਰਦ ਤੇ ਸੁਲਝੀ ਹੋਈ ਸ਼ਖ਼ਸੀਅਤ ਦੀ ਛਾਪ ਲੱਗੀ ਹੁੰਦੀ ਹੈ। ਉਨ੍ਹਾਂ ਨੇ ਨਾ ਕੇਵਲ ਰੂਪਕ ਪੱਖੋਂ ਸਗੋਂ ਵਿਸ਼ਾ ਪੱਖ ਤੋਂ ਵੀ ਪੰਜਾਬੀ ਵਾਰਤਕ ਨੂੰ ਵਿਕਸਿਤ ਕਰਨ ਵਿੱਚ ਮਹਾਨ ਕਾਰਜ ਸਿਰੇ ਚਾੜ੍ਹਿਆ ਹੈ।

ਗਿਆਨੀ ਹੀਰਾ ਸਿੰਘ ਦਰਦ ਨੇ 1926 ਈ. ਵਿੱਚ 'ਫੁਲਵਾੜੀ' ਮਾਸਕ ਪੱਤਰ ਜਾਰੀ ਕਰਕੇ ਪੰਜਾਬੀ ਵਾਰਤਕ ਦੇ ਵਿਕਾਸ ਵਿੱਚ ਵੱਡਮੁੱਲਾ ਹਿੱਸਾ ਪਾਇਆ ਹੈ। ਉਨ੍ਹਾਂ ਦੀ ਵਾਰਤਕ ਸਰਲ, ਸਪਸ਼ਟ, ਸਿੱਧ ਪੱਧਰੀ ਅਤੇ ਪ੍ਰਗਤੀਵਾਦੀ ਵਿਚਾਰਾਂ ਦੀ ਧਾਰਨੀ ਹੈ। ਉਨ੍ਹਾਂ ਨੇ ਦੇਸ਼ ਦੀ ਸੁਤੰਤਰਤਾ ਦੀ ਜੰਗ ਵਿੱਚ ਵੱਧ-ਚੜ੍ਹ ਕੇ ਭਾਗ ਲਿਆ ਤੇ ਭਿੰਨ-ਭਿੰਨ ਰਾਜਸੀ ਪਾਰਟੀਆਂ ਵਿੱਚ ਕੰਮ ਕੀਤਾ। ਇਸ ਕਰਕੇ ਉਨ੍ਹਾਂ ਦੀ ਵਾਰਤਕ ਰਚਨਾ 'ਮੇਰੀਆਂ ਕੁਝ ਇਤਿਹਾਸਕ ਯਾਦਾਂ' ਵਿੱਚ ਦੇਸ਼ ਦੀ ਸੁਤੰਤਰਤਾ ਨਾਲ ਸੰਬੰਧਤ ਕਈ ਵਰਣਨ ਯੋਗ ਘਟਨਾਵਾਂ ਅੰਕਿਤ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਦਿਲ ਨੂੰ ਟੁੰਭਣ ਵਾਲੀ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਇਨ੍ਹਾਂ ਯਾਦਾਂ ਵਿੱਚੋਂ ਉਨ੍ਹਾਂ ਦੀ ਸ਼ਖ਼ਸੀਅਤ ਦਾ ਵੀ ਝਾਂਵਲਾ ਸਾਫ਼ ਵਿਖਾਈ ਦਿੰਦਾ ਹੈ।

ਪ੍ਰੋ. ਸਾਹਿਬ ਸਿੰਘ ਆਧੁਨਿਕ ਸਮੇਂ ਦੇ ਸਭ ਤੋਂ ਮਹਾਨ ਟੀਕਾਕਾਰ ਹਨ। ਪੰਜਾਬੀ ਦੇ ਧਾਰਮਿਕ ਲੇਖਕਾਂ ਵਿੱਚ ਉਨ੍ਹਾਂ ਦਾ ਉੱਘਾ ਸਥਾਨ ਹੈ। ਉਨ੍ਹਾਂ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਧਾਰਮਿਕ ਲੇਖਕ ਹੋਣ ਦੇ ਬਾਵਜੂਦ ਉਨ੍ਹਾਂ ਦਾ ਦ੍ਰਿਸ਼ਟੀਕੋਣ ਸੰਕੀਰਣ ਨਹੀਂ ਸਗੋਂ ਮੌਲਿਕ ਤੇ ਪ੍ਰਗਤੀਵਾਦੀ ਹੈ। ਉਹ ਪੁਰਾਤਨਵਾਦੀ ਤੇ ਰੂੜ੍ਹੀਵਾਦੀ ਨਹੀਂ ਸਗੋਂ ਖੋਜੀ ਤੇ ਵਿਵੇਕਵਾਦੀ ਹਨ। ਉਨ੍ਹਾਂ ਦੇ ਲੇਖਾਂ ਦਾ ਵਿਸ਼ਾ ਗੁਰਬਾਣੀ ਦੀ ਵਿਆਖਿਆ ਤੇ ਸਿੱਖ ਇਤਿਹਾਸ ਹੈ। ਗੁਰਬਾਣੀ ਵਿਆਕਰਣ ਲਿਖਣ ਕਰਕੇ ਉਨ੍ਹਾਂ ਨੂੰ ਗੁਰਬਾਣੀ ਦਾ ਪਾਨਿਨੀ ਵੀ ਆਖਿਆ ਜਾਂਦਾ ਹੈ। ਉਨ੍ਹਾਂ ਦੀ ਵਾਰਤਕ ਸਰਲ, ਸਾਦਾ ਤੇ ਸਪਸ਼ਟ ਹੁੰਦੀ ਹੈ ਤੇ ਉਸ ਵਿੱਚ ਦਲੀਲ, ਨਿਆਇ ਤੇ ਵਿਵੇਕ ਦੇ ਅੰਸ਼ ਵੀ ਚੋਖੀ ਮਾਤਰਾ ਵਿੱਚ ਹੁੰਦੇ ਹਨ।

**ਲਾਲ ਸਿੰਘ ਕਮਲਾ ਅਕਾਲੀ** - ਪੰਜਾਬੀ ਦੇ ਇਕ ਹੋਰ ਉੱਘੇ ਵਾਰਤਕ ਲਿਖਾਰੀ ਹਨ ਜਿਨ੍ਹਾਂ ਨੇ 1930 ਈ. ਵਿੱਚ 'ਮੇਰਾ ਵਲੈਤੀ ਸਫ਼ਰਨਾਮਾ' ਲਿਖ ਕੇ ਸਫ਼ਰਨਾਮਾ ਸਾਹਿਤ ਦਾ ਮੁੱਢ ਬੰਨ੍ਹਿਆ। ਉਨ੍ਹਾਂ ਦੀਆਂ ਹੋਰ ਵਾਰਤਕ ਰਚਨਾਵਾਂ 'ਮੌਤ ਰਾਣੀ ਦਾ ਘੁੰਡ', 'ਜੀਵਨ ਨੀਤੀ' ਅਤੇ 'ਸੈਲਾਨੀ ਦੇਸ਼ ਭਗਤ' ਹਨ। ਉਨ੍ਹਾਂ ਦੇ ਵਿਸ਼ੇ ਸਮਾਜਕ, ਵਿਗਿਆਨਕ ਤੇ ਦਾਰਸ਼ਨਕ ਹਨ ਤੇ ਸ਼ੈਲੀ ਬੜੀ ਰੌਚਕ। ਉਨ੍ਹਾਂ ਨੂੰ ਪੰਜਾਬ ਦੀ ਸਭਿਅਤਾ ਤੇ ਸੰਸਕ੍ਰਿਤੀ ਨਾਲ ਅਥਾਹ ਪਿਆਰ ਹੈ ਜਿਸ ਕਰਕੇ ਉਨ੍ਹਾਂ ਦੀ ਵਾਰਤਕ ਵਿੱਚ ਪੰਜਾਬੀ ਸਭਿਆਚਾਰ ਦਾ ਚਿੱਤਰ ਪਰਤੱਖ ਦਿਸਦਾ ਹੈ। ਪਰ ਉਨ੍ਹਾਂ ਨੇ ਪੰਜਾਬੀ ਵਾਰਤਕ ਵਿੱਚ ਪੱਤਰਕਾਰੀ ਰਾਹੀਂ ਪ੍ਰਵੇਸ਼ ਕੀਤਾ ਹੈ ਜਿਸ ਕਰਕੇ ਉਨ੍ਹਾਂ ਦੀ ਲਿਖਤ ਵਿੱਚ ਉਹ ਗ਼ਲਤੀਆਂ ਸੁਭਾਵਕ ਹੀ ਆ ਗਈਆਂ ਹਨ ਜਿਹੜੀਆਂ ਪੱਤਰਕਾਰੀ ਦਾ ਸੁਭਾਵਕ ਸਿੱਟਾ ਹੁੰਦੀਆਂ ਹਨ।

ਆਧੁਨਿਕ ਯੁੱਗ ਵਿੱਚ ਸਭ ਤੋਂ ਪ੍ਰਸਿੱਧ ਵਾਰਤਕ ਲੇਖਕ ਸਰਦਾਰ ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਹਨ, ਜਿਨ੍ਹਾਂ ਨੇ ਪੰਜਾਬੀ ਵਾਰਤਕ ਖੇਤਰ ਵਿੱਚ 1933 ਈ: ਵਿੱਚ ਆਪਣੇ ਮਾਸਕ ਪੱਤਰ 'ਪ੍ਰੀਤ ਲੜੀ' ਦੁਆਰਾ ਪ੍ਰਵੇਸ਼ ਕੀਤਾ। ਉਨ੍ਹਾਂ ਨੇ ਲਗਾਤਾਰ ਸਾਹਿਤਕ ਘਾਲਣਾ ਰਾਹੀਂ ਪੰਜਾਬੀ ਵਾਰਤਕ ਨੂੰ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਵੱਡਮੁਲੀ ਦੇਣ ਦਿੱਤੀ ਹੈ। ਭਾਵੇਂ ਉਨ੍ਹਾਂ ਨੇ ਆਪਣੀ ਸਾਹਿਤ ਸਿਰਜਣਾ ਦੇ ਮੁੱਢਲੇ ਪੜਾਅ ਵਿੱਚ 'ਪਰਮ ਮਨੁੱਖ' ਨਾਂ ਦੀ ਕਿਤਾਬ ਲਿਖੀ, ਜਿਸ ਵਿੱਚ ਗੁਰੂ ਸਾਹਿਬਾਨ ਦੇ ਜੀਵਨ ਅਗਾਂਹ-ਵਧੂ ਦ੍ਰਿਸ਼ਟੀ ਤੋਂ ਅੰਕਿਤ ਕੀਤੇ ਹੋਏ ਸਨ ਅਤੇ ਜਿਸ ਕਰਕੇ ਕੱਟੜ-ਪੰਥੀਆਂ ਵੱਲੋਂ ਉਨ੍ਹਾਂ ਦੀ ਬੜੀ ਨੁਕਤਾਚੀਨੀ ਕੀਤੀ ਗਈ ਸੀ ਪਰ ਉਨ੍ਹਾਂ ਨੇ ਸਾਹਿਤ ਸਿਰਜਣਾ ਦੇ ਕਾਰਜ ਨੂੰ ਜਾਰੀ ਰੱਖਿਆ। ਇਸ

ਨੁਕਤਾਚੀਨੀ ਦਾ ਇਹ ਲਾਭ ਹੋਇਆ ਕਿ ਗੁਰਬਖ਼ਸ਼ ਸਿੰਘ ਨੇ ਸੌੜੇ ਧਾਰਮਕ ਖੇਤਰ ਦੀ ਥਾਂ ਸਮੁੱਚੇ ਜੀਵਨ ਨੂੰ ਆਪਣੀ ਲੇਖਣੀ ਦਾ ਆਧਾਰ ਬਣਾ ਲਿਆ। ਗੁਰਬਖ਼ਸ਼ ਸਿੰਘ ਨੇ ਪੱਛਮੀ ਸਾਹਿਤ ਦਾ ਬੜਾ ਡੂੰਘਾ ਅਧਿਐਨ ਕੀਤਾ ਤੇ ਅਮਰੀਕਾ, ਰੂਸ, ਚੀਨ ਤੇ ਹੋਰ ਯੂਰਪੀ ਦੇਸ਼ਾਂ ਦੀ ਯਾਤਰਾ ਕਰਕੇ ਉਨ੍ਹਾਂ ਦੇ ਸ਼ਾਂ ਦੇ ਸਭਿਆਚਾਰ ਦੀ ਵਿਸ਼ਾਲ ਜਾਣਕਾਰੀ ਪ੍ਰਾਪਤ ਕੀਤੀ ਹੈ। ਜਿਸ ਦੇ ਫਲਸਰੂਪ ਉਨ੍ਹਾਂ ਦੇ ਵਿਚਾਰ ਬੜੇ ਉਦਾਰ, ਵਿਗਿਆਨਿਕ ਅਤੇ ਪ੍ਰਗਤੀਵਾਦੀ ਬਣ ਗਏ। ਪਿਆਰ ਦੀ ਤੀਬਰ ਭੁੱਖ ਨੇ ਉਨ੍ਹਾਂ ਦੇ ਰਾਗ-ਸਹਿਕਦੇ ਦਿਲ ਨੂੰ ਏਨਾ ਮੱਲੀ ਰਖਿਆ ਕਿ ਉਨ੍ਹਾਂ ਦੀ ਲੇਖਣੀ ਦੇ ਹਰ ਅੰਗ ਵਿੱਚ ਪਿਆਰ ਦਾ ਜ਼ਿਕਰ ਸਹਿਜ-ਸੁਭਾਅ ਹੀ ਆ ਜਾਂਦਾ ਹੈ। ਉਨ੍ਹਾਂ ਦੀ ਪ੍ਰੇਮ ਭਿੱਜੀ ਆਤਮਾ ਨੇ ਉਨ੍ਹਾਂ ਦੀ ਵਾਰਤਕ ਸ਼ੈਲੀ ਨੂੰ ਬਹੁਤ ਭਾਵੁਕ, ਅਨੂਪਮ ਅਤੇ ਸ਼ਿੰਗਾਰਮਈ ਬਣਾ ਦਿੱਤਾ ਹੈ। ਉਨ੍ਹਾਂ ਦੀ ਵਾਰਤਕ ਵਿਸ਼ੇਸ਼ਣਾਂ, ਉਪਮਾਵਾਂ ਤੇ ਅਲੰਕਾਰਾਂ ਨਾਲ ਲੱਦੀ ਹੋਈ ਇਕ-ਵਿਆਹੁਤਾ ਸੁੰਦਰੀ ਵਾਂਗ ਪ੍ਰਤੀਤ ਹੁੰਦੀ ਹੈ। ਭਾਵੇਂ ਉਹ ਇਕ ਪੱਤਰਕਾਰ ਸਨ ਪਰ ਉਨ੍ਹਾਂ ਨੇ ਪੱਤਰਕਾਰੀ ਨੂੰ ਸਾਹਿਤ ਦੇ ਪੱਧਰ 'ਤੇ ਪਹੁੰਚਾ ਕੇ ਪੰਜਾਬੀ ਸਾਹਿਤ ਨੂੰ ਬਹੁਤ ਅਮੀਰ ਬਣਾਉਣ ਦਾ ਸਫ਼ਲ ਯਤਨ ਕੀਤਾ ਹੈ। ਗੁਰਬਖ਼ਸ਼ ਸਿੰਘ ਨੇ ਜੀਵਨ ਦੇ ਹਰ ਪੱਖ 'ਤੇ ਲਿਖਿਆ ਹੈ ਅਤੇ ਆਪਣੀ ਸ੍ਵੈ-ਜੀਵਨੀ ਲਿਖ ਕੇ ਵਾਰਤਕ ਦੇ ਇਸ ਅੰਗ ਨੂੰ ਵੀ ਵਿਕਸਿਤ ਕਰਨ ਵਿੱਚ ਹਿੱਸਾ ਪਾਇਆ ਹੈ।

ਕਪੂਰ ਸਿੰਘ ਆਈ. ਸੀ. ਐੱਸ. ਨੇ 'ਸਪਤ ਸ੍ਰਿੰਗ' ਨਾਂ ਦੀ ਪੁਸਤਕ ਰਾਹੀਂ ਸੰਖੇਪ ਜੀਵਨੀਆਂ ਲਿਖਣ ਦੀ ਪਿਰਤ ਪਾਈ। ਉਨ੍ਹਾਂ ਦੇ ਹੋਰ ਵਾਰਤਕ ਸੰਗ੍ਰਹਿ 'ਬਹੁ ਵਿਸਥਾਰ' ਅਤੇ 'ਪੁੰਦ੍ਰੀਕ' ਦੇ ਲੇਖਾਂ ਨੂੰ ਉਨ੍ਹਾਂ ਨੇ 'ਸਾਂਸਕ੍ਰਿਤਕ ਨਿਬੰਧ ਸੰਗ੍ਰਹਿ' ਦਾ ਨਾਂ ਦਿੱਤਾ ਹੈ ਕਿਉਂਕਿ ਇਸ ਵਿੱਚ ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦੇ ਵਿਸ਼ਿਆਂ ਨਾਲ ਸੰਬੰਧਤ ਲੇਖ ਦਰਜ ਹਨ। 'ਬਹੁ ਵਿਸਤਾਰ' ਦੇ ਲੇਖਾਂ ਤੋਂ ਲੇਖਕ ਦੀ ਵਿਸ਼ਾਲ ਜਾਣਕਾਰੀ ਤੇ ਗੰਭੀਰ ਅਧਿਐਨ ਦਾ ਪ੍ਰਮਾਣ ਮਿਲਦਾ ਹੈ। ਉਨ੍ਹਾਂ ਨੇ ਅਛੂਹ ਵਿਸ਼ਿਆਂ ਨੂੰ ਆਪਣੀ ਵਾਰਤਕ ਦੀ ਵਸਤੂ ਬਣਾ ਕੇ ਪੰਜਾਬੀ ਵਾਰਤਕ ਦੇ ਖ਼ਜ਼ਾਨੇ ਨੂੰ ਭਰਪੂਰ ਕੀਤਾ ਹੈ।

ਪੰਜਾਬੀ ਵਿੱਚ ਹਾਸ-ਰਸੀ ਵਾਰਤਕ ਲਿਖਣ ਵਾਲੇ ਲੇਖਕਾਂ ਵਿੱਚ ਹਰਿੰਦਰ ਸਿੰਘ ਰੂਪ, ਸੂਬਾ ਸਿੰਘ, ਗੁਰਨਾਮ ਸਿੰਘ ਤੀਰ ਅਤੇ ਈਸ਼ਵਰ ਚਿਤਰਕਾਰ ਦੇ ਨਾਂ ਵਰਣਨ ਯੋਗ ਹਨ। ਰੂਪ ਸਾਹਿਬ ਆਪਣੀ ਵਿਅੰਗਾਤਮਕ ਸ਼ੈਲੀ ਅਤੇ ਵਿਸ਼ਾਲ ਜਾਣਕਾਰੀ ਕਰਕੇ ਪੰਜਾਬੀ ਵਾਰਤਕ ਖੇਤਰ ਵਿੱਚ ਵਿਸ਼ੇਸ਼ ਸਥਾਨ ਰਖਦੇ ਹਨ। 'ਚੁੰਝਾਂ ਪਾਉਂਚੇ', 'ਰੂਪ ਰੀਝਾਂ' ਉਨ੍ਹਾਂ ਦੀਆਂ ਸਫ਼ਲ ਵਾਰਤਕ ਕ੍ਰਿਤਾਂ ਹਨ। ਸੂਬਾ ਸਿੰਘ ਨੇ 'ਅਲੋਪ ਹੋ ਰਹੇ ਚੇਟਕ' ਵਿੱਚ ਪੰਜਾਬੀ ਸਭਿਆਚਾਰ ਦੇ ਕੁੱਝ ਅਲੋਪ ਹੋ ਰਹੇ ਅੰਸ਼ਾਂ ਵਲ ਬੜੀ ਸਾਦਾ, ਸਰਲ, ਵਿਅੰਗਮਈ ਤੇ ਹਾਸ-ਰਸ ਭਰਪੂਰ ਸ਼ੈਲੀ ਰਾਹੀਂ ਧਿਆਨ ਦਿਵਾਇਆ ਹੈ। ਗੁਰਨਾਮ ਸਿੰਘ ਤੀਰ ਨੇ 'ਮੈਨੂੰ ਮੈਥੋਂ ਬਚਾਉ' ਲੇਖ ਸੰਗ੍ਰਹਿ ਵਿੱਚ ਆਪਣੀ ਵਿਅੰਗ ਤੇ ਕਟਾਖਸ਼ ਭਰਪੂਰ ਸ਼ੈਲੀ ਦਾ ਬੜਾ ਸੋਹਣਾ ਪ੍ਰਗਟਾਅ ਕੀਤਾ ਹੈ। ਈਸ਼ਵਰ ਚਿਤਰਕਾਰ ਨੇ 'ਕਲਮ ਦੀ ਬਾਤ' ਤੇ 'ਗੱਲ ਬਾਤ' ਲੇਖ ਸੰਗ੍ਰਿਹਾਂ ਵਿੱਚ ਆਪਣੀ ਹਾਸਰਸੀ ਤੇ ਰਸੀਲੀ ਸ਼ੈਲੀ ਦੇ ਸੁੰਦਰ ਨਮੂਨੇ ਪੇਸ਼ ਕੀਤੇ ਹਨ।

ਉਪਰੋਕਤ ਵਾਰਤਕ ਲੇਖਕਾਂ ਤੋਂ ਛੁੱਟ ਭਾਈ ਜੋਧ ਸਿੰਘ, ਮਾਸਟਰ ਤਾਰਾ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ, ਡਾ. ਸ਼ੇਰ ਸਿੰਘ, ਡਾ. ਬਲਬੀਰ ਸਿੰਘ, ਮੁਬਾਰਕ ਸਿੰਘ, ਕਿਰਪਾਲ ਸਿੰਘ ਕਸੇਲ ਆਦਿ ਵਾਰਤਕ ਲਿਖਾਰੀਆਂ ਨੇ ਵੀ ਇਸ ਖੇਤਰ ਵਿੱਚ ਆਪਣੇ ਆਪਣੇ ਵਿੱਤ ਅਨੁਸਾਰ ਹਿੱਸਾ ਪਾਇਆ ਹੈ।

ਜੀਵਨੀ ਸਾਹਿਤ ਵਿੱਚ 'ਬਾਬਾ ਰਾਮ ਸਿੰਘ', 'ਬਾਬਾ ਸੋਹਣ ਸਿੰਘ ਭਕਨਾ', 'ਲਾਲਾ ਲਾਜਪਤ ਰਾਏ', 'ਰਾਬਿੰਦਰ ਨਾਥ ਟੈਗੋਰ', 'ਮਾਸਟਰ ਤਾਰਾ ਸਿੰਘ', 'ਗੁਰੂ ਨਾਨਕ ਦੇਵ ਜੀ', 'ਗੁਰੂ ਗੋਬਿੰਦ ਸਿੰਘ ਜੀ', 'ਮਹਾਤਮਾ ਗਾਂਧੀ', 'ਸ਼ਹੀਦ ਕਰਨੈਲ ਸਿੰਘ', 'ਸ਼ਹੀਦ ਭਗਤ ਸਿੰਘ', 'ਸੇਵਾ ਸਿੰਘ ਠੀਕਰੀ ਵਾਲਾ' ਦੀਆਂ ਭਿੰਨ-ਭਿੰਨ ਲੇਖਕਾਂ ਦੁਆਰਾ ਜੀਵਨੀਆਂ ਵਰਣਨ ਯੋਗ ਹਨ।

ਸ੍ਵੈ-ਜੀਵਨੀ ਵਿੱਚ ਪ੍ਰਿੰਸੀਪਲ ਤੇਜਾ ਸਿੰਘ ਦੀ 'ਆਰਸੀ', ਨਾਨਕ ਸਿੰਘ ਦੀ 'ਮੇਰੀ ਦੁਨੀਆਂ', ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ 'ਮੇਰੀ ਜੀਵਨ ਕਹਾਣੀ' ਤੇ 'ਮੰਜ਼ਿਲ ਦਿਸ ਪਈ', ਤੇ ਬਾਬਾ ਸੋਹਨ ਸਿੰਘ ਭਕਨਾ

ਦੀ 'ਜੀਵਨ ਸੰਗਰਾਮ', ਅੰਮ੍ਰਿਤਾ ਪ੍ਰੀਤਮ ਦੀ 'ਰਸੀਦੀ ਟਿਕਟ', ਵਣਜਾਰਾ ਬੇਦੀ ਦੀ 'ਅੱਧੀ ਮਿੱਟੀ ਅੱਧਾ ਸੋਨਾ', ਦਲੀਪ ਕੌਰ ਟਿਵਾਣਾ ਦੀ 'ਨੰਗੇ ਪੈਰਾਂ ਦਾ ਸਫ਼ਰ', ਬਲਵੰਤ ਗਾਰਗੀ ਦੀ 'ਨੰਗੀ ਧੁੱਪ', ਮਹਿੰਦਰ ਸਿੰਘ ਜੋਸ਼ੀ ਦੀ 'ਮੇਰੇ ਪੱਤੇ ਮੇਰੀ ਖੇਡ' ਮਹੱਤਵਪੂਰਨ ਰਚਨਾਵਾਂ ਕਹੀਆਂ ਜਾ ਸਕਦੀਆਂ ਹਨ।

ਯਾਤਰਾ ਸਾਹਿਤ ਜਾਂ ਸਫ਼ਰਨਾਮਿਆਂ ਦੇ ਖੇਤਰ ਵਿੱਚ ਲਾਲ ਸਿੰਘ ਕਮਲਾ ਅਕਾਲੀ ਦੀ ਘਾਲਣਾ ਮਹਾਨ ਹੈ। ਉਨ੍ਹਾਂ 'ਮੇਰਾ ਵਲਾਇਤੀ ਸਫ਼ਰਨਾਮਾ' ਲਿਖ ਕੇ ਸਫ਼ਰਨਾਮਾ ਸਾਹਿਤ ਦਾ ਮੁੱਢ ਬੰਨ੍ਹਿਆ। ਉਨ੍ਹਾਂ ਦੀ 'ਸੈਲਾਨੀ ਦੇਸ਼ ਭਗਤ' ਇਕ ਹੋਰ ਪੁਸਤਕ ਵੀ ਇਸੇ ਖੇਤਰ ਦੀ ਹੈ। ਗਿਆਨੀ ਹੀਰਾ ਸਿੰਘ ਦਰਦ ਨੇ 'ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ', ਸ.ਸ. ਅਮੋਲ ਨੇ 'ਅਮੋਲ ਯਾਤਰਾ', ਪ੍ਰੋ. ਰਾਮ ਸਿੰਘ ਨੇ 'ਕਸ਼ਮੀਰ ਤੇ ਕੁਲੂ', ਪਿਆਰਾ ਸਿੰਘ ਦਾਤਾ ਨੇ 'ਮੇਰੀ ਪਰਬਤ ਯਾਤਰਾ', ਬਲਰਾਜ ਸਾਹਨੀ ਨੇ 'ਮੇਰਾ ਰੂਸੀ ਸਫ਼ਰਨਾਮਾ' ਅਤੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਤੇ ਬਲਵੰਤ ਗਾਰਗੀ ਨੇ 'ਪਤਾਲ ਦਾ ਬੰਦਾ' ਰਚ ਕੇ ਸਫ਼ਰਨਾਮਾ ਸਾਹਿਤ ਵਿੱਚ ਹਿੱਸਾ ਪਾਇਆ ਹੈ।

ਖੋਜ ਤੇ ਆਲੋਚਨਾ ਦੇ ਪਿੜ ਵਿੱਚ ਬਾਵਾ ਬੁੱਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਡਾ. ਮੋਹਨ ਸਿੰਘ, ਡਾ. ਗੋਪਾਲ ਸਿੰਘ ਦਰਦੀ, ਡਾ. ਸੁਰਿੰਦਰ ਸਿੰਘ ਕੋਹਲੀ, ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਕਿਸ਼ਨ ਸਿੰਘ, ਡਾ. ਗੁਰਚਰਨ ਸਿੰਘ, ਕਿਰਪਾਲ ਸਿੰਘ ਕਸੇਲ, ਪ੍ਰਿੰਸੀਪਲ ਪ੍ਰੀਤਮ ਸਿੰਘ, ਡਾ. ਹਰਨਾਮ ਸਿੰਘ ਸ਼ਾਨ, ਡਾ. ਦੀਵਾਨ ਸਿੰਘ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਰਤਨ ਸਿੰਘ ਜੱਗੀ, ਡਾ. ਜਸਬੀਰ ਸਿੰਘ ਆਹਲੂਵਾਲੀਆ, ਡਾ. ਅਤਰ ਸਿੰਘ, ਡਾ. ਰੋਸ਼ਨ ਲਾਲ ਆਹੂਜਾ, ਡਾ. ਹਰਿਭਜਨ ਸਿੰਘ ਆਦਿ ਦੇ ਨਾਂ ਲਏ ਜਾ ਸਕਦੇ ਹਨ।

ਲਲਿਤ ਨਿਬੰਧ ਲਿਖਣ ਵਾਲਿਆਂ ਵਿੱਚ ਕੁਲਬੀਰ ਸਿੰਘ ਕਾਂਗ ਅਤੇ ਤੇਜਬੀਰ ਸਿੰਘ ਕਸੇਲ ਨੇ ਜਿਹੜਾ ਕਾਰਜ ਨੇਪਰੇ ਚਾੜ੍ਹਿਆ ਹੈ, ਉਹ ਕਾਫ਼ੀ ਮਾਣਯੋਗ ਹੈ।

ਪੰਜਾਬੀ ਵਾਰਤਕ ਖੇਤਰ ਵਿੱਚ ਰੇਖਾ-ਚਿੱਤਰ ਲਿਖਣ ਦਾ ਰਿਵਾਜ ਵੀ ਪ੍ਰਚੱਲਿਤ ਹੈ। ਬਲਵੰਤ ਗਾਰਗੀ ਨੇ 'ਨਿੰਮ ਦੇ ਪੱਤੇ' ਕੁਲਬੀਰ ਸਿੰਘ ਕਾਂਗ ਨੇ 'ਪੱਥਰ ਦੀਆਂ ਲੀਕਾਂ' ਤੇ 'ਬਦਲਾਂ ਦੇ ਰੰਗ' ਅਤੇ ਕਰਨਜੀਤ ਸਿੰਘ ਨੇ 'ਕਲਮ ਦੀ ਅੱਖ' ਵਰਗੀਆਂ ਰਚਨਾਵਾਂ ਰਚ ਕੇ ਇਸ ਪਾਸੇ ਯੋਗਦਾਨ ਪਾਇਆ ਹੈ।

ਉਪਰੋਕਤ ਲੰਬੀ ਚਰਚਾ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਵਾਰਤਕ ਨੇ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਬਹੁਤ ਥੋੜ੍ਹੇ ਸਮੇਂ ਵਿੱਚ ਗੌਰਵਮਈ ਵਿਕਾਸ ਕੀਤਾ ਹੈ।

## ਕੁੱਝ ਮਹੱਤਵਪੂਰਨ ਪ੍ਰਸ਼ਨ

1. ਸਾਹਿਤ ਕੀ ਹੁੰਦਾ ਹੈ ? ਉਸ ਦਾ ਵਰਗੀਕਰਣ ਕਰਦੇ ਹੋਏ ਸਾਹਿਤ ਵਿੱਚ ਵਾਰਤਕ ਦੀਆਂ ਭਿੰਨ-ਭਿੰਨ ਵੰਨਗੀਆਂ ਬਾਰੇ ਸੰਖੇਪ ਜਾਣਕਾਰੀ ਦਿਉ।
2. ਵਾਰਤਕ ਦੀ ਪਰਿਭਾਸ਼ਾ ਦੱਸੋ ਤੇ ਉਸ ਦੇ ਤੱਤਾਂ ਸੰਬੰਧੀ ਚਰਚਾ ਕਰੋ।
3. ਨਿਬੰਧ ਦੀ ਪਰਿਭਾਸ਼ਾ ਦਸਦੇ ਹੋਏ ਉਸ ਦੇ ਲੇਖ ਅਤੇ ਖੋਜ-ਪ੍ਰਬੰਧ ਨਾਲੋਂ ਅੰਤਰ ਨੂੰ ਸਪਸ਼ਟ ਕਰੋ।
4. ਸ਼ੈਲੀ ਕੀ ਹੁੰਦੀ ਹੈ ? ਚੰਗੀ ਵਾਰਤਕ ਸ਼ੈਲੀ ਦੇ ਗੁਣਾਂ ਦੀ ਚਰਚਾ ਕਰਦੇ ਹੋਏ ਪੰਜਾਬੀ ਦੇ ਚੰਗੇ ਵਾਰਤਕ ਸ਼ੈਲੀਕਾਰਾਂ ਨਾਲ ਜਾਣ-ਪਛਾਣ ਕਰਾਓ।
5. ਪੰਜਾਬੀ ਵਾਰਤਕ ਦਾ ਜਨਮ ਕਦੋਂ ਹੋਇਆ ? ਇਸ ਬਾਰੇ ਭਰਪੂਰ ਚਰਚਾ ਕਰੋ।
6. 1800 ਈ. ਤੱਕ ਦੀ ਪੰਜਾਬੀ ਵਾਰਤਕ ਵਧੇਰੇ ਕਰਕੇ ਧਾਰਮਿਕ ਵਿਸ਼ਿਆਂ ਦੀ ਧਾਰਨੀ ਹੈ। ਇਸ ਬਾਰੇ ਟਿੱਪਣੀ ਕਰੋ।
7. ਆਧੁਨਿਕ ਪੰਜਾਬੀ ਵਾਰਤਕ ਦਾ ਮੁੱਢ ਕਦੋਂ ਬੱਝਾ ? ਕੁੱਝ ਪ੍ਰਸਿੱਧ ਮੋਢੀ ਆਧੁਨਿਕ ਵਾਰਤਕ ਲੇ

ਖਕਾਂ ਨਾਲ ਜਾਣਕਾਰੀ ਕਰਵਾਉ।

8. ਆਧੁਨਿਕ ਪੰਜਾਬੀ ਵਾਰਤਕ ਦੇ ਪ੍ਰਮੁੱਖ ਲੇਖਕਾਂ ਦੀ ਪੰਜਾਬੀ ਸਾਹਿਤ ਨੂੰ ਜੋ ਦੇਣ ਹੈ, ਉਸ ਬਾਰੇ ਵਿਸਥਾਰ ਸਹਿਤ ਚਰਚਾ ਕਰੋ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਸਾਹਿਤ ਨੂੰ ਮੁੱਖ ਤੌਰ 'ਤੇ ਕਿਹੜੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ ?
2. ਵਾਰਤਕ ਵਿੱਚ ਕਿਸ ਤੱਤ ਦੀ ਪ੍ਰਧਾਨਤਾ ਹੁੰਦੀ ਹੈ ?
3. ਵਾਰਤਕ ਨੂੰ ਭਾਸ਼ਾ ਦੇ ਵਿਆਕਰਣਕ ਨਿਯਮਾਂ ਦੀ ਪਾਲਣਾ ਕਿਉਂ ਕਰਨੀ ਪੈਂਦੀ ਹੈ ?
4. ਵਾਰਤਕ ਨੂੰ ਦਿਮਾਗ ਦੀ ਬੋਲੀ ਕਿਉਂ ਆਖਿਆ ਜਾਂਦਾ ਹੈ ?
5. ਵਾਰਤਕ ਦੇ ਕਿਹੜੇ ਮੁੱਖ ਤੱਤ ਮੰਨੇ ਜਾਂਦੇ ਹਨ ?
6. ਲੇਖ ਅਤੇ ਨਿਬੰਧ ਵਿੱਚ ਕੀ ਅੰਤਰ ਹੈ ?
7. ਚੰਗੀ ਵਾਰਤਕ ਸ਼ੈਲੀ ਵਿੱਚ ਕਿਹੜੇ ਗੁਣ ਹੋਣੇ ਚਾਹੀਦੇ ਹਨ ?
8. ਪੰਜਾਬੀ ਵਾਰਤਕ ਦਾ ਮੁੱਢ ਕਦੋਂ ਬੱਝਾ ?
9. 'ਪੁਰਾਤਨ ਜਨਮ ਸਾਖੀ' ਵਿੱਚ ਦਰਜ ਸਾਖੀਆਂ ਦੀ ਕੁੱਲ ਗਿਣਤੀ ਕਿੰਨੀ ਹੈ ?
10. 'ਭਗਤ ਰਤਨਾਵਲੀ' ਦੇ ਲੇਖਕ ਕੌਣ ਹਨ ਅਤੇ ਇਸ ਪੁਸਤਕ ਵਿੱਚ ਭਾਈ ਗੁਰਦਾਸ ਦੀ ਕਿੰਨਵੀਂ ਵਾਰ ਦਾ ਟੀਕਾ ਮਿਲਦਾ ਹੈ ?

## ਸਹਾਇਕ ਪੁਸਤਕਾਂ ਦੀ ਸੂਚੀ


1. ਸਾਹਿਤ ਦੇ ਰੂਪ - ਡਾ. ਪਰਮਿੰਦਰ ਸਿੰਘ, ਪ੍ਰੋ. ਕਿਰਪਾਲ ਸਿੰਘ ਕਸੇਲ
2. ਪੰਜਾਬੀ ਸਾਹਿਤ ਦਾ ਇਤਿਹਾਸ - ਭਾਸ਼ਾ ਵਿਭਾਗ, ਪਟਿਆਲਾ।
3. ਜਨਮ ਸਾਖੀਆਂ ਦਾ ਤੁਲਨਾਤਮਕ ਅਧਿਐਨ - ਡਾ. ਜਗਜੀਤ ਸਿੰਘ।
4. ਵਰਤਮਾਨ ਪੰਜਾਬੀ ਵਾਰਤਕ ਲਿਖਾਰੀ - ਪ੍ਰੋ. ਗੁਰਚਰਨ ਸਿੰਘ
5. ਵਾਰਤਕ ਤੇ ਵਾਰਤਕਕਾਰ - ਮਨਮੋਹਨ ਕੇਸਰ
6. ਖੋਜ ਪਤ੍ਰਿਕਾ, ਨਿਬੰਧ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# 'ਪੁਰਾਤਨ ਜਨਮਸਾਖੀ' ਦੀਆਂ ਪ੍ਰਮੁੱਖ ਸਾਖੀਆਂ ਤੇ ਘਟਨਾਵਾਂ

## ਜਨਮਸਾਖੀ ਵਿਚ ਸਾਖੀ ਅਤੇ ਘਟਨਾਵਾਂ ਦੀ ਮਹੱਤਤਾ

ਕਈ ਸਾਖੀਆਂ ਮਿਲ ਕੇ ਇਕ ਜਨਮਸਾਖੀ ਹੋਂਦ ਵਿਚ ਆਉਂਦੀ ਹੈ। ਜਨਮਸਾਖੀ ਮੱਧ-ਕਾਲੀਨ ਗੱਦ ਦੀ ਇਕ ਅਜਿਹੀ ਗੱਦ ਵੰਨਗੀ ਹੈ ਜਿਸ ਵਿਚ ਕਿਸੇ ਇਤਿਹਾਸਕ ਅਤੇ ਅਧਿਆਤਮਕ ਨਾਇਕ ਦੇ ਜੀਵਨ ਨੂੰ ਲਿਖਿਆ ਜਾਂਦਾ ਹੈ। ਸਾਖੀ ਇਸ ਮੰਤਵ ਦੀ ਪੂਰਤੀ ਲਈ ਇਕ ਰਾਹ ਹੈ, ਇਕ ਸਾਧਨ ਹੈ। ਜਨਮਸਾਖੀ ਦੀ ਹਰ ਇਕ ਸਾਖੀ ਵਿਚ ਨਾਇਕ ਦੇ ਜੀਵਨ ਨਾਲ ਸੰਬੰਧਤ ਘਟਨਾ ਨੂੰ ਉਲੀਕ ਕੇ ਉਸਦੀ ਸ਼ਖ਼ਸੀਅਤ ਨੂੰ ਉਭਾਰਿਆ ਜਾਂਦਾ ਹੈ। ਇਸ ਪ੍ਰਕਾਰ ਹਰ ਸਾਖੀ ਮੂਲ ਜਨਮਸਾਖੀ ਦੀ ਲੜੀ ਵਿਚ ਇਕ ਅੰਗ ਵੀ ਬਣਦੀ ਹੈ ਪਰੰਤੂ ਨਾਲ ਹੀ ਇਹ ਆਪਣੀ ਸੁਤੰਤਰ ਇਕਾਈ ਵੀ ਰਖਦੀ ਹੈ। ਇਸ ਕਰਕੇ ਹੀ ਪੰਜਾਬੀ ਸਾਹਿਤ ਦੇ ਕਈ ਵਿਦਵਾਨਾਂ ਨੇ ਹਰ ਸਾਖੀ ਨੂੰ ਇਕ ਸੁਤੰਤਰ ਇਕਾਈ ਕਰਕੇ ਜਾਣਿਆ ਹੈ। ਇਸ ਲਈ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਪੰਜਾਬੀ ਕਹਾਣੀ ਦਾ ਆਰੰਭ ਇਨ੍ਹਾਂ ਸਾਖੀਆਂ ਤੋਂ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਇਹ ਜਾਣ ਲਈਏ ਕਿ ਇਹ ਸਾਖੀਆਂ ਹੀ ਪੰਜਾਬੀ ਦੀਆਂ ਪੁਰਾਣੀਆਂ ਕਹਾਣੀਆਂ ਹਨ। ਇਸ ਤਰ੍ਹਾਂ ਇਹ ਸਿੱਧ ਹੁੰਦਾ ਹੈ ਕਿ ਸਾਖੀ ਦੀ ਜਨਮਸਾਖੀ ਸਾਹਿਤ ਅਤੇ ਕਹਾਣੀ ਦੇ ਵਿਕਾਸ ਵਿਚ ਅਹਿਮ ਥਾਂ ਹੈ।

ਘਟਨਾ, ਬਿਆਨ ਦੀ ਮੂਲ ਇਕਾਈ ਹੈ, ਵੇਰਵਾ-ਬਿਆਨ ਘਟਨਾ ਨਾਲ ਹੀ ਅੱਗੇ ਤੁਰਦਾ ਹੈ। ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਸਮਝ ਲਈਏ ਕਿ ਕਿਸੇ ਘਟਨਾ ਬਿਨਾਂ ਬਿਰਤਾਂਤ ਨਹੀਂ ਸਿਰਜਿਆ ਜਾ ਸਕਦਾ ਹੈ। ਮਿਸਾਲ ਦੇ ਤੌਰ 'ਤੇ ਪੁਰਾਤਨ ਜਨਮਸਾਖੀ ਦੀ ਸਮੁੱਚੀ ਰਚਨਾ ਕਈ ਸਾਖੀਆਂ ਵਿਚ ਮਿਲਦੀ ਹੈ। ਹਰ ਸਾਖੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਕਿਸੇ ਵਿਸ਼ੇਸ਼ ਜਾਂ ਪ੍ਰਮੁੱਖ ਘਟਨਾ ਉੱਤੇ ਆਧਾਰਤ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਘਟਨਾ ਕਿਸੇ ਬਿਰਤਾਂਤ ਨੂੰ ਅੱਗੇ ਤੋਰਦੀ ਹੈ ਅਤੇ ਬਿਰਤਾਂਤ ਇਕ ਸਾਖੀ ਨੂੰ ਸਿਰਜਦਾ ਹੈ ਅਤੇ ਕਈ ਸਾਖੀਆਂ ਦੇ ਇਕੱਠ ਨਾਲ ਇਕ ਜਨਮਸਾਖੀ ਦਾ ਜਨਮ ਹੁੰਦਾ ਹੈ। ਘਟਨਾ ਦੀ ਇਸ ਮਹੱਤਤਾ ਤੋਂ ਇਲਾਵਾ ਇਹ ਵਿਸ਼ੇਸ਼ਤਾ ਵੀ ਹੁੰਦੀ ਹੈ ਕਿ ਇਸ ਤੋਂ ਸਾਨੂੰ ਕਈ ਪ੍ਰਕਾਰ ਦਾ ਗਿਆਨ ਅਤੇ ਸੂਚਨਾ ਵੀ ਮਿਲਦੀ ਹੈ। ਇਸ ਪ੍ਰਕਾਰ ਘਟਨਾ, ਹਰ ਵੇਲੇ, ਨਿਰੋਲ ਕਾਲਪਨਿਕ ਹੀ ਨਹੀਂ ਹੁੰਦੀ ਸਗੋਂ ਇਸ ਵਿਚ ਕਈ ਵਾਰ ਇਤਿਹਾਸਕ ਸਚਾਈ ਵੀ ਹੁੰਦੀ ਹੈ, ਜਿਸ ਤੋਂ ਇਤਿਹਾਸ ਦੇ ਖੋਜੀ ਲਾਭ ਉਠਾ ਸਕਦੇ ਹਨ। ਫਿਰ ਮਿਸਾਲ *'ਪੁਰਾਤਨ ਜਨਮਸਾਖੀ'* ਦੀ ਹੀ ਲੈਂਦੇ ਹਾਂ। ਇਸ ਵਿਚ ਗੁਰੂ ਸਾਹਿਬ ਦੀਆਂ ਉਦਾਸੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਪ੍ਰਮੁੱਖ ਘਟਨਾ ਦਾ ਵਿਸਤਾਰ ਦੇ ਕੇ, ਇਸ ਰਚਨਾ ਦੇ ਕਰਤਾ ਨੇ ਸਾਡੇ ਸਾਹਮਣੇ ਕਈ ਦਿਲਚਸਪ ਸਥਿਤੀਆਂ ਨੂੰ ਰੱਖਿਆ ਹੈ, ਜਿਸ ਤੋਂ ਉਸ ਵੇਲੇ ਦੇ ਪੰਜਾਬ ਦੀ ਸਮਾਜਕ, ਰਾਜਨੀਤਕ, ਧਾਰਮਕ ਅਤੇ ਭਾਈਚਾਰਕ ਹਾਲਤ ਤੋਂ ਅਸੀਂ ਜਾਣੂ ਹੁੰਦੇ ਹਾਂ। ਅਜਿਹਾ ਸਾਰਾ ਵਿਵਰਣ ਘਟਨਾਵਾਂ ਉੱਤੇ ਹੀ ਆਧਾਰਤ ਹੁੰਦਾ ਹੈ। ਇਸ ਸੰਖੇਪ ਵਿਚਾਰ ਤੋਂ ਅਸੀਂ ਇਸ ਨਤੀਜੇ ਉੱਤੇ ਪੁਜਦੇ ਹਾਂ ਕਿ ਜਨਮਸਾਖੀ ਦੀ ਤਕਨੀਕ ਵਿਚ ਸਾਖੀ ਅਤੇ ਘਟਨਾ ਦੋਵੇਂ ਆਪਣਾ-ਆਪਣਾ ਮਹੱਤਵ ਰੱਖਦੇ ਹਨ।

## 'ਪੁਰਾਤਨ ਜਨਮਸਾਖੀ' ਦੀਆਂ ਪ੍ਰਮੁੱਖ ਸਾਖੀਆਂ

'ਪੁਰਾਤਨ ਜਨਮਸਾਖੀ' ਪੁਸਤਕ ਵਿਚ ਕੁਲ 57 ਸਾਖੀਆਂ ਹਨ। ਇਨ੍ਹਾਂ ਸਾਰੀਆਂ ਸਾਖੀਆਂ ਦਾ ਸਿੱਧਾ ਸੰਬੰਧ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸ਼ਖ਼ਸੀਅਤ ਨਾਲ ਹੈ। ਗੁਰੂ ਸਾਹਿਬ ਨੂੰ ਇਸ ਰਚਨਾ ਵਿਚ ਨਾਇਕ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਇਸ ਲਈ ਗੁਰੂ ਸਾਹਿਬ ਸਾਰੀ ਰਚਨਾ ਵਿਚ ਛਾਏ ਰਹਿੰਦੇ ਹਨ। ਇਸ ਰਚਨਾ ਦੇ ਜਿੰਨੇ ਵੀ ਹੋਰ ਇਤਿਹਾਸਕ ਜਾਂ ਕਲਪਿਤ ਪਾਤਰ ਹਨ, ਇਨ੍ਹਾਂ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਉਹ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਅਧੀਨ ਪਾਤਰ ਹੀ ਬਣ ਕੇ ਰਹਿ ਜਾਂਦੇ ਹਨ। ਇਸ ਵਿਚਾਰ ਨੂੰ ਇਸ ਤਰ੍ਹਾਂ ਵੀ ਪ੍ਰਗਟਾਇਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਤੋਂ ਇਲਾਵਾ ਜਿੰਨੇ ਵੀ ਪਾਤਰ ਇਸ ਰਚਨਾ ਵਿਚ ਹਨ ਉਹ ਸਾਰੇ ਸਹਾਇਕ ਪਾਤਰਾਂ ਦੀ ਭੂਮਿਕਾ

ਨਿਭਾਉਂਦੇ ਹਨ। ਗੁਰੂ ਸਾਹਿਬ ਇਕ ਅਜਿਹੀ ਸ਼ਖ਼ਸੀਅਤ ਦੇ ਤੌਰ 'ਤੇ ਚਿੱਤਰੇ ਗਏ ਹਨ ਜਿਹੜੀ ਮਹਾਨ ਅਤੇ ਦੈਵੀ ਗੁਣਾਂ ਨਾਲ ਭਰਪੂਰ ਹੈ।

ਪੁਰਾਤਨ ਜਨਮਸਾਖੀ ਦੀ ਪਹਿਲੀ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ, ਬਾਲਪਨ ਆਦਿ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ, ਪਿੰਡ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਹ ਵੀ ਲਿਖਿਆ ਗਿਆ ਹੈ ਕਿ ਗੁਰੂ ਸਾਹਿਬ ਬਚਪਨ ਤੋਂ ਹੀ ਗੂੜ੍ਹ ਗਿਆਨ ਦੀਆਂ ਗੱਲਾਂ ਕਰਨ ਲੱਗ ਪਏ ਸਨ। ਗੁਰੂ ਸਾਹਿਬ ਦੀ ਵਿੱਦਿਆ ਆਦਿ ਬਾਰੇ ਸਾਖੀਕਾਰ ਨੇ ਸਾਖੀ ਨੰਬਰ 2 ਵਿਚ ਦੱਸਿਆ ਹੈ। ਉਹ ਲਿਖਦਾ ਹੈ ਕਿ ਗੁਰੂ ਸਾਹਿਬ ਨੂੰ ਪਾਂਧੇ ਪਾਸ ਪੜ੍ਹਨ ਪਾਇਆ ਗਿਆ ਅਤੇ ਕਿਵੇਂ ਉਹ (ਗੁਰੂ ਸਾਹਿਬ) ਪੱਟੀ ਦੇ ਸਹੀ ਅਰਥ ਪਾਂਧੇ ਨੂੰ ਸਮਝਾਉਂਦੇ ਹਨ। ਇਸ ਸਾਖੀ ਤੋਂ ਸਾਨੂੰ ਇਹ ਵੀ ਸੂਚਨਾ ਮਿਲਦੀ ਹੈ ਕਿ ਗੁਰੂ ਸਾਹਿਬ ਪਾਂਧੇ ਨੂੰ ਅਸਲ ਗਿਆਨ ਦੀ ਸੋਝੀ ਵੀ ਦਿੰਦੇ ਹਨ। ਸਾਖੀ ਨੰਬਰ 3 ਵਿਚ ਗੁਰੂ ਸਾਹਿਬ ਨੂੰ ਜਵਾਨ ਹੋਇਆ ਵਿਖਾਇਆ ਗਿਆ ਹੈ ਅਤੇ ਉਨ੍ਹਾਂ ਦੀ ਕੁੜਮਾਈ ਅਤੇ ਵਿਆਹ ਦਾ ਉਲੇਖ ਕੀਤਾ ਗਿਆ ਹੈ। ਇਹ ਲਿਖਿਆ ਗਿਆ ਹੈ ਕਿ ਜਦੋਂ ਗੁਰੂ ਸਾਹਿਬ ਬਾਰ੍ਹਾਂ ਵਰ੍ਹਿਆਂ ਦੇ ਹੋਏ ਤਾਂ ਉਨ੍ਹਾਂ ਦੀ ਸ਼ਾਦੀ ਕਰ ਦਿੱਤੀ ਗਈ ਅਤੇ ਉਹ ਦੁਨਿਆਵੀ ਕਾਰ-ਵਿਹਾਰ ਵਿਚ ਲੱਗ ਗਏ ਪਰ ਉਨ੍ਹਾਂ ਦਾ ਦਿਲ ਇਸ ਕੰਮ ਵਿਚ ਲੱਗਿਆ ਨਹੀਂ ਸੀ। ਇਸ ਲਈ ਲੇਖਕ ਕਹਿੰਦਾ ਹੈ, 'ਜਬ ਬਾਬਾ ਬਰਸਾ ਬਾਰਹ ਕਾ ਹੋਆ ਤਬਿ ਪਰਣਾਇਆ। ਬਾਬਾ ਲਗਾ ਸੰਸਾਰ ਦੀ ਕਿਰਤ ਕਰਣਿ। ਪਰੁ ਚਿਤੁ ਕਿਸ ਨਾਲਿ ਲਾਗੇ ਨਾਹੀ। ਮਾਤਾ ਪਿਤਾ ਇਸਤਰੀ ਨਾਲਿ ਗਲਿ ਕਰੇ ਨਾਹੀ। ਘਰ ਦੀ ਖਬਰਿ ਲਹੈ ਨਾਹਿ। ਘਰ ਦੇ ਆਦਮੀ ਆਖਨਿ ਜੋ ਅਜੁ ਕਲਿ ਫਕੀਰਾਂ ਨਾਲ ਉਠਿ ਜਾਂਦਾ ਹੈ।' ਇਸ ਬਿਰਤਾਂਤ ਤੋਂ ਇਹ ਮਾਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਆਰੰਭ ਤੋਂ ਹੀ ਰੱਬ ਦੀ ਭਗਤੀ ਵਿਚ ਲੀਨ ਰਹਿਣ ਵਾਲੀ ਸ਼ਖ਼ਸੀਅਤ ਸਨ। ਸਾਖੀ ਨੰਬਰ 4 ਵਿਚ ਖੇਤ ਹਰਿਆ ਹੋਣ ਵਾਲੀ ਪ੍ਰਸਿੱਧ ਘਟਨਾ ਹੈ। ਇਸ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਨੂੰ ਇਕ ਕਰਾਮਾਤੀ ਸ਼ਖ਼ਸੀਅਤ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਮੱਝਾਂ ਚਾਰਦੇ ਹਨ। ਨੀਂਦ ਆਉਣ 'ਤੇ ਦਰਖ਼ਤ ਦੀ ਛਾਂ ਥੱਲੇ ਆਰਾਮ ਕਰਨ ਲੱਗ ਪੈਂਦੇ ਹਨ ਅਤੇ ਮੱਝਾਂ ਕਣਕ ਨੂੰ ਜਾ ਪੈਂਦੀਆਂ ਹਨ ਅਤੇ ਫਿਰ ਖੇਤ ਦਾ ਮਾਲਕ ਭੱਟੀ ਕਿਵੇਂ ਗੁੱਸੇ ਵਿਚ ਆਉਂਦਾ ਹੈ। ਗੁਰੂ ਸਾਹਿਬ ਦੀ ਸ਼ਿਕਾਇਤ ਲਗਦੀ ਹੈ ਪਰ ਗੁਰੂ ਸਾਹਿਬ ਆਪਣੀ ਦੈਵੀ ਸ਼ਕਤੀ ਨਾਲ ਖੇਤ ਨੂੰ ਸਹੀ ਸਲਾਮਤ ਕਰ ਦਿੰਦੇ ਹਨ। ਇਸੇ ਤਰ੍ਹਾਂ ਹੀ ਸਾਖੀ ਨੰਬਰ 5 ਵਿਚ ਗੁਰੂ ਸਾਹਿਬ ਨੂੰ ਕਰਾਮਾਤੀ ਸ਼ਕਤੀ ਰੱਖਣ ਵਾਲਾ ਅਧਿਆਤਮਕ ਨਾਇਕ ਵਜੋਂ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਦੀ ਮਰਜ਼ੀ ਅਨੁਸਾਰ ਬ੍ਰਿਛ ਦੀ ਛਾਂ ਫਿਰਦੀ ਹੈ। ਇਸ ਸਾਖੀ ਵਿਚੋਂ ਸਾਨੂੰ ਇਹ ਸੂਚਨਾ ਵੀ ਮਿਲਦੀ ਹੈ ਕਿ ਗੁਰੂ ਸਾਹਿਬ ਦੇ ਘਰ ਦੋ ਬੇਟੇ ਲਖਮੀ ਦਾਸ ਅਤੇ ਸਿਰੀ ਚੰਦ ਨੇ ਜਨਮ ਲਿਆ। ਪਰ ਗੁਰੂ ਸਾਹਿਬ ਦੀ ਉਦਾਸੀ ਗਈ ਨਾ, ਉਹ ਘਰੋਂ ਬਾਹਰ ਚਲੇ ਜਾਂਦੇ ਹਨ। ਇਸ ਤਰ੍ਹਾਂ ਹੀ ਇਕ ਦਿਨ ਦਰਖ਼ਤ ਦੇ ਥੱਲੇ ਪੈ ਗਏ। ਇਸ ਦਰਖ਼ਤ ਦੀ ਛਾਂ ਖੜ੍ਹੀ ਰਹੀ। ਇਸ ਘਟਨਾ ਤੋਂ ਰਾਏ ਬੁਲਾਰ ਬੜਾ ਪ੍ਰਭਾਵਿਤ ਹੁੰਦਾ ਹੈ ਅਤੇ ਕਾਲੂ ਜੀ ਨੂੰ ਆਖਦਾ ਹੈ, 'ਕਾਲੂ ਮਤੁ ਇਸ ਪੁਤ੍ਰ ਨੋ ਫਿਟੁ ਮਾਰ ਦੇਦਾ ਹੋਵੇ; ਇਹ ਮਹਾਂਪੁਰਖ ਹੈ, ਇਸ ਦਾ ਸਦਕਾ ਮੇਰਾ ਸਹਰੁ ਵਸਦਾ ਹੈ। ਕਾਲੂ ਤੂੰ ਭੀ ਨਿਹਾਲ ਹੋਆ, ਅਤੇ ਮੈਂ ਭੀ ਨਿਹਾਲ ਹਾਂ, ਜਿਸ ਦੇ ਸਹਰੁ ਵਿਚ ਇਹੁ ਪੈਦਾ ਹੋਆ ਹੈ।'

ਖੇਤੀਬਾੜੀ, ਵਿਉਪਾਰ ਕੰਮ-ਕਾਜ ਅਤੇ ਨੌਕਰੀ ਆਦਿ ਬਾਰੇ ਸਾਖੀ ਨੰਬਰ 6 ਵਿਚ ਲਿਖਿਆ ਗਿਆ ਹੈ। ਗੁਰੂ ਸਾਹਿਬ ਦੇ ਪਿਤਾ ਉਨ੍ਹਾਂ ਨੂੰ ਕੰਮ ਧੰਦਾ ਕਰਨ ਲਈ ਆਖਦੇ ਹਨ ਪਰੰਤੂ ਗੁਰੂ ਸਾਹਿਬ ਸਭ ਕੁੱਝ ਸੰਤਾਂ-ਸਾਧੂਆਂ ਵਿਚ ਵੰਡ ਦਿੰਦੇ ਹਨ ਕਿਉਂਕਿ ਉਨ੍ਹਾਂ ਦੀ ਸਮਝ ਵਿਚ ਇਹ ਕੰਮ (ਪਰਉਪਕਾਰ) ਹੀ ਮਾਨਵ ਦਾ ਅਸਲ ਕੰਮ ਹੈ। ਸਾਖੀ ਨੰਬਰ 7 ਵਿਚ ਗੁਰੂ ਸਾਹਿਬ ਨੂੰ ਬੀਮਾਰ ਸਮਝ ਕੇ ਉਨ੍ਹਾਂ ਦੇ ਇਲਾਜ ਲਈ ਵੈਦ ਨੂੰ ਬੁਲਾਇਆ ਜਾਂਦਾ ਹੈ। ਵੈਦ ਵੀ ਗੁਰੂ ਸਾਹਿਬ ਦੀ ਆਤਮਿਕ ਸ਼ਕਤੀ ਨੂੰ ਪਹਿਚਾਣ ਜਾਂਦਾ ਹੈ ਅਤੇ ਨਮਸਕਾਰ ਕਰਦਾ ਹੈ। ਸਾਖੀ ਨੰਬਰ 8 ਵਿਚ ਸੁਲਤਾਨਪੁਰ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਸਾਹਿਬ ਆਪਣੇ ਬਹਿਨੋਈ ਜੈ ਰਾਮ ਪਾਸ ਜਾਂਦੇ ਹਨ। ਸਾਖੀ ਨੰਬਰ 9 ਵਿਚ ਇਹ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਦਾ ਪ੍ਰਬੰਧ ਸੰਭਾਲਦੇ ਹਨ ਅਤੇ ਕਿਸ ਪ੍ਰਕਾਰ ਲੋੜਵੰਦਾਂ ਦੀ ਸਹਾਇਤਾ ਕਰਦੇ ਹਨ। ਸਾਖੀ ਨੰਬਰ 10 ਵਿਚ ਵੇਈਂ ਪ੍ਰਵੇਸ਼ ਵਾਲੀ ਪ੍ਰਸਿੱਧ ਘਟਨਾ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਗੁਰੂ ਸਾਹਿਬ ਦੇ ਵਿਸ਼ੇਸ਼ ਅਧਿਆਤਮਿਕ ਅਨੁਭਵ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। ਸਾਖੀ ਨੰਬਰ 11 ਵਿਚ ਨਾਇਕ ਨੂੰ ਕਾਜ਼ੀਆਂ-ਮੁਲਾਣਿਆਂ ਨਾਲ ਚਰਚਾ ਕਰਦਿਆਂ ਵਿਖਾਇਆ ਗਿਆ ਹੈ। ਇਸ ਤੋਂ ਇਲਾਵਾ ਇਹ ਵੀ ਦਸਿਆ ਗਿਆ ਹੈ ਕਿ ਨਾਇਕ ਕਿਵੇਂ ਮੋਦੀਖਾਨੇ ਦੀ ਨੌਕਰੀ ਨੂੰ ਛੱਡਦਾ ਹੈ। ਮਰਦਾਨੇ ਦੀ ਪੂਜਾ ਕਰਾਈ ਗਈ

ਹੈ। ਇਹ ਸੂਚਨਾ ਸਾਖੀ ਨੰਬਰ 12 ਵਿਚੋਂ ਮਿਲਦੀ ਹੈ। ਦਸਿਆ ਗਿਆ ਹੈ, 'ਬਾਬੇ ਦੀ ਖ਼ੁਸ਼ੀ ਹੋਈ, ਮਰਦਾਨਾ ਇਕ ਦਿਨ ਸਹਰੁ ਨੂੰ ਭੇਜਿਆ। ਭੇਜਦਿਆਂ ਨਾਲਿ ਪੂਜਾ ਬਹੁਤੁ ਲਾਗੀ। ਜਾਂ ਗਇਆ ਤਾਂ ਸਾਰਾ ਸਹਰੁ ਆਇ ਪੈਰੀ ਪਇਆ। ਜਾਂ ਗਇਆ ਤਾਂ ਪੰਜੀਹੈ ਕਪੜੈ ਪੰਡਿ ਬੰਨਿਕੈ ਲੈ ਆਇਆ।' ਸੱਜਣ-ਠੱਗ ਨੂੰ ਗੁਰੂ ਸਾਹਿਬ ਇਕ ਚੰਗਾ ਇਨਸਾਨ ਬਣਾ ਦਿੰਦੇ ਹਨ। ਇਹ ਕਰਤਬ ਸਾਖੀ ਨੰਬਰ 13 ਵਿਚ ਬਿਆਨ ਕੀਤਾ ਗਿਆ ਹੈ। ਇਸ ਬਿਆਨ ਤੋਂ ਪਤਾ ਲਗਦਾ ਹੈ ਕਿ ਕਿਵੇਂ ਮੱਧਕਾਲੀਨ ਯੁੱਗ ਵਿਚ ਯਾਤਰੀਆਂ ਨੂੰ ਮਿੱਠਾ ਬਣ ਕੇ ਲੁੱਟਿਆ ਜਾਂਦਾ ਸੀ ਪਰੰਤੂ ਨਾਲ ਹੀ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਅਜਿਹੇ ਨਾਇਕ ਸਨ ਜਿਹੜੇ ਆਪਣੀ ਕਰਨੀ ਅਤੇ ਕਥਨੀ ਨਾਲ ਬੁਰੇ ਇਨਸਾਨਾਂ ਨੂੰ ਚੰਗੇ ਬਣਾਉਣ ਦੀ ਸ਼ਕਤੀ ਰੱਖਦੇ ਸਨ। ਗੁਰੂ ਸਾਹਿਬ ਸ਼ੇਖ਼ ਸ਼ਰਫ ਨਾਲ ਗੋਸ਼ਟ ਕਰਦੇ ਹਨ, ਇਹ ਗੱਲ ਸਾਨੂੰ ਸਾਖੀ ਨੰਬਰ 14 ਤੋਂ ਪਤਾ ਲਗਦੀ ਹੈ। ਇਸ ਲਈ ਅਜਿਹੇ ਬਿਆਨ ਨੂੰ ਪੜ੍ਹ ਕੇ ਹੀ ਇਹ ਰਾਏ ਪ੍ਰਗਟਾਈ ਜਾਂਦੀ ਹੈ ਕਿ ਆਲੋਚਨਾਧੀਨ ਰਚਨਾ ਵਿਚ ਗੋਸ਼ਟੀ ਵੰਨਗੀ ਵੀ ਹੈ। ਪਤਾ ਇਹ ਲਗਦਾ ਹੈ ਕਿ ਉਦੋਂ ਅਧਿਆਤਮਕ ਜਗਤ ਵਿਚ ਇਹ ਪ੍ਰਚੱਲਿਤ ਸੀ ਕਿ ਜਦੋਂ ਦੋ ਆਗੂ ਇਕੱਠੇ ਹੁੰਦੇ ਹਨ ਉਦੋਂ ਹੀ ਉਹਨਾਂ ਵਿਚ ਆਪਸੀ ਗੱਲਬਾਤ ਆਰੰਭ ਹੋ ਜਾਂਦੀ। ਅਜਿਹੀ ਇਕ ਵਾਰਤਾਲਾਪ ਗੁਰੂ ਸਾਹਿਬ ਅਤੇ ਸ਼ੇਖ ਸ਼ਰਫ ਵਿਚਕਾਰ ਵਿਖਾਈ ਗਈ। ਇਹ ਵੀ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਦੇ ਗਿਆਨ ਤੋਂ ਸ਼ੇਖ ਬਹੁਤ ਪ੍ਰਭਾਵਿਤ ਹੋਇਆ। ਸਾਖੀ 'ਚ ਆਉਂਦਾ ਹੈ, 'ਤਬਿ ਸ਼ੇਖ ਸ਼ਰਫ ਆਖਿਆ– ਵਾਹੁ ਵਾਹੁ ਖੁਦਾਇ ਦਿਆ, ਸੋਹੀ ਕਰਣਿ ਵਾਲਿਆਂ ਦਾ ਕਿਆ ਸਹੀ ਕੀਚੈ' ਉਨਕਾ ਦੀਦਾਰ ਹੀ ਬਹੁਤ ਹੈ।' ਤਬਿ ਆਇ ਦਸਤਪੋਸ਼ੀ ਕੀਤੀ ਓਸ ਪੈਰ ਚੁਮਿਓਸ।' ਸਾਖੀ ਨੰਬਰ 15 ਵਿਚ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਦਿੱਲੀ ਵਿਖੇ ਕਿਵੇਂ ਮੋਏ ਹੋਏ ਹਾਥੀ ਨੂੰ ਜ਼ਿੰਦਾ ਕਰਦੇ ਹਨ। ਇਹ ਸਾਖੀ ਜਿੱਥੇ ਗੁਰੂ ਸਾਹਿਬ ਦੀ ਕਰਾਮਾਤੀ ਸ਼ਖ਼ਸੀਅਤ ਨੂੰ ਸਾਡੇ ਸਾਹਮਣੇ ਲਿਆਂਦੀ ਹੈ ਉਥੇ ਇਸ ਘਟਨਾ ਤੋਂ ਇਹ ਵੀ ਪਤਾ ਲਗਦਾ ਹੈ ਕਿ ਉਹ ਗਰੀਬਾਂ ਦੀ ਹਾਲਤ ਦਾ ਵਿਸ਼ੇਸ਼ ਤੌਰ 'ਤੇ ਧਿਆਨ ਰੱਖਦੇ ਸਨ। ਮਰੇ ਹੋਏ ਹਾਥੀ ਨੂੰ ਜਿਉਂਦਾ ਕਰਕੇ ਗੁਰੂ ਸਾਹਿਬ ਨੇ ਇਕ ਸਾਧਾਰਨ ਵਿਅਕਤੀ ਨੂੰ ਆਪਣੀ ਰੋਟੀ ਕਮਾਉਣ ਵਿਚ ਸਹਾਇਤਾ ਦਿੱਤੀ।

ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਦਾ ਆਰੰਭ ਸਾਖੀ ਨੰਬਰ 16 ਤੋਂ ਹੁੰਦਾ ਹੈ। ਇਸ ਸਾਖੀ ਵਿਚ ਇਹ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਪਹਿਲੀ ਉਦਾਸੀ ਲਈ ਪੂਰਬ ਵੱਲ ਚਲਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਪਹਿਰਾਵੇ ਅਤੇ ਸ਼ੇਖ ਬਜੀਦ ਦੇ ਨਾਲ ਹੋਈ ਮੁਲਾਕਾਤ ਬਾਰੇ ਦੱਸਿਆ ਗਿਆ ਹੈ। ਇਸ ਵੇਲੇ ਮਰਦਾਨਾ ਗੁਰੂ ਜੀ ਦੇ ਸੰਗ ਹੈ। ਇਸ ਸਾਖੀ ਤੋਂ ਹੀ ਗੁਰੂ ਸਾਹਿਬ ਦੀ ਵਿਚਾਰਧਾਰਾ ਦਾ ਵੀ ਪਤਾ ਲਗਦਾ ਹੈ, ਜਿਵੇਂ ਗੁਰੂ ਸਾਹਿਬ ਫਰਮਾਉਂਦੇ ਹਨ, 'ਮਰਦਾਨਿਆਂ ! ਤਪ ਤੇ ਰਾਜੁ ਹੈ, ਰਾਜੁ ਤੇ ਨਰਕ ਹੈ। ਅਤੇ ਜੋ ਕੋਈ ਆਇਆ ਹੈ, ਸੋ ਮਾਤਾ ਦੇ ਪੇਟੁ ਤੇ ਨਾਂਗਾ ਆਇਆ ਹੈ, ਅਤੇ ਸੁਖੁ ਦੁਖੁ ਪਿਛਲਾ ਲੇਖੁ ਚਲਿਆ ਜਾਇ। ਤਬਿ ਮਰਦਾਨਾ ਪੈਰੀ ਪਇਆ।' ਪਹਿਲੀ ਉਦਾਸੀ ਦੌਰਾਨ ਗੁਰੂ ਸਾਹਿਬ ਕਈ ਥਾਵਾਂ ਉੱਤੇ ਜਾ ਕੇ ਕਈ ਵਿਅਕਤੀਆਂ ਨਾਲ ਵਿਚਾਰ ਵਟਾਂਦਰਾ ਕਰਦੇ ਹਨ। ਦੋਹਾਂ ਵਿਚ ਕਈ ਪ੍ਰਸ਼ਨ ਉੱਤਰ ਹੁੰਦੇ ਹਨ। ਅਗਲੀ ਸਾਖੀ ਅਰਥਾਤ ਸਾਖੀ ਨੰਬਰ 18 ਵਿਚ ਗੁਰੂ ਸਾਹਿਬ ਦੀ ਸਿੱਧਾਂ ਨਾਲ ਗੋਸ਼ਟ ਵਿਖਾਈ ਗਈ ਹੈ। ਸਾਖੀ ਦਾ ਆਰੰਭ ਵੀ ਨਾਟਕੀ ਢੰਗ ਨਾਲ ਕੀਤਾ ਗਿਆ ਹੈ ਜਿਸ ਤੋਂ ਗੁਰੂ ਸਾਹਿਬ ਦੀ ਸ੍ਰੇਸ਼ਟ ਸ਼ਖ਼ਸੀਅਤ ਤੋਂ ਅਸੀਂ ਜਾਣੂ ਹੁੰਦੇ ਹਾਂ। ਅੰਤ ਤੱਕ ਇਸ ਨਾਟਕੀ ਅੰਸ਼ ਨੂੰ ਕਾਇਮ ਰੱਖਿਆ ਗਿਆ ਹੈ, ਕਿਉਂਕਿ ਗੁਰੂ ਸਾਹਿਬ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਸਿੱਧ ਬੋਲ ਉਠਦਾ ਹੈ। ਤਬਿ ਸਿਧਾ 'ਆਦੇਸੁ ਆਦੇਸੁ' ਕੀਤਾ, 'ਜੋ ਇਹੁ ਕੋਈ ਮਹਾਂਪੁਰਖ ਹੈ ਜਿਸ ਦੇ ਬੈਠਣੇ ਸਾਥਿ ਬੜੁ ਹੋਆ ਹਰਨਾ ਭੰਡਾਰੇ ਕਾ, 'ਤਬਿ ਗੁਰੂ ਬਾਬਾ ਓਥਹੁ ਰਵਿਦਾ ਰਹਿਆ।' ਸਾਖੀ ਨੰਬਰ 19 ਵਿਚ ਇਹ ਸੂਚਨਾ ਦਿੱਤੀ ਗਈ ਹੈ ਕਿ ਨਾਇਕ ਵਣਜਾਰਿਆਂ ਦੇ ਨਾਲ ਜਾਂਦੇ ਹਨ। ਇਸ ਵਿਚ ਦੱਸਿਆ ਗਿਆ ਹੈ ਕਿ ਮਰਦਾਨੇ ਦੀ ਭੁੱਖ ਕਿਵੇਂ ਮਿਟਾਈ ਗਈ। ਸਾਖੀ ਨੰਬਰ 20 ਵਿਚ ਗੁਰੂ ਸਾਹਿਬ ਦੀ ਵਿਸ਼ਾਲ ਦ੍ਰਿਸ਼ਟੀ ਬਾਰੇ ਲਿਖਿਆ ਗਿਆ ਹੈ। ਇਸ ਸਾਖੀ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਇਕ ਪਾਲੀ ਨੂੰ ਕਿਵੇਂ ਪਾਤਸ਼ਾਹ ਬਣਾਉਂਦੇ ਹਨ।

ਸਾਖੀ ਨੰਬਰ 21 ਵਿਚ ਇਹ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਸਾਧਾਰਨ ਵਿਅਕਤੀਆਂ ਨੂੰ ਸਾਧਾਰਨ ਜੀਵਨ ਦੀਆਂ ਛੋਟੀਆਂ ਘਟਨਾਵਾਂ ਦੱਸ ਕੇ ਡੂੰਘੇ ਅਧਿਆਤਮਕ ਰਾਜ਼ਾਂ ਨੂੰ ਸਮਝਾਉਂਦੇ ਹਨ। ਇਸ ਸਾਖੀ ਤੋਂ ਇਹ ਪਤਾ ਲਗਦਾ ਹੈ ਕਿ ਇਨਸਾਨ ਦੇ ਉਹੋ ਹੀ ਵਸਤੂਆਂ ਵਰਤਮਾਨ ਵਿਚ ਕੰਮ ਆਉਣਗੀਆਂ, ਜਿਹੜੀਆਂ ਉਸ ਦੇ ਪਿਛਲੇ ਜਨਮ ਵਿਚ ਕਮਾਈਆਂ ਹਨ। ਸਾਖੀ ਨੰਬਰ 22 ਦੱਸਦੀ ਹੈ ਕਿ ਗੁਰੂ ਸਾਹਿਬ ਨੇ ਠੱਗਾਂ ਦਾ ਨਿਸਤਾਰਾ ਕੀਤਾ। ਠੱਗ ਵੀ ਜ਼ਿੰਦਗੀ

ਦੀਆਂ ਚੰਗੀਆਂ ਕੀਮਤਾਂ ਪ੍ਰਤੀ ਚੇਤੰਨ ਹੁੰਦੇ ਹਨ ਅਤੇ ਗੁਰੂ ਸਾਹਿਬ ਦੀ ਸ਼ਰਨ ਆਉਂਦੇ ਹਨ। ਸਾਖੀ ਨੰਬਰ 23 ਵਿਚ ਇਹ ਲਿਖਿਆ ਗਿਆ ਹੈ ਕਿ ਨਾਇਕ ਨੂਰ ਸ਼ਾਹ ਦਾ ਨਿਸਤਾਰਾ ਕਰਦੇ ਹਨ। ਕਊਰ ਦੇਸ਼ ਦਾ ਵਿਵਰਣ ਪ੍ਰਾਪਤ ਹੁੰਦਾ ਹੈ ਅਤੇ ਮਰਦਾਨੇ ਦੀ ਭੁੱਖ ਤੋਂ ਪਾਠਕ ਜਾਣੂ ਹੁੰਦਾ ਹੈ। ਤ੍ਰਿਆ ਰਾਜ ਦੀਆਂ ਗੱਲਾਂ ਤੋਂ ਅਸੀਂ ਜਾਣੂ ਹਾਂ। ਕਲਜੁਗ ਬਾਰੇ ਸਾਖੀ ਨੰਬਰ 24 ਵਿੱਚ ਦੱਸਿਆ ਗਿਆ ਹੈ। ਸਾਖੀ ਦੇ ਅੰਤ 'ਤੇ ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਸਿੱਖ ਦੀ ਮਹੱਤਤਾ ਬਾਰੇ ਪਤਾ ਲਗਦਾ ਹੈ। ਲਿਖਿਆ ਹੈ ਤਬਿ ਗੁਰੂ ਨਾਨਕ ਆਖਿਆ ;'ਮੇਰਾ ਸਿਖੁ ਕੋਟ ਮਧੇ ਕੋਈ ਹੋਵੇਗਾ; ਤਿਸਦਾ ਸਦਕਾ ਤੇਰੀ ਗਤਿ ਹੋਵੇਗੀ।' ਤਬ ਕਲਿਜੁਗ ਪੈਰੀ ਪਇਆ। ਬਾਬੈ ਵਿਦਾ ਕੀਤਾ। ਕੀੜ ਨਗਰ ਬਾਰੇ ਸਾਖੀ ਨੰਬਰ 25 ਵਿਚ ਦੱਸਿਆ ਗਿਆ ਹੈ। ਅਜੀਬ ਪ੍ਰਕਾਰ ਦੇ ਵਾਤਾਵਰਣ ਨੂੰ ਦਰਸਾਇਆ ਗਿਆ ਹੈ। 'ਵਸਦਾ ਰਹੇ' ਵਾਲੀ ਪ੍ਰਸਿੱਧ ਸਾਖੀ ਨੰਬਰ 26 ਹੈ। ਸਾਖੀ ਨੰਬਰ 27 ਵਿਚ ਉੱਜੜ ਜਾਣ ਵਾਲੀ ਘਟਨਾ ਦਾ ਉਲੇਖ ਕੀਤਾ ਗਿਆ ਹੈ। ਇਸ ਸਾਖੀ ਦੇ ਵਿਵਰਣ ਤੋਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਚੰਗੇ ਵਿਅਕਤੀਆਂ ਦੀ ਲੋੜ ਹਰ ਥਾਂ ਅਤੇ ਹਰ ਵੇਲੇ ਹੁੰਦੀ ਹੈ। ਸਾਖੀ ਨੰਬਰ 28 ਵਿਚ ਗੁਰੂ ਸਾਹਿਬ ਦੀ ਸ਼ੇਖ ਫਰੀਦ ਨਾਲ ਗੋਸ਼ਟੀ ਵਿਖਾਈ ਗਈ ਹੈ, ਆਸ਼ਾ ਦੇਸ਼ ਬਾਰੇ ਦਸਿਆ ਗਿਆ ਹੈ। ਬਿਸੀਅਰ ਦੇਸ਼, ਆਦਿ ਬਾਰੇ ਸਾਖੀ ਨੰਬਰ 29 ਵਿਚ ਲਿਖਿਆ ਗਿਆ ਹੈ। ਸਾਖੀ ਨੰਬਰ 30 ਵਿਚ ਮਰਦਾਨੇ ਦੇ ਇਹ ਰੋਸ ਪ੍ਰਗਟ ਕਰਨ 'ਤੇ ਕਿ ਗੁਰੂ ਸਾਹਿਬ ਨੇ ਉਸ ਨੂੰ ਉਜਾੜ ਵਿਚ ਭੁੱਖਾ ਮਾਰ ਛੱਡਿਆ ਹੈ। ਇਸ ਗੱਲ ਦੇ ਉੱਤਰ ਵਿਚ ਗੁਰੂ ਸਾਹਿਬ ਅਸਲ ਗੱਲ ਨੂੰ ਸਮਝਾਉਂਦਿਆਂ ਮਰਦਾਨੇ ਨੂੰ ਆਖਦੇ ਹਨ 'ਮਰਦਾਨਿਆਂ ਅਸੀਂ ਉਜਾੜਿ ਵਿਚ ਨਾਹੀ।' ਅਸੀਂ ਵਸਦੀ ਵਿਚਿ ਆਹਾ, ਜਿਥੇ ਨਾਉ ਚਿਤਿ ਆਵਦਾ ਹੈ।' ਸਾਖੀ ਨੰਬਰ 31 ਮਾਨਵੀ ਕੀਮਤਾਂ ਨਾਲ ਭਰੀ ਹੋਈ ਹੈ ਕਿਉਂਕਿ ਇਸ ਵਿਚ ਗੁਰੂ ਸਾਹਿਬ ਨੂੰ ਮਾਤਾ ਪਿਤਾ ਨਾਲ ਮੇਲ ਵਿਖਾਇਆ ਗਿਆ ਹੈ। ਜਿੱਥੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਇਕ ਬੱਚੇ ਦੇ ਰੂਪ ਵਿਚ ਉਲੀਕਿਆ ਗਿਆ ਹੈ। ਬਾਰ੍ਹਾਂ ਸਾਲਾਂ ਬਾਦ ਗੁਰੂ ਸਾਹਿਬ ਤਲਵੰਡੀ ਮੁੜਦੇ ਹਨ ਅਤੇ ਆਪਣੇ ਮਾਤਾ-ਪਿਤਾ ਨੂੰ ਮਿਲਦੇ ਹਨ। ਜਦ ਗੁਰੂ ਸਾਹਿਬ ਦੀ ਮਾਤਾ ਨੂੰ ਇਹ ਪਤਾ ਲਗਦਾ ਹੈ ਕਿ ਉਸ ਦੇ ਜਿਗਰ ਦਾ ਟੁਕੜਾ ਆਇਆ ਹੋਇਆ ਹੈ ਤਾਂ ਉਹ ਕਹਿੰਦੀ ਹੈ, 'ਭਾਈ ਵੇ! ਏਹੁ ਜੋ ਤੁਰਤੁ ਵੇਹੜੇ ਵਿਚਹੁੰ ਜੋ ਗਇਆ, ਸੋ ਖਾਲੀ ਨਾਹੀਂ। ਤਾਂ ਮਾਤਾ ਉਠਿ ਖੜੀ ਹੋਈ, ਕੁਛ ਮਠਿਆਈ ਲੇ ਕਰਿ ਪਿਛਹੁ ਆਇ ਮਰਦਾਨੇ ਨੂੰ ਆਇ ਮਿਲੀ। ਤਾਂ ਆਖਿਓਸੁ : ਮਰਦਾਨਿਆਂ ਮੈਨੂੰ ਨਾਨਕ ਮਿਲਾਇ। ਸ਼ੇਖ ਬ੍ਰਹਮ ਨਾਲ ਹੋਈ ਗੋਸ਼ਟ ਦਾ ਬਿਆਨ ਸਾਖੀ ਨੰਬਰ 32 ਵਿਚ ਕੀਤਾ ਗਿਆ ਹੈ। ਗੁਰੂ ਸਾਹਿਬ ਕੋਹੜੀ ਫਕੀਰ ਦਾ ਨਿਸਤਾਰਾ ਸਾਖੀ ਨੰਬਰ 33 ਵਿਚ ਕਰਦੇ ਹਨ। ਇਸ ਵਿਵਰਣ ਤੋਂ ਗੁਰੂ ਸਾਹਿਬ ਦੇ ਪਰਉਪਕਾਰਾਂ ਅਤੇ ਮਾਨਵ ਜਾਤ ਪ੍ਰਤੀ ਪਿਆਰ ਦਾ ਵੀ ਪਤਾ ਲਗਦਾ ਹੈ। ਇਸ ਤੋਂ ਬਾਅਦ ਗੁਰੂ ਸਾਹਿਬ ਕਿੜੀਆਂ ਪਠਾਣਾਂ ਨਾਉਂ ਦੀ ਥਾਂ ਉੱਤੇ ਜਾਂਦੇ ਹਨ। ਇਹ ਸੂਚਨਾ ਸਾਨੂੰ ਸਾਖੀ ਨੰਬਰ 34 ਤੋਂ ਮਿਲਦੀ ਹੈ। ਇੱਥੇ ਗੁਰੂ ਸਾਹਿਬ ਆਪਣਾ ਪ੍ਰਭਾਵ ਛੱਡਦੇ ਹਨ ਜਿਸ ਕਾਰਨ ਇੱਥੋਂ ਦੇ ਲੋਕ ਉਹਨਾਂ ਦੇ ਮੁਰੀਦ ਬਣ ਜਾਂਦੇ ਹਨ। ਸਾਖੀ ਨੰਬਰ 35 ਤੋ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਵਟਾਲੇ ਤੋਂ ਹੁੰਦੇ ਹੋਏ ਸੈਦਪੁਰ ਸਿਰਿਆਲੀ ਆ ਜਾਂਦੇ ਹਨ। ਨਾਲ ਪਠਾਣ ਅਤੇ ਫ਼ਕੀਰ ਵੀ ਹਨ, ਜਿਸ ਤੋਂ ਨਾਇਕ ਦੀ ਲੋਕ-ਪ੍ਰਿਯਤਾ ਦਾ ਪਤਾ ਲਗਦਾ ਹੈ।

ਸਾਖੀ ਨੰਬਰ 36 ਤੋਂ ਇਕ ਹੋਰ ਗੋਸ਼ਟ ਦਾ ਪਤਾ ਲਗਦਾ ਹੈ। ਇਹ ਗੋਸ਼ਟ ਗੁਰੂ ਨਾਨਕ ਦੇਵ ਜੀ ਅਤੇ ਮੀਆਂ ਮਿੱਠਾ ਵਿਚਕਾਰ ਹੋਈ ਦੱਸੀ ਗਈ ਹੈ। ਮਿੱਠੇ ਦੇ ਕੋਟਲੇ ਦਾ ਜ਼ਿਕਰ ਕੀਤਾ ਗਿਆ ਹੈ। ਮਿੱਠੇ ਦੇ ਕਹਿਣ 'ਤੇ ਗੁਰੂ ਸਾਹਿਬ 'ਨਾਮ' ਦੀ ਵਿਆਖਿਆ ਕਰਦੇ ਹਨ ਅਤੇ ਉਸਨੂੰ ਜ਼ਿੰਦਗੀ ਦੇ ਸਹੀ ਮਾਰਗ ਵੱਲ ਨੂੰ ਮੋੜਦੇ ਹਨ। ਗੁਰੂ ਸਾਹਿਬ ਸਾਖੀ ਨੰਬਰ 37 ਵਿਚ ਦੁਨੀ ਚੰਦ ਦਾ ਨਿਸਤਾਰਾ ਕਰਦੇ ਹਨ। ਸਾਖੀ ਨੰਬਰ 38 ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਇਸ ਤੋਂ ਬਾਅਦ ਕਈ ਦਿਨ ਤਲਵੰਡੀ ਵਿਚ ਰਹੇ। ਇੱਥੇ ਹੀ ਬ੍ਰਾਹਮਣ ਦੀ ਸੁੱਚ ਵਾਲੀ ਸਾਖੀ ਹੋਈ। ਇਹ ਇਕ ਵਿਚਿੱਤਰ ਪ੍ਰਕਾਰ ਦਾ ਬਿਰਤਾਂਤ ਹੈ, ਜਿਸ ਤੋਂ ਨਾਇਕ ਦੀ ਸ਼ਖ਼ਸੀਅਤ ਤਾਂ ਚਮਕਦੀ ਹੀ ਹੈ ਪਰੰਤੂ ਨਾਲ ਹੀ ਉਥੋਂ ਦੇ ਰਸਮਾਂ-ਰਿਵਾਜਾਂ ਅਤੇ ਹੋਰ ਗੱਲਾਂ ਦਾ ਵੀ ਪਤਾ ਲਗਦਾ ਹੈ। ਇਕ ਵੈਰਾਗੀ ਬਾਲਕ ਸਾਖੀ ਨੰਬਰ 39 ਵਿਚ ਹੈ। ਇਹ ਸੱਤ ਸਾਲ ਦੇ ਬਾਲਕ ਦਾ ਬਿਆਨ ਗੁਰੂ ਸਾਹਿਬ ਸੰਬੰਧੀ ਪ੍ਰਕਾਸ਼ ਪਾਉਂਦਾ ਹੈ। ਗੁਰੂ ਸਾਹਿਬ ਤੇ ਲੜਕੇ ਦੀ ਵਾਰਤਾਲਾਪ ਕਾਫ਼ੀ ਦਿਲਚਸਪ ਹੈ। ਕਰੋੜੀਆਂ ਬਾਰੇ ਸਾਖੀ ਨੰਬਰ 40 ਵਿਚ ਲਿਖਿਆ ਗਿਆ ਹੈ। ਇਹ ਵੀ ਦੱਸਿਆ ਗਿਆ ਹੈ ਕਿ ਕਿਵੇਂ ਉਹ ਗੁਰੂ ਸਾਹਿਬ ਦਾ ਸ਼ਿਸ਼ ਬਣ ਜਾਂਦਾ ਹੈ। ਲਿਖਿਆ ਗਿਆ ਹੈ, 'ਜਿਥੈ ਬਾਬੇ ਦੀ ਦਰਗਾਹ ਦਿਸ ਆਈ, ਤਾਂ ਤਿਥੈ ਖੜਾ ਹੋਇ ਕਰ ਲਗਾ ਸਲਾਮ ਕਰਣ। ਨੇੜੇ ਆਇਆ ਤਾਂ ਇਹੁ ਪੈਰੀ ਪਇਆ। ਬਾਬੇ ਬਹੁਤ ਖੁਸ਼ੀ ਕੀਤੀ। ਬਾਬੇ ਤਿੰਨ ਦਿਨ ਰਖਿਆ। ਬਾਬਾ ਬਹੁਤ ਖੁਸ਼ੀ ਹੋਆ। ਭਰੀਰਥ, ਮਨਮੁਖ ਤੇ ਸ਼ਿਵਨਾਭ ਬਾਰੇ ਸਾਖੀ ਨੰਬਰ 41 ਵਿਚ

ਲਿਖਿਆ ਹੈ।

ਗੁਰੂ ਨਾਨਕ ਦੇਵ ਜੀ ਦੀ ਦੂਜੀ ਉਦਾਸੀ ਦਾ ਆਰੰਭ ਸਾਖੀ 42 ਤੋਂ ਵਿਖਾਇਆ ਗਿਆ ਹੈ। ਇਹ ਉਦਾਸੀ ਦੱਖਣ ਵੱਲ ਕੀਤੀ ਚਿਤਰੀ ਗਈ ਹੈ। ਇਸ ਵਿਚ ਗੁਰੂ ਸਾਹਿਬ ਦੇ ਪਹਿਰਾਵੇ ਬਾਰੇ ਲਿਖਿਆ ਗਿਆ ਹੈ 'ਤਦਹੁੰ ਪੈਰੀਂ ਖੜਾਵਾਂ ਕਾਠ ਕੀਆਂ। ਹਥਿ ਆਸਾ, ਸਿਰਿ ਰਸੇ ਪਲੇਟੇ। ਬਾਹਾਂ ਜਾਂਘਾਂ ਰਸੇ ਪਲੇਟੇ। ਮੱਥੇ ਟਿਕਾ ਬਿੰਦੁਲੀ ਕਾ।' ਖ੍ਵਾਜਾ ਸ਼ਜ਼ਗਦ ਨਾਲ ਮੁਲਾਕਾਤ ਦਾ ਇਸ ਸਾਖੀ ਤੋਂ ਹੀ ਪਤਾ ਲਗਦਾ ਹੈ। ਸਾਖੀ ਨੰਬਰ 43 ਵਿਚ ਇਹ ਦੱਸਿਆ ਗਿਆ ਹੈ ਕਿ ਕਿਵੇਂ ਅਨਭੀ ਸਰਵੇੜਾ ਗੁਰੂ ਜੀ ਦੇ ਪੈਰੀਂ ਪੈਂਦਾ ਹੈ। ਕੌਡਾ ਰਾਖਸ਼ਸ਼ ਵਾਲੀ ਘਟਨਾ ਦਾ ਬਿਆਨ ਸਾਖੀ ਨੰਬਰ 44 ਵਿਚ ਕੀਤਾ ਗਿਆ ਹੈ। ਗੁਰੂ ਸਾਹਿਬ ਦੀ ਸ਼ਕਤੀ ਤੋਂ ਪ੍ਰਭਾਵਿਤ ਹੋਇਆ, ਰਾਖਸ਼ਸ਼ ਤਬ ਆਇ ਪੈਰੀ ਪਇਆ। ਤਾਂ ਆਖਿਓਸੁ : 'ਜੀ ਮੇਰੀ ਮੁਕਤੀ ਕਰੁ।' ਤਬਿ ਸੈਹੋਂ ਪਾਹੁਲ ਦਿਤੀ। ਨਾਉਂ ਧਰੀਕੁ ਸਿਖ ਹੋਆ। ਮੁਕਤਿ ਕਉ ਚਲਿਆ, ਮੁਕਤਿ ਭਇਆ।' ਸਾਖੀ ਨੰਬਰ 45 ਵਿਚ ਮਖਦੂਮ ਬਹਾਵਦੀ ਦਾ ਜ਼ਿਕਰ ਕੀਤਾ ਗਿਆ ਹੈ। ਇਸ ਸਾਖੀ ਵਿਚ ਇਹ ਵੀ ਦੱਸਿਆ ਹੈ ਕਿ ਮਖਦੂਮ ਗੁਰੂ ਸਾਹਿਬ ਦੇ ਉਪਦੇਸ਼ ਉਪਰ ਚਲਦਾ ਹੈ। ਮਛੰਦਰ ਅਤੇ ਗੋਰਖਨਾਥ ਨਾਲ ਹੋਈ ਗੁਰੂ ਸਾਹਿਬ ਦੀ ਗੋਸ਼ਟ ਦਾ ਜ਼ਿਕਰ ਸਾਖੀ ਨੰਬਰ 46 ਵਿਚ ਕੀਤਾ ਗਿਆ। ਪ੍ਰਾਣ ਸੰਗਲੀ ਅਤੇ ਸ਼ਿਵਨਾਭ ਬਾਰੇ ਸਾਖੀ ਨੰਬਰ 47 ਵਿਚ ਦੱਸਿਆ ਗਿਆ ਹੈ। ਇਥੇ ਦੱਸਿਆ ਗਿਆ ਹੈ ਕਿ ਰਾਜਾ ਸ਼ਿਵਨਾਭ ਗੁਰੂ ਸਾਹਿਬ ਦੀ ਦੈਵੀ ਸ਼ਕਤੀ ਤੋਂ ਪ੍ਰਭਾਵਿਤ ਹੁੰਦਾ ਹੈ। ਬਾਢੀ ਦੇ ਮਹਿਲ ਦਾ ਵੇਰਵਾ ਸਾਖੀ ਨੰਬਰ 48 ਵਿਚ ਦਿੱਤਾ ਗਿਆ ਹੈ। ਇਸ ਸਾਖੀ ਵਿਚ ਇਹ ਦੱਸਿਆ ਗਿਆ ਹੈ ਕਿ ਸੰਤ ਫਕੀਰ ਸੇਵਾ ਕਰਨ ਵਾਲੇ ਉੱਤੇ ਖੁਸ਼ ਹੁੰਦੇ ਹਨ।

ਪੁਰਾਤਨ ਜਨਮਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਤੀਜੀ ਉਦਾਸੀ ਦਾ ਆਰੰਭ ਸਾਖੀ ਨੰਬਰ 49 ਤੋਂ ਕੀਤਾ ਗਿਆ। ਇਹ ਉਦਾਸੀ ਉੱਤਰ ਖੰਡ ਵੱਲ ਕੀਤੀ ਗਈ ਸੀ। ਇਥੇ ਗੁਰੂ ਸਾਹਿਬ ਦਾ ਮੇਲ ਬ੍ਰਹਮਦਾਸ ਨਾਉਂ ਦੇ ਪੰਡਿਤ ਨਾਲ ਵਿਖਾਇਆ ਗਿਆ ਹੈ। ਇੱਥੇ ਪੰਡਤ ਜੀ ਗੁਰੂ ਸਾਹਿਬ ਦੀ ਵਿਦਵਤਾ ਅਤੇ ਵਿਸ਼ਾਲ ਜੀਵਨ ਅਨੁਭਵ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਪੈਰੀਂ ਪੈਂਦੇ ਹਨ। ਸੁਮੇਰ ਪਰਬਤ ਅਤੇ ਅਚਲ ਪਰਬਤ ਤੇ ਸਿੱਧਾਂ ਨਾਲ ਹੋਈ ਗੁਰੂ ਸਾਹਿਬ ਦੀ ਗੋਸ਼ਟ ਦਾ ਜ਼ਿਕਰ ਸਾਖੀ ਨੰਬਰ 50 ਵਿਚ ਕੀਤਾ ਗਿਆ ਹੈ। ਇਸ ਸਾਖੀ ਵਿਚ ਦੱਸਿਆ ਗਿਆ ਹੈ ਕਿਵੇਂ ਗੁਰੂ ਸਾਹਿਬ ਸਵਾ ਲੱਖ ਪਰਬਤ ਲੰਘ ਕੇ ਮਹਾਂਦੇਵ ਦੇ ਸਥਾਨ ਉੱਤੇ ਪੁੱਜਦੇ ਹਨ। ਇੱਥੇ ਕਈ ਵਿਅਕਤੀਆਂ ਦੇ ਸ਼ੰਕਿਆਂ ਦੀ ਨਿਵਿਰਤੀ ਗੁਰੂ ਸਾਹਿਬ ਕਰਦੇ ਹਨ।

ਚੌਥੀ ਉਦਾਸੀ ਦਾ ਆਰੰਭ ਸਾਖੀ ਨੰਬਰ 51 ਤੋਂ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਇਹ ਉਦਾਸੀ ਪੱਛਮ ਵੱਲ ਕਰਦੇ ਹਨ। ਇਸ ਸਾਖੀ ਵਿਚ ਮੱਕੇ ਬਾਰੇ ਦੱਸਿਆ ਗਿਆ ਹੈ। ਗੁਰੂ ਸਾਹਿਬ ਦੇ ਪਹਿਰਾਵੇ ਬਾਰੇ ਲਿਖਿਆ ਗਿਆ ਹੈ। ਇਸ ਉਦਾਸੀ ਵਿਚ ਪੈਰ ਖੰਉਸਾ ਚੰਮ ਕੀਆਂ, ਅਤੇ ਚੰਮ ਕੀ ਸੁਥਣਿ। ਗਲ ਵਿਚਿ ਹਡੀਆਂ ਕੀ ਮਾਲਾ, ਮੱਥੇ ਟਿਕਾ ਬਿੰਦੀ ਕਾ......ਖੇਡਦਾ ਹਜ ਵਿਚਿ ਆਇ ਨਿਕਲਿਆ। ਇਥੇ ਹਾਜੀ ਨਾਲ ਹੋਈ ਮੁਲਾਕਾਤ ਤੋਂ ਗੁਰੂ ਸਾਹਿਬ ਦੀ ਵਿਚਾਰਧਾਰਾ ਹੋਰ ਨਿੱਖਰਦੀ ਹੈ ਅਤੇ ਉਹਨਾਂ ਦੀ ਤੇਜੱਸਵੀ ਸ਼ਖ਼ਸੀਅਤ ਦੀ ਛਾਪ ਪਾਠਕਾਂ ਉੱਤੇ ਪੈਂਦੀ ਹੈ। ਕਾਜ਼ੀ ਰੁਕਨਦੀਨ ਅਤੇ ਪੀਰ ਪਤਲੀਐ ਬਾਰੇ ਵੀ ਲਿਖਿਆ ਗਿਆ ਹੈ।

ਅੰਤਲੀ, ਅਰਥਾਤ ਪੰਜਵੀਂ ਉਦਾਸੀ ਦਾ ਆਰੰਭ ਸਾਖੀ ਨੰਬਰ 52 ਤੋਂ ਦਸਿਆ ਗਿਆ। ਗੋਰਖ ਹੱਟੜੀ ਵੱਲ ਕੀਤੀ ਇਸ ਉਦਾਸੀ ਵਿਚ ਸਿੱਧਾਂ ਨਾਲ ਗੋਸ਼ਟ ਵਿਖਾਈ ਗਈ ਹੈ। ਇਥੇ ਸਿੱਧਾਂ ਅਤੇ ਗੁਰੂ ਸਾਹਿਬ ਵਿਚਕਾਰ ਪ੍ਰਸ਼ਨ-ਉੱਤਰ ਹੁੰਦੇ ਹਨ, ਜਿਹੜੇ ਮਹੱਤਵਪੂਰਨ ਹਨ। ਸ੍ਰੀ ਲਹਿਣਾ ਜੀ ਦੀ ਪ੍ਰੀਖਿਆ ਸਾਖੀ ਨੰਬਰ 53 ਵਿਚ ਲਈ ਗਈ ਚਿੱਤਰੀ ਗਈ ਹੈ ਅਤੇ ਦਾਸੀ ਤੁਲਸਾਂ ਬਾਰੇ ਵੀ ਦੱਸਿਆ ਹੈ। ਲਹਿਣੇ ਤੋਂ ਅੰਗਦ ਦਾ ਸਫ਼ਰ ਸਾਖੀ ਨੰਬਰ 54 ਵਿਚ ਦਿੱਤਾ ਗਿਆ ਹੈ। ਮਖਦੂਮ ਬਹਾਵਦੀ ਦਾ ਉਲੇਖ ਸਾਖੀ ਨੰਬਰ 55 ਵਿਚ ਕੀਤਾ ਗਿਆ ਹੈ। ਇਹ ਸਾਖੀ ਨਾਟਕੀ ਗੁਣਾਂ ਨਾਲ ਭਰੀ ਹੋਈ ਹੈ ਅਤੇ ਇਸ ਦਾ ਵਿਵਰਣ ਵੀ ਮਹੱਤਵਪੂਰਨ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦਿੱਤੀ ਗਈ। ਇਸ ਬਾਰੇ ਜਾਣਕਾਰੀ ਸਾਖੀ ਨੰਬਰ 56 ਵਿਚ ਦਿੱਤੀ ਗਈ ਹੈ। ਇਹ ਲਿਖਿਆ ਗਿਆ ਹੈ ਕਿ ਗੁਰੂ ਸਾਹਿਬ ਗੁਰੂ ਅੰਗਦ ਦੇਵ ਜੀ ਨੂੰ ਅਸੀਸ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਦੀ ਨਾਟਕੀ ਝਾਕੀ ਦਾ ਜ਼ਿਕਰ ਸਾਖੀ ਨੰਬਰ 57 ਵਿਚ ਕੀਤਾ ਗਿਆ ਹੈ। ਇਸ ਬਾਰੇ ਲਿਖਿਆ ਗਿਆ ਹੈ। 'ਜਬ ਸਲੋਕ ਪੜਿਆ, ਤਬਿ ਬਾਬੈ ਚਾਦਰ ਉਪਰਿ ਲੈ ਕਰਿ ਸੁਤਾ। ਸੰਗਤਿ ਮਥਾ ਟੇਕਿਆ। ਜਬ ਚਾਦਰ ਉਠਾਵਨਿ ਤਾਂ ਕਛੁ ਨਾਹੀ। ਤਦਹੁ ਫੁਲ ਦੁਹਾਂ ਕੇ ਹਰੇ ਰਹੈ। ਹਿੰਦੂ ਆਪਣੇ ਲੈ ਗਏ ਅਤੇ ਮੁਸਲਮਾਨ ਆਪਣੇ ਲੈ ਗਏ। ਸਰਬਤਿ ਸੰਗਤਿ ਪੈਰੀਂ ਪਈ।'

ਪੁਰਾਤਨ ਜਨਮਸਾਖੀ, ਪੁਰਾਣੀ ਪੰਜਾਬੀ ਵਾਰਤਕ ਦੀ ਇਕ ਅਜਿਹੀ ਰਚਨਾ ਹੈ, ਜਿਸ ਵਿਚੋਂ ਗੁਰੂ ਨਾਨਕ ਦੇਵ ਜੀ ਅਤੇ ਪੰਜਾਬ ਬਾਰੇ ਕਈ ਮਹੱਤਵਪੂਰਨ ਘਟਨਾਵਾਂ ਦਾ ਪਤਾ ਲਗਦਾ ਹੈ। ਇਸ ਰਚਨਾ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦਾ ਜਨਮ 3 ਵਿਸਾਖ, ਸੰਮਤ 1526 ਬਿ. ਨੂੰ ਸਵੇਰੇ ਤਲਵੰਡੀ ਰਾਇ ਭੋਇੰ ਨਾਉਂ ਦੇ ਪਿੰਡ ਵਿਚ ਹੋਇਆ। ਗੁਰੂ ਸਾਹਿਬ ਦੇ ਪਿਤਾ ਦਾ ਨਾਉਂ ਬਾਬਾ ਕਾਲੂ ਖਤਰੀ ਸੀ। ਗੁਰੂ ਸਾਹਿਬ ਬਚਪਨ ਤੋਂ ਅਲੌਕਿਕ ਸ਼ਕਤੀਆਂ ਵਾਲੇ ਸਨ। ਇਹ ਸ਼ਕਤੀ ਪੂਰੀ ਗੁਰੂ ਸਾਹਿਬ ਦੀ ਸ਼ਖ਼ਸੀਅਤ ਵਿਚ ਕੰਮ ਕਰਦੀ ਵਿਖਾਈ ਗਈ ਹੈ। ਪਾਂਧਾ ਇਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਖੇਤ ਹਰਿਆ ਹੋ ਜਾਂਦਾ ਹੈ। ਵੈਦ ਦੇਖਦਾ ਰਹਿ ਜਾਂਦਾ ਹੈ। ਮੋਦੀ ਖ਼ਾਨੇ ਦਾ ਪ੍ਰਬੰਧ ਠੀਕ-ਠੀਕ ਸਮਝਿਆ ਜਾਂਦਾ ਹੈ। ਸ਼ਖ਼ਸੀਅਤ ਦੇ ਵਿਕਾਸ ਵੱਲ ਹੀ ਇਸ ਰਚਨਾ ਦੀਆਂ ਸਾਰੀਆਂ ਘਟਨਾਵਾਂ ਨੂੰ ਦਰਸਾਇਆ ਗਿਆ ਹੈ।

ਪੁਰਾਤਨ ਜਨਮਸਾਖੀ ਰਚਨਾ ਦੇ ਸਾਰੇ ਘਟਨਾ ਕ੍ਰਮ ਨੂੰ ਆਦਿ, ਮੱਧ ਅਤੇ ਅੰਤ ਵਿਚ ਵੰਡਿਆ ਜਾ ਸਕਦਾ ਹੈ। ਆਦਿ ਵਿਚ ਗੁਰੂ ਸਾਹਿਬ ਦੀ ਬਾਲ ਅਵਸਥਾ ਦਾ ਵਿਵਰਣ ਚਲਦਾ ਹੈ। ਇਸ ਤੋਂ ਇਲਾਵਾ ਇਸ ਵਿਚ ਉਨ੍ਹਾਂ ਦੇ ਸੰਸਾਰਕ ਜੀਵਨ ਦੀਆਂ ਸਾਖੀਆਂ ਦਾ ਉਲੇਖ ਮਿਲਦਾ ਹੈ। 'ਵੇਈਂ ਪ੍ਰਵੇਸ਼' ਵਾਲੀ ਸਾਖੀ ਗੁਰੂ ਸਾਹਿਬ ਦੇ ਜੀਵਨ ਦੀ ਇਕ ਅਹਿਮ ਘਟਨਾ ਹੈ, ਜਿਸ ਨਾਲ ਉਨ੍ਹਾਂ ਦੇ ਜੀਵਨ ਵਿਚ ਆਏ ਇਕ ਵਿਸ਼ੇਸ਼ ਮੋੜ ਤੋਂ ਅਸੀਂ ਜਾਣੂ ਹੁੰਦੇ ਹਾਂ। ਇਸ ਜਨਮਸਾਖੀ ਦਾ ਮੱਧ ਪਹਿਲੀ ਉਦਾਸੀ ਤੋਂ ਆਰੰਭ ਹੋ ਜਾਂਦਾ ਹੈ, ਕਿਉਂਕਿ ਪਹਿਲੀ ਉਦਾਸੀ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਆਪਣੇ ਸੰਦੇਸ਼ ਨੂੰ ਪ੍ਰਚਾਰ-ਹਿੱਤ ਵਰਤਣ ਲਈ ਬਾਹਰ ਚੱਲ ਪੈਂਦੇ ਹਨ। ਉਹ ਆਪਣੇ ਵਿਚਾਰਾਂ ਵਿਚ ਆਪਣੇ ਵਿਸ਼ਾਲ ਜੀਵਨ ਅਨੁਭਵ ਨੂੰ ਪ੍ਰਗਟਾਉਂਦੇ ਹਨ, ਜਿਨ੍ਹਾਂ ਤੋਂ ਉਨ੍ਹਾਂ ਦੀ ਸ਼ਖ਼ਸੀਅਤ ਦਾ ਰੂਹਾਨੀ ਪੱਖ ਨਿਖਰ ਕੇ ਸਾਡੇ ਸਾਹਮਣੇ ਆਉਂਦਾ ਹੈ। ਪੰਜਵੀਂ ਉਦਾਸੀ ਦੇ ਖਤਮ ਹੋਣ ਤੋਂ ਲੈ ਕੇ ਜੋਤੀ-ਜੋਤ ਸਮਾਉਣ ਤੱਕ ਘਟਨਾ-ਕ੍ਰਮ ਅੰਤਿਕਾ ਅਖਵਾਉਂਦਾ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਗੁਰੂ ਅੰਗਦਦੇਵ ਜੀ ਨੂੰ ਆਪ ਗੁਰ-ਗੱਦੀ ਸੌਂਪਦੇ ਹਨ।

ਵਿਚਾਰਾਧੀਨ ਰਚਨਾ ਤੋਂ ਇਹ ਘਟਨਾ ਵੀ ਸਾਹਮਣੇ ਆਉਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਪਾਸ ਨੌਕਰੀ ਕੀਤੀ। ਮੋਦੀਖ਼ਾਨੇ ਵਿਚੋਂ, ਗੁਰੂ ਸਾਹਿਬ, ਲੋੜਵੰਦ ਵਿਅਕਤੀਆਂ ਦੀ ਸਹਾਇਤਾ ਕਰਦੇ ਹਨ। ਇਸ ਤੋਂ ਗੁਰੂ ਸਾਹਿਬ ਦੇ ਪਰਉਪਕਾਰੀ ਸੁਭਾਉ ਉੱਤੇ ਪ੍ਰਕਾਸ਼ ਪੈਂਦਾ ਹੈ। ਇਸ ਰਚਨਾ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਪਹਿਲੀ ਉਦਾਸੀ ਪੂਰਬ ਦਿਸ਼ਾ ਵੱਲ ਕੀਤੀ। ਮਰਦਾਨਾ ਉਨ੍ਹਾਂ ਦੇ ਨਾਲ ਸੀ। ਆਪ ਬਨਾਰਸ ਅਤੇ ਨਾਨਕ ਮਤੇ ਵੀ ਗਏ ਅਤੇ ਸਿੱਧਾਂ ਨਾਲ ਗੋਸ਼ਟਾਂ ਵੀ ਕੀਤੀਆਂ। ਗੁਰੂ ਸਾਹਿਬ ਲਾਹੌਰ ਵੀ ਗਏ। ਇਸ ਉਦਾਸੀ ਵਿਚ ਗੁਰੂ ਸਾਹਿਬ ਨੇ ਕਈ ਵਿਅਕਤੀਆਂ ਨੂੰ ਸਹੀ ਮਾਰਗ ਵਿਖਾਇਆ ਅਤੇ ਇਸ ਤਰ੍ਹਾਂ ਸਮੂਹ ਕਲਿਆਣ ਬਾਰੇ ਸੋਚਿਆ। ਦੂਜੀ ਉਦਾਸੀ ਵਿਚੋਂ ਕਈ ਵਿਸ਼ੇਸ਼ ਗੱਲਾਂ ਸਾਡੇ ਸਾਹਮਣੇ ਆਉਂਦੀਆਂ ਹਨ। ਇਹ ਉਦਾਸੀ ਦੱਖਣ ਵੱਲ ਕੀਤੀ ਗਈ। ਇਸ ਵਿਚ ਦੋ ਵਿਅਕਤੀ ਨਾਲ ਸਨ। ਇਸ ਉਦਾਸੀ ਵਿਚ ਗੁਰੂ ਸਾਹਿਬ ਦਾ ਮੇਲ ਮੰਨੇ-ਪ੍ਰਮੰਨੇ ਵਿਅਕਤੀਆਂ ਨਾਲ ਹੋਇਆ। ਇਨ੍ਹਾਂ ਸੱਜਣਾਂ ਨੂੰ ਗੁਰੂ ਸਾਹਿਬ ਨੇ ਗਿਆਨ ਅਤੇ ਸੂਝ ਨਾਲ ਪ੍ਰਭਾਵਿਤ ਕੀਤਾ। ਇਸ ਰਚਨਾ ਤੋਂ ਤੀਜੀ ਉਦਾਸੀ ਬਾਰੇ ਵੀ ਪਤਾ ਲਗਦਾ ਹੈ, ਜਿਹੜੀ ਕਿ ਉੱਤਰ ਦਿਸ਼ਾ ਵੱਲ ਕੀਤੀ ਗਈ। ਇਸ ਉਦਾਸੀ ਦੇ ਵਿਵਰਣ ਤੋਂ ਇਹ ਪਤਾ ਲਗਦਾ ਹੈ ਕਿ ਇਸ ਵੇਲੇ ਹਸੂ ਲੋਹਾਰ ਅਤੇ ਸੀਹਾਂ ਛੀਬਾਂ ਉਨ੍ਹਾਂ ਦੇ ਨਾਲ ਸਨ। ਚੌਥੀ ਉਦਾਸੀ ਵੀ ਗੁਰੂ ਸਾਹਿਬ ਦੇ ਜੀਵਨ ਵਿਚ ਇਕ ਮਹੱਤਵਪੂਰਨ ਘਟਨਾ ਸੀ। ਉਨ੍ਹਾਂ ਇਹ ਉਦਾਸੀ ਪੱਛਮ ਵੱਲ ਕੀਤੀ। ਮੱਕੇ ਵਿਚ ਮੁੱਲਾਣਿਆਂ ਅਤੇ ਫ਼ਕੀਰਾਂ-ਦਰਵੇਸ਼ਾਂ ਨਾਲ ਗੁਰੂ ਸਾਹਿਬ ਦਾ ਮੇਲ ਹੁੰਦਾ ਹੈ। ਇਸ ਉਦਾਸੀ ਵਿਚੋਂ ਹੀ ਇਕ ਬਹੁਤ ਚਰਚਿਤ ਘਟਨਾ ਸਾਹਮਣੇ ਆਉਂਦੀ ਹੈ। ਉਹ ਇਹ ਹੈ ਕਿ ਗੁਰੂ ਸਾਹਿਬ ਕਾਬੇ ਵੱਲ ਪੈਰ ਪਸਾਰ ਕੇ ਸੌਂ ਜਾਂਦੇ ਹਨ। ਕਾਜ਼ੀ ਰੁਕਨਦੀਨ ਗੁਰੂ ਸਾਹਿਬ ਉੱਤੇ ਗੁੱਸੇ ਹੁੰਦਾ ਹੈ। ਗੁਰੂ ਸਾਹਿਬ ਦੇ ਪੈਰ ਜਿੱਧਰ ਵੀ ਫੇਰੇ ਜਾਂਦੇ, ਉਧਰ ਹੀ ਕਾਬਾ ਫਿਰਨ ਲਗਦਾ ਹੈ। ਪੰਜਵੀਂ ਉਦਾਸੀ ਵਿਚ ਗੁਰੂ ਸਾਹਿਬ ਗੋਰਖ ਹੱਟੜੀ ਜਾਂਦੇ ਹਨ। ਗੁਰੂ ਸਾਹਿਬ, ਪੀਰ ਮਖਦੂਮ ਬਹਾਵਦੀ ਨੂੰ ਆਪਣਾ ਅੰਤਮ ਸਮਾਂ ਵੀ ਦੱਸਦੇ ਹਨ। ਗੁਰੂ ਸਾਹਿਬ ਪੀਰ ਨੂੰ ਆਖਦੇ ਹਨ ਕਿ ਤੁਸੀਂ ਰੱਬ ਪਾਸ ਚਲੋ ਅਤੇ ਅਸੀਂ 40 ਦਿਨ ਬਾਅਦ ਆਵਾਂਗੇ। ਇਸ ਘਟਨਾ ਤੋਂ ਗੁਰੂ ਸਾਹਿਬ ਦੇ ਤੇਜੱਸਵੀ ਸ਼ਖ਼ਸੀਅਤ ਬਾਰੇ ਪਤਾ ਲਗਦਾ ਹੈ। ਇਕ ਹੋਰ ਘਟਨਾ ਵੀ ਵਾਪਰੀ ਹੈ ਜਿਸ ਤੋਂ ਇਹ ਮਾਲੂਮ ਹੁੰਦਾ ਹੈ ਕਿ ਗੁਰ-ਗੱਦੀ ਕਿਸ ਤਰ੍ਹਾਂ ਦੂਜੇ ਨੂੰ ਸੌਂਪੀ ਜਾਂਦੀ ਸੀ। ਗੁਰੂ ਸਾਹਿਬ ਰਾਵੀ ਦਰਿਆ ਦੇ ਕੰਢੇ ਗੁਰੂ ਅੰਗਦ ਨੂੰ ਪੈਸੇ ਦੇ ਕੇ ਮੱਥਾ ਟੇਕਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਹਨ।

ਗੁਰੂ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਬਾਰੇ ਇਹ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਦਾ ਸੁਰਗਵਾਸ ਸੰਮਤ 1595 ਅਸੂ ਸੁਦੀ 10 ਨੂੰ ਕਰਤਾਰਪੁਰ ਵਿਚ ਹੋਇਆ।

## ਸਿੱਟਾ

ਪੁਰਾਤਨ ਜਨਮਸਾਖੀ ਵਿਚ ਕਈ ਸਾਖੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਸਾਰੀਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ, ਉਨ੍ਹਾਂ ਦੇ ਵਿਚਾਰਾਂ, ਉਨ੍ਹਾਂ ਦੀ ਕਰਨੀ ਬਾਰੇ ਦੱਸਦੀਆਂ ਹਨ। ਹਰ ਸਾਖੀ ਆਪਣੇ ਆਪ ਵਿਚ ਸੁਤੰਤਰ ਇਕਾਈ ਵੀ ਰਖਦੀ ਹੈ। ਇਸ ਲਈ ਪੰਜਾਬੀ ਸਾਹਿਤ ਦੇ ਕਈ ਵਿਦਵਾਨ ਇਸ ਵਿਚਾਰ ਦੇ ਹਨ ਕਿ ਪੰਜਾਬੀ ਕਹਾਣੀ ਦਾ ਆਰੰਭ ਇਹਨਾਂ ਸਾਖੀਆਂ ਤੋਂ ਹੁੰਦਾ ਹੈ। ਇਹਨਾਂ ਸਾਖੀਆਂ ਵਿਚ ਦਿਲਚਸਪ ਗਿਆਨ ਭਰਪੂਰ ਘਟਨਾ-ਵਿਵਰਣ ਹੈ, ਜਿਸ ਤੋਂ ਉਸ ਵੇਲੇ ਦੇ ਪੰਜਾਬ ਦੀ ਸਭਿਆਚਾਰਕ ਤਸਵੀਰ ਸਾਡੇ ਸਾਹਮਣੇ ਆ ਜਾਂਦੀ ਹੈ। ਇਸ ਰਚਨਾ ਵਿਚੋਂ ਗੁਰੂ ਸਾਹਿਬ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਬਾਰੇ ਵੀ ਸਾਨੂੰ ਗਿਆਨ ਮਿਲਦਾ ਹੈ। ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ ਇਹ ਰਚਨਾ ਗੁਰੂ ਸਾਹਿਬ ਦੇ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਨੂੰ ਜਾਣਨ ਵਾਸਤੇ ਇਕ ਪ੍ਰਭਾਵਸ਼ਾਲੀ ਸਾਧਨ ਹੈ। ਕਈ ਕਾਰਨਾਂ ਤੋਂ ਇਲਾਵਾ ਇਕ ਇਹ ਵੀ ਕਾਰਨ ਹੈ, ਜਿਸ ਕਰਕੇ ਅਜੇ ਤੀਕ ਪੰਜਾਬੀ ਲੋਕਾਂ ਵਿਚ ਇਹ ਰਚਨਾ ਹਰਮਨ ਪਿਆਰੀ ਬਣੀ ਹੋਈ ਹੈ।

# 'ਪੁਰਾਤਨ ਜਨਮਸਾਖੀ' ਦਾ ਕਰਤਾ ਅਤੇ ਰਚਨਾਕਾਲ

## ਮੂਲ ਸਮੱਸਿਆ

ਪੁਰਾਤਨ ਜਨਮਸਾਖੀ, ਪੁਰਾਤਨ ਪੰਜਾਬੀ ਵਾਰਤਕ ਦੀ ਇਕ ਅਜਿਹੀ ਪ੍ਰਸਿੱਧ ਰਚਨਾ ਹੈ, ਜਿਸ ਦੇ ਲੇਖਕ ਅਤੇ ਰਚਨਾਕਾਲ ਦਾ ਪਤਾ ਨਹੀਂ ਹੈ। ਇਸ ਰਚਨਾ ਦਾ ਕਰਤਾ ਕੌਣ ਸੀ? ਉਸ ਨੇ ਇਸ ਰਚਨਾ ਨੂੰ ਕਿਸ ਸਮੇਂ ਲਿਖਿਆ? ਇਹਨਾਂ ਸਾਰੇ ਪ੍ਰਸ਼ਨਾਂ ਬਾਰੇ ਪੱਕੇ ਤੌਰ 'ਤੇ ਕੁੱਝ ਕਹਿਣਾ ਕਠਿਨ ਹੈ, ਕੇਵਲ ਕੁੱਝ ਅਨੁਮਾਨ ਹੀ ਲਾਏ ਜਾ ਸਕਦੇ ਹਨ। ਲੇਖਕ ਅਤੇ ਰਚਨਾਕਾਲ ਨੂੰ ਲੱਭਣ ਦੀਆਂ ਸਮੱਸਿਆਵਾਂ ਕੇਵਲ ਇਸ ਰਚਨਾ ਨਾਲ ਹੀ ਜੁੜੀਆਂ ਹੋਈਆਂ ਨਹੀਂ ਸਗੋਂ ਮੱਧ-ਕਾਲ ਦੀਆਂ ਬਹੁਤੀਆਂ ਰਚਨਾਵਾਂ ਦਾ ਇਹੋ ਹਾਲ ਹੈ। ਭਾਵ ਇਹ ਕਿ ਇਸ ਤਰ੍ਹਾਂ ਦੀਆਂ ਕਈ ਰਚਨਾਵਾਂ ਮਿਲ ਜਾਂਦੀਆਂ ਹਨ, ਜਿਹਨਾਂ ਦੇ ਲੇਖਕ, ਰਚਨਾਕਾਲ ਆਦਿ ਬਾਰੇ ਕੇਵਲ ਅੰਦਾਜ਼ੇ ਤੋਂ ਹੀ ਕੰਮ ਲਿਆ ਗਿਆ ਹੈ, ਪੱਕੇ ਤੌਰ 'ਤੇ ਕੁੱਝ ਨਹੀਂ ਆਖਿਆ ਜਾ ਸਕਦਾ। ਵਾਰਤਕ ਖੇਤਰ ਵਿਚ ਅਜਿਹੀਆਂ ਰਚਨਾਵਾਂ 'ਭਾਈ ਬਾਲੇ ਵਾਲੀ ਜਨਮਸਾਖੀ', 'ਭਾਈ ਮਨੀ ਸਿੰਘ ਵਾਲੀ ਜਨਮਸਾਖੀ', 'ਸੌ ਸਾਖੀ' ਆਦਿ ਹਨ ਪਰੰਤੂ ਵਿਚਾਰਨ ਯੋਗ ਗੱਲ ਇਹ ਹੈ ਕਿ ਇਹਨਾਂ ਸਮੱਸਿਆਵਾਂ (ਭਾਵ ਲੇਖਕ ਅਤੇ ਰਚਨਾਕਾਲ ਆਦਿ ਨੂੰ ਲੱਭਣਾ) ਦੇ ਪੈਦਾ ਹੋਣ ਦੇ ਕਾਰਨ ਕਿਹੜੇ ਹਨ? ਪਹਿਲੀ ਗੱਲ ਤਾਂ ਇਹ ਹੈ ਕਿ ਉਸ ਯੁੱਗ ਦੇ ਬਹੁਤੇ ਲੇਖਕ ਸ਼ਰਧਾ ਅਤੇ ਸਤਿਕਾਰ ਵਜੋਂ ਆਪਣਾ ਨਾਂ ਮੂਲ ਰਚਨਾ ਉੱਤੇ ਨਹੀਂ ਲਿਖਦੇ ਹਨ। ਦੂਜੇ ਅਸਲ ਲੇਖਕ ਆਪਣਾ ਨਾਂ ਲਿਖ ਕੇ ਆਪਣੇ ਗੁਰੂ ਦਾ ਨਾਂ ਲਿਖ ਦਿੰਦੇ ਸਨ। ਤੀਜੇ, ਕਈ ਹਾਲਤਾਂ ਵਿਚ, ਰਚਨਾ ਦਾ ਲੇਖਕ ਬਿਰਤਾਂਤ ਨੂੰ ਬੋਲਦਾ ਸੀ ਅਤੇ ਕੋਈ ਸ਼ਿਸ਼ ਉਸ ਨੂੰ ਲਿਖ ਦਿੰਦਾ ਸੀ। ਅਜਿਹੀ ਸੂਰਤ ਵਿਚ ਰਚਨਾ ਦਾ ਮੂਲ ਲੇਖਕ ਬੋਲਣ ਵਾਲਾ ਹੋਇਆ ਕਿ ਲਿਖਣ ਵਾਲਾ ਹੋਇਆ। ਇਹ ਸਮੱਸਿਆ ਉਜ ਦੀ ਉਜ ਖੜ੍ਹੀ ਰਹਿੰਦੀ ਹੈ। ਚੌਥੇ, ਇਕ ਰਚਨਾ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਹੋਂਦ ਵਿਚ ਆਉਂਦੀ ਸੀ, ਕਿਉਂਕਿ ਪੁਰਾਣੇ ਸਮਿਆਂ ਵਿਚ ਲਿਖਤ ਦੇ ਅਜੋਕੇ ਉੱਨਤ ਵਸੀਲੇ ਨਹੀਂ ਸਨ, ਇਸ ਲਈ ਰਚਨਾ ਨੂੰ ਹੋਂਦ ਵਿਚ ਆਉਂਦਿਆਂ ਕਾਫੀ ਸਮਾਂ ਲੱਗ ਜਾਂਦਾ ਸੀ। ਇਸ ਲਈ ਰਚਨਾ ਦੇ ਰਚਨਾ-ਕਾਲ ਬਾਰੇ ਪੱਕੇ ਤੌਰ ਤੇ ਕੁੱਝ ਕਹਿਣਾ ਕਠਿਨ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਕੇਵਲ ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਨੂੰ ਆਧਾਰ ਬਣਾ ਕੇ ਕਿਸੇ ਰਚਨਾ ਦੇ ਲੇਖਕ ਅਤੇ ਰਚਨਾ ਕਾਲ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਪੁਰਾਤਨ ਜਨਮਸਾਖੀ ਜਿਵੇਂ ਪਰੰਪਰਾ ਦੱਸਦੀ ਹੈ, ਪਹਿਲਾਂ ਆਪਣੇ ਆਪ ਵਿਚ ਕੋਈ ਪੂਰਨ ਰਚਨਾ ਨਹੀਂ ਸੀ। ਇਸ ਦੀਆਂ ਕਈ ਸਾਖੀਆਂ ਲੋਕਾਂ ਦੇ ਮੂੰਹੋਂ ਪ੍ਰਚੱਲਿਤ ਹੋਈਆਂ ਭਾਵ ਗੁਰੂ ਨਾਨਕ ਦੇਵ ਜੀ ਬਾਰੇ ਕਥਾਵਾਂ ਉਨ੍ਹਾਂ ਦੇ ਸ਼ਰਧਾਲੂਆਂ ਵਿਚ ਜ਼ਬਾਨੀ ਤੌਰ 'ਤੇ ਪ੍ਰਚੱਲਿਤ ਹੋਈਆਂ। ਬਾਅਦ ਵਿਚ ਕਿਸੇ ਸ਼ਰਧਾਲੂ ਨੇ ਇਹਨਾਂ ਕਥਾਵਾਂ ਨੂੰ ਆਧਾਰ ਬਣਾ ਕੇ ਗੁਰੂ ਸਾਹਿਬ ਦੀ ਮੂਲ ਜਨਮਸਾਖੀ ਨੂੰ ਲਿਖ ਦਿੱਤਾ। ਇਸ ਪ੍ਰਕਾਰ ਜਨਮਸਾਖੀ ਦੀਆਂ ਕਥਾਵਾਂ ਪ੍ਰਚਲਿਤ ਹੋਣ ਅਤੇ ਲਿਖਤੀ ਰੂਪ ਵਿਚ ਸਾਡੇ ਸਾਹਮਣੇ ਆਉਣ ਵਿਚ, ਇਕ ਸਮਾਂ ਹੈ। ਭਾਵ ਇਹ ਰਚਨਾ ਸਮੇਂ ਦੇ ਵਿਕਾਸ ਨਾਲ, ਹੌਲੀ-ਹੌਲੀ ਆਪਣੇ ਸਹੀ ਜੋਬਨ ਉੱਤੇ ਆਈ ਪ੍ਰਤੀਤ ਹੁੰਦੀ ਹੈ। ਇਸ ਲਈ, ਇਸ ਰਚਨਾ ਦੇ ਕਰਤਾ ਅਤੇ ਰਚਨਾ ਕਾਲ ਦੀਆਂ ਸਮੱਸਿਆਵਾਂ ਬਾਰੇ ਪੱਕੇ ਤੌਰ 'ਤੇ ਕੁੱਝ ਆਖਣਾ ਕਠਿਨ ਹੈ, ਕੇਵਲ ਕੁੱਝ ਅੰਦਾਜ਼ੇ ਹੀ ਲਗਾਏ ਜਾ ਸਕਦੇ ਹਨ।

*ਪੁਰਾਤਨ ਜਨਮਸਾਖੀ ਦਾ ਕਰਤਾ* : ਪੁਰਾਤਨ ਜਨਮਸਾਖੀ ਦਾ ਕਰਤਾ ਕੌਣ ਸੀ? ਇਹ ਪ੍ਰਸ਼ਨ ਕਾਫੀ ਚਿਰ ਤੋਂ ਉਂਜ ਦਾ ਉਂਜ ਖੜ੍ਹਾ ਹੋਇਆ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਦੀਆਂ ਨਾ ਤਾਂ ਅੰਦਰਲੀਆਂ ਅਤੇ ਨਾ ਹੀ ਬਾਹਰਲੀਆਂ ਗਵਾਹੀਆਂ ਕੰਮ ਦਿੰਦੀਆਂ ਹਨ ਜਿਹਨਾਂ ਦੀ ਸਹਾਇਤਾ ਤੋਂ ਇਸ ਦੇ ਕਰਤਾ ਬਾਰੇ ਕੁੱਝ ਆਖਿਆ ਜਾਏ। ਇਸ ਰਚਨਾ ਦਾ ਅਧਿਐਨ ਇਹ ਦੱਸਦਾ ਹੈ ਕਿ ਇਸ ਅੰਦਰ ਕੋਈ ਵੀ ਅੰਦਰਲੀ ਗਵਾਹੀ ਨਹੀਂ ਮਿਲਦੀ ਹੈ, ਜਿਸ ਨੂੰ ਆਧਾਰ ਬਣਾ ਕੇ ਇਸਦੇ ਕਰਤਾ ਬਾਰੇ ਕੋਈ ਗੱਲ ਵਿਗਿਆਨਕ ਤੌਰ 'ਤੇ ਆਖੀ ਜਾਵੇ। ਇਹੀ ਗੱਲ ਬਾਹਰਲੀਆਂ ਗਵਾਹੀਆਂ ਬਾਰੇ ਹੈ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਮੱਧ ਕਾਲੀਨ ਲੇਖਕ ਲਿਖਤ ਉੱਤੇ ਆਪਣਾ ਨਾਉਂ ਲਿਖਣ ਤੋਂ

ਸੰਕੋਚ ਕਰਦੇ ਸਨ। ਇਸੇ ਤਰ੍ਹਾਂ ਪੁਰਾਤਨ ਜਨਮਸਾਖੀ ਦੇ ਲੇਖਕ ਨੇ ਵੀ ਸੰਕੋਚ ਤੋਂ ਕੰਮ ਲਿਆ ਜਾਪਦਾ ਹੈ, ਜਿਸ ਕਾਰਨ ਰਚਨਾ ਉੱਤੇ ਆਪਣਾ ਨਾਉਂ ਨਹੀਂ ਲਿਖਿਆ। ਇਸ ਲਈ ਆਲੋਚਨਾਧੀਨ ਰਚਨਾ ਦਾ ਕਰਤਾ ਦੱਸਣ ਲਈ ਸਾਨੂੰ ਕੁੱਝ ਵਿਦਵਾਨਾਂ ਦੀਆਂ ਰਾਵਾਂ ਤੋਂ ਕੰਮ ਸਾਰਨਾ ਪਵੇਗਾ। ਲਿਖਣ ਤੋਂ ਭਾਵ ਇਹ ਹੈ, ਇਸ ਰਚਨਾ ਦੀ ਬਹੁ-ਪੱਖੀ ਮਹੱਤਤਾ ਨੂੰ ਸਾਹਮਣੇ ਰੱਖ ਕੇ ਕੁੱਝ ਵਿਦਵਾਨਾਂ ਨੇ ਇਸ ਪ੍ਰਤੀ ਆਪਣੀ ਦਿਲਚਸਪੀ ਦਿਖਾਈ ਅਤੇ ਕਰਤਾ ਆਦਿ ਪ੍ਰਸ਼ਨਾਂ ਬਾਰੇ ਆਪਣੀ ਰਾਏ ਪ੍ਰਗਟਾਈ, ਇਹਨਾਂ ਰਾਵਾਂ ਵਿਚੋਂ ਕੁੱਝ ਕੁ ਪ੍ਰਤਿਨਿਧ ਨਮੂਨੇ ਅਸੀਂ ਤੁਹਾਡੇ ਨਾਲ ਸਾਂਝਿਆਂ ਕਰਾਂਗੇ :

(1) ਓਰੀਐਂਟਲ ਕਾਲਜ ਲਾਹੌਰ ਦੇ ਪ੍ਰੋ. ਗੁਰਮੁਖ ਸਿੰਘ ਦਾ ਇਹ ਮੱਤ ਹੈ ਕਿ ਪੁਰਾਤਨ ਜਨਮਸਾਖੀ ਦਾ ਕਰਤਾ ਰਾਵਲਪਿੰਡੀ (ਹੁਣ ਪਾਕਿਸਤਾਨ) ਡਿਵੀਜ਼ਨ ਦਾ ਰਹਿਣ ਵਾਲਾ ਕੋਈ ਗੁਰਮੁਖ ਸੀ। ਆਪਣੀ ਰਾਏ ਦੀ ਦਲੀਲ ਵਿਚ ਪ੍ਰੋ. ਸਾਹਿਬ ਰਚਨਾ ਦੀ ਭਾਸ਼ਾ ਦੇ ਕੁੱਝ ਕੁ ਨਮੂਨੇ ਦਿੰਦੇ ਹਨ ਜਿਹੜੇ ਕਿ ਉਹਨਾਂ ਦੀ ਦ੍ਰਿਸ਼ਟੀ ਵਿਚ, ਰਾਵਲਪਿੰਡੀ ਡਿਵੀਜ਼ਨ ਦੀ ਹੈ। ਪ੍ਰੋ. ਸਾਹਿਬ ਸਿੰਘ ਇਸ ਰਚਨਾ ਦਾ ਲੇਖਕ ਉੱਪਲ ਖੱਤਰੀ ਮੰਨਦੇ ਹਨ। ਪ੍ਰੋਫੈਸਰ ਸਾਹਿਬ ਸਿੰਘ ਨੇ ਰਚਨਾ ਦੀ ਸਾਖੀ ਨੰਬਰ 12 ਦੇ ਬਿਰਤਾਂਤ ਨੂੰ ਸਾਹਮਣੇ ਰੱਖ ਕੇ ਇਹ ਦਲੀਲ ਦਿੱਤੀ ਹੈ। ਸਾਖੀ ਨੰਬਰ 12 ਵਿਚ ਇਹ ਦੱਸਿਆ ਗਿਆ ਹੈ ਕਿ ਮਰਦਾਨੇ ਨੂੰ ਭੁੱਖ ਲੱਗਣ 'ਤੇ ਉਸ ਨੂੰ ਉੱਪਲ ਖੱਤਰੀਆਂ ਦੇ ਪਿੰਡ ਭੇਜਿਆ ਗਿਆ ਹੈ। ਇਸ ਵਰਣਨ ਤੋਂ ਇਹ ਪ੍ਰਗਟ ਹੁੰਦਾ ਹੈ ਜਿਵੇਂ ਆਲੋਚਨਾਧੀਨ ਰਚਨਾ ਦਾ ਲੇਖਕ ਉੱਪਲ ਖੱਤਰੀ ਹੈ ਜਿਸ ਨੇ ਆਪਣੀ ਜਾਤ ਦਾ ਧਿਆਨ ਰਖ ਕੇ, ਗੁਰੂ ਸਾਹਿਬ ਦੇ ਸੰਗੀ ਮਰਦਾਨੇ ਨੂੰ ਉੱਪਲ ਖੱਤਰੀਆਂ ਦੇ ਪਿੰਡ ਹੀ ਭੇਜਿਆ। ਇਸ ਤੋਂ ਇਲਾਵਾ ਪ੍ਰੋਫੈਸਰ ਸਾਹਿਬ ਇਹ ਵੀ ਦੱਸਦੇ ਹਨ ਕਿ ਕਰਤਾ ਸੱਜਣ ਠੱਗ ਦੇ ਪਿੰਡ ਦਾ ਵਸਨੀਕ ਜਾਪਦਾ ਹੈ ਕਿਉਂਕਿ ਉਹ ਪਹਿਲੀ ਧਰਮਸ਼ਾਲਾ ਉਸੇ ਹੀ ਪਿੰਡ ਵਿਚ ਬਣਵਾਈ ਹੈ। ਇਹ ਸੂਚਨਾ ਆਲੋਚਨਾ ਅਧੀਨ ਸਾਖੀ ਨੰਬਰ 13 ਵਿਚੋਂ ਮਿਲਦੀ ਹੈ। ਰਚਨਾ ਬਾਰੇ ਤੀਜੀ ਗੱਲ, ਪ੍ਰੋਫੈਸਰ ਸਾਹਿਬ ਇਹ ਵੀ ਦੱਸਦੇ ਹਨ ਕਿ ਉਹ ਮੁਸਲਮਾਨੀ ਬਹੁ-ਵਸੋਂ ਦੇ ਇਲਾਕੇ ਦਾ ਪ੍ਰਤੀਤ ਹੁੰਦਾ ਹੈ ਕਿਉਂਕਿ ਉਹਦੀ ਭਾਸ਼ਾ ਦੇ ਬਹੁਤੇ ਸ਼ਬਦ ਮੁਸਲਮਾਨੀ ਪਿਛੋਕੜ ਦੇ ਹਨ। ਇਸ ਤੋਂ ਇਲਾਵਾ ਕਰਤਾ ਦੀ ਵਿਚਾਰਧਾਰਾ ਉੱਤੇ ਮੁਸਲਮਾਨੀ ਸੋਚ-ਪ੍ਰਣਾਲੀ, ਮੁਸਲਿਮ ਇਤਿਹਾਸ ਅਤੇ ਮਿਥਿਹਾਸ ਦਾ ਪ੍ਰਭਾਵ ਪ੍ਰਤੱਖ ਵਿਖਾਈ ਦਿੰਦੀ ਹੈ। ਇਸ ਰਾਏ ਦੀ ਦਲੀਲ ਵਜੋਂ ਸਾਖੀ ਨੰਬਰ 10, 25 ਅਤੇ 47 ਨੂੰ ਪ੍ਰਮਾਣ ਵਜੋਂ ਦਿੱਤਾ ਜਾ ਸਕਦਾ ਹੈ। ਹੁਣ ਇਹ ਮੰਨਿਆ ਜਾ ਚੁੱਕਾ ਹੈ ਕਿ ਸੱਜਣ ਠੱਗ ਤੁਲੰਬੇ ਦਾ ਰਹਿਣ ਵਾਲਾ ਸੀ ਅਤੇ ਇਸ ਇਲਾਕੇ ਵਿਚ ਮੁਸਲਮਾਨਾਂ ਦਾ ਜ਼ੋਰ ਵੀ ਸੀ। ਇਸ ਪ੍ਰਕਾਰ ਪ੍ਰੋਫੈਸਰ ਸਾਹਿਬ ਦੀਆਂ ਦਲੀਲਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਸ ਰਚਨਾ ਦਾ ਲੇਖਕ ਜਾਤ ਦਾ ਉੱਪਲ ਖੱਤਰੀ ਅਤੇ ਪਿੰਡ ਤੁਲੰਬਾ ਦਾ ਵਸਨੀਕ ਸੀ।

(2) ਪੁਰਾਤਨ ਜਨਮਸਾਖੀ ਦੀ ਭਾਸ਼ਾ ਨੂੰ ਹੀ ਆਧਾਰ ਬਣਾ ਕੇ ਡਾ. ਜਗਜੀਤ ਸਿੰਘ ਨੇ ਇਸ ਰਚਨਾ ਦੇ ਕਰਤਾ ਨੂੰ ਤੁਲੰਬਾ ਨਿਵਾਸੀ ਕਿਹਾ ਹੈ। ਡਾਕਟਰ ਸਾਹਿਬ ਇਸ ਰਚਨਾ ਦੀ ਭਾਸ਼ਾ ਨੂੰ ਲਹਿੰਦੀ-ਪ੍ਰਧਾਨ ਕਹਿੰਦੇ ਹਨ ਅਤੇ ਇਸ ਦ੍ਰਿਸ਼ਟੀਕੋਣ ਤੋਂ ਉਹ ਇਸ ਰਚਨਾ ਦੇ ਲੇਖਕ ਨੂੰ ਤੁਲੰਬਾ ਦਾ ਰਹਿਣ ਵਾਲਾ ਸਵੀਕਾਰ ਕਰਦੇ ਹਨ। ਡਾ. ਪਿਆਰ ਸਿੰਘ ਦੇ ਵਿਚਾਰ ਅਨੁਸਾਰ ਇਸ ਰਚਨਾ ਦਾ ਲੇਖਕ ਲੰਮੇ ਦੇਸ਼ ਦਾ ਜੰਮਪਲ ਪ੍ਰਤੀਤ ਹੁੰਦਾ ਹੈ, ਭਾਵ ਉਹ ਲਹਿੰਦੇ ਵੱਲ ਦਾ ਰਹਿਣ ਵਾਲਾ ਸੀ। ਡਾ. ਸਾਹਿਬ ਦੀ ਰਾਏ ਵੀ ਭਾਸ਼ਾ ਪ੍ਰਯੋਗ-ਵਿਧੀ ਨੂੰ ਸਾਹਮਣੇ ਰੱਖ ਕੇ ਬਣਾਈ ਜਾਪਦੀ ਹੈ। ਇਸ ਵਿਧੀ ਵਿਚ ਇਹ ਪਰਖਿਆ ਜਾਂਦਾ ਹੈ ਕਿ ਲੇਖਕ ਕਿਸ ਪ੍ਰਕਾਰ ਦੇ ਸ਼ਬਦ ਵਰਤਦਾ ਹੈ।

(3) ਪ੍ਰੋ. ਪ੍ਰੀਤਮ ਸਿੰਘ ਨੇ ਇਸ ਰਚਨਾ ਦੇ ਕਰਤਾ ਆਦਿ ਬਾਰੇ ਰਾਏ ਪ੍ਰਗਟਾਉਂਦਿਆਂ ਦੱਸਿਆ ਹੈ ਕਿ ਇਹ ਕੋਈ ਸਾਧ ਪੁਰਸ਼ ਹੈ। ਪ੍ਰੋ. ਸਾਹਿਬ ਇਕ ਕਦਮ ਅੱਗੇ ਤੁਰਦੇ ਹਨ, ਉਹ ਕਹਿੰਦੇ ਹਨ ਕਿ ਇਸ ਦਾ ਕਰਤਾ ਕੋਈ ਬ੍ਰਾਹਮਣ ਵੀ ਹੋ ਸਕਦਾ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਮੂੰਹੋਂ ਬ੍ਰਾਹਮਣਾਂ ਲਈ ਸੁਆਮੀ ਸ਼ਬਦ ਦਾ ਪ੍ਰਯੋਗ ਕੀਤਾ ਵਿਖਾਇਆ ਗਿਆ ਹੈ। ਸਾਖੀ ਨੰਬਰ 38 ਵਿਚ ਬ੍ਰਾਹਮਣਾਂ ਪ੍ਰਤੀ ਅਜਿਹੇ ਆਦਰ ਪੂਰਨ ਸ਼ਬਦ ਦੇ ਇਸਤੇਮਾਲ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਜਿਵੇਂ ਇਸ ਦਾ ਲੇਖਕ ਆਪ ਕੋਈ ਬ੍ਰਾਹਮਣ ਹੋਵੇ, ਜਿਸ ਨੇ ਆਪਣੀ ਜਾਤ ਦਾ ਵਿਸ਼ੇਸ਼ ਧਿਆਨ ਰੱਖਿਆ ਸੀ। ਡਾ. ਗੁਰਚਰਨ ਸਿੰਘ ਜੀ ਪ੍ਰੋ. ਪ੍ਰੀਤਮ ਸਿੰਘ ਦੀ ਰਾਏ ਨਾਲ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ, ਭਾਵ ਆਲੋਚਨਾ ਅਧੀਨ ਰਚਨਾ ਦਾ ਲੇਖਕ ਬ੍ਰਾਹਮਣ ਸਾਧ ਸੀ ਅਤੇ ਉਸ ਨੂੰ ਗੁਰੂ ਘਰ ਨਾਲ ਅਪਾਰ ਸ਼ਰਧਾ ਵੀ ਸੀ। ਡਾ. ਸਾਹਿਬ ਨੇ ਸਾਖੀ ਨੰਬਰ 21 ਨੂੰ ਆਧਾਰ ਬਣਾ ਕੇ ਲਿਖਿਆ ਹੈ ਕਿ ਇਸ ਦੇ ਕਰਤਾ ਨੂੰ ਪੁੰਨ-ਦਾਨ ਅਤੇ ਭਿੱਖਿਆ ਦਾ ਬੜਾ ਫ਼ਿਕਰ ਰਹਿੰਦਾ ਹੈ। ਇਸ ਤੋਂ ਇਹ ਅਨੁਮਾਨ ਲਗਦਾ ਹੈ ਕਿ ਰਚਨਾ ਦਾ ਕਰਤਾ ਕੋਈ ਅਜਿਹਾ ਵਿਅਕਤੀ ਸੀ ਜਿਸ ਦਾ ਅਸਲ ਕੰਮ ਦਾਨ-ਪੁੰਨ ਨਾਲ ਸੰਬੰਧ ਰਖਦਾ ਸੀ। ਇਹ ਕੰਮ ਬ੍ਰਾਹਮਣ ਸ਼੍ਰੇਣੀ ਦਾ ਹੈ,

ਇਸ ਲਈ ਇਸ ਰਚਨਾ ਦਾ ਲੇਖਕ ਕੋਈ ਬ੍ਰਾਹਮਣ ਜਾਪਦਾ ਹੈ। ਇਸ ਕਥਨ ਤੋਂ ਇਲਾਵਾ ਡਾ. ਸਾਹਿਬ ਇਹ ਵੀ ਦੱਸਦੇ ਹਨ ਕਿ ਲੇਖਕ ਉੱਪਲ ਖੱਤਰੀਆਂ ਦੇ ਪਿੰਡ ਦੀ ਧਰਮਸ਼ਾਲਾ ਦਾ ਕੋਈ ਮਹੰਤ ਜਾਪਦਾ ਹੈ।

(4) ਡਾ. ਸਾਧੂ ਰਾਮ ਸ਼ਾਰਦਾ ਇਕ ਹੋਰ ਵਿਦਵਾਨ ਹੈ ਜਿਸ ਨੇ ਪੁਰਾਤਨ ਜਨਮਸਾਖੀ ਦਾ ਲੇਖਕ ਲੱਭਣ ਦਾ ਯਤਨ ਕੀਤਾ ਹੈ। ਡਾ. ਸਾਹਿਬ ਦੀ ਇਹ ਧਾਰਨਾ ਹੈ ਕਿ ਇਸ ਰਚਨਾ ਦਾ ਲੇਖਕ ਕੋਈ ਨਾਥ ਜੋਗੀ ਸੀ। ਇਸ ਮੱਤ ਦੀ ਪੁਸ਼ਟੀ ਵਜੋਂ 'ਜੁਗਾਵਲੀ ਅਤੇ ਪ੍ਰਾਨਸੰਗਲੀ' ਦੇ ਪ੍ਰਸੰਗਾਂ ਦਾ ਉਲੇਖ ਕੀਤਾ ਗਿਆ ਹੈ। ਰਚਨਾ ਦੇ ਸਾਰੇ ਵਿਵਰਣ ਵਿਚ ਯੋਗ ਮੱਤ ਦੀ ਨਿਖੇਧੀ ਤਾਂ ਇਕ ਪਾਸੇ ਸਗੋਂ ਇਸ ਦੀ ਪ੍ਰਸੰਸਾ ਹੀ ਕੀਤੀ ਗਈ ਹੈ। ਗੁਰੂ ਸਾਹਿਬ ਨਾਲ ਹੋਈਆਂ ਯੋਗੀਆਂ ਦੀਆਂ ਗੋਸ਼ਟਾਂ ਵਿਚ ਕਿਤੇ ਵੀ ਯੋਗੀਆਂ ਦੀ ਨਿਖੇਧੀ ਨਹੀਂ ਕੀਤੀ ਗਈ। ਇਸ ਧਾਰਨਾ ਨੂੰ ਸਨਮੁੱਖ ਰੱਖਦਿਆਂ ਇਹ ਰਾਏ ਪ੍ਰਗਟਾਈ ਗਈ ਕਿ ਰਚਨਾ ਦਾ ਲੇਖਕ ਕੋਈ ਜੋਗੀ ਸੀ, ਜਿਸ ਨੇ ਗੁਰੂ ਸਾਹਿਬ ਦੀ ਮਹਿਮਾ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਕਰਾਈ ਜਾਪਦੀ ਹੈ।

ਉੱਪਰ ਦਿੱਤੀਆਂ ਗਈਆਂ ਰਾਵਾਂ ਤੋਂ ਇਲਾਵਾ ਕੁੱਝ ਹੋਰ ਵਿਦਵਾਨਾਂ ਨੇ ਵੀ ਪੁਰਾਤਨ ਜਨਮਸਾਖੀ ਦੇ ਲੇਖਕ ਬਾਰੇ ਆਪਣੇ ਵਿਚਾਰ ਦਿੱਤੇ ਹਨ। ਡਾ. ਗ੍ਰਿਅਰਸਨ ਨੇ ਇਸ ਰਚਨਾ ਦੀ ਭਾਸ਼ਾ ਨੂੰ 'ਲਹਿੰਦਾ' ਦਾ ਨਾਉਂ ਦਿੱਤਾ ਹੈ ਅਤੇ ਇਸ ਤੋਂ ਇਹ ਭਾਵ ਹੋਇਆ ਕਿ ਇਸ ਦੀ ਭਾਸ਼ਾ ਪੱਛਮੀ ਪੰਜਾਬ ਦੀ ਹੈ। ਇਸ ਤਰ੍ਹਾਂ ਡਾ. ਸਾਹਿਬ ਦੀ ਰਾਏ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਸ ਰਚਨਾ ਦਾ ਰਚੈਤਾ (ਲੇਖਕ) ਲਹਿੰਦੇ ਵਾਲੇ ਇਲਾਕੇ ਦਾ ਸੀ ਪਰ ਇਸ ਬਾਰੇ ਧਿਆਨ ਯੋਗ ਗੱਲ ਇਹ ਹੈ ਕਿ ਕਿਸੇ ਵੀ ਵਿਦਵਾਨ ਲੇਖਕ ਦਾ ਨਾਂ ਨਹੀਂ ਦਿੱਤਾ ਹੈ, ਕੇਵਲ ਉਸ ਦੀ ਜਾਤ ਜਾਂ ਉਸ ਦੇ ਇਲਾਕੇ ਉੱਤੇ ਹੀ ਪ੍ਰਕਾਸ਼ ਪਾਇਆ ਹੈ। ਮੈਕਾਲਿਫ਼ ਪਹਿਲਾ ਵਿਦਵਾਨ ਹੈ ਜਿਸ ਨੇ ਆਲੋਚਨਾ ਅਧੀਨ ਲੇਖਕ ਦਾ ਨਾਉਂ ਦਿੱਤਾ। ਉਸ ਦੀ ਸੂਚਨਾ ਅਨੁਸਾਰ ਇਸ ਰਚਨਾ ਦਾ ਲੇਖਕ ਸੇਵਾ ਦਾਸ ਹੈ। ਉਹਨਾਂ ਨੂੰ ਇਹ ਸੂਚਨਾ ਅੱਤਰ ਸਿੰਘ ਭਦੌੜ ਪਾਸੋਂ ਪ੍ਰਾਪਤ ਹੋਈ। ਡਾ: ਸਾਹਿਬ ਦੀ ਪ੍ਰੋੜ੍ਹਤਾ ਭਾਈ ਵੀਰ ਸਿੰਘ (ਇਸ ਵਿਦਵਾਨ ਨੇ ਪੁਰਾਤਨ ਜਨਮਸਾਖੀ ਨੂੰ ਸੰਪਾਦਿਤ ਕੀਤਾ) ਦੇ ਇਸ ਕਥਨ ਤੋਂ ਹੋ ਜਾਂਦੀ ਹੈ, ਜਦ ਉਹ ਕਹਿੰਦੇ ਹਨ ਕਿ ਆਲੋਚਨਾਧੀਨ ਰਚਨਾ ਪਿੰਡੀਘੇਬ ਦੇ ਇਲਾਕੇ ਦੇ ਇਕ ਵਸਨੀਕ ਸੇਵਾ ਦਾਸ ਦੀ ਕ੍ਰਿਤ ਹੈ। ਇਸ ਪ੍ਰਕਾਰ ਸਿੱਖ ਜਗਤ ਦੇ ਇਕ ਹੋਰ ਵਿਦਵਾਨ ਖੋਜੀ ਕਾਨ੍ਹ ਸਿੰਘ ਨਾਭਾ ਨੇ ਵੀ ਇਸ ਰਚਨਾ ਦਾ ਲੇਖਕ ਸੇਵਾਦਾਸ ਹੀ ਸਵੀਕਾਰ ਕੀਤਾ ਹੈ, ਪਰ ਇਹਨਾਂ ਵਿਦਵਾਨਾਂ ਨੇ ਆਪਣੀ ਰਾਵਾਂ ਦੀ ਪ੍ਰੋੜ੍ਹਤਾ ਵਿਚ ਕੋਈ ਠੋਸ ਦਲੀਲਾਂ ਨਹੀਂ ਦਿੱਤੀਆਂ ਹਨ। ਇਹ ਵੀ ਨਹੀਂ ਦੱਸਿਆ ਕਿ ਪਿੰਡੀਘੇਬ ਕਿਸ ਸਥਾਨ ਦਾ ਨਾਉਂ ਹੈ ਅਤੇ ਕੀ ਕੋਈ ਅਜਿਹਾ ਵਿਅਕਤੀ ਇਸ ਥਾਉਂ ਉੱਤੇ ਪ੍ਰਸਿੱਧ ਸੀ? ਇਹ ਜ਼ਰੂਰੀ ਹੈ ਕਿਉਂਕਿ ਜੋ ਪਿੰਡੀਘੇ ਬ ਦੇ ਇਲਾਕੇ ਵਿਚ ਕੋਈ ਸੇਵਾ ਦਾਸ ਨਾਉਂ ਦਾ ਵਿਅਕਤੀ ਪ੍ਰਸਿੱਧ ਹੀ ਨਹੀਂ ਸੀ ਤਾਂ ਉਸ ਦਾ ਇੰਨੀ ਪ੍ਰਸਿੱਧ ਰਚਨਾ ਦਾ ਰਚੈਤਾ ਹੋਣਾ ਸੰਭਵ ਨਹੀਂ ਜਾਪਦਾ।

(5) *ਪੁਰਾਤਨ ਜਨਮਸਾਖੀ* ਦੀ ਭਾਸ਼ਾ ਉੱਤੇ ਬਹੁਤਾ ਕਰਕੇ ਪਿੰਡੀਘੇਬ ਦੀ ਇਲਾਕਾਈ ਭਾਸ਼ਾ ਦਾ ਪ੍ਰਭਾਵ ਹੈ ਅਤੇ ਇਸ ਨੂੰ ਆਧਾਰ ਬਣਾ ਕੇ ਵਿਦਵਾਨਾਂ ਨੇ ਇਹ ਦੱਸਿਆ ਹੈ ਕਿ ਇਸ ਰਚਨਾ ਦਾ ਰਚੈਤਾ ਜ਼ਰੂਰ ਹੀ ਪਿੰਡੀਘੇਬ ਦਾ ਵਸਨੀਕ ਹੋਵੇਗਾ। ਹੁਣ ਦੋ ਪ੍ਰਸ਼ਨਾਂ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ। ਪਹਿਲਾ ਪ੍ਰਸ਼ਨ ਇਹ ਹੈ ਕਿ ਪਿੰਡੀਘੇਬ ਦਾ ਇਲਾਕਾ ਕਿੱਥੇ ਹੈ ਅਤੇ ਦੂਜਾ ਇਸ ਇਲਾਕੇ ਵਿਚ ਸੇਵਾਦਾਸ ਨਾਂ ਦਾ ਵਿਅਕਤੀ ਰਹਿੰਦਾ ਸੀ ਜਾਂ ਨਹੀਂ? ਸੁਆਂ ਅਤੇ ਸੀਲ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਘੇਬ ਕਿਹਾ ਜਾਂਦਾ ਹੈ। ਇਸ ਇਲਾਕੇ ਦਾ ਅਜਿਹਾ ਨਾਉਂ ਪ੍ਰਚਲਿਤ ਹੋਣ ਪਿੱਛੇ ਇਕ ਪਰੰਪਰਾ ਹੈ। ਇੱਥੇ ਘੇਬ ਜਾਂ ਗੇਬਾਂ ਨਾਉਂ ਦਾ ਇਕ ਕਬੀਲਾ ਕਾਫ਼ੀ ਚਿਰ ਰਹਿੰਦਾ ਰਿਹਾ ਅਤੇ ਇਸ ਕਬੀਲੇ ਪਿੱਛੇ ਹੀ ਇਸ ਧਰਤੀ ਨੂੰ ਘੇਬ ਧਰਤੀ ਕਰਕੇ ਜਾਣਿਆ ਜਾਣ ਲੱਗਾ। ਇਸ ਕਬੀਲੇ ਵਿਚ ਰਾਜਪੂਤ ਸ਼ਾਮਲ ਸਨ। ਇਸ ਕਬੀਲੇ ਨੇ ਆਪਣੀ ਰਾਜਧਾਨੀ ਵੀ ਘੇਬ ਨੂੰ ਹੀ ਬਣਾਇਆ। ਸਮੇਂ ਦੇ ਵਿਕਾਸ ਨਾਲ ਘੇਬ ਇਲਾਕੇ ਨੇ ਕਈ ਉਤਾਰ-ਚੜ੍ਹਾ ਵੀ ਵੇਖੇ ਅਤੇ ਪਾਕਿਸਤਾਨ ਵਿਚ ਇਸ ਨਗਰ ਦੀ ਵਿਸ਼ੇਸ਼ਤਾ ਅਜੇ ਤਕ ਜਾਣੀ ਜਾਂਦੀ ਹੈ। 1947 ਈ: (ਹਿੰਦ ਦੀ ਵੰਡ ਦਾ ਸਾਲ) ਵਿਚ ਇਸ ਨਗਰੀ ਦੀ ਆਬਾਦੀ 20 ਹਜ਼ਾਰ ਸੀ। ਇਹ ਨਗਰ ਬਸ਼ਾਲ ਰੇਲਵੇ ਜੰਕਸ਼ਨ ਤੋਂ 24 ਮੀਲ ਦੱਖਣ ਵੱਲ ਆਬਾਦ ਹੈ। ਇਸ ਵਿਚ ਮਾਲਿਕ ਜਾਗੀਰਦਾਰਾਂ ਦਾ ਕਾਫੀ ਦਬਦਬਾ ਹੈ ਅਤੇ ਨਗਰ ਵਿਚ ਕਈ ਪ੍ਰਸਿੱਧ ਜੋਗੀ ਟਿੱਲੇ ਵੀ ਹਨ। ਇਸ ਨਗਰ ਵਿਚ 'ਖਜੂਰਾਂ ਵਾਲੀ ਡੇਹਰੀ' ਦੇ ਕੋਲ ਸੇਵਾ ਦਾਸ ਦਾ ਸਥਾਨ ਹੈ। ਇੱਥੇ ਉਸ ਦੀ ਪਰੰਪਰਾ ਨਾਲ ਜੁੜੇ ਵਿਅਕਤੀ ਰਹਿੰਦੇ ਹਨ। ਇਸ ਇਲਾਕੇ ਵਿਚ ਸੇਵਾ ਦਾਸ ਦੀ ਕਾਫ਼ੀ ਪ੍ਰਸਿੱਧੀ ਰਹੀ ਹੈ। ਰਵਾਇਤ ਇਹ ਵੀ ਦੱਸਦੀ ਹੈ ਕਿ ਇਹ ਲੋਕ ਗੁਰੂ ਨਾਨਕ ਦੇਵ ਜੀ ਨੂੰ

ਮੰਨਦੇ ਸਨ ਅਤੇ ਬਾਅਦ ਵਿਚ ਸੇਵਾ ਦਾਸ ਨੂੰ ਹੀ ਇਸ਼ਟ ਦੇ ਰੂਪ ਵਿਚ ਸਤਿਕਾਰਿਆ ਜਾਣ ਲੱਗਾ। ਪਰ ਮੁਸਲਮਾਨਾਂ ਦੇ ਵਧਦੇ ਜ਼ੋਰ ਕਾਰਨ ਇਸ ਸਥਾਨ ਦੇ ਗਿਰਨ 'ਤੇ ਇੱਥੇ ਕੱਚੇ ਕੋਠੇ ਪੈ ਗਏ। ਪਰ ਇਹ ਗੱਲ ਸਾਫ਼ ਹੈ ਕਿ ਪਿੰਡੀਘੇਬ ਦੇ ਇਲਾਕੇ ਵਿਚ ਸੇਵਾ ਦਾਸ ਨਾਉਂ ਦਾ ਇਕ ਪ੍ਰਸਿੱਧ ਵਿਅਕਤੀ ਰਹਿੰਦਾ ਸੀ। ਇਸ ਤੋਂ ਇਲਾਵਾ ਇਹ ਵੀ ਪਤਾ ਲਗਦਾ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਇਸ਼ਟ ਮੰਨਦਾ ਸੀ।

ਪੁਰਾਤਨ ਜਨਮਸਾਖੀ ਦੇ ਕਰਤਾ ਆਦਿ ਬਾਰੇ ਕੀਤੀ ਗਈ ਉਪਰਲੀ ਚਰਚਾ ਦੇ ਆਧਾਰ 'ਤੇ ਇਹ ਰਾਏ ਪ੍ਰਗਟਾਈ ਜਾਂਦੀ ਹੈ ਕਿ ਇਸ ਬਾਰੇ ਪੱਕੇ ਤੌਰ 'ਤੇ ਕੁੱਝ ਕਿਹਾ ਨਹੀਂ ਜਾ ਸਕਦਾ। ਕੁੱਝ ਅਨੁਮਾਨ ਹੀ ਲਾਏ ਜਾ ਸਕਦੇ ਹਨ। ਇਸ ਕੰਮ ਲਈ ਕਈ ਆਧਾਰ ਸਾਡੀ ਸਹਾਇਤਾ ਕਰਦੇ ਹਨ। ਇਕ ਆਧਾਰ ਪਿੰਡੀਘੇਬ ਦੇ ਇਲਾਕੇ ਦੀ ਪਰੰਪਰਾ ਹੈ। ਇਸ ਰਚਨਾ ਦੀ ਭਾਸ਼ਾ ਇਸ ਇਲਾਕੇ ਦੀ ਹੈ। ਦੂਜੀ ਗੱਲ ਇਹ ਹੈ ਕਿ ਇਲਾਕੇ ਵਿਚ ਸੇਵਾ ਦਾਸ ਨਾਉਂ ਦਾ ਵਿਅਕਤੀ ਰਹਿੰਦਾ ਸੀ, ਜਿਹੜਾ ਗੁਰੂ ਨਾਨਕ ਦੇਵ ਦਾ ਇਕ ਵੱਡਾ ਭਗਤ ਵੀ ਸੀ। ਇਸ ਤੋਂ ਇਲਾਵਾ ਉਸ ਨੂੰ ਸਾਹਿਤ ਲਿਖਣ ਦਾ ਸ਼ੌਕ ਵੀ ਸੀ। ਇਨ੍ਹਾਂ ਦਲੀਲਾਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਆਲੋਚਨਾਧੀਨ ਰਚਨਾ ਦਾ ਕਰਤਾ ਪਿੰਡੀਘੇਬ ਦਾ ਨਿਵਾਸੀ ਸੇਵਾ ਦਾਸ ਹੈ।

## ਪੁਰਾਤਨ ਜਨਮਸਾਖੀ ਦਾ ਰਚਨਾਕਾਲ

ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਨੂੰ ਆਧਾਰ ਬਣਾ ਕੇ ਹੀ ਇਸ ਸਾਹਿਤਕ ਕ੍ਰਿਤ ਦਾ ਰਚਨਾਕਾਲ ਦੱਸਿਆ ਜਾ ਸਕਦਾ ਹੈ। ਰਚਨਾਕਾਲ ਜਾਣਨ ਦੀ ਸਮੱਸਿਆ ਅੱਜ ਸਾਡੇ ਸਾਹਮਣੇ ਨਹੀਂ ਆਉਂਦੀ ਕਿਉਂਕਿ ਅੱਜ ਹਰ ਲੇਖਕ ਆਪਣੀ ਰਚਨਾ ਨੂੰ ਲਿਖਣ ਛਾਪਣ ਵੇਲੇ ਸਿਰਜਣਾ ਦੇ ਸਾਲ ਨੂੰ ਲਿਖ ਦਿੰਦਾ ਹੈ। ਇਸ ਰਚਨਾ ਤੋਂ ਸਾਫ਼ ਪਤਾ ਲਗ ਜਾਂਦਾ ਹੈ ਕਿ ਕੋਈ ਰਚਨਾ ਕਦੋਂ ਹੋਂਦ ਵਿਚ ਆਈ। ਇਸ ਦਾ ਪਤਾ ਹੋਣਾ ਜ਼ਰੂਰੀ ਹੁੰਦਾ ਹੈ। ਇਸ ਦੇ ਦੋ ਕਾਰਨ ਹਨ। ਪਹਿਲਾ ਇਹ ਹੈ ਕਿ ਕਿਸੇ ਸਾਹਿਤਕ ਕ੍ਰਿਤ ਦੀ ਸਹੀ ਆਲੋਚਨਾ ਲਈ ਇਹ ਜ਼ਰੂਰੀ ਹੈ ਕਿ ਸਾਨੂੰ ਪਤਾ ਹੋਵੇ ਕਿ ਇਹ ਕਦੋਂ ਹੋਂਦ ਵਿਚ ਆਈ? ਇਸ ਨੂੰ ਆਧਾਰ ਬਣਾ ਕੇ ਹੀ ਇਸ ਰਚਨਾ ਦਾ ਮੁਲਾਂਕਣ ਇਤਿਹਾਸਕ-ਰਾਜਨੀਤਕ-ਸਮਾਜਿਕ ਪ੍ਰਸੰਗ ਵਿਚ ਕੀਤਾ ਜਾ ਸਕਦਾ ਹੈ। ਦੂਜਾ ਕਾਰਨ ਰਚਨਾ ਦੇ ਰਚੈਤਾ ਦੇ ਯੋਗਦਾਨ ਨੂੰ ਸਹੀ ਤਰ੍ਹਾਂ ਸਮਝਣ ਵਾਸਤੇ ਇਹ ਜ਼ਰੂਰੀ ਹੈ ਕਿ ਵੇਖਿਆ ਜਾਏ ਕਿ ਉਸ ਨੇ ਕਦੋਂ ਲਿਖਿਆ ਸੀ? ਇਸ ਸਹਾਇਤਾ ਨਾਲ ਹੀ ਅਸੀਂ ਕਿਸੇ ਲੇਖਕ ਦਾ ਉਦੋਂ ਦੇ ਲੇਖਕਾਂ ਨਾਲ ਟਾਕਰਾ ਕਰਕੇ ਉਸ ਦੀ ਸਹੀ ਥਾਂ ਨਿਸ਼ਚਿਤ ਕਰ ਸਕਦੇ ਹਾਂ। ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਮੱਧ ਕਾਲੀਨ ਸਾਹਿਤ ਦਾ ਬਹੁਤਾ ਭਾਗ ਅਜਿਹਾ ਹੈ ਕਿ ਜਿਸ ਦੇ ਰਚਨਾਕਾਲ ਬਾਰੇ ਪੱਕੇ ਤੌਰ 'ਤੇ ਕੁੱਝ ਨਹੀਂ ਕਿਹਾ ਜਾ ਸਕਦਾ। ਇਹ ਗੱਲ ਪੁਰਾਤਨ ਜਨਮਸਾਖੀ ਬਾਰੇ ਵੀ ਸਹੀ ਹੈ। ਇਹ ਸਮੱਸਿਆ ਇਸ ਲਈ ਸਾਡੇ ਸਾਹਮਣੇ ਆਈ ਕਿਉਂਕਿ ਇਸ ਦੇ ਲੇਖਕ ਨੇ ਇਸ ਉਪਰ ਸਿਰਜਣਾ ਦੇ ਵਰ੍ਹੇ ਆਦਿ ਬਾਰੇ ਕੁੱਝ ਨਹੀਂ ਲਿਖਿਆ। ਇਸ ਲਈ ਰਚਨਾਕਾਲ ਦੀ ਸਮੱਸਿਆ ਉਸੇ ਤਰ੍ਹਾਂ ਹੀ ਚਲੀ ਆ ਰਹੀ ਹੈ। ਇਨ੍ਹਾਂ ਅਨੁਮਾਨਾਂ ਨੂੰ ਆਧਾਰ ਬਣਾ ਕੇ ਪੰਜਾਬੀ ਸਾਹਿਤ ਦੇ ਕਈ ਵਿਦਵਾਨ ਆਲੋਚਕਾਂ ਨੇ ਆਪਣੇ ਵਿਚਾਰ ਦਿੱਤੇ ਹਨ। ਇਹਨਾਂ ਬਾਰੇ ਵੀ ਵਿਚਾਰ ਕਰਨ ਯੋਗ ਜਾਪਦਾ ਹੈ।

(1) ਭਾਈ ਵੀਰ ਸਿੰਘ (ਜਿਹੜੇ ਪੁਰਾਤਨ ਜਨਮਸਾਖੀ ਰਚਨਾ ਦੇ ਸੰਪਾਦਕ ਵੀ ਹਨ) ਨੇ ਇਸ ਰਚਨਾ ਦੀ ਸਾਖੀ ਨੰਬਰ ਦੋ ਦੀ ਸਹਾਇਤਾ ਨਾਲ ਇਸ ਰਚਨਾ ਦਾ ਰਚਨਾਕਾਲ ਲੱਭਣ ਦਾ ਯਤਨ ਕੀਤਾ ਹੈ। ਇਸ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਨਾਇਕ ਨੂੰ ਤੁਰਕੀ ਪੜ੍ਹਨ ਜਾਂਦਾ ਦਿਖਾਇਆ ਗਿਆ ਹੈ। ਤੁਰਕੀ ਦੀ ਪੜ੍ਹਾਈ ਦੀ ਸੰਭਾਵਨਾ ਤੁਰਕਾਂ ਦੇ ਰਾਜ ਵਿਚ ਹੀ ਸੰਭਵ ਹੋ ਸਕਦੀ ਹੈ। ਇੰਨਾ ਹੀ ਨਹੀਂ, ਸਗੋਂ ਇਹ ਪੜ੍ਹਾਈ ਉਦੋਂ ਕਰਾਈ ਜਾ ਸਕਦੀ ਸੀ, ਜਦੋਂ ਤੁਰਕਾਂ ਦਾ ਰਾਜ ਪੱਕੀ ਤਰ੍ਹਾਂ ਸਥਾਪਿਤ ਹੋ ਚੁੱਕਾ ਹੋਵੇ। ਇਸ ਪ੍ਰਕਾਰ ਇਸ ਤਰ੍ਹਾਂ ਲਗਦਾ ਹੈ ਜਿਵੇਂ ਇਸ ਸਾਖੀ ਦੀ ਸਿਰਜਣਾ ਮੁਗਲਾਂ ਦੇ ਰਾਜ ਸਥਾਪਿਤ ਹੋਣ ਤੋਂ ਕਾਫ਼ੀ ਚਿਰ ਬਾਅਦ ਹੋਈ ਹੋਵੇਗੀ। ਦੂਜੀ ਗੱਲ ਇਹ ਹੈ ਕਿ ਇਸ ਜਨਮਸਾਖੀ ਵਿਚ ਪੰਜਵੇਂ ਗੁਰੂ ਦੇ ਕਈ ਸ਼ਬਦ ਆਏ ਹਨ। ਇਸ ਗੱਲ ਤੋਂ ਇਹ ਰਾਏ ਪ੍ਰਗਟਾਈ ਜਾ ਸਕਦੀ ਹੈ ਕਿ ਇਸ ਰਚਨਾ ਦਾ ਰਚਨਾਕਾਲ ਪੰਜਵੇਂ ਗੁਰੂ ਦੇ ਵੇਲੇ ਜਾਂ ਉਸ ਤੋਂ ਬਾਅਦ ਦਾ ਪ੍ਰਤੀਤ ਹੁੰਦਾ ਹੈ। ਤੀਜੀ ਗੱਲ ਇਹ ਹੈ ਕਿ ਆਲੋਚਨਾਧੀਨ ਰਚਨਾ ਵਿਚ ਕਈ ਥਾਈਂ 'ਬੋਲਹੁ ਵਾਹਿਗੁਰੂ ਅਤੇ ਬੋਲਹੋ ਵਾਹਿਗੁਰੂ ਜੀ ਕਿ ਫ਼ਤੇ ਹੋਈ' ਵਾਕੰਸ਼ ਵਰਤੇ ਗਏ ਹਨ। ਵਾਹਿਗੁਰੂ ਸ਼ਬਦ ਦੀ ਵਰਤੋਂ ਪਹਿਲੀ ਵਾਰ ਭੱਟਾਂ ਦੇ ਸਵੱਈਆਂ ਵਿਚ ਮਿਲਦੀ ਹੈ। ਇਸ ਤੋਂ ਇਲਾਵਾ ਵਾਹਿਗੁਰੂ ਸ਼ਬਦ ਦੀ ਵਰਤੋਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਦੇ ਸੰਪਾਦਨ ਹੋਣ ਤੋਂ ਬਾਅਦ ਹੋਈ। ਇਹ

ਸਮਾਂ ਛੇਵੇਂ ਗੁਰੂ ਦੇ ਵੇਲੇ ਦੇ ਆਸ-ਪਾਸ ਦਾ ਹੈ। ਇਨ੍ਹਾਂ ਤੱਥਾਂ ਤੋਂ ਇਲਾਵਾ ਸਿੱਖ ਜਗਤ ਦੇ ਪ੍ਰਸਿੱਧ ਇਤਿਹਾਸਕਾਰ ਸ. ਕਰਮ ਸਿੰਘ ਨੇ ਸਾਖੀ ਨੰਬਰ 29 (ਜੁਗਾਵਲੀ) ਨੂੰ ਸਾਹਮਣੇ ਰੱਖ ਕੇ ਇਕ ਨਵੇਂ ਆਧਾਰ ਨੂੰ ਸਾਡੇ ਸਾਹਮਣੇ ਰੱਖਿਆ ਹੈ। ਇਤਿਹਾਸਕਾਰ ਨੇ ਇਸ ਸਾਖੀ ਵਿਚ ਲਿਖੇ ਕਲਿਯੁਗ ਖ਼ਤਮ ਹੋਣ ਦੇ ਸਮੇਂ ਨੂੰ ਆਧਾਰ ਬਣਾ ਕੇ ਆਲੋਚਨਾ ਅਧੀਨ ਰਚਨਾ ਦੇ ਸਿਰਜਨ ਦਾ ਸਮਾਂ 1635 ਈ: (1692 ਸੰਮਤ) ਸਥਾਪਿਤ ਕੀਤਾ ਹੈ। ਇਹ ਸਾਰੀਆਂ ਰਾਵਾਂ ਕੇਵਲ ਅਨੁਮਾਨ ਦਾ ਹੀ ਮੰਤਵ ਰੱਖਦੀਆਂ ਸਨ, ਵਿਗਿਆਨਕ ਤੌਰ 'ਤੇ ਵਿਚਾਰਧੀਨ ਰਚਨਾ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ।

(2) ਸਿੱਖ-ਫਲਸਫੇ ਅਤੇ ਇਤਿਹਾਸ ਦੇ ਇਕ ਹੋਰ ਖੋਜੀ ਪ੍ਰੋ: ਸਾਹਿਬ ਸਿੰਘ ਨੇ ਵੀ ਪੁਰਾਤਨ ਜਨਮ ਸਾਖੀ ਦੇ ਰਚਨਾਕਾਲ ਬਾਰੇ ਆਪਣੀ ਰਾਏ ਪ੍ਰਗਟ ਕੀਤੀ ਹੈ। ਪ੍ਰੋਫ਼ੈਸਰ ਸਾਹਿਬ ਦਾ ਆਧਾਰ ਭਾਸ਼ਾ ਹੈ। ਉਹ ਇਸ ਵਿਚਾਰ ਦੇ ਹਨ ਕਿ ਇਸ ਰਚਨਾ ਦੀ ਭਾਸ਼ਾ ਪੈਟਰਨ ਅਤੇ ਸ਼ਬਦਾਂਤਕ (ਲਗਾਂ, ਸਿਹਾਰੀ ਅਤੇ ਔਂਕੜ) ਗੁਰੂ ਗਰੰਥ ਸਾਹਿਬ ਵਿਚ ਦਰਜ ਬਾਣੀ ਨਾਲ ਮੇਲ ਖਾਂਦੇ ਹਨ। ਇਸ ਗੱਲ ਨੂੰ ਜੇ ਮੰਨ ਲਿਆ ਜਾਏ ਤਾਂ ਇਹ ਰਚਨਾ ਗੁਰੂ ਅਰਜਨ ਦੇਵ ਤੋਂ ਬਾਅਦ ਸਿੱਧ ਹੁੰਦੀ ਹੈ। ਡਾ. ਸਾਧੂ ਰਾਮ ਸ਼ਾਰਦਾ ਦੇ ਵਿਚਾਰ ਅਨੁਸਾਰ ਇਹ ਰਚਨਾ 1710 ਈ: ਤੋਂ 1715 ਈ. ਦੇ ਵਿਚਕਾਰ ਹੋਂਦ ਵਿਚ ਆਈ। ਡਾ. ਜਗਜੀਤ ਸਿੰਘ ਇਸ ਰਚਨਾ ਨੂੰ ਸੋਢੀ ਮਿਹਰਬਾਨ ਵਾਲੀ ਜਨਮਸਾਖੀ ਤੋਂ ਬਾਅਦ ਹੀ ਰਚਨਾ ਸਿੱਧ ਕਰਦੇ ਹਨ। ਜੇ ਵਿਦਵਾਨ ਖੋਜੀ ਦੀ ਧਾਰਨਾ ਨੂੰ ਮੰਨ ਲਿਆ ਜਾਏ ਤਾਂ ਇਸ ਤੋਂ ਇਹ ਸਥਾਪਤ ਹੋ ਜਾਂਦਾ ਹੈ ਕਿ ਪੰਜਾਬੀ ਦੀ ਸਭ ਤੋਂ ਪੁਰਾਣੀ ਜਨਮਸਾਖੀ ਦੀ ਸ਼ੈਲੀ ਪੁਰਾਤਨ ਜਨਮਸਾਖੀ ਦੀ ਸ਼ੈਲੀ ਦੇ ਟਾਕਰੇ ਤੋਂ ਬਹੁਤੀ ਵਿਆਖਿਆ ਪ੍ਰਧਾਨ ਹੈ। ਵਿਆਖਿਆ ਕਰਨ ਦੀ ਰੁਚੀ ਬਾਅਦ ਵਿਚ ਆਉਂਦੀ ਹੈ, ਪਹਿਲਾਂ ਤਾਂ ਕੇਵਲ ਬਿਰਤਾਂਤ ਹੀ ਮਿਲਦੇ ਹਨ। ਪੁਰਾਤਨ ਜਨਮਸਾਖੀ ਦੀ ਸ਼ੈਲੀ ਕਥਾ-ਰਸ ਨੂੰ ਪ੍ਰਧਾਨਤਾ ਦਿੰਦੀ ਹੈ, ਵਿਆਖਿਆ ਦਾ ਅੰਸ਼ ਥੋੜ੍ਹਾ ਜਿਹਾ ਹੈ, ਸੋਢੀ ਮਿਹਰਬਾਨ ਵਾਲੀ ਰਚਨਾ ਬਾਅਦ ਦੀ ਕ੍ਰਿਤ ਹੈ। ਡਾ: ਪਿਆਰ ਸਿੰਘ ਵੀ ਇਸੇ ਵਿਚਾਰ ਦੇ ਹਨ ਅਰਥਾਤ ਉਹ ਵੀ ਪੁਰਾਤਨ ਜਨਮਸਾਖੀ ਨੂੰ ਪਹਿਲਾਂ ਅਤੇ ਸੋਢੀ ਮਿਹਰਬਾਨ ਵਾਲੀ ਰਚਨਾ ਨੂੰ ਬਾਅਦ ਦੀ ਰਚਨਾ ਮੰਨਦੇ ਹਨ।

(3) ਪੁਰਾਤਨ ਜਨਮਸਾਖੀ ਦੇ ਰਚਨਾਕਾਲ ਬਾਰੇ ਵੱਖ-ਵੱਖ ਵਿਦਵਾਨਾਂ ਦੀਆਂ ਰਾਵਾਂ ਦੇਣ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਇਸ ਸਮੱਸਿਆ ਦਾ ਵਿਗਿਆਨਕ ਮੁਲਾਂਕਣ ਜਾਂ ਛਾਣ-ਬੀਣ ਨਹੀਂ ਕੀਤੀ ਗਈ। ਵਿਗਿਆਨਕ ਆਧਾਰ ਇਸ ਵਿਚ ਹੈ ਕਿ ਪਹਿਲਾਂ ਵਿਚਾਰਧੀਨ ਰਚਨਾ ਦੇ ਅੰਦਰਲੇ ਪਾਠ ਦੀ ਸਹਾਇਤਾ ਲਈ ਜਾਵੇ ਭਾਵ ਅੰਦਰਲੀਆਂ ਗਵਾਹੀਆਂ ਨੂੰ ਆਧਾਰ ਬਣਾ ਕੇ ਇਸ ਦਾ ਰਚਨਾਕਾਲ ਭਾਲਣ ਦਾ ਯਤਨ ਕੀਤਾ ਜਾਏ। ਇਸ ਬਾਰੇ ਪਹਿਲੀ ਗੱਲ ਇਹ ਹੈ ਕਿ ਇਸ ਰਚਨਾ ਦੀਆਂ ਸਾਖੀ ਨੰਬਰ 43 ਅਤੇ 47 ਵਿਚ ਗੁਰੂ ਨਾਨਕ ਦੇਵ ਨੂੰ ਮੰਜੀਆਂ ਸਥਾਪਿਤ ਕਰਦਾ ਚਿਤਰਿਆ ਗਿਆ ਹੈ। ਧਰਮ ਦੇ ਪ੍ਰਚਾਰ ਹਿੱਤ ਅਜਿਹੀ ਸਥਾਪਨਾ ਗੁਰੂ ਅਮਰਦਾਸ ਨੇ ਕੀਤੀ। ਇਸ ਲਈ ਇਹ ਰਚਨਾ ਗੁਰੂ ਅਮਰਦਾਸ ਤੋਂ ਬਾਅਦ ਸਾਹਮਣੇ ਆਈ। ਦੂਜੀ ਗੱਲ ਗੋਇੰਦਵਾਲ ਨਗਰ ਨਾਲ ਸੰਬੰਧ ਰੱਖਦੀ ਹੈ। ਇਸ ਰਚਨਾ ਦੀ ਸਾਖੀ ਨੰਬਰ 33 ਵਿਚ ਇਸ ਦਾ ਜ਼ਿਕਰ ਆਉਂਦਾ ਹੈ। ਇਸ ਵਿਚ ਲਿਖਿਆ ਗਿਆ ਹੈ ਕਿ ਗੁਰੂ ਸਾਹਿਬ ਗੋਇੰਦਵਾਲ ਜਾ ਕੇ ਠਹਿਰੇ। ਇਹ ਨਗਰ ਗੁਰੂ ਅਮਰਦਾਸ ਵੇਲੇ ਸਥਾਪਿਤ ਹੋਇਆ ਸੀ। ਇਸ ਪ੍ਰਮਾਣ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਇਹ ਰਚਨਾ ਗੁਰੂ ਅਮਰਦਾਸ ਤੋਂ ਬਾਅਦ ਹੋਂਦ ਵਿਚ ਆਈ। ਤੀਜੀ ਗੱਲ ਰਚਨਾ ਅੰਦਰੋਂ ਇਹ ਮਿਲਦੀ ਹੈ ਕਿ ਇਸ ਵਿਚ ਨਾਇਕ ਗੁਰੂ ਨਾਨਕ ਦੇਵ ਜੀ ਦੇ ਮੂੰਹੋਂ ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਅਖਵਾਏ ਹਨ। ਇੰਨਾ ਹੀ ਨਹੀਂ ਸਗੋਂ ਇਸ ਰਚਨਾ ਦੀ ਸਾਖੀ ਨੰਬਰ 51 ਵਿਚ ਭਗਤ ਕਬੀਰ ਜੀ ਦਾ ਇਕ ਸ਼ਬਦ ਗੁਰੂ ਨਾਨਕ ਦੇਵ ਜੀ ਦਾ ਸਮਝ ਕੇ ਲਿਖਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਦਾ ਲਿਖੇ ਜਾਣਾ ਇਹ ਸਿੱਧ ਕਰਦਾ ਹੈ ਕਿ ਪੱਕੇ ਤੌਰ 'ਤੇ ਇਹ ਰਚਨਾ ਗੁਰੂ ਸਾਹਿਬ ਦੀ ਗੱਦੀ 'ਤੇ ਬੈਠਣ (1581 ਈ:) ਤੋਂ ਬਾਅਦ ਲਿਖੀ ਗਈ। ਚੌਥੀ ਗੱਲ ਇਸ ਰਚਨਾ ਦੀ ਭਾਸ਼ਾ ਦਾ ਸਰੂਪ ਹੈ। ਡਾ: ਟਰੰਪ ਦਾ ਇਹ ਵਿਚਾਰ ਹੈ ਕਿ ਇਸ ਰਚਨਾ ਦੀ ਭਾਸ਼ਾ ਗੁਰੂ ਅਰਜਨ ਦੇਵ ਦੀ ਬਾਣੀ ਵਰਗੀ ਜਾਪਦੀ ਹੈ। ਭਾਸ਼ਾ ਪ੍ਰਯੋਗ ਦੀ ਵਿਧੀ ਵਿਚ ਇਕਸਾਰਤਾ ਨੂੰ ਜੇ ਆਧਾਰ ਮੰਨ ਲਿਆ ਜਾਏ ਤਾਂ ਇਹ ਸਿੱਧ ਹੋ ਜਾਂਦਾ ਹੈ ਤੇ ਵਿਚਾਰਧੀਨ ਰਚਨਾ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਦੀ ਕ੍ਰਿਤ ਹੈ।

(4) ਪੁਰਾਤਨ ਜਨਮਸਾਖੀ ਦੇ ਰਚਨਾਕਾਲ ਬਾਰੇ ਵਿਗਿਆਨਕ ਤੌਰ ਤੇ ਕੋਈ ਸਿੱਟਾ ਕੱਢਣ ਤੋਂ ਪਹਿਲਾਂ ਕੁੱਝ ਬਾਹਰਲੇ ਪ੍ਰਮਾਣਾਂ ਦੀ ਗੱਲ ਕਰਨੀ ਵੀ ਠੀਕ ਹੋਵੇਗੀ। ਮੈਕਾਲਿਫ਼ ਇਕ ਅਜਿਹਾ ਵਿਦੇਸ਼ੀ ਇਤਿਹਾਸਕਾਰ ਹੈ, ਜਿਸ ਨੇ

ਸਿੱਖ-ਲਿਖਤਾਂ ਅਤੇ ਗ੍ਰੰਥਾਂ ਬਾਰੇ ਡੂੰਘੀ ਖੋਜ ਕੀਤੀ ਹੈ। ਡਾ. ਸਾਹਿਬ ਨੇ ਇਕ ਅਜਿਹੀ ਜਨਮਸਾਖੀ ਦੀ ਦੱਸ ਪਾਈ ਹੈ ਜਿਹੜੀ ਉਤਾਰਾ ਰੂਪ ਵਿਚ ਹੈ। ਇਹ ਰਚਨਾ ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਤੋਂ 16 ਵਰ੍ਹੇ ਪਹਿਲਾਂ (ਅਰਥਾਤ 1588 ਈ:) ਵਿਚ ਲਿਖੀ ਗਈ। ਇਸ ਖਰੜ੍ਹੇ ਦੇ ਅੱਖਰਾਂ ਦੀ ਬਣਤਰ ਵੀ ਪੁਰਾਣੀ ਹੈ। ਇਸ ਦੀ ਭਾਸ਼ਾ ਨੂੰ ਡਾ. ਸਾਹਿਬ ਪੋਠੋਹਾਰ ਦੇ ਆਲੇ-ਦੁਆਲੇ ਦੀ ਮੰਨਦੇ ਹਨ। ਇਸ ਇਲਾਕੇ ਦੇ ਸੇਵਾ ਦਾਸ ਵੱਲ ਸਾਡਾ ਧਿਆਨ ਖਿੱਚਿਆ ਜਾਂਦਾ ਹੈ। ਇਸ ਤੱਥ ਬਾਰੇ ਅਸੀਂ ਵਿਸਥਾਰ ਸਹਿਤ, ਰਚੈਤਾ ਬਾਰੇ ਗੱਲ ਕਰਦਿਆਂ ਪ੍ਰਕਾਸ਼ ਪਾਇਆ ਹੈ। ਇਸ ਗਵਾਹੀ ਦੇ ਆਧਾਰ 'ਤੇ ਇਸ ਗੱਲ ਸਾਹਮਣੇ ਆਉਂਦੀ ਹੈ ਕਿ ਪੁਰਾਤਨ ਜਨਮਸਾਖੀ ਹੀ ਪੰਜਾਬੀ ਦੀ ਸਭ ਤੋਂ ਪੁਰਾਣੀ ਜਨਮਸਾਖੀ ਹੈ ਅਤੇ ਇਸ ਦੀ ਰਚਨਾ ਕਰਨ ਵਾਲਾ ਕੋਈ ਸੇਵਾ ਦਾਸ ਨਾਉਂ ਦਾ ਇਕ ਵਿਅਕਤੀ ਸੀ। ਇਸ ਦੀ ਰਚਨਾ ਦਾ ਰਚਨਾਕਾਲ ਗੁਰੂ ਅਮਰਦਾਸ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਦੇ ਜੀਵਨਕਾਲ ਦਾ ਵਿਚਕਾਰਲਾ ਸਮਾਂ ਹੈ।

## ਸਿੱਟਾ

ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਨੂੰ ਆਧਾਰ ਬਣਾ ਕੇ ਪੁਰਾਤਨ ਜਨਮਸਾਖੀ ਦੇ ਰਚਨਾਕਾਲ ਬਾਰੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਹ ਗੁਰੂ ਅਮਰਦਾਸ ਤੋਂ ਲੈ ਕੇ ਗੁਰੂ ਅਰਜਨ ਦੇਵ ਦੇ ਵਿਚਕਾਰਲੇ ਸਮੇਂ ਦੀ ਉਪਜ ਹੈ। ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਇਸ ਦੇ ਰਚਨਾ ਕਾਲ ਵਿਚ ਇੰਨਾ ਲੰਮਾ ਸਮਾਂ ਕਿਉਂ ਜੋੜਿਆ ਜਾਂਦਾ ਹੈ? ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ ਕਿ ਇਸ ਰਚਨਾ ਨੂੰ ਹੋਂਦ ਵਿਚ ਆਉਂਦਿਆਂ ਇੰਨਾ ਸਮਾਂ ਕਿਉਂ ਲੱਗਾ?' ਇਸ ਦਾ ਉੱਤਰ ਇਹ ਹੈ ਕਿ ਇਸ ਰਚਨਾ ਦੀਆਂ ਕਈ ਕਥਾਵਾਂ, ਪਹਿਲਾਂ ਮੌਖਿਕ ਰੂਪ ਵਿਚ ਗੁਰੂ ਨਾਨਕ ਦੇਵ ਦੇ ਸ਼ਰਧਾਲੂਆਂ ਵਿਚ ਪ੍ਰਚੱਲਿਤ ਹੋਈਆਂ। ਗੁਰੂ ਸਾਹਿਬ ਦੇ ਭਗਤ, ਗੁਰੂ ਸਾਹਿਬ ਦੀ ਮਹਿਮਾ ਗੱਲਾਂ ਬਾਤਾਂ ਦੁਆਰਾ ਗਾਉਂਦੇ ਸਨ। ਹੌਲੀ-ਹੌਲੀ ਇਹ ਸਮੱਗਰੀ ਵੱਧਦੀ ਗਈ। ਜਿਵੇਂ-ਜਿਵੇਂ ਗੁਰੂ ਸਾਹਿਬ ਦੇ ਸ਼ਰਧਾਲੂਆਂ ਦਾ ਦਾਇਰਾ ਵਧਦਾ ਗਿਆ ਤਿਵ- ਤਿਵੇਂ ਕਈ ਭਗਤਾਂ ਨੇ ਉਹਨਾਂ ਦੀ ਸ਼ਖ਼ਸੀਅਤ ਨਾਲ ਕਈ ਕਰਾਮਾਤੀ ਅੰਸ਼ਾਂ ਨੂੰ ਜੋੜ ਦਿੱਤਾ। ਇਸ ਤਰ੍ਹਾਂ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਇਸ ਸਮੱਗਰੀ ਨੂੰ ਲਿਖਤੀ ਰੂਪ ਦੇਣ ਬਾਰੇ ਸੋਚਿਆ ਗਿਆ। ਇਹ ਕੰਮ ਕਿਸੇ ਹੋਣਹਾਰ, ਸਾਹਿਤਕ ਰੁਚੀਆਂ ਰੱਖਣ ਵਾਲੇ ਗੁਰੂ ਭਗਤ ਨੇ ਕੀਤਾ। ਇਸ ਪ੍ਰਕਾਰ, ਇਸ ਵਿਕਾਸ ਨੂੰ ਜੇ ਸਾਹਮਣੇ ਰਖਿਆ ਜਾਏ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਪੁਰਾਤਨ ਜਨਮਸਾਖੀ ਦੇ ਲਿਖਤੀ ਰੂਪ ਨੂੰ ਸਾਹਮਣੇ ਆਉਂਦਿਆਂ ਕਈ ਸਾਲ ਲੱਗੇ ਹੋਣਗੇ। ਪਹਿਲਾਂ ਇਹ ਸਮੱਗਰੀ ਮੌਖਿਕ ਰੂਪ ਵਿਚ ਸ਼ਰਧਾਲੂਆਂ ਵਿਚ ਹਰਮਨ ਪਿਆਰੀ ਰਹੀ ਹੋਵੇਗੀ। ਇਸ ਲਈ ਇਸ ਲਿਖਤ ਦਾ ਰਚਨਾਕਾਲ ਕਈ ਸਾਲਾਂ ਵਿਚ ਫੈਲਿਆ ਨਜ਼ਰੀਂ ਪੈਂਦਾ ਹੈ ਭਾਵ ਗੁਰੂ ਅਮਰਦਾਸ ਤੋਂ ਲੈ ਕੇ ਗੁਰੂ ਅਰਜਨ ਦੇਵ ਤੱਕ ਦਾ ਸਮਾਂ। ਪਰ ਇਸ ਰਚਨਾ ਦੀ ਭਾਸ਼ਾ ਪ੍ਰਯੋਗ ਵਿਧੀ ਅੰਕਿਤ ਸਮੱਗਰੀ ਦੀ ਪਰੰਪਰਾ ਆਦਿ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਸ ਦਾ ਲਿਖਤੀ ਰੂਪ ਗੁਰੂ ਸਾਹਿਬ ਦੀ ਸੰਪਾਦਨਾ (1604 ਈ:) ਦੇ ਆਲੇ-ਦੁਆਲੇ ਹੀ ਹੋਂਦ ਵਿਚ ਆਇਆ।

# 'ਪੁਰਾਤਨ ਜਨਮਸਾਖੀ' ਵਿਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ

## ਪਿਆਰੇ ਵਿਦਿਆਰਥੀ,

ਤੁਹਾਡੇ ਕੋਰਸ ਵਿਚ 'ਪੁਰਾਤਨ ਜਨਮਸਾਖੀ' ਨਾਂ ਦੀ ਰਚਨਾ ਲੱਗੀ ਹੋਈ ਹੈ। ਇਹ ਰਚਨਾ ਪੁਰਾਤਨ ਪੰਜਾਬੀ ਵਾਰਤਕ ਦਾ ਸੁੰਦਰ ਨਮੂਨਾ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ (1469 ਈ. ਤੋਂ 1539 ਈ.) ਦੇ ਜੀਵਨ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। ਇਸ ਜਨਮਸਾਖੀ ਵਿਚ ਗੁਰੂ ਸਾਹਿਬ ਬਾਰੇ ਦਿਲਚਸਪ ਅਤੇ ਸਿਖਿਆਦਾਇਕ ਘਟਨਾਵਾਂ ਨੂੰ ਇਕੱਠਾ ਕਰਕੇ ਨਾਇਕ ਪ੍ਰਤੀ ਸ਼ਰਧਾ ਪ੍ਰਗਟਾਈ ਗਈ ਹੈ ਪਰੰਤੂ ਇਸ ਰਚਨਾ ਦੇ ਲੇਖਕ ਅਤੇ ਲਿਖਣ ਦੇ ਸਮੇਂ ਆਦਿ ਬਾਰੇ ਪੱਕੇ ਤੌਰ ਤੇ ਕੁੱਝ ਪਤਾ ਨਹੀਂ। ਸ਼ੈਲੀ ਅਤੇ ਭਾਸ਼ਾ ਦੇ ਆਧਾਰ 'ਤੇ ਕੁੱਝ ਅਨੁਮਾਨ ਹੀ ਲਾਏ ਗਏ ਹਨ। ਇਹ ਰਚਨਾ ਪੰਜਾਬੀ ਜਨਮਸਾਖੀ ਪਰੰਪਰਾ ਵਿਚ ਆਪਣਾ ਮਹੱਤਵਪੂਰਨ ਸਥਾਨ ਰਖਦੀ ਹੈ। ਇਸ ਦੀ ਮਹੱਤਤਾ ਦੇ ਕਈ ਕਾਰਨ ਹਨ। ਇਸ ਸੰਬੰਧੀ ਅਸੀਂ ਹਥਲੇ ਪਾਠਾਂ ਵਿਚ ਵਿਸਤਾਰ ਸਹਿਤ ਚਰਚਾ ਕਰਾਂਗੇ।

## ਜਨਮ ਸਾਖੀ ਤੇ ਸ਼ਖ਼ਸੀਅਤ

ਜਨਮਸਾਖੀ ਪੁਰਾਤਨ ਵਾਰਤਕ ਦੀ ਇਕ ਇਸ ਤਰ੍ਹਾਂ ਦੀ ਵੰਨਗੀ ਹੈ, ਜਿਸ ਵਿਚ ਕਿਸੇ ਅਧਿਆਤਮਿਕ ਪੁਰਸ਼ ਨੂੰ ਨਾਇਕ ਦਾ ਦਰਜਾ ਦਿੱਤਾ ਜਾਂਦਾ ਹੈ। ਇਸ ਵਿਚ ਨਾਇਕ ਦੇ ਜਨਮ ਤੋਂ ਲੈ ਕੇ ਮ੍ਰਿਤੂ ਤੱਕ ਦਾ ਪੂਰਾ ਜੀਵਨ ਪੇਸ਼ ਕੀਤਾ ਜਾਂਦਾ ਹੈ। 'ਜਨਮਸਾਖੀ' ਦੋ ਸ਼ਬਦਾਂ ਦਾ ਸੁਮੇਲ ਹੈ, ਜਨਮ ਅਤੇ ਸਾਖੀ ਦਾ। ਜਨਮ ਤੋਂ ਭਾਵ ਪੈਦਾ ਹੋਣ ਤੋਂ ਹੈ ਤੇ ਸਾਖੀ ਤੋਂ ਭਾਵ ਗਵਾਹੀ ਹੈ। ਇਸ ਤਰ੍ਹਾਂ ਇਸ ਸ਼ਬਦ ਦੇ ਅਰਥ ਜਨਮ ਦੀ ਗਵਾਹੀ ਹੋਏ। ਜਨਮ ਨਾਇਕ ਦਾ ਬਿਆਨ ਕੀਤਾ ਜਾਂਦਾ ਹੈ ਅਤੇ ਇਸ ਦੀ ਗਵਾਹੀ ਲੇਖਕ ਭਾਵ ਸਾਖੀਕਾਰ ਦਿੰਦਾ ਹੈ। ਇਸ ਪ੍ਰਕਾਰ ਜਨਮਸਾਖੀ ਤੋਂ ਭਾਵ ਅਜਿਹੀ ਰਚਨਾ ਤੋਂ ਹੈ, ਜਿਸ ਵਿਚ ਅਧਿਆਤਮਿਕ ਨਾਇਕ ਦੇ ਜਨਮ, ਜੀਵਨ ਅਤੇ ਪ੍ਰਾਪਤੀਆਂ ਆਦਿ ਨੂੰ ਸਾਖੀਕਾਰ ਲਿਖ ਕੇ ਗਵਾਹੀ ਪਾਉਂਦਾ ਹੈ। ਇਸ ਪਰਿਭਾਸ਼ਾ ਤੋਂ ਇਹ ਗੱਲ ਵੀ ਸਪਸ਼ਟ ਹੁੰਦੀ ਹੈ ਕਿ ਇਸ ਰਚਨਾ ਦਾ ਨਾਇਕ ਕੋਈ ਇਤਿਹਾਸਕ ਵਿਅਕਤੀ ਹੁੰਦਾ ਹੈ, ਭਾਵ ਉਹ ਕਲਪਨਾ ਦਾ ਪਾਤਰ ਨਾ ਹੋ ਕੇ ਉਸ ਨੇ ਅਸਲ ਵਿਚ ਜੀਵਨ ਗੁਜ਼ਾਰਿਆ ਹੁੰਦਾ ਹੈ। ਦੂਜੀ ਗੱਲ ਇਹ ਹੈ ਕਿ ਉਹ ਇਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਹੁੰਦਾ ਹੈ। ਇਸ ਲਈ ਸਾਖੀਕਾਰ ਉਸ ਨੂੰ ਆਪਣੀ ਲਿਖਤ ਦਾ ਪਾਤਰ ਬਣਾ ਕੇ ਉਸ ਦੇ ਸ਼ਰਧਾਲੂਆਂ ਦੇ ਘੇਰੇ ਨੂੰ ਵਿਸ਼ਾਲ ਕਰਦਾ ਹੈ। ਇਸ ਤਰ੍ਹਾਂ ਸਾਖੀਕਾਰ ਆਪਣੇ ਨਾਇਕ ਦੀ ਸ਼ਖ਼ਸੀਅਤ ਦਾ ਆਪ ਵੀ ਦੀਵਾਨਾ ਅਤੇ ਪ੍ਰਸੰਸ਼ਕ ਹੁੰਦਾ ਹੈ।

## ਸ਼ਖ਼ਸੀਅਤ

ਸ਼ਖ਼ਸੀਅਤ ਕਿਸੇ ਵਿਅਕਤੀ ਦਾ ਸਮੁੱਚਾ ਪ੍ਰਭਾਵ ਹੁੰਦੀ ਹੈ। ਇਸ ਵਿਚ ਉਸ ਦੀ ਵਿੱਦਿਆ, ਉਸ ਦੀ ਰਹਿਣੀ-ਬਹਿਣੀ, ਡੀਲ-ਡੌਲ, ਪਹਿਰਾਵਾ ਅਤੇ ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਸ਼ਾਮਲ ਹੁੰਦੀਆਂ ਹਨ। ਇਸ ਵਿਚ ਅੰਦਰਲੇ ਅਤੇ ਬਾਹਰਲੇ ਦੋਵੇਂ ਗੁਣ ਰੂਪਮਾਨ ਹੋ ਜਾਂਦੇ ਹਨ। ਇਸ ਲਈ, ਇਹ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਸ਼ਖ਼ਸੀਅਤ ਕਿਸੇ ਵਿਅਕਤੀ ਦੇ ਅੰਦਰਲੇ ਅਤੇ ਬਾਹਰਲੇ ਗੁਣਾਂ ਦਾ ਸੁਮੇਲ ਜਾਂ ਮੇਲ ਹੁੰਦੀ ਹੈ। ਸ਼ਖ਼ਸੀਅਤ ਮਨੁੱਖ ਦਾ ਅਸਲ ਹੈ, ਜੋ ਕਦੇ ਨਾ ਕਦੇ ਬਾਹਰ ਆ ਹੀ ਜਾਂਦਾ ਹੈ। ਇਹ ਬਾਹਰ ਆਉਣ ਵਾਲੇ ਗੁਣ ਕਿਸੇ ਸ਼ਖ਼ਸੀਅਤ ਦੀਆਂ ਵਿਸ਼ੇਸ਼ ਪ੍ਰਾਪਤੀਆਂ ਹੁੰਦੀਆਂ ਹਨ। ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਕਿਸੇ ਸ਼ਖ਼ਸੀਅਤ ਵਿਚੋਂ ਉਭਰਦੀਆਂ ਖ਼ਾਸ ਗੱਲਾਂ ਉਸ ਨੂੰ ਦਿਲ-ਖਿੱਚਵਾਂ ਅਤੇ ਪ੍ਰਭਾਵਸ਼ਾਲੀ ਬਣਾਉਂਦੀਆਂ ਹਨ।

## 'ਪੁਰਾਤਨ ਜਨਮਸਾਖੀ' ਵਿਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ

'ਪੁਰਾਤਨ ਜਨਮਸਾਖੀ' ਪੁਰਾਤਨ ਪੰਜਾਬੀ ਵਾਰਤਕ ਦੀ ਇਕ ਅਜਿਹੀ ਰਚਨਾ ਹੈ ਜਿਹੜੀ ਗੁਰੂ ਨਾਨਕ ਦੇਵ ਜੀ (1469 ਈ. ਤੋ 1539 ਈ.) ਦੀ ਤੇਜੱਸਵੀ-ਸ਼ਖ਼ਸੀਅਤ ਦੇ ਆਲੇ-ਦੁਆਲੇ ਘੁੰਮਦੀ ਹੈ। ਇਸ ਵਿਚ ਸ਼ਰਧਾ ਅਤੇ ਸਤਿਕਾਰ ਦੀ ਦ੍ਰਿਸ਼ਟੀ ਨਾਲ ਨਾਇਕ ਦਾ ਚਿਤਰਨ ਕੀਤਾ ਗਿਆ ਹੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੁਰਾਤਨ ਜਨਮ

ਸਾਖੀ ਵਿਚ ਕਈ ਹੋਰ ਪਾਤਰ ਵੀ ਮੌਜੂਦ ਹਨ, ਜਿਵੇਂ ਮਰਦਾਨਾ ਆਦਿ ਪਰੰਤੂ ਗੁਰੂ ਸਾਹਿਬ ਸਾਰੇ ਬਿਰਤਾਂਤ ਉੱਤੇ ਛਾਏ ਰਹਿੰਦੇ ਹਨ। ਇਸ ਤੋਂ ਸਾਨੂੰ ਇਹੋ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਇਸ ਰਚਨਾ ਦੇ ਨਾਇਕ ਹਨ। ਇਸ ਰਚਨਾ ਦਾ ਲੇਖਕ ਵੀ ਗੁਰੂ ਸਾਹਿਬ ਦਾ ਕੋਈ ਸ਼ਰਧਾਲੂ ਜਾਪਦਾ ਹੈ ਕਿਉਂਕਿ ਉਹ ਗੁਰੂ ਸਾਹਿਬ ਨੂੰ ਇਕ ਵੱਡਾ ਧਾਰਮਿਕ ਪੁਰਸ਼, ਇਕ ਗਿਆਨੀ ਅਤੇ ਕਰਾਮਾਤੀ ਨੇਤਾ ਸਿੱਧ ਕਰਨਾ ਚਾਹੁੰਦਾ ਹੈ। ਅਜਿਹਾ ਕਰਨਾ ਲੇਖਕ ਦੇ ਯੋਗ ਵੀ ਸੀ। ਇਸ ਦੇ ਦੋ ਕਾਰਨ ਹਨ। ਪਹਿਲਾ ਇਹ ਕਿ ਨਾਇਕ ਦੀ ਸ਼ਖ਼ਸੀਅਤ ਦਾ ਅਜਿਹਾ ਬਿਰਤਾਂਤ ਮੱਧ-ਕਾਲੀਨ ਯੁੱਗ ਦੀ ਲੋੜ ਸੀ। ਅਜਿਹੀ ਸ਼ਖ਼ਸੀਅਤ ਨੂੰ ਮਾਣ ਅਤੇ ਸਤਿਕਾਰ ਮਿਲਦਾ ਸੀ, ਜਿਸ ਵਿਚ ਕੁੱਝ ਕਰ ਵਿਖਾਉਣ ਦੀ ਸ਼ਕਤੀ ਹੁੰਦੀ ਸੀ। ਇਸ ਲਈ ਪੁਰਾਤਨ ਜਨਮਸਾਖੀ ਵਿਚ ਗੁਰੂ ਸਾਹਿਬ ਨੂੰ ਕਈ ਕਰਾਮਾਤੀ ਗੱਲਾਂ ਕਰਦਾ ਵਿਖਾਇਆ ਗਿਆ ਹੈ। ਦੂਜਾ ਕਾਰਨ ਰਚਨਾ ਦੇ ਲੇਖਕ ਦੀ ਬਿਰਤੀ ਵਿਚ ਹੈ। ਉਸ ਦਾ ਇਕੋ ਇਕ ਉਦੇਸ਼ ਹੈ ਕਿ ਗੁਰੂ ਸਾਹਿਬ, ਬਾਕੀ ਧਾਰਮਿਕ ਨੇਤਾਵਾਂ ਦੇ ਟਾਕਰੇ 'ਤੇ ਉੱਚੇ ਸਿੱਧ ਹੋਣ। ਇਸ ਭਾਵਨਾ ਨਾਲ ਉਹ ਗੁਰੂ ਸਾਹਿਬ ਨੂੰ ਬਾਕੀ ਧਾਰਮਿਕ ਨੇਤਾਵਾਂ ਦੇ ਤੁਲ ਹੀ ਨਹੀਂ ਸਗੋਂ ਸ੍ਰੇਸ਼ਟ ਸਿੱਧ ਕਰਨ ਦਾ ਯਤਨ ਕਰਦਾ ਹੈ।

'ਪੁਰਾਤਨ ਜਨਮਸਾਖੀ' ਦੇ ਅਧਿਐਨ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਬਾਰੇ ਜਿਹੜੀਆਂ ਮੋਟੀਆਂ-ਮੋਟੀਆਂ ਗੱਲਾਂ ਪਤਾ ਲਗਦੀਆਂ ਹਨ, ਉਹ ਇਸ ਪ੍ਰਕਾਰ ਹਨ :

**(1) ਵੱਡਾ ਭਗਤ :** 'ਪੁਰਾਤਨ ਜਨਮਸਾਖੀ' ਦੇ ਲੇਖਕ ਦਾ ਅਸਲੀ ਟੀਚਾ ਗੁਰੂ ਨਾਨਕ ਦੇਵ ਜੀ ਨੂੰ ਇਕ ਵੱਡਾ ਅਧਿਆਤਮਕ ਸਾਧਕ ਸਿੱਧ ਕਰਨਾ ਹੈ। ਇਸ ਲਈ ਉਹ ਗੁਰੂ ਸਾਹਿਬ ਨੂੰ ਈਸ਼ਵਰ ਦਾ ਇਕ ਸ੍ਰੇਸ਼ਟ ਭਗਤ ਸਿੱਧ ਕਰਨ ਦਾ ਯਤਨ ਕਰਦਾ ਹੈ। ਇਹ ਠੀਕ ਵੀ ਹੈ, ਕਿਉਂਕਿ ਜਿਸ ਵੇਲੇ ਇਸ ਰਚਨਾ ਦੀ ਸਿਰਜਣਾ ਹੋਈ, ਉਸ ਵੇਲੇ ਧਰਮ ਹੀ ਅਭਿਵਿਅਕਤੀ ਦਾ ਪ੍ਰਮੁੱਖ ਵਿਸ਼ਾ ਹੁੰਦਾ ਸੀ। ਇਸ ਲਈ ਨਾਇਕ ਗੁਰੂ ਨਾਨਕ ਦੇਵ ਜੀ ਨੂੰ ਈਸ਼ਵਰ ਦੇ ਇਕ ਵੱਡੇ ਭਗਤ ਦੇ ਰੂਪ ਵਿਚ ਚਿਤਰਿਆ ਗਿਆ ਹੈ। ਸਾਖੀਕਾਰ ਆਰੰਭ ਤੋਂ ਹੀ ਗੁਰੂ ਸਾਹਿਬ ਨੂੰ ਇਕ ਭਗਤ-ਵਿਸ਼ੇਸ਼ ਦੇ ਤੌਰ ਤੇ ਪੇਸ਼ ਕਰਦਾ ਹੈ। ਮਿਸਾਲ ਦੇ ਤੌਰ ਤੇ ਰਚਨਾ ਦੇ ਆਰੰਭ ਵਿਚ ਲਿਖਿਆ ਗਿਆ ਹੈ, ਜਦ ਗੁਰੂ ਸਾਹਿਬ ਜਨਮ ਲੈਂਦੇ ਹਨ ਤਾਂ ਤੇਤੀ ਕਰੋੜ ਦੇਵਤੇ ਨਮਸਕਾਰ ਕਰਦੇ ਹਨ। ਅਜਿਹਾ ਬਿਆਨ ਇਹ ਸਿੱਧ ਕਰਦਾ ਹੈ ਕਿ ਇਸ ਰਚਨਾ ਦਾ ਲੇਖਕ ਗੁਰੂ ਸਾਹਿਬ ਨੂੰ ਇਕ ਅਜਿਹਾ ਭਗਤ ਸਿੱਧ ਕਰਨਾ ਚਾਹੁੰਦਾ ਹੈ, ਜਿਹੜਾ ਰੱਬ ਦੀ ਮਿਹਰ ਦਾ ਪ੍ਰਮੁੱਖ ਪਾਤਰ ਹੈ। ਇਥੋਂ ਤੱਕ ਹੀ ਨਹੀਂ, ਸਗੋਂ ਸਾਖੀਕਾਰ ਗੁਰੂ ਸਾਹਿਬ ਨੂੰ ਵੱਡਾ ਭਗਤ ਸਾਬਿਤ ਕਰਨ ਲਈ ਕਹਿੰਦਾ ਹੈ ਕਿ ਗੁਰੂ ਜੀ ਪਾਰਬ੍ਰਹਮ ਦੇ ਨਿੱਜੀ ਭਗਤ ਹਨ। ਇਹ ਕਥਨ ਗੁਰੂ ਸਾਹਿਬ ਦੀ ਸ਼ਖ਼ਸੀਅਤ ਉੱਤੇ ਪੂਰੀ ਤਰ੍ਹਾਂ ਪ੍ਰਕਾਸ਼ ਪਾਉਂਦਾ ਹੈ ਕਿਉਂਕਿ ਈਸ਼ਵਰ ਦਾ ਨਿੱਜੀ ਭਗਤ ਇਕ ਸ੍ਰੇਸ਼ਟ ਅਤੇ ਵੱਡਾ ਭਗਤ ਹੀ ਹੋ ਸਕਦਾ ਹੈ। ਇਸ ਤੋਂ ਇਲਾਵਾ ਜਨਮਸਾਖੀ ਦਾ ਬਿਰਤਾਂਤ ਇਹ ਦੱਸਦਾ ਹੈ ਕਿ ਗੁਰੂ ਸਾਹਿਬ ਇੰਨੇ ਵੱਡੇ ਭਗਤ ਸਨ ਕਿ ਹਰ ਧਰਮ ਦੇ ਵਿਅਕਤੀ ਉਨ੍ਹਾਂ ਦੀ ਵਡਿਆਈ ਨੂੰ ਕਬੂਲਦੇ ਹਨ। ਹਿੰਦੂ ਉਨ੍ਹਾਂ ਨੂੰ ਆਪਣਾ ਅਵਤਾਰ ਮੰਨਦੇ ਹਨ ਅਤੇ ਮੁਸਲਮਾਨ ਉਨ੍ਹਾਂ ਨੂੰ ਆਪਣਾ ਪੈਗੰਬਰ ਸਥਾਪਤ ਕਰਦੇ ਹਨ। ਗੁਰੂ ਸਾਹਿਬ ਦੀ ਵਡਿਆਈ ਇਸ ਗੱਲ ਤੋਂ ਪ੍ਰਮਾਣਿਤ ਹੋ ਜਾਂਦੀ ਹੈ ਕਿ ਜਦੋਂ ਉਨ੍ਹਾਂ ਨੂੰ ਪਾਂਧੇ ਪਾਸ ਪੜ੍ਹਨ ਭੇਜਿਆ ਜਾਂਦਾ ਹੈ ਤਾਂ ਪਾਂਧਾ ਉਨ੍ਹਾਂ ਦੇ ਬ੍ਰਹਮ ਗਿਆਨ ਦੇ ਬਚਨਾਂ ਨੂੰ ਸੁਣ ਕੇ ਹੈਰਾਨ ਰਹਿ ਜਾਂਦਾ ਹੈ। ਇੰਨਾ ਹੀ ਨਹੀਂ, ਪਾਂਧੇ ਨੇ ਗੁਰੂ ਸਾਹਿਬ ਨੂੰ ਨਮਸਕਾਰ ਵੀ ਕੀਤਾ। ਇਸ ਤੋਂ ਇਲਾਵਾ ਸਾਖੀਕਾਰ ਆਪਣੇ ਉਲਾਰਪੱਖੀ ਦ੍ਰਿਸ਼ਟੀਕੋਣ ਸਦਕਾ ਕਈ ਥਾਈਂ ਗੁਰੂ ਸਾਹਿਬ ਨੂੰ 'ਗੁਰੂ ਪਰਮੇਸ਼ਵਰ' ਵੀ ਕਹਿੰਦਾ ਹੈ। ਅਜਿਹੀ ਬਿਰਤੀ ਨਾਲ ਕੀਤੀ ਵਡਿਆਈ ਦਾ ਸਬੂਤ ਪੁਰਾਤਨ ਜਨਮਸਾਖੀ ਦੀਆਂ ਸਾਖੀਆਂ ਨੰ. 1, 10, 21, 22 ਆਦਿ ਵਿਚ ਮਿਲਦਾ ਹੈ। ਇਸ ਦ੍ਰਿਸ਼ਟੀਕੋਣ ਨੂੰ ਪੱਕਿਆਂ ਕਰਨ ਲਈ ਸਾਖੀਕਾਰ ਗੁਰੂ ਸਾਹਿਬ ਨੂੰ ਨਾਮ ਦੀ ਖ਼ੁਮਾਰੀ ਵਿਚ ਹਰ ਵੇਲੇ ਲੀਨ ਵਿਖਾਉਂਦਾ ਹੈ। ਇਥੋਂ ਤੱਕ ਕਿ ਕੰਮ-ਕਾਜ ਤੋਂ ਵਿਹਲੇ ਹੋ ਕੇ ਗੁਰੂ ਸਾਹਿਬ ਰੱਬ ਦੀ ਭਗਤੀ ਦੇ ਰਸ ਵਿਚ ਲੀਨ ਵਿਖਾਏ ਗਏ ਹਨ। ਇਸ ਲਈ, ਇਹ ਸਾਰੀ ਸਮੱਗਰੀ ਸਿੱਧ ਕਰਦੀ ਹੈ ਕਿ ਪ੍ਰਸੰਗ-ਅਧੀਨ ਰਚਨਾ ਦਾ ਲੇਖਕ ਆਪਣੇ ਨਾਇਕ ਗੁਰੂ ਨਾਨਕ ਦੇਵ ਜੀ ਨੂੰ ਇੱਕ ਵੱਡਾ ਭਗਤ ਸਥਾਪਿਤ ਕਰਨ ਵਿਚ ਸਫਲ ਹੋਇਆ ਹੈ।

**(2) ਕਰਾਮਾਤੀ ਨਾਇਕ :** 'ਪੁਰਾਤਨ ਜਨਮਸਾਖੀ' ਦੇ ਲੇਖਕ ਨੇ ਜਾਣ-ਬੁੱਝ ਕੇ ਆਪਣੇ ਨਾਇਕ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨਾਲ ਕਰਾਮਾਤੀ ਅੰਸ਼ਾਂ ਨੂੰ ਜੋੜਿਆ ਹੈ। ਇਹ ਇਸ ਲਈ ਕੀਤਾ ਗਿਆ ਹੈ ਤਾਂ ਜੋ ਗੁਰੂ ਸਾਹਿਬ ਪਹੁੰਚੇ ਹੋਏ ਨੇਤਾ ਸਿੱਧ ਹੋਣ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਤੇਜੱਸਵੀ ਹੋਣ ਦਾ ਪਤਾ ਲੱਗ ਸਕੇ। ਇਸ ਲਈ ਇਸ ਰਚਨਾ ਵਿਚ ਲੇਖਕ ਕਹਿੰਦਾ ਹੈ ਕਿ ਗੁਰੂ ਸਾਹਿਬ ਦੀ ਮਰਜ਼ੀ ਅਨੁਸਾਰ ਖੇਤ ਹਰਾ ਹੋ ਜਾਂਦਾ ਹੈ, ਬ੍ਰਿਛ ਦੀ ਛਾਂ

ਫਿਰਨ ਲੱਗ ਜਾਂਦੀ ਹੈ। ਇਸੇ ਤਰ੍ਹਾਂ ਗੁਰੂ ਸਾਹਿਬ ਪਾਸ ਅਜਿਹੀ ਸ਼ਕਤੀ ਦੱਸੀ ਗਈ ਹੈ ਜਿਸ ਨਾਲ ਉਹ ਮੋਏ ਹਾਥੀ ਨੂੰ ਫਿਰ ਜ਼ਿੰਦਾ ਕਰ ਦੇਂਦੇ ਹਨ। ਇਸ ਸ਼ਕਤੀ ਨੂੰ ਪ੍ਰਯੋਗ ਵਿਚ ਲਿਆ ਕੇ ਗੁਰੂ ਸਾਹਿਬ ਆਪਣੇ ਸਾਥੀ ਮਰਦਾਨੇ ਨੂੰ ਠੀਕ ਕਰਦੇ ਹਨ ਅਤੇ ਉਹ ਚੰਗਾ ਭਲਾ ਹੋ ਜਾਂਦਾ ਹੈ। (ਸਾਖੀ ਨੰਬਰ 30) ਇੰਨਾ ਹੀ ਨਹੀਂ, ਸਗੋਂ ਇਸ ਰਚਨਾ ਦਾ ਲੇਖਕ ਗੁਰੂ ਸਾਹਿਬ ਨੂੰ ਇਕ ਕਰਾਮਾਤੀ ਨਾਇਕ ਸਿੱਧ ਕਰਨ ਲਈ ਇਕ ਵਿਸ਼ੇਸ਼ ਜੁਗਤ (ਢੰਗ) ਨੂੰ ਵਰਤੋਂ ਵਿਚ ਲਿਆਉਂਦਾ ਹੈ। ਸਹਾਇਕ ਪਾਤਰ ਮਰਦਾਨਾ, ਮਾਸੂਮ ਜਿਹਾ ਬਣ ਕੇ ਕੋਈ ਗ਼ਲਤੀ ਕਰਦਾ ਹੈ। ਗੁਰੂ ਸਾਹਿਬ ਆਪਣੀ ਸ਼ਕਤੀ ਨਾਲ ਇਸ ਨੂੰ ਠੀਕ ਕਰ ਦਿੰਦੇ ਹਨ। ਜਿਵੇਂ ਕਿ ਪਰੰਪਰਾ ਪ੍ਰਸਿੱਧ ਹੈ ਕਿ ਮਰਦਾਨਾ, ਗੁਰੂ ਸਾਹਿਬ ਦਾ ਇਕ ਨਜ਼ਦੀਕੀ ਸਾਥੀ ਹੈ। ਉਸ ਨੂੰ ਗੁਰੂ ਸਾਹਿਬ ਦੀ ਸ਼ਖ਼ਸੀਅਤ ਵਿਚ ਅਪਾਰ ਸ਼ਕਤੀਆਂ ਦਾ ਭਲੀ-ਭਾਂਤ ਪਤਾ ਹੋਣਾ ਹੈ ਪਰੰਤੂ ਸਾਖੀਕਾਰ ਵਾਰ-ਵਾਰ ਗੁਰੂ ਸਾਹਿਬ ਪਾਸੋਂ ਇਨ੍ਹਾਂ ਸ਼ਕਤੀਆਂ ਨੂੰ ਪ੍ਰਗਟਾਉਂਦਾ ਹੈ। ਇਸ ਗੱਲ ਤੋਂ ਇਹ ਅੰਦਾਜ਼ਾ ਲਗਦਾ ਹੈ ਕਿ ਉਹ 'ਲੇਖਕ' ਆਪਣੇ ਨਾਇਕ ਨੂੰ ਇਕ ਕਰਾਮਾਤੀ ਨਾਇਕ ਸਿੱਧ ਕਰਨਾ ਹੀ ਚੰਗਾ ਸਮਝਦਾ ਹੈ। ਲੇਖਕ ਦਾ ਇਹ ਦ੍ਰਿਸ਼ਟੀਕੋਣ ਇਸ ਰਚਨਾ ਦੀ ਸਾਖੀ ਨੰਬਰ 47 ਵਿਚ ਵੀ ਪ੍ਰਗਟ ਹੁੰਦਾ ਹੈ, ਜਿੱਥੇ ਗੁਰੂ ਸਾਹਿਬ ਮੋਏ ਹੋਏ ਰਾਜਕੁਮਾਰ ਨੂੰ ਜ਼ਿੰਦਾ ਕਰਕੇ ਆਪ ਲੋਪ ਹੋ ਜਾਂਦੇ ਹਨ। ਇਸ ਪ੍ਰਕਾਰ ਦੀਆਂ ਚਮਤਕਾਰੀ ਰੱਖਣ ਵਾਲੀਆਂ ਘਟਨਾਵਾਂ ਅੱਜ ਵੀ ਕਈ ਧਾਰਮਿਕ ਨੇਤਾਵਾਂ ਨਾਲ ਜੋੜੀਆਂ ਜਾਂਦੀਆਂ ਹਨ। ਅੱਜ ਦਾ ਯੁੱਗ ਵਿਗਿਆਨਕ ਯੁੱਗ ਹੈ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਕਾਰਨ ਹਰ ਵਿਅਕਤੀ ਕਿਉਂ ਅਤੇ ਕਿਸ ਤਰ੍ਹਾਂ ਬਾਰੇ ਪ੍ਰਸ਼ਨ ਕਰਕੇ ਨਿਆਂਸ਼ੀਲ ਉੱਤਰ ਮੰਗਦਾ ਹੈ। ਪਰੰਤੂ ਮੱਧ ਕਾਲੀਨ ਯੁੱਗ ਸ਼ਰਧਾ ਅਤੇ ਸਰਲਤਾ ਦਾ ਯੁੱਗ ਸੀ। ਕਿੰਤੂ ਕਰਨਾ ਉਸ ਵੇਲੇ ਦੀ ਮਾਨਵ ਬਿਰਤੀ ਨਹੀਂ ਸੀ। ਜਿਸ ਕਾਰਨ ਇਸ ਰਚਨਾ ਦਾ ਲੇਖਕ ਗੁਰੂ ਸਾਹਿਬ ਪਾਸੋਂ ਕਾਅਬੇ ਨੂੰ ਵੀ ਘੁੰਮਾ ਦਿੰਦਾ ਹੈ। ਰਚਨਾ ਦੀ ਅੰਤਲੀ ਸਾਖੀ (ਜੋਤੀ ਜੋਤ ਸਮਾਉਣ ਵਾਲੀ) ਵਿਚ ਵੀ ਕਰਾਮਾਤੀ ਅੰਸ਼ ਲੁਕਿਆ ਹੋਇਆ ਹੈ। ਜਿੱਥੇ ਇਸ ਸਾਖੀ ਤੋਂ ਗੁਰੂ ਸਾਹਿਬ ਦੇ ਹਰਮਨ ਪਿਆਰੇ ਹੋਣਾ ਮਾਲੂਮ ਹੁੰਦਾ ਹੈ, ਉਥੇ ਇਹ ਗੱਲ ਵੀ ਸਾਫ਼ ਹੁੰਦੀ ਹੈ ਕਿ ਗੁਰੂ ਸਾਹਿਬ ਜੋ ਕੁੱਝ ਵੀ ਚਾਹੁੰਦੇ ਸਨ, ਕਰ ਲੈਂਦੇ ਸਨ। ਇਸ ਲਈ ਨਾਇਕ ਦੇ ਜੋਤੀ-ਜੋਤ ਸਮਾਉਣ ਉੱਤੇ ਹਿੰਦੂ ਮੁਸਲਮਾਨਾਂ ਵਿਚ ਝਗੜਾ ਹੋ ਜਾਂਦਾ ਹੈ। ਹਿੰਦੂ ਦਾਹ-ਸੰਸਕਾਰ ਕਰਨਾ ਚਾਹੁੰਦੇ ਹਨ ਅਤੇ ਮੁਸਲਮਾਨ ਦਫ਼ਨਾਉਣਾ ਚਾਹੁੰਦੇ ਹਨ ਪਰੰਤੂ ਜਦੋਂ ਚਾਦਰ ਚੁੱਕੀ ਜਾਂਦੀ ਹੈ ਤਾਂ ਉਥੇ ਪੁਸ਼ਪ ਪਿਆ ਹੈ। ਇਸ ਸਾਰੇ ਬਿਰਤਾਂਤ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਪੁਰਾਤਨ ਜਨਮਸਾਖੀ ਵਿਚ ਵਰਣਿਤ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਕਰਾਮਾਤੀ ਪ੍ਰਕਾਰ ਦੀ ਹੈ ਅਤੇ ਲੇਖਕ ਗੁਰੂ ਸਾਹਿਬ ਨੂੰ ਇਕ ਕਰਾਮਾਤੀ ਅਧਿਆਤਮਕ ਸ਼ਖ਼ਸੀਅਤ ਦੇ ਤੌਰ ਤੇ ਪੇਸ਼ ਕਰਨਾ ਚਾਹੁੰਦਾ ਹੈ।

**(3) ਸਰਬ ਸਾਂਝੀ ਸ਼ਖ਼ਸੀਅਤ :** 'ਪੁਰਾਤਨ ਜਨਮਸਾਖੀ' ਦਾ ਲੇਖਕ ਗੁਰੂ ਨਾਨਕ ਦੇਵ ਜੀ ਨੂੰ ਇਕ ਲੋਕਪ੍ਰਿਯ ਸ਼ਖ਼ਸੀਅਤ ਹੀ ਨਹੀਂ ਬਲਕਿ ਇਕ ਸਰਬ ਸਾਂਝੀ ਸ਼ਖ਼ਸੀਅਤ ਸਥਾਪਤ ਕਰਨਾ ਚਾਹੁੰਦਾ ਹੈ। ਰਵਾਇਤ ਪ੍ਰਸਿੱਧ ਹੈ ਕਿ ਗੁਰੂ ਸਾਹਿਬ ਹਿੰਦੂ ਮੁਸਲਮਾਨ ਦੋਹਾਂ ਧਰਮਾਂ ਦੇ ਵਿਅਕਤੀਆਂ ਵਿਚ ਪਿਆਰੇ ਅਤੇ ਸਤਿਕਾਰੇ ਜਾਂਦੇ ਸਨ। ਇਸ ਪ੍ਰਚਲਿੱਤ ਵਿਚਾਰ ਨੂੰ ਲੇਖਕ ਨੇ ਆਪਣੀ ਰਚਨਾ ਵਿਚ ਢਾਲਣ ਦਾ ਯਤਨ ਕੀਤਾ ਹੈ। ਗੁਰੂ ਸਾਹਿਬ ਹਰ ਧਰਮ ਦੇ ਨਹੀਂ ਸਗੋਂ ਹਰ ਵਰਗ ਦੇ ਵਿਅਕਤੀਆਂ ਵਿਚ ਸਤਿਕਾਰੇ ਜਾਂਦੇ ਸਨ। ਗੁਰੂ ਜੀ ਸਾਧੂਆਂ, ਦਰਵੇਸ਼ਾਂ, ਪੰਡਤਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਵਿਚ ਇਕੋ ਤਰ੍ਹਾਂ ਸਤਿਕਾਰੇ ਜਾਂਦੇ ਸਨ। ਇਸ ਕਾਰਨ ਗੁਰੂ ਸਾਹਿਬ ਦੀ ਸ਼ਖ਼ਸੀਅਤ ਤੋਂ ਨਵਾਬ ਦੌਲਤ ਖਾਂ ਪ੍ਰਭਾਵਿਤ ਹੋ ਜਾਂਦਾ ਹੈ। ਸ਼ੇਖ ਗੁਰੂ ਸਾਹਿਬ ਦੇ ਪੈਰਾਂ ਨੂੰ ਚੁੰਮਦਾ ਹੈ। ਇਸੇ ਪ੍ਰਕਾਰ ਗੋਸ਼ਟ ਤੋਂ ਬਾਅਦ, ਸ਼ੇਖ ਬ੍ਰਹਮ ਵੀ ਗੁਰੂ ਸਾਹਿਬ ਪ੍ਰਤੀ ਆਪਣਾ ਆਦਰ ਪ੍ਰਗਟਾਉਂਦਾ ਹੈ। ਰਚਨਾ ਦਾ ਵੇਰਵਾ ਇਹ ਦੱਸਦਾ ਹੈ ਕਿ ਸਾਧਾਰਨ ਲੋਕੀਂ ਗੁਰੂ ਸਾਹਿਬ ਨੂੰ ਖ਼ੁਦਾ ਦਾ ਕੋਈ ਪਹੁੰਚਿਆ ਹੋਇਆ ਫ਼ਕੀਰ ਮੰਨਦੇ ਹਨ। ਇੰਨਾ ਹੀ ਨਹੀਂ ਸਾਖੀ ਨੰਬਰ 41 ਦਾ ਬਿਆਨ ਉਪਰਲੇ ਕਥਨ ਨੂੰ ਹੋਰ ਪਕੇਰਿਆਂ ਕਰਦਾ ਹੈ। ਇਸ ਸਾਖੀ ਵਿਚ ਲਿਖਿਆ ਹੈ ਕਿ ਇਕ ਬਾਣੀਆ ਰਾਜਾ ਸ਼ਿਵਨਾਭ ਨੂੰ ਦੱਸਦਾ ਹੈ ਕਿ ਕਲਯੁੱਗ ਵਿਚ ਗੁਰੂ ਨਾਨਕ ਦਾ ਨਾਉਂ ਲੈ ਕੇ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸੇ ਪ੍ਰਕਾਰ ਕਈ ਸਾਖੀਆਂ ਵਿਚ ਇਹ ਵਿਚਾਰ ਵੀ ਪ੍ਰਗਟਾਇਆ ਗਿਆ ਹੈ ਕਿ ਮਖ਼ਦੂਮ ਬਹਾਵਦੀ ਗੁਰੂ ਸਾਹਿਬ ਦੀ ਸ਼ਕਤੀ ਤੋਂ ਅਭਿੱਜ ਨਾ ਰਹਿ ਸਕਿਆ। ਰਚਨਾ ਦਾ ਕਰਤਾ ਇਹ ਵੀ ਲਿਖਦਾ ਹੈ ਕਿ ਗੁਰੂ ਸਾਹਿਬ ਪ੍ਰਤੀ ਲੋਕ ਕੇਵਲ ਸਤਿਕਾਰ ਨਾਲ ਹੀ ਨਹੀਂ ਜੁੜੇ ਹੋਏ ਸਨ ਸਗੋਂ ਉਹ ਉਨ੍ਹਾਂ ਦੀ ਸੇਵਾ ਤਨੋ-ਮਨੋ ਕਰਦੇ ਹਨ। ਗੁਰੂ ਸਾਹਿਬ ਦੀ ਸੇਵਾ ਕੇਵਲ ਉਨ੍ਹਾਂ ਦੇ ਧਰਮ ਦੇ ਲੋਕੀਂ ਹੀ ਨਹੀਂ ਕਰਦੇ ਸਗੋਂ ਦੂਜੇ ਧਰਮਾਂ ਦੇ ਧਨਾਢ ਵਿਅਕਤੀ ਵੀ ਗੁਰੂ ਸਾਹਿਬ ਦੀ ਸੇਵਾ ਵਿਚ ਲੀਨ ਵਿਖਾਏ ਗਏ ਹਨ। ਮਿਸਾਲ ਦੇ ਤੌਰ 'ਤੇ ਸਾਖੀ ਨੰਬਰ 42 ਵਿਚ ਖ਼ੁਆਜਾ ਖਿਜ਼ਰ ਗੁਰੂ ਸਾਹਿਬ ਦੀ ਸੇਵਾ ਕਰਦਾ ਚਿਤਵਿਆ ਗਿਆ ਹੈ। ਇਸੇ ਪ੍ਰਕਾਰ ਸਾਖੀ ਨੰਬਰ 53 ਵਿਚ ਦੁਰਗਾ ਗੁਰੂ ਸਾਹਿਬ ਦੇ ਚਰਨ

ਦਬਾਉਂਦੀ ਦੱਸੀ ਗਈ ਹੈ। ਇਸ ਵਿਵਰਣ ਨੂੰ ਮੰਨਣ ਜਾਂ ਨਾ ਮੰਨਣ ਦਾ ਪ੍ਰਸ਼ਨ ਦੂਜਾ ਹੈ। ਇਹ ਠੀਕ ਹੈ ਕਿ ਇਸ ਰਚਨਾ ਵਿਚ, ਕਈ ਥਾਈਂ ਅਜਿਹੀ ਸਮੱਗਰੀ ਵੀ ਪ੍ਰਾਪਤ ਹੁੰਦੀ ਹੈ, ਜਿਸ ਉੱਤੇ ਯਕੀਨ ਨਹੀਂ ਕੀਤਾ ਜਾ ਸਕਦਾ। ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਰਚਨਾ ਦਾ ਲੇਖਕ ਆਪਣੀ ਰਚਨਾ ਵਿਚ ਅਜਿਹੀ ਸਮੱਗਰੀ ਦਾ ਉਲੇਖ ਕਰਦਾ ਹੈ, ਜਿਸ ਤੋਂ ਗੁਰੂ ਸਾਹਿਬ ਇਕ ਸਰਬ ਸਾਂਝੇ ਲੋਕ ਨਾਇਕ ਸਿੱਧ ਹੁੰਦੇ ਹਨ।

**(4) ਯੋਗ ਬੁਲਾਰਾ :** ਮੱਧ ਯੁੱਗ ਦੇ ਅਧਿਆਤਮਕ ਸਾਹਿਤ ਦੀ ਇਹ ਇਕ ਪ੍ਰਮੁੱਖ ਸ਼ੈਲੀ ਹੈ ਕਿ ਪ੍ਰਸ਼ਨ ਕਰਵਾ ਉੱਤਰ ਢੰਗ ਨਾਲ ਕਿਸੇ ਸਮੱਸਿਆ ਨੂੰ ਸੁਲਝਾਇਆ ਜਾਂਦਾ ਹੈ। ਦੋ ਅਧਿਆਤਮਕ ਵਿਅਕਤੀ ਕਿਤੇ ਮਸਲੇ ਉਪਰ ਵਿਚਾਰ-ਵਟਾਂਦਰਾ ਕਰਦੇ ਹਨ। ਇਸ ਹਾਲਤ ਵਿਚ ਬਹਿਸ ਕਰਨ ਵਾਲਿਆਂ ਦਾ ਚੰਗਾ ਵਕਤਾ ਹੋਣਾ ਜ਼ਰੂਰੀ ਹੁੰਦਾ ਹੈ। ਆਮ ਹਾਲਤ ਵਿਚ ਵੀ ਕਿਸੇ ਧਰਮ ਦਾ ਸਹੀ ਪ੍ਰਚਾਰ ਤਾਂ ਹੀ ਹੋ ਸਕਦਾ ਹੈ, ਜੇ ਪ੍ਰਚਾਰਕ ਨੂੰ ਚੰਗੇ ਢੰਗ ਨਾਲ ਬੋਲਣਾ ਆਉਂਦਾ ਹੋਵੇ। ਪੁਰਾਤਨ ਜਨਮ ਸਾਖੀ ਦਾ ਲੇਖਕ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਵਿਚ ਇਕ ਯੋਗ ਵਕਤਾ ਦੇ ਗੁਣਾਂ ਨੂੰ ਦਿਖਾਉਂਦਾ ਹੈ। ਇਸ ਰਚਨਾ ਵਿਚ 'ਗੋਸ਼ਟ' ਵਾਰਤਕ ਵੰਨਗੀ ਨੂੰ ਲਿਆ ਕੇ ਕਰਤਾ ਆਪਣੀ ਰਾਏ ਨੂੰ ਪੱਕਿਆਂ ਕਰਦਾ ਹੈ। ਇਸ ਗੁਣ ਨੂੰ ਪ੍ਰਗਟਾਉਣ ਵਾਸਤੇ ਲੇਖਕ ਜੁਗਤ ਇਹ ਵਰਤਦਾ ਹੈ ਕਿ ਗੁਰੂ ਸਾਹਿਬ ਦਾ ਵਿਚਾਰ-ਵਟਾਂਦਰਾ ਕਿਸੇ ਹੋਰ ਸ੍ਰੇਸ਼ਠ ਵਿਅਕਤੀ ਨਾਲ ਕਰਵਾ ਦਿੰਦਾ ਹੈ। ਗੁਰੂ ਸਾਹਿਬ, ਅਜਿਹੀ ਸਥਿਤੀ ਵਿਚ, ਇਕ ਅਜਿਹਾ ਵਿਖਿਆਨ ਦਿੰਦੇ ਹਨ ਕਿ ਦੂਜਾ ਵਿਅਕਤੀ ਗੁਰੂ ਸਾਹਿਬ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਇਸ ਤਰ੍ਹਾਂ ਇਹ ਸਿਲਸਿਲਾ ਸਾਰੀ ਰਚਨਾ ਵਿਚ ਚਲਦਾ ਹੈ। ਗੁਰੂ ਸਾਹਿਬ ਦੀ ਸ਼ਖ਼ਸੀਅਤ ਵਿਚ ਇਹ ਗੁਣ ਗੁਰੂ ਸਾਹਿਬ ਦੇ ਬਚਪਨ ਤੋਂ ਹੀ ਵਿਖਾਇਆ ਗਿਆ ਹੈ। ਇਸ ਲਈ ਪਾਂਧੇ ਦੇ ਪੁੱਛਣ 'ਤੇ ਕਿ ਗੁਰੂ ਸਾਹਿਬ ਕਿਉਂ ਨਹੀਂ ਪੜ੍ਹਦੇ ਤਾਂ ਕਰਤਾ ਗੁਰੂ ਸਾਹਿਬ ਦੇ ਮੂੰਹੋਂ 'ਪਰਮੇਸਰੁ' ਸੰਬੰਧੀ ਇਕ ਲੰਮਾ ਵਿਆਖਿਆਨ ਕਰਾਉਂਦਾ ਹੈ, ਜਿਸ ਤੋਂ ਪ੍ਰਭਾਵਤ ਹੋ ਕੇ ਪਾਂਧਾ ਗੁਰੂ ਸਾਹਿਬ ਦੇ ਅਸਲ ਗੁਣਾਂ ਤੋਂ ਜਾਣੂ ਹੋ ਜਾਂਦਾ ਹੈ। ਇਸ ਬਿਆਨ ਤੋਂ ਜਿੱਥੇ ਇਹ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਨੂੰ ਸੂਖਮ ਗਿਆਨ ਦੀ ਪੂਰੀ ਸਮਝ ਸੀ, ਉਥੇ ਉਹ ਆਪਣੀ ਗੱਲ ਨੂੰ ਸਪਸ਼ਟ ਅਤੇ ਜ਼ੋਰਦਾਰ ਸ਼ਬਦਾਂ ਵਿਚ ਪੇਸ਼ ਵੀ ਕਰ ਸਕਦੇ ਹਨ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਇਹ ਗੁਣ ਉਨ੍ਹਾਂ ਨੂੰ ਇਕ ਯੋਗ ਅਤੇ ਪ੍ਰਭਾਵਸ਼ਾਲੀ ਵਕਤੇ ਦੇ ਰੂਪ ਵਿਚ ਸਾਡੇ ਸਾਹਮਣੇ ਲਿਆਉਂਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਯੋਗੀਆਂ ਨਾਲ ਗੋਸ਼ਟਾਂ ਕਰਦੇ ਹਨ, ਸ਼ੇਖ਼ ਫ਼ਰੀਦ ਨਾਲ ਅਧਿਆਤਮਕ ਮਸਲਿਆਂ ਉੱਤੇ ਵਿਚਾਰ-ਵਟਾਂਦਰਾ ਵੀ ਕਰਦੇ ਹਨ, ਹਰਿਦੁਆਰ ਦੇ ਪਾਂਡਿਆਂ ਨੂੰ ਵੀ ਆਪਣੀ ਭਾਸ਼ਣ ਸ਼ਕਤੀ ਨਾਲ ਜਿੱਤ ਲੈਂਦੇ ਹਨ ਅਤੇ ਉਸ ਨੂੰ ਗਿਆਨ ਦਾ ਉਦੇਸ਼ ਬੜੀ ਹੀ ਸਾਦਗੀ ਅਤੇ ਸਰਲਤਾ ਭਰਪੂਰ ਸ਼ੈਲੀ ਵਿਚ ਦਿੰਦੇ ਹਨ। ਗੁਰੂ ਸਾਹਿਬ ਦਾ ਵਿਆਖਿਆਨ ਸੁਣ ਕੇ ਸ਼ੇਖ਼ ਫਰੀਦ ਤਾਂ ਇੰਨਾ ਮੋਹਿਤ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਪੈਰ ਚੁੰਮ ਲੈਂਦਾ ਹੈ ਅਤੇ ਵਜਦ ਵਿਚ ਆ ਕੇ ਕਹਿੰਦਾ ਹੈ ਕਿ ਗੁਰੂ ਸਾਹਿਬ ਦੇ ਦਰਸ਼ਨ ਹੀ ਕਾਫ਼ੀ ਹਨ। ਇਸ ਪ੍ਰਕਾਰ, ਅਜਿਹੀ ਸ਼ੈਲੀ ਵਿਚ ਕੀਤੇ ਬਿਆਨ ਤੋਂ ਇਹ ਭਲੀਭਾਂਤ ਸਿੱਧ ਹੋ ਜਾਂਦਾ ਹੈ ਕਿ ਪੁਰਾਤਨ ਜਨਮਸਾਖੀ ਦਾ ਕਰਤਾ ਆਪਣੇ ਨਾਇਕ ਨੂੰ ਇਕ ਚੰਗਾ ਬੁਲਾਰਾ ਸਿੱਧ ਕਰਦਾ ਹੈ ਤਾਂ ਜੋ ਇਕ ਪਾਸੇ ਉਸ ਦੇ ਗਿਆਨੀ ਹੋਣ ਦਾ ਪ੍ਰਮਾਣ ਮਿਲੇ ਅਤੇ ਦੂਜੇ ਪਾਸੇ ਸ਼ਰਧਾਲੂ ਲੋਕ ਉਸ ਦੇ ਬਚਨਾਂ ਤੋਂ ਪ੍ਰਭਾਵਿਤ ਵੀ ਹੋਣ। ਇਸ ਪ੍ਰਕਾਰ ਗੁਰੂ ਦੀ ਸ਼ਖ਼ਸੀਅਤ ਸਥਾਪਿਤ ਹੋ ਜਾਂਦੀ ਹੈ।

**(5) ਆਕਰਸ਼ਕ ਸ਼ਖ਼ਸੀਅਤ :** ਗੁਰੂ ਨਾਨਕ ਦੇਵ ਪੁਰਾਤਨ ਜਨਮਸਾਖੀ ਦੀ ਪੂਰੀ ਲਿਖਤ ਵਿਚ ਛਾਏ ਰਹਿੰਦੇ ਹਨ। ਇਹ ਸੁਭਾਵਕ ਵੀ ਹੈ ਕਿਉਂਕਿ ਗੁਰੂ ਸਾਹਿਬ ਇਸ ਰਚਨਾ ਦੇ ਪ੍ਰਮੁੱਖ ਪਾਤਰ (ਨਾਇਕ) ਹਨ। ਕਰਤਾ ਦਾ ਇਹ ਇਕੋ ਇਕ ਟੀਚਾ ਹੈ ਕਿ ਗੁਰੂ ਸਾਹਿਬ ਬਾਕੀ ਦੇ ਪਾਤਰਾਂ ਨਾਲੋਂ ਵੱਖਰੇ ਲੱਗਣ। ਇਸ ਭਿੰਨਤਾ ਤੋਂ ਇਹ ਭਾਵ ਵੀ ਨਹੀਂ ਕਿ ਰਚਨਾ ਦੇ ਪਾਤਰਾਂ ਦੇ ਤੁਲ ਗੁਰੂ ਸਾਹਿਬ ਔਡਰੇ ਜਾਪਣ। ਇਸ ਮਨੋਰਥ ਦੀ ਪੂਰਤੀ ਲਈ ਉਹ ਕਈ ਜੁਗਤਾਂ ਨੂੰ ਅਪਣਾਉਂਦਾ ਹੈ। ਗੁਰੂ ਸਾਹਿਬ ਦੇ ਸਰੀਰ ਉੱਤੇ ਵੰਨ-ਸੁਵੰਨੇ ਵਸਤਰ ਸਜਾਉਂਦਾ ਹੈ। ਇਸ ਸੰਦਰਭ ਵਿਚ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਗੁਰੂ ਸਾਹਿਬਾਨ ਜਿਸ ਸਥਾਨ 'ਤੇ ਵੀ ਜਾਂਦੇ ਹਨ, ਉਹ ਉਥੋਂ ਦੇ ਪਹਿਰਾਵੇ ਨੂੰ ਪਾਉਂਦੇ ਹਨ। ਇਸ ਤਰ੍ਹਾਂ ਇਹ ਸਿੱਧ ਹੋ ਜਾਂਦਾ ਹੈ ਕਿ ਉਹ ਹਰ ਵਰਗ ਦੇ ਲੋਕਾਂ ਵਿਚ ਰਚ-ਮਿਚ ਜਾਂਦੇ ਹਨ ਅਤੇ ਇਸ ਕਾਰਨ ਹਰ ਕੋਈ ਉਨ੍ਹਾਂ ਨੂੰ ਆਪਣਾ ਹੀ ਸਮਝਦਾ ਸੀ। ਪਰ ਲਿਬਾਸ ਦੀ ਇਸ ਵੰਨ-ਸੁਵੰਨਤਾ ਤੋਂ ਗੁਰੂ ਸਾਹਿਬ ਦੀ ਸ਼ਖ਼ਸੀਅਤ ਬਾਰੇ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਸਰੀਰ ਉੱਤੇ ਹਰ ਪ੍ਰਕਾਰ ਦਾ ਪਹਿਰਾਵਾ ਸਜਦਾ ਸੀ। ਇਸ ਪ੍ਰਕਾਰ ਉਨ੍ਹਾਂ ਦੀ ਸ਼ਖ਼ਸੀਅਤ ਇਕ ਆਦਰਸ਼ਕ ਨਾਇਕ ਵਾਲੀ ਸੀ। ਆਲੋਚਨਾ ਅਧੀਨ ਰਚਨਾ ਦੇ ਲੇਖਕ ਨੇ ਗੁਰੂ

ਸਾਹਿਬ ਦੀ ਸ਼ਖ਼ਸੀਅਤ ਦੇ ਇਸ ਪੱਖ ਨੂੰ ਵਿਸਤਾਰ ਸਹਿਤ ਨਿਖਾਰਿਆ ਹੈ। ਇਸ ਦਾ ਕਾਰਨ ਇਹ ਹੈ ਕਿ ਮੱਧ-ਕਾਲੀਨ ਦੇ ਅਧਿਆਤਮਕ ਨਾਇਕ ਆਪਣੇ ਧਰਮਾਂ ਦੇ ਚਿੰਨ੍ਹਾਂ ਪ੍ਰਤੀ ਇੰਨੇ ਜੁੜੇ ਹੋਏ ਸਨ ਕਿ ਉਹ ਕਿਸੇ ਕਿਸਮ ਦੇ ਹੋਰ ਧਾਰਮਿਕ ਪ੍ਰਭਾਵ ਜਾਂ ਚਿੰਨ੍ਹ ਨੂੰ ਆਪਣੇ ਵਿਚ ਸ਼ਾਮਲ ਨਹੀਂ ਹੋਣ ਦਿੰਦੇ ਸਨ। ਇਸ ਦੇ ਉਲਟ ਗੁਰੂ ਸਾਹਿਬ ਦਾ ਦ੍ਰਿਸ਼ਟੀਕੋਣ ਵਿਸ਼ਾਲ ਸੀ। ਇਸ ਲਈ ਉਹ ਹਰ ਪ੍ਰਕਾਰ ਦੀ ਉਚਿਤ ਰਹਿਣੀ-ਬਹਿਣੀ ਨੂੰ ਆਪਣੇ ਜੀਵਨ ਦਾ ਅੰਗ ਬਣਾ ਲੈਂਦੇ ਸਨ। ਇਸ ਲਈ ਸਾਖੀਕਾਰ ਗੁਰੂ ਸਾਹਿਬ ਨੂੰ ਇੱਕੋ ਤਰ੍ਹਾਂ ਦੇ ਲਿਬਾਸ ਵਿਚ ਨਾ ਚਿੱਤਰ ਕੇ ਵੰਨ-ਸੁਵੰਨੇ ਵਸਤਰ ਪਹਿਨਣ ਵਾਲਾ ਨਾਇਕ ਸਿੱਧ ਕਰਦਾ ਹੈ। ਮਿਸਾਲ ਦੇ ਤੌਰ 'ਤੇ ਸਾਖੀ ਨੰਬਰ 16 ਦਸਦੀ ਹੈ ਕਿ ਜਦੋਂ ਗੁਰੂ ਸਾਹਿਬ ਆਪਣੀ ਪਹਿਲੀ ਉਦਾਸੀ ਨੂੰ ਚਲਦੇ ਹਨ ਤਾਂ ਉਨ੍ਹਾਂ ਦੇ ਸਿਰ ਟੋਪੀ ਕਲੰਦਰੀ ਪਾਈ ਹੋਈ ਸੀ। ਇਸ ਸਾਰੀ ਸਾਖੀ ਦਾ ਬਿਰਤਾਂਤ ਗੁਰੂ ਸਾਹਿਬ ਦੇ ਵਚਿੱਤਰ ਪਹਿਰਾਵੇ ਦਾ ਜ਼ਿਕਰ ਕਰਦਾ ਹੈ। ਇਹ ਠੀਕ ਹੈ ਕਿ ਪਹਿਰਾਵੇ ਦੇ ਚਿੰਨ੍ਹਾਤਮਕ ਅਰਥ ਵੀ ਹਨ ਪਰੰਤੂ ਫਿਰ ਵੀ ਪਹਿਰਾਵੇ ਤੋਂ ਹੀ ਸ਼ਖ਼ਸੀਅਤ ਝਲਕਦੀ ਹੈ। ਇਸ ਪ੍ਰਕਾਰ ਦੂਜੀ ਉਦਾਸੀ (42) ਵਿਚ ਗੁਰੂ ਸਾਹਿਬ ਆਪਣੇ ਪੈਰਾਂ ਵਿਚ ਕਾਠ ਦੀਆਂ ਖੜਾਵਾਂ ਪਾਉਂਦੇ ਹਨ ਅਤੇ ਉਨ੍ਹਾਂ ਨੇ ਬਿੰਦੂਲੀ ਦਾ ਟਿੱਕਾ ਲਾਇਆ ਹੋਇਆ ਸੀ। ਸਾਖੀ ਨੰਬਰ 49 ਦੱਸਦੀ ਹੈ ਕਿ ਤੀਜੀ ਉਦਾਸੀ ਵਿਚ ਗੁਰੂ ਸਾਹਿਬ ਦੇ ਮੱਥੇ ਕੇਸਰ ਦਾ ਟਿੱਕਾ ਲਾਇਆ ਸੀ। ਇਸ ਸਾਖੀ ਵਿਚ ਗੁਰੂ ਸਾਹਿਬ ਤੋਂ ਪਹਿਰਾਵੇ ਦੇ ਸੰਬੰਧ ਵਿਚ ਕਿੰਨਾ ਕੁੱਝ ਪਤਾ ਲਗਦਾ ਹੈ। ਚੌਥੀ ਉਦਾਸੀ (ਸਾਖੀ ਨੰਬਰ 51) ਵਿਚ ਗੁਰੂ ਸਾਹਿਬ ਨੀਲੇ ਵਸਤਰ ਪਾ ਕੇ ਬਾਲਕਾਂ ਵਿਚ ਖੇਡਦੇ ਹਨ ਅਤੇ ਉਨ੍ਹਾਂ ਦੇ ਪੈਰੀਂ ਖੰਉਸਾਂ ਚੰਮ ਦੀਆਂ ਪਾਈਆਂ ਸਨ। ਇਸ ਸਾਰੇ ਵਿਵਰਣ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਆਲੋਚਨਾਧੀਨ ਰਚਨਾ ਦਾ ਲੇਖਕ ਆਪਣੇ ਨਾਇਕ ਨੂੰ ਇਕ ਅਜਿਹੀ ਆਦਰਸ਼ਕ ਸ਼ਖ਼ਸੀਅਤ ਸਿੱਧ ਕਰਨਾ ਚਾਹੁੰਦਾ ਸੀ ਜਿਹੜੀ ਨਾ ਕੇਵਲ ਆਤਮਿਕ ਤੌਰ 'ਤੇ ਹੀ ਪ੍ਰਬਲ ਸੀ, ਸਗੋਂ ਜਿਸ ਦਾ ਸਰੀਰ ਵੀ ਉੱਨਾ ਹੀ ਸੁੰਦਰ ਸੀ ਜਿੰਨਾ ਕਿ ਮਨ। ਇਸ ਲਈ ਸਾਖੀਕਾਰ ਗੁਰੂ ਸਾਹਿਬ ਦੇ ਸਰੀਰ ਉੱਤੇ ਜਿਹੜਾ ਵੀ ਲਿਬਾਸ ਸਜਾਉਂਦਾ ਹੈ, ਉਹ ਪਾਠਕ ਦੇ ਮਨ ਨੂੰ ਖਿੱਚ ਲੈਂਦਾ ਹੈ। ਪਾਠਕ ਸੋਚਦਾ ਹੈ ਕਿ ਗੁਰੂ ਸਾਹਿਬ ਕਿੰਨੇ ਵਿਸ਼ਾਲ ਦਿਲ ਦੇ ਸੁਆਮੀ ਸਨ।

**(6) ਅਣਥੱਕ ਯਾਤਰੀ :** ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸ ਗੱਲ ਦਾ ਪ੍ਰਭਾਵ ਪਾਉਂਦੀ ਹੈ ਕਿ ਉਨ੍ਹਾਂ ਨੇ ਸਦਾਚਾਰਕ ਕੀਮਤਾਂ ਦੇ ਸੰਦਰਭ ਵਿਚ ਇਕ ਚੰਗੇ ਇਨਸਾਨ ਦਾ ਮਾਡਲ ਸਾਡੇ ਸਾਹਮਣੇ ਰੱਖਿਆ। ਉਹ ਮਾਨਵ ਜਾਤੀ ਨੂੰ ਸਮੂਹਿਕ ਕਲਿਆਣ ਅਤੇ ਉੱਨਤੀ ਦੇ ਰਾਹ ਤੋਰਨਾ ਚਾਹੁੰਦੇ ਸਨ। ਇਸ ਮੰਤਵ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਥਾਂ-ਥਾਂ ਉੱਤੇ ਗਏ ਅਤੇ ਆਪਣੀ ਵਿਚਾਰਧਾਰਾ ਤੋਂ ਲੋਕਾਂ ਨੂੰ ਜਾਣੂ ਕਰਵਾਇਆ। ਪੁਰਾਤਨ ਜਨਮਸਾਖੀ ਦਾ ਲੇਖਕ ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਦਾ ਜ਼ਿਕਰ ਵਿਸਤਾਰ ਸਹਿਤ ਕਰਦਾ ਹੈ। ਇਸ ਵਿਵਰਣ ਤੋਂ ਦੋ ਗੱਲਾਂ ਸਾਹਮਣੇ ਆਉਂਦੀਆਂ ਹਨ। ਪਹਿਲੀ ਇਹ ਕਿ ਮੱਧ-ਕਾਲੀਨ ਯੁੱਗ ਵਿਚ ਭਾਵੇਂ ਆਉਣ-ਜਾਣ ਦੇ ਸਾਧਨਾਂ ਦੀ ਬਹੁਤ ਥੁੜ੍ਹ ਸੀ, ਬਹੁਤਾ ਕਰਕੇ ਪੈਦਲ ਹੀ ਚੱਲਣਾ ਪੈਂਦਾ ਸੀ ਪਰੰਤੂ ਉਸ ਵੇਲੇ ਦੇ ਅਧਿਆਤਮਕ ਨਾਇਕਾਂ ਵਿਚ ਇਹ ਗੱਲ ਆਮ ਪ੍ਰਚਲਿਤ ਸੀ ਕਿ ਉਹ ਥਾਂ-ਥਾਂ ਜਾ ਕੇ ਆਪਣੇ ਧਰਮਾਂ ਦਾ ਪ੍ਰਚਾਰ ਕਰਦੇ ਸਨ। ਗੁਰੂ ਸਾਹਿਬ ਵੀ ਇਸ ਢੰਗ ਨੂੰ ਅਪਣਾਉਂਦੇ ਚਿਤਰੇ ਗਏ ਹਨ। ਦੂਜੀ ਗੱਲ ਗੁਰੂ ਸਾਹਿਬ ਦੀ ਸ਼ਖ਼ਸੀਅਤ ਬਾਰੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਉਹ (ਗੁਰੂ ਸਾਹਿਬ) ਇਕ ਅਣਥੱਕ ਯਾਤਰੀ ਸਨ। ਉਨ੍ਹਾਂ ਦੀਆਂ ਉਦਾਸੀਆਂ ਦਾ ਜ਼ਿਕਰ ਪੜ੍ਹ ਕੇ, ਪਾਠਕ ਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਗੁਰੂ ਸਾਹਿਬ ਸਾਹਮਣੇ ਇਕ ਜੀਵਨ ਮਨੋਰਥ ਸੀ, ਜਿਸਦਾ ਪ੍ਰਚਾਰ ਅਤੇ ਜਿਸਦੀ ਪੂਰਤੀ ਹਿੱਤ ਉਹ ਥਾਂ-ਥਾਂ ਜਾ ਕੇ ਲੋਕਾਂ ਨੂੰ ਸੁਚੇਤ ਕਰਦੇ ਹਨ। ਆਲੋਚਨਾਧੀਨ ਰਚਨਾ ਦਾ ਲੇਖਕ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਪਹਿਲੀ ਉਦਾਸੀ ਪੂਰਬ ਵੱਲ ਕੀਤੀ (ਸਾਖੀ ਨੰਬਰ 16), ਦੂਜੀ ਦੱਖਣ (ਸਾਖੀ ਨੰਬਰ 42), ਤੀਜੀ ਉੱਤਰ (ਸਾਖੀ ਨੰਬਰ 49) ਅਤੇ ਚੌਥੀ ਪੱਛਮ (ਸਾਖੀ ਨੰਬਰ 51) ਵੱਲ ਕੀਤੀ। ਇਨ੍ਹਾਂ ਸਾਰੀਆਂ ਸਾਖੀਆਂ ਦਾ ਬਿਰਤਾਂਤ ਦੱਸਦਾ ਹੈ ਕਿ ਗੁਰੂ ਸਾਹਿਬ ਨੇ ਇਹ ਯਾਤਰਾਵਾਂ ਸੁਚੇਤ ਪੱਧਰ ਉੱਤੇ ਕੀਤੀਆਂ ਸਨ। ਗੁਰੂ ਸਾਹਿਬ ਨੇ ਇਨ੍ਹਾਂ ਦਿਸ਼ਾਵਾਂ ਵੱਲ ਸਥਾਪਿਤ ਸਾਰੇ ਧਾਰਮਿਕ ਸਥਾਨਾਂ ਉੱਤੇ ਜਾ ਕੇ ਗਲਤ ਕੀਮਤਾਂ ਅਤੇ ਪਾਖੰਡਾਂ ਨੂੰ ਨਿੰਦਿਆ ਅਤੇ ਲੋਕਾਂ ਨੂੰ ਰੱਬ ਨਾਲ ਸਿੱਧਾ ਅਤੇ ਪਵਿੱਤਰ ਰਿਸ਼ਤਾ ਕਾਇਮ ਕਰਨ ਲਈ ਪ੍ਰੇਰਿਆ। ਇਨ੍ਹਾਂ ਸਥਾਨਾਂ ਉੱਤੇ ਗੁਰੂ ਸਾਹਿਬ ਨੇ ਅਨੇਕਾਂ ਗੋਸ਼ਟੀਆਂ ਕੀਤੀਆਂ। ਆਪਣੇ ਨਾਟਕੀ-ਢੰਗ ਵਿਚ ਗੁਰੂ ਸਾਹਿਬ ਨੇ ਕਈ ਲੋਕਾਂ ਨੂੰ ਅਸਲ ਰਾਹ ਵਿਖਾਇਆ। ਇਸ ਸਾਰੇ ਬਿਰਤਾਂਤ ਤੋਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਨਾਇਕ ਦੀ ਯਾਤਰਾ ਕੇਵਲ 'ਸਥਾਨ-ਦਰਸ਼ਨ' ਵਾਸਤੇ ਨਹੀਂ ਹੁੰਦੀ ਸੀ, ਸਗੋਂ ਆਲੋਚਨਾਧੀਨ ਰਚਨਾ ਦੱਸਦੀ ਹੈ ਕਿ ਗੁਰੂ ਸਾਹਿਬ ਇਕ ਅਜਿਹੇ ਯਾਤਰੀ ਸਨ, ਜਿਹੜੇ ਅੰਧਵਿਸ਼ਵਾਸੀ ਨਾ ਹੋ ਕੇ ਤਰਕਸ਼ੀਲ ਢੰਗ ਨਾਲ ਈਸ਼ਵਰ ਦੀ ਜੋਤ ਨੂੰ ਸਮਝਣ ਲਈ ਪ੍ਰੇਰਦੇ ਸਨ। ਇਕ ਪਾਸੇ ਸਫ਼ਰ ਦੀਆਂ ਕਠਿਨਾਈਆਂ

ਅਤੇ ਦੂਜੇ ਪਾਸੇ ਕਈ ਲੋਕਾਂ ਵੱਲੋਂ ਵਿਰੋਧ ਨੂੰ ਬਰਦਾਸ਼ਤ ਕਰਕੇ ਵੀ ਗੁਰੂ ਸਾਹਿਬ ਨੇ ਲੋਕਾਂ ਨੂੰ ਸੱਚੇ ਰਾਹ 'ਤੇ ਚਲਣ ਲਈ ਪ੍ਰੇਰਿਆ। ਹੁਣ ਇਸ ਗੱਲ ਦਾ ਅਨੁਮਾਨ ਲਾਇਆ ਗਿਆ ਕਿ ਗੁਰੂ ਸਾਹਿਬ ਨੇ ਤਕਰੀਬਨ 25,000 ਮੀਲ ਦੀ ਯਾਤਰਾ ਕੀਤੀ। ਇਸ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਇਕ ਅਣਥੱਕ ਯਾਤਰੀ ਸਨ, ਜਿਹੜੇ ਲੋਕਾਂ ਨਾਲ ਸਿੱਧਾ ਸੰਪਰਕ ਬਣਾ ਕੇ ਉਨ੍ਹਾਂ ਵਿਚ ਸੁਧਾਰ ਲਿਆਉਣਾ ਚਾਹੁੰਦੇ ਸਨ।

**(7) ਹੋਰ ਗੁਣ :** ਪੁਰਾਤਨ ਜਨਮ-ਸਾਖੀ ਦਾ ਬਿਆਨ ਇਹ ਵੀ ਦੱਸਦਾ ਹੈ ਕਿ ਗੁਰੂ ਨਾਨਕ ਦੇਵ ਜੀ ਇਕ ਤਿਆਗੀ ਪਰਉਪਕਾਰੀ ਅਤੇ ਨਿਡਰ ਸ਼ਖ਼ਸੀਅਤ ਵੀ ਸਨ। ਗੁਰੂ ਸਾਹਿਬ ਦਾ ਸਾਰਾ ਜੀਵਨ ਬਿਰਤਾਂਤ ਦੱਸਦਾ ਹੈ ਕਿ ਉਨ੍ਹਾਂ ਨੇ ਮਾਨਵ ਜਾਤੀ ਨੂੰ ਅਨੇਕਾਂ ਪੱਖਾਂ ਤੋਂ ਦਿੱਤਾ ਹੀ ਹੈ, ਲਿਆ ਕੁੱਝ ਨਹੀਂ। ਮਹਾਂਪੁਰਖ ਦੇਣ ਵਿਚ ਵਿਸ਼ਵਾਸ ਰੱਖਦੇ ਹਨ, ਉਹ ਸਮਾਜ ਪਾਸੋਂ ਲੈਂਦੇ ਕੁੱਝ ਨਹੀਂ। ਇਸੇ ਉੱਚੀ ਰੀਤ ਉੱਤੇ ਗੁਰੂ ਸਾਹਿਬ ਚਲਦੇ ਸਨ। ਆਲੋਚਨਾਧੀਨ ਰਚਨਾ ਦਾ ਲੇਖਕ ਦੱਸਦਾ ਹੈ ਕਿ ਜਦ ਵੀ ਗੁਰੂ ਸਾਹਿਬ ਸਾਹਮਣੇ ਕੋਈ ਨਿਮਾਣਾ ਵਿਅਕਤੀ ਆਉਂਦਾ ਹੈ, ਨਾਇਕ ਗੁਰੂ ਸਾਹਿਬ ਨੂੰ ਹਰ ਤਰ੍ਹਾਂ ਨਾਲ ਉਸ ਦੀ ਸਹਾਇਤਾ ਕਰਦਾ ਵਿਖਾਇਆ ਗਿਆ ਹੈ। ਗੁਰੂ ਸਾਹਿਬ ਬਾਬਰ ਦੇ ਪ੍ਰਮੁੱਖ ਅਧਿਕਾਰੀ ਪਾਸੋਂ ਵੀ ਨਹੀਂ ਡਰਦੇ ਸਨ। ਉਹ ਨਿਡਰ ਹੋ ਕੇ ਇਸ ਕੀਮਤ ਨੂੰ ਸਮਾਜ ਵਿਚ ਲਿਆਉਣਾ ਚਾਹੁੰਦੇ ਸਨ, ਜਿਸ ਅਨੁਸਾਰ ਅਮੀਰ ਲੋਕ ਗਰੀਬਾਂ ਦੀ ਆਪ-ਮੁਹਾਰੇ ਹੀ ਸਹਾਇਤਾ ਕਰਨ। ਉਹ ਸਮਾਜ ਦੀਆਂ ਕੀਮਤਾਂ ਨੂੰ ਸ਼ਾਂਤੀ ਅਤੇ ਪ੍ਰਭੂ ਦੀ ਭਗਤੀ ਨੂੰ ਮਾਧਿਅਮ ਬਣਾ ਕੇ ਬਦਲਣਾ ਚਾਹੁੰਦੇ ਸਨ। ਇਸ ਸ਼ਾਂਤਮਈ ਕ੍ਰਾਂਤੀ ਅਤੇ ਮਾਨਵ-ਵਿਕਾਸ ਦੀ ਇਕ ਪ੍ਰਤੱਖ ਮਿਸਾਲ ਆਲੋਚਨਾਧੀਨ ਰਚਨਾ ਵਿਚੋਂ ਮਿਲ ਜਾਂਦੀ ਹੈ। ਇਕ ਗਰੀਬ ਖੱਤਰੀ ਦੀ ਲੜਕੀ ਦੀ ਸ਼ਾਦੀ ਵੇਲੇ ਗੁਰੂ ਸਾਹਿਬ ਕੀ ਕਰਦੇ ਹਨ, ਇਸ ਦਾ ਵਿਵਰਣ ਲੇਖਕ ਨੇ ਸਾਖੀ 41 ਵਿਚ ਦਿੱਤਾ ਹੈ ਲੇਖਕ ਲਿਖਦਾ ਹੈ :

'ਤਬ ਇਕ ਖੱਤਰੀ ਥਾ, ਖਰਾ ਗਰੀਬ ਯਤੀਮ ਸਾ। ਉਸ ਦੇ ਘਰ ਇਕ ਕੁੜੀ ਸੀ ; ਘਰਹੁ ਖਰਾ ਆਜਜ਼ ਸੀ; ਸਰ ਕਿਛ ਨਾ ਸੀ ਆਂਵਦਾ। ਉਨ ਬਾਬੈ ਪਾਸ ਆਇ ਅਰਦਾਸ ਕੀਤੀ; ਅਜੀ ਗਰੀਬ ਨਿਵਾਜ ਮੇਰੇ ਤੇ ਸਰ ਕਿਛ ਨਾਂਹੀ ਆਂਵਦੀ; ਬੇਟੀ ਕੁਆਰੀ ਹੈ ਕਿਛ ਪਰਮੇਸਰ ਕੇ ਨਾਇ ਅੰਗੀਕਾਰ ਕਰ, ਖਸਮਾਨਾ ਹੋਵੇ।' ਤਾਂ ਬਾਬੇ ਹੁਕਮ ਕੀਤਾ, 'ਜਿ ਕਿਛੁ ਵਸਤੁ ਤੈਨੂੰ ਚਾਹੀਦੀ ਹੈ, ਸੋ ਤੂੰ ਲਿਖਾਇ ਲੈ ਆਉ, ਅਸੀਂ ਅਣਾਇ ਦੇਹਾਂਗੇ।'

ਇਸ ਮਿਸਾਲ ਤੋਂ ਬਿਨਾਂ ਮੋਦੀ ਖ਼ਾਨੇ ਵਾਲੀ ਸਾਖੀ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਇਨ੍ਹਾਂ ਪਹਿਲੂਆਂ ਉੱਤੇ ਪ੍ਰਕਾਸ਼ ਪਾਉਂਦੀ ਹੈ ਕਿ ਉਹ ਤਿਆਗ ਵਿਚ ਵਿਸ਼ਵਾਸ ਰਖਦੇ ਸਨ, ਉਨ੍ਹਾਂ ਨੂੰ ਦੂਜਿਆਂ ਦੀ ਭਲਾਈ ਕਰਕੇ ਆਤਮ ਆਨੰਦ ਦੀ ਪ੍ਰਾਪਤੀ ਹੁੰਦੀ ਸੀ ਅਤੇ ਉਹ ਨਿਡਰਤਾ ਨਾਲ ਕਿਸੇ ਮੁਸੀਬਤ ਜਾਂ ਕਿਸੇ ਵਿਅਕਤੀ ਦਾ ਸਾਹਮਣਾ ਕਰ ਸਕਦੇ ਸਨ।

## ਸਿੱਟਾ

ਪੁਰਾਤਨ ਜਨਮਸਾਖੀ ਦਾ ਮੁਲਾਂਕਣ ਇਹ ਦੱਸਦਾ ਹੈ ਕਿ ਪੁਰਾਤਨ ਪੰਜਾਬੀ ਵਾਰਤਕ ਦੀ ਇਸ ਵਿਧਾ ਵਿਚ ਮੱਧ-ਕਾਲੀਨ ਯੁੱਗ ਦੇ ਤੇਜੱਸਵੀ ਨਾਇਕ ਗੁਰੂ ਨਾਨਕ ਦੇਵ ਜੀ ਦਾ ਜੀਵਨ-ਬਿਰਤਾਂਤ ਲਿਖਿਆ ਗਿਆ ਹੈ। ਇਸ ਲਿਖਤ ਦਾ ਇਕੋ-ਇਕ ਮਨੋਰਥ ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਉਭਾਰਨਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਪ ਪੰਦਰ੍ਹਵੀਂ ਸੋਲ੍ਹਵੀਂ ਸਦੀ ਦੇ ਮਹਾਨ ਅਧਿਆਤਮਕ ਨਾਇਕ ਸਨ। ਇਸੇ ਲਈ ਇਸ ਤੇਜੱਸਵੀ ਸ਼ਖ਼ਸੀਅਤ ਨੂੰ ਸਾਖੀਕਾਰ ਪੇਸ਼ ਕਰਦਾ ਹੈ। ਪ੍ਰਚਾਰ ਦੀ ਬਿਰਤੀ ਨੂੰ ਸਾਹਮਣੇ ਰੱਖ ਕੇ ਸਾਖੀਕਾਰ ਇਕ ਪਾਸੇ ਆਪ ਦੀ ਸ਼ਖ਼ਸੀਅਤ ਦੇ ਪ੍ਰਮੁੱਖ ਪੱਖਾਂ ਉੱਤੇ ਚਾਨਣ ਪਾਉਂਦਾ ਹੈ ਅਤੇ ਦੂਜੇ ਪਾਸੇ ਆਪ ਦੀ ਬਾਣੀ ਵਿਚੋਂ ਮਿਸਾਲਾਂ ਲੈ ਕੇ ਗੁਰੂ ਆਸ਼ਿਆਂ ਨੂੰ ਵੀ ਸਪਸ਼ਟ ਕਰਦਾ ਹੈ। ਰਚਨਾ ਦਾ ਵਿਵਰਣ ਦੱਸਦਾ ਹੈ ਕਿ ਗੁਰੂ ਸਾਹਿਬ ਇਕ ਮਹਾਨ ਭਗਤ, ਤਿਆਗੀ, ਅਧਿਆਤਮਕ ਅਤੇ ਕਰਾਮਾਤੀ ਨਾਇਕ, ਸਰਬ ਸਾਂਝੀ ਸ਼ਖ਼ਸੀਅਤ ਦੇ ਮਾਲਕ, ਯੋਗ ਵਕਤਾ, ਆਦਰਸ਼ਕ, ਸ਼ਖ਼ਸੀਅਤ, ਅਣਥੱਕ ਯਾਤਰੀ, ਪਰਉਪਕਾਰੀ ਨੇਤਾ ਅਤੇ ਨਿਡਰ ਗੁਰੂ ਸਨ।

# *ਪੁਰਾਤਨ ਜਨਮਸਾਖੀ* ਦੀ ਸ਼ੈਲੀ ਅਤੇ ਭਾਸ਼ਾ

## ਸ਼ੈਲੀ ਦੀ ਪਰਿਭਾਸ਼ਾ

ਸ਼ੈਲੀ ਤੋਂ ਭਾਵ ਕਿਸੇ ਕਲਾਕਾਰ ਦੇ ਕਹਿਣ ਦੇ ਢੰਗ ਤੋਂ ਹੈ। ਇਹ ਕਹਿਣ ਦਾ ਢੰਗ ਸ਼ਬਦਾਂ ਦਾ ਹੋ ਸਕਦਾ ਹੈ ਜਾਂ ਰੰਗਾਂ ਰਾਹੀਂ ਕੋਈ ਚਿੱਤਰਕਾਰ ਆਪਣੀ ਗੱਲ ਨੂੰ ਦੂਜਿਆਂ ਤਕ ਪਹੁੰਚਾ ਸਕਦਾ ਹੈ। ਇਸੇ ਤਰ੍ਹਾਂ ਕਿਸੇ ਬੁੱਤਘੜੇ ਦੀ ਆਪਣੀ ਵਿਸ਼ੇਸ਼ ਸ਼ੈਲੀ (ਕਹਿਣ ਦਾ ਅੰਦਾਜ਼) ਹੋ ਸਕਦੀ ਹੈ, ਜਿਸ ਦੁਆਰਾ ਉਹ ਆਪਣੇ ਵਿਚਾਰਾਂ ਨੂੰ ਦੂਜਿਆਂ ਤੱਕ ਪਹੁੰਚਾਉਂਦਾ ਹੈ। ਇਸ ਤਰ੍ਹਾਂ ਸ਼ੈਲੀ ਤੋਂ ਭਾਵ ਇਕ ਅਜਿਹਾ ਢੰਗ ਹੈ ਜਿਸ ਦੀ ਸਹਾਇਤਾ ਨਾਲ ਕਿਸੇ ਕਲਾਕਾਰ ਦੀ ਸੋਚ-ਪ੍ਰਣਾਲੀ, ਉਸ ਦੇ ਵਿਚਾਰ, ਉਸ ਦੇ ਹਾਵ-ਭਾਵ ਦੂਜਿਆਂ ਤੀਕ ਪਹੁੰਚਦੇ ਹਨ। ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਅਜਿਹੀ ਇਕਸਾਰਤਾ ਹੋਣ ਦੇ ਬਾਵਜੂਦ ਹਰ ਕਲਾਕਾਰ ਦੀ ਸ਼ੈਲੀ ਆਪਣੀ ਆਪਣੀ ਹੁੰਦੀ ਹੈ। ਇਸ ਤੋਂ ਭਾਵ ਇਹ ਹੈ ਕਿ ਸ਼ੈਲੀ ਕਿਸੇ ਕਲਾਕਾਰ ਅਤੇ ਉਸ ਦੇ ਪਾਠਕਾਂ/ਪ੍ਰਸ਼ੰਸਕਾਂ ਨੂੰ ਆਪਸ ਵਿਚ ਮਿਲਾਉਂਦੀ ਹੈ। ਇਹ ਸ਼ੈਲੀ ਦੀ ਸਰਬ ਸਾਂਝੀ ਗੱਲ ਹੈ ਜਿਹੜੀ ਹਰ ਕਲਾਕਾਰ ਵਿਚ ਮੌਜੂਦ ਹੁੰਦੀ ਹੈ। ਪਰੰਤੂ ਇਸ ਸਾਂਝ ਦੇ ਬਾਵਜੂਦ ਹਰ ਕਲਾਕਾਰ ਦੀ ਕਲਾ-ਕ੍ਰਿਤ ਉੱਤੇ ਉਸ ਦੀ ਆਪਣੀ ਛਾਪ ਹੁੰਦੀ ਹੈ, ਜਿਹੜੀ ਉਸ ਦੀ ਸ਼ੈਲੀ ਅਖਵਾਉਂਦੀ ਹੈ। ਇਸ ਕਰਕੇ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਸ਼ੈਲੀ, ਮਨੁੱਖ ਆਪ ਹੈ। ਇਸ ਤੋਂ ਭਾਵ ਹੈ ਕਿ ਜਿਹੜੀ ਸ਼ੈਲੀ ਕਿਸੇ ਇਕ ਵਿਅਕਤੀ ਦੀ ਹੁੰਦੀ ਹੈ, ਉਹ ਦੂਜੇ ਕਿਸੇ ਹੋਰ ਦੀ ਨਹੀਂ ਹੋ ਸਕਦੀ।

ਸਾਹਿਤਕ ਸ਼ੈਲੀ ਤੋਂ ਮੁਰਾਦ ਅਜਿਹੀ ਸ਼ਬਦ-ਜੁਗਤ ਹੈ, ਜਿਸ ਦੁਆਰਾ ਕੋਈ ਸਾਹਿਤਕਾਰ ਆਪਣੇ ਪਾਠਕ ਵਰਗ ਨਾਲ ਆਪਣਾ ਰਿਸ਼ਤਾ ਕਾਇਮ ਕਰਦਾ ਹੈ। ਸ਼ਬਦਾਂ ਦੇ ਸੁਚੱਜੇ ਮੇਲ ਨਾਲ ਲੇਖਕ ਆਪਣੀ ਪ੍ਰਤਿਭਾ ਨੂੰ ਨਿਖਾਰਦਾ ਹੈ। ਸ਼ੈਲੀ ਰਾਹੀਂ ਕਿਸੇ ਸਾਹਿਤਕਾਰ ਦੀ ਪ੍ਰਤਿਭਾ ਸ਼ਬਦਾਂ ਦੇ ਰੂਪ ਵਿਚ ਢਲਦੀ ਹੈ। ਇਹ ਉਸ ਦੇ ਨਿੱਜ ਦਾ ਪ੍ਰਕਾਸ਼ ਹੈ। ਇਸ ਨਿੱਜ ਦੇ ਪ੍ਰਕਾਸ਼ ਦੁਆਰਾ ਉਹ ਆਪਣੇ ਵਿਅਕਤਿਤਵ ਦੀ ਛਾਪ ਪਾਠਕਾਂ ਦੇ ਮਨਾਂ ਉੱਤੇ ਪਾ ਕੇ ਉਨ੍ਹਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ, ਸ਼ੈਲੀ ਸੰਬੰਧੀ ਵੀ ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਕਿਸੇ ਲੇਖਕ ਦੀ ਲਿਖਤ ਵਿਚੋਂ ਉਸ ਦੀ ਸ਼ਖ਼ਸੀਅਤ ਦਾ ਪ੍ਰਛਾਵਾਂ ਜ਼ਰੂਰ ਮਹਿਸੂਸ ਕੀਤਾ ਜਾ ਸਕਦਾ ਹੈ।

ਸ਼ੈਲੀ, ਵਸਤੂ-ਵਿਧਾਨ ਅਤੇ ਰੂਪ ਵਿਧਾਨ ਦੇ ਆਧਾਰਾਂ 'ਤੇ ਉਸਰਦੀ ਹੈ। ਦੂਜੇ ਸ਼ਬਦਾਂ ਵਿਚ ਸ਼ੈਲੀ ਦੇ ਨਿਖੇੜ ਵਾਸਤੇ ਦੋ ਗੱਲਾਂ ਨੂੰ ਸਾਹਮਣੇ ਰੱਖਣਾ ਪੈਂਦਾ ਹੈ। ਪਹਿਲੀ ਗੱਲ ਵਿਸ਼ਾ-ਵਿਧਾਨ ਹੈ, ਜਿਸ ਵਿਚ ਵਿਚਾਰ, ਇਸ ਦੀ ਮੋਲਿਕਤਾ, ਇਸ ਦਾ ਬਲਵਾਨ ਹੋਣਾ, ਇਸ ਦੀ ਸਮਾਜਕ ਸਾਰਥਕਤਾ ਆਦਿ ਗੱਲਾਂ ਆਉਂਦੀਆਂ ਹਨ। ਰੂਪ-ਵਿਧਾਨ ਸ਼ੈਲੀ ਦਾ ਤਕਨੀਕੀ ਜਾਂ ਮਕਾਨਕੀ ਪੱਖ ਹੈ। ਇਸ ਵਿਚ ਲੇਖਕ ਦੀ ਸ਼ਬਦ-ਜੋੜ ਵਿਧੀ, ਸ਼ਬਦ-ਪ੍ਰਯੋਗ ਸ੍ਰੋਤ, ਵਾਕ-ਬਣਤਰ, ਪੈਰਾ-ਵੰਡ, ਦ੍ਰਿਸ਼ਟਾਂਤ-ਵਿਧੀ ਆਦਿ ਗੱਲਾਂ ਸ਼ਾਮਲ ਹਨ। ਇਕ ਸਫ਼ਲ ਸ਼ੈਲੀ ਲਈ ਇਹ ਜ਼ਰੂਰੀ ਹੈ ਕਿ ਉਸ ਵਿਚ ਦੋਹਾਂ ਆਧਾਰਾਂ, ਭਾਵ ਤੇ ਵਸਤੂ ਵਿਧਾਨ ਦਾ ਸੁਚੱਜਾ ਮੇਲ ਕੀਤਾ ਗਿਆ ਹੋਵੇ। ਸ਼ੈਲੀਗਤ ਅਧਿਐਨ ਕਰਨ ਦੇ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਇਹ ਵੇਖਿਆ ਜਾਏ ਕਿ ਕੋਈ ਇਕ ਆਧਾਰ ਦੂਜੇ ਉੱਤੇ ਭਾਰੂ ਨਾ ਹੋ ਜਾਏ।

## ਪੁਰਾਤਨ ਜਨਮਸਾਖੀ ਦੇ ਕਰਤਾ ਦੀ ਸ਼ੈਲੀ

ਪੁਰਾਤਨ ਜਨਮਸਾਖੀ ਦੇ ਰਚੈਤਾ ਜਾਂ ਲੇਖਕ ਜਾਂ ਕਰਤਾ ਨੇ ਗੁਰੂ ਨਾਨਕ ਦੇਵ ਦੀ ਜਨਮਸਾਖੀ ਨੂੰ ਲਿਖਿਆ ਹੈ। ਦੂਜੇ ਸ਼ਬਦਾਂ ਵਿਚ ਉਸਨੇ ਨਾਇਕ ਗੁਰੂ ਦੇ ਜੀਵਨ ਬਿਰਤਾਂਤ ਨੂੰ ਸਾਡੇ ਸਾਹਮਣੇ ਰੱਖਿਆ ਹੈ। ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਪੇਸ਼ ਕਰਨ ਵਿਚ ਉਸਨੇ ਕਈ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਉਸ ਨੇ ਆਪਣੀ ਕਲਪਨਾ ਤੋਂ ਕੰਮ ਲੈ ਕੇ ਕਈ ਇਤਿਹਾਸਕ ਘਟਨਾਵਾਂ ਨੂੰ ਮੋੜਿਆ ਵੀ ਹੈ। ਇਸ ਲਈ ਇਹ ਆਮ ਤੋਰ 'ਤੇ ਕਿਹਾ ਜਾਂਦਾ ਹੈ ਕਿ ਇਸ ਰਚਨਾ ਵਿਚ ਕੁੱਝ ਕੱਚ ਹੈ ਤੇ ਕੁੱਝ ਸੱਚ ਹੈ। ਕੱਚ, ਲੇਖਕ ਦੀ ਕਲਪਨਾ ਹੈ ਅਤੇ ਸੱਚ ਉਹ ਇਤਿਹਾਸਕ ਸਮੱਗਰੀ ਹੈ, ਜਿਸ ਨੂੰ ਲਿਖ ਕੇ ਸਾਖੀਕਾਰ ਨੇ ਗੁਰੂ ਸਾਹਿਬ ਨੂੰ ਇੱਕ ਸਰਵੋਤਮ ਨਾਇਕ ਸਿੱਧ ਕਰਨਾ

ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਉਹ ਕਈ ਘਟਨਾਵਾਂ ਨੂੰ ਸਾਹਿਤਕ ਅੰਦਾਜ਼ ਵਿਚ ਪੇਸ਼ ਕਰਦਾ ਹੈ। ਲਿਖਣ ਦਾ ਇਹ ਢੰਗ ਜਾਂ ਪੇਸ਼ ਕਰਨ ਦੇ ਇਸ ਅੰਦਾਜ਼ ਨੂੰ ਉਸ ਦੀ ਸ਼ੈਲੀ ਆਖਿਆ ਜਾ ਸਕਦਾ ਹੈ।

## 1. ਵਿਸ਼ੇ ਦੀ ਚੋਣ

ਵਿਸ਼ੇ ਦੀ ਚੋਣ ਦੀ ਦ੍ਰਿਸ਼ਟੀ ਤੋਂ ਇਹ ਸਾਫ਼ ਹੈ ਕਿ ਪੁਰਾਤਨ ਜਨਮਸਾਖੀ ਦਾ ਲੇਖਕ ਗੁਰੂ ਨਾਨਕ ਦੇਵ ਸੰਬੰਧੀ ਘਟਨਾਵਾਂ ਨੂੰ ਪ੍ਰਸਤੁਤ ਕਰਦਾ ਹੈ। ਦੂਜੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਵਿਚਾਰਾਧੀਨ ਰਚਨਾ ਦਾ ਵਿਸ਼ਾ ਗੁਰੂ ਸਾਹਿਬ ਦੀ ਸ਼ਖ਼ਸੀਅਤ ਹੀ ਹੈ। ਇਸ ਰਚਨਾ ਦਾ ਵਿਸ਼ਾ ਮੌਲਿਕ ਹੈ ਕਿਉਂਕਿ ਇਹ ਰਚਨਾ ਗੱਦ ਦੀ ਅਜਿਹੀ ਵੰਨਗੀ ਹੈ, ਜਿਸ ਵਿਚ ਗੁਰੂ ਸਾਹਿਬ ਬਾਰੇ ਲਿਖਿਆ ਗਿਆ ਹੈ। ਇਸ ਪ੍ਰਕਾਰ ਇਹ ਗੱਲ ਸਪਸ਼ਟ ਹੈ ਕਿ ਸਿੱਖ ਫ਼ਲਸਫ਼ੇ ਅਤੇ ਧਰਮ ਨਾਲ ਜੁੜੀ ਇਹ ਪਹਿਲੀ ਗੱਦ-ਰਚਨਾ ਹੈ। ਇਸ ਤੋਂ ਪਹਿਲਾਂ ਗੁਰਮਤਿ ਆਸ਼ੇ ਦੀ ਪੇਸ਼ਕਾਰੀ ਕੇਵਲ ਕਵਿਤਾ ਵਿਚ ਹੋਈ ਮਿਲਦੀ ਹੈ। ਜਿੰਨੀਆਂ ਵੀ ਗੱਦ-ਰਚਨਾਵਾਂ ਸਾਨੂੰ ਮਿਲਦੀਆਂ ਹਨ, ਉਨ੍ਹਾਂ ਵਿਚੋਂ ਇਹ ਰਚਨਾ ਹੀ ਪੁਰਾਣੀ ਲੱਗਦੀ ਹੈ। ਇਸ ਲਈ ਇਸ ਤੱਥ ਨੂੰ ਆਧਾਰ ਬਣਾ ਕੇ ਇਹ ਰਾਏ ਪ੍ਰਗਟਾਈ ਜਾਂਦੀ ਹੈ। ਇਸ ਰਚਨਾ ਦਾ ਵਿਸ਼ਾ ਗੁਰੂ ਨਾਨਕ ਦੇਵ ਨੂੰ ਇਕ ਅਧਿਆਤਮਕ ਨੇਤਾ ਦੇ ਤੌਰ 'ਤੇ ਚਿੱਤਰ ਕੇ ਗੁਰਮਤਿ ਆਸ਼ੇ ਦੀ ਵਿਆਖਿਆ ਕਰਨਾ ਹੈ। ਇਸ ਰਚਨਾ ਵਿਚ ਕੀਤਾ ਗਿਆ ਇਹ ਉੱਦਮ, ਲੇਖਕ ਦਾ ਮੌਲਿਕ ਉਪਰਾਲਾ ਕਿਹਾ ਜਾ ਸਕਦਾ ਹੈ।

ਪੁਰਾਤਨ ਜਨਮਸਾਖੀ ਦਾ ਵਿਸ਼ਾ ਪ੍ਰਬਲ ਅਤੇ ਲੋਕ-ਪ੍ਰਿਯ ਹੈ। ਮਹਾਨ ਵਿਅਕਤੀਆਂ ਅਤੇ ਨੇਤਾਵਾਂ ਨਾਲ ਜੁੜੀ ਹਰ ਚੀਜ਼ ਆਪਣਾ ਵਿਸ਼ੇਸ਼ ਗੌਰਵ ਵੀ ਰੱਖਦੀ ਹੈ। ਇਹ ਚੀਜ਼ਾਂ ਸਾਧਾਰਨ ਨਹੀਂ ਹੁੰਦੀਆਂ। ਇਸ ਲਈ ਲੋਕ ਤੇ ਪਾਠਕ ਜਨ ਇਨ੍ਹਾਂ ਵੱਲ ਖਿੱਚੇ ਜਾਂਦੇ ਹਨ। ਜਨਮਸਾਖੀ ਅਤੇ ਜੀਵਨੀ, ਗੱਦ ਦੀਆਂ ਅਜਿਹੀਆਂ ਦੋ ਵੰਨਗੀਆਂ ਹਨ? ਜਿਹੜੀਆਂ ਲਿਖੀਆਂ ਹੀ ਤਾਂ ਜਾ ਸਕਦੀਆਂ ਹਨ, ਜੇ ਇਨ੍ਹਾਂ ਦਾ ਵਿਸ਼ਾ (ਨਾਇਕ) ਮਹਾਨ ਹੋਵੇ। ਪਹਿਲੀ ਗੱਲ ਇਹ ਹੈ ਕਿ ਲੇਖਕ ਦੀ ਆਪਣੇ ਨਾਇਕ ਪ੍ਰਤੀ ਪੂਰੀ ਸ਼ਰਧਾ ਹੋਵੇ ਜਿਵੇਂ ਕਿ ਪੁਰਾਤਨ ਜਨਮਸਾਖੀ ਦੇ ਲੇਖਕ ਦੀ ਗੁਰੂ ਸਾਹਿਬ ਪ੍ਰਤੀ ਸੀ। ਦੂਜੀ ਗੱਲ ਇਹ ਹੈ ਕਿ ਚਿਤਰਿਆ ਜਾ ਰਿਹਾ ਨਾਇਕ ਲੋਕਾਂ ਅਤੇ ਪਾਠਕਾਂ ਵਿਚ ਸਤਿਕਾਰਯੋਗ ਭਾਵਨਾ ਦਾ ਪਾਤਰ ਹੋਵੇ । ਇਸ ਵਿਸ਼ੇਸ਼ਤਾ ਕਾਰਨ ਹੀ ਉਹ ਆਮ ਲੋਕਾਂ ਨਾਲ ਜੁੜ ਸਕਦਾ ਹੈ, ਨਹੀਂ ਤਾਂ ਕੇਵਲ ਉਹ ਲੇਖਕ ਦਾ ਨਿੱਜੀ ਨਾਇਕ ਹੀ ਹੋ ਕੇ ਰਹਿ ਜਾਏਗਾ, ਉਹ ਲੋਕ ਨਾਇਕ ਦੀ ਪਦਵੀ ਨੂੰ ਗ੍ਰਹਿਣ ਕਰਨ ਦੇ ਅਸਮਰੱਥ ਹੋ ਜਾਏਗਾ। ਜਨਮਸਾਖੀ ਅਤੇ ਜੀਵਨੀ ਦੀ ਤਕਨੀਕ ਬਾਰੇ ਧਿਆਨਯੋਗ ਗੱਲ ਇਹ ਹੈ ਕਿ ਪੁਰਾਤਨ ਜਨਮਸਾਖੀ ਦਾ ਲੇਖਕ ਇਨ੍ਹਾਂ ਦੋਹਾਂ ਲੋੜਾਂ ਨੂੰ ਪੂਰਾ ਕਰਦਾ ਹੈ। ਉਸ ਦਾ ਗੁਰੂ ਸਾਹਿਬ ਨਾਲ ਜੁੜਨਾ ਇਕ ਸੁਭਾਵਕ ਗੱਲ ਹੈ। ਇਸ ਕਾਰਨ ਹੀ ਉਹ ਆਪਣੇ ਨਾਇਕ ਬਾਰੇ ਇੰਨਾ ਚੰਗਾ ਲਿਖ ਸਕਿਆ ਹੈ। ਦੂਜੇ ਇਸ ਰਚਨਾ ਦਾ ਨਾਇਕ ਇੰਨਾ ਲੋਕਪ੍ਰਿਯ ਹੋ ਨਿਬੜਿਆ ਹੈ ਕਿ ਇਹ ਰਚਨਾ ਹੁਣ ਤੱਕ ਪੰਜਾਬ ਦੇ ਜਨ-ਜੀਵਨ ਦਾ ਇਕ ਅਟੁੱਟ ਅੰਗ ਬਣੀ ਆ ਰਹੀ ਹੈ। ਇੰਨਾ ਹੀ ਨਹੀਂ ਇਸ ਰਚਨਾ ਨੂੰ ਆਧਾਰ ਬਣਾ ਕੇ ਕੋਈ ਹੋਰ ਰਚਨਾਵਾਂ ਵੀ ਹੋਂਦ ਵਿਚ ਆਈਆਂ ਹਨ। ਇਸ ਸੰਖੇਪ ਵਿਚਾਰ ਚਰਚਾ ਤੋਂ ਇਹ ਪਤਾ ਲਗਦਾ ਹੈ ਕਿ ਆਲੋਚਨਾਧੀਨ ਰਚਨਾ ਦਾ ਵਿਸ਼ਾ ਕਿੰਨਾ ਮੌਲਿਕ, ਲੋਕ-ਪ੍ਰਿਯ, ਮਹਾਨ ਅਤੇ ਪ੍ਰਬਲ ਹੈ। ਇਸ ਲਈ ਇਸ ਰਚਨਾ ਤੋਂ ਜਿਥੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਮੌਲਿਕ ਪੱਧਰ ਦੀ ਹੋ ਨਿਬੜਦੀ ਹੈ, ਉਥੇ ਇਹ ਆਮ ਪੰਜਾਬੀਆਂ ਦੇ ਦਿਲਾਂ ਦੀ ਮਹਿਬੂਬ ਵੀ ਬਣ ਗਈ। ਪੰਜਾਬੀ ਕੌਮ ਇਸ ਮਹਾਨ ਸ਼ਖ਼ਸੀਅਤ ਨਾਲ ਭਾਵਾਤਮਕ ਅਤੇ ਬੌਧਿਕ ਦੋਹਾਂ ਪੱਧਰਾਂ ਉੱਤੇ ਜੁੜੀ ਹੋਈ ਹੈ।

## 2. ਪੇਸ਼ਕਾਰੀ

ਵਿਸ਼ੇ ਦੀ ਪੇਸ਼ਕਾਰੀ ਦੀ ਦ੍ਰਿਸ਼ਟੀ ਤੋ ਪੁਰਾਤਨ ਜਨਮਸਾਖੀ ਦੇ ਕਰਤਾ ਦੀ ਵਾਰਤਕ ਜਾਂ ਗੱਦ-ਸ਼ੈਲੀ ਬਾਰੇ ਅਗਲੀ ਵਿਸ਼ੇਸ਼ਤਾ ਇਹ ਹੈ ਕਿ ਗੋਸ਼ਟੀ (ਵਾਰਤਾਲਾਪ) ਦੀ ਜੁਗਤ ਨੂੰ ਅਪਣਾ ਕੇ, ਆਪਣੇ ਵਿਸ਼ੇ ਦੀ ਅਭਿਵਿਅਕਤੀ ਕਰਦਾ ਹੈ। ਉਹ ਗੱਲ ਨੂੰ ਛੋਹ ਕੇ ਉਸ ਦੇ ਆਲੇ-ਦੁਆਲੇ ਵਾਰਤਾ ਘਟਨਾਵਾਂ ਦਾ ਅਜਿਹਾ ਤਾਣਾ-ਪੇਟਾ ਬੁਣਦਾ ਹੈ ਕਿ ਪ੍ਰਮੁੱਖ ਵਿਸ਼ਾ ਪ੍ਰਬਲਤਾ ਦੀ ਪੱਧਰ ਨੂੰ ਅੱਪੜ ਜਾਂਦਾ ਹੈ। ਇਹ ਜੁਗਤ ਲੇਖਕ ਦੀ ਮੌਲਿਕ ਨਹੀਂ ਬਲਕਿ ਅਧਿਆਤਮਕ ਜਗਤ ਵਿਚ ਕੋਈ ਸਦੀਆਂ ਤੋਂ ਚਲੀ ਆ ਰਹੀ ਹੈ। ਅਧਿਆਤਮਕ ਜਗਤ ਦੀ ਇਹ ਰੀਤ ਰਹੀ ਹੈ ਕਿ ਇਸ ਦੀਆਂ ਕਈ ਸਮੱਸਿਆਵਾਂ ਦਾ ਸਮਾਧਾਨ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਕੀਤਾ ਜਾਂਦਾ ਰਿਹਾ ਹੈ। ਪ੍ਰਸ਼ਨੋਤਰੀ ਸ਼ੈਲੀ ਤੋਂ ਭਾਵ ਇਹ ਹੈ ਕਿ ਸ਼ਿਸ਼ ਕੋਈ ਪ੍ਰਸ਼ਨ ਕਰਦਾ ਹੈ ਅਤੇ ਗੁਰੂ ਉਠਾਏ ਪ੍ਰਸ਼ਨ ਦਾ ਉੱਤਰ ਦਿੰਦਾ ਹੈ। ਪ੍ਰਸ਼ਨ ਉੱਤਰ ਦਾ ਇਹ ਸਿਲਸਿਲਾ

ਚਲਦਾ ਹੈ ਜਿਹੜਾ ਗੋਸ਼ਟ ਦਾ ਰੂਪ ਧਾਰ ਲੈਂਦਾ ਹੈ। ਵਿਚਾਰਾਧੀਨ ਰਚਨਾ ਦਾ ਲੇਖਕ ਵੀ ਇਸ ਜੁਗਤ ਨੂੰ ਅਪਣਾਉਂਦਾ ਹੈ। ਇਸ ਜੁਗਤ ਦੀ ਮਿਸਾਲ ਹੇਠਾਂ ਦਿੱਤੀ ਜਾਂਦੀ ਹੈ, ਜਿਸ ਵਿਚ ਮਰਦਾਨਾ ਗੁਰੂ ਸਾਹਿਬ ਪਾਸੋਂ ਸ਼ੰਕਿਆਂ ਨੂੰ ਖ਼ਤਮ ਕਰਨ ਵਾਸਤੇ ਅਰਜ਼ ਕਰਦਾ ਹੈ ਤੇ ਗੁਰੂ ਸਾਹਿਬ ਉਠਾਏ ਗਏ ਸ਼ੰਕੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਪ੍ਰਸੰਗ ਇਸ ਤਰ੍ਹਾਂ ਚਲਦਾ ਹੈ ਕਿ

ਤਬਿ ਮਰਦਾਨੇ ਆਖਿਆ, ਆਖਿਓਸੁ ਜੀਉ ਪਾਤਿਸਾਹੁ, ਇਹੁ ਜੋ ਕੋਈ ਤੇਰੇ ਨਾਉ ਦਾ ਸਦਕਾ ਮੰਨਦਾ ਹੈ, ਅਤੇ ਸਿੱਖ ਦੈ ਮੁਹਿ ਪਾਂਵਦਾ ਹੈ, ਕਿਛੁ ਤੈਨੂੰ ਭੀ ਪਹੁੰਚਦਾ ਹੈ ਓਸ ਦਾ ਭਾਉ; ਅਤੇ ਮੇਰੇ ਦਿਲਿ ਵਿਚ ਵਡਾ ਫਿਕਰੁ ਹੈ, ਜੋ ਤੂ ਕਿਛੁ ਛੁਹੰਦਾ ਨਾਹੀਂ ਅਤੇ ਮੁਹਿ ਪਾਂਵਦਾ ਨਾਹੀਂ, ਤੂ ਕਿਸੇ ਨਾਲੈ ਤ੍ਰਿਪਤਦਾ ਹੈਂ। ਤਬਿ ਗੁਰੂ ਬਾਬੇ ਆਖਿਆ........।

## 3. ਪ੍ਰਸ਼ਨੋਤਰੀ ਸ਼ੈਲੀ

ਇਸ ਪ੍ਰਕਾਰ ਪ੍ਰਸ਼ਨੋਤਰੀ ਜੁਗਤ ਅਪਣਾ ਕੇ ਇਕ ਪਾਸੇ ਲੇਖਕ ਗੁਰੂ ਨਾਨਕ ਦੇਵ ਦੀ ਨਾਇਕ ਉਸਾਰੀ ਕਰਦਾ ਹੈ ਅਤੇ ਦੂਜੇ ਪਾਸੇ ਗੁਰੂ ਆਸ਼ਿਆਂ ਦਾ ਸਪਸ਼ਟੀਕਰਨ ਕਰਕੇ ਉੱਚੇ ਵਿਸ਼ੇ-ਵਿਧਾਨ ਦੀ ਪੇਸ਼ਕਾਰੀ ਵੀ ਕਰ ਜਾਂਦਾ ਹੈ। ਲੇਖਕ ਦੀ ਇਹ ਸ਼ੈਲੀ ਸਾਰੀ ਰਚਨਾ ਵਿਚ ਪ੍ਰਤੱਖ ਹੈ, ਵਿਸ਼ੇਸ਼ ਤੌਰ ਤੇ ਨਾਇਕ ਦੀ ਸ਼ੇਖ ਮਿਠੇ ਦੀ ਗੋਸ਼ਟ, ਕਾਜ਼ੀ ਰੁਕਨਦੀਨ ਵਾਲੀ ਸਾਖੀ, ਸਿੱਧਾਂ ਨਾਲ ਗੋਸ਼ਟਾਂ ਵਾਲੀਆਂ ਸਾਖੀਆਂ ਆਦਿ ਨੂੰ ਮਿਸਾਲ ਵਜੋਂ ਦਿੱਤਾ ਜਾ ਸਕਦਾ ਹੈ।

## 4. ਸਿਖਿਆਦਾਇਕ

ਪੁਰਾਤਨ ਜਨਮਸਾਖੀ ਦਾ ਲੇਖਕ ਜਿਥੇ ਆਪਣੇ ਟੀਚੇ ਵਿਚ ਸਿਖਿਆਦਾਇਕ ਹੈ, ਉਥੇ ਉਸ ਦੀ ਸ਼ੈਲੀ ਵਿਚ ਵਿਆਖਿਆ ਦਾ ਅੰਸ਼ ਵਧੇਰੇ ਪ੍ਰਬਲ ਵੀ ਹੈ। ਨਿੱਕੀਆਂ ਨਿੱਕੀਆਂ ਕਹਾਣੀਆਂ ਸਿਰਜ ਕੇ ਉਹ ਵੱਡੇ ਅਰਥ ਕੱਢਦਾ ਹੈ, ਜਿਵੇਂ 'ਹਾਥੀ ਨੂੰ ਫਿਰ ਜਿਉਂਦਾ ਕਰਨ ਵਾਲੀ ਸਾਖੀ, ਕੌਡੇ ਰਾਖਸ਼ ਵਾਲੀ ਸਾਖੀ, ਸੁਲਤਾਨਪੁਰ ਨੂੰ ਤਿਆਰੀ ਵਾਲੀ ਸਾਖੀ ਆਦਿ। ਇਸੇ ਪ੍ਰਕਾਰ ਲੇਖਕ ਦੁਨਿਆਵੀ ਅਤੇ ਆਤਮਿਕ ਜੀਵਨ ਬਾਰੇ ਵਿਚਾਰ ਕਰਦਿਆਂ ਬੁਨਿਆਦੀ ਤੌਰ 'ਤੇ ਵਿਆਖਿਆ ਦੀ ਰੁਚੀ ਤੋਂ ਕੰਮ ਲੈਂਦਾ ਹੈ। ਗੁਰਬਾਣੀ ਦੇ ਪ੍ਰਮੁੱਖ ਆਸ਼ਿਆਂ ਦੀ ਢੁੱਕਵੀ ਭਾਸ਼ਾ ਵਿਚ ਵਿਆਖਿਆ ਕੀਤੀ ਗਈ ਹੈ। ਇਸ ਪ੍ਰਕਾਰ ਇਸ ਰਚਨਾ ਦੀ ਬੁਨਿਆਦ ਜਾਂ ਆਧਾਰ ਰੁਚੀ ਸੰਦੇਸ਼ਾਤਮਕ-ਉਪਦੇਸ਼ਾਤਮਕ ਹੋ ਨਿਬੜੀ ਹੈ। ਇਹ ਸ਼ੈਲੀ ਆਲੋਚਨਾਧੀਨ ਰਚਨਾ ਦੇ ਪੂਰੇ ਬਿਰਤਾਂਤ ਉੱਤੇ ਛਾਈ ਰਹਿੰਦੀ ਹੈ। ਪਰ ਸਾਖੀ ਨੰਬਰ 31, 51 ਆਦਿ ਵਿਚ ਇਹ ਪ੍ਰਮੁੱਖ ਹੈ। ਇਸੇ ਤਰ੍ਹਾਂ 'ਨੂਰ ਸ਼ਾਹ ਨਿਸਤਾਰਾ' ਮੁਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ' ਨਾਉਂ ਵਾਲੀਆਂ ਸਾਖੀਆਂ ਵਿਚ ਵੀ ਇਹੋ ਦ੍ਰਿਸ਼ਟੀ ਹੀ ਉੱਤਮ ਰੂਪ ਵਿਚ ਕੰਮ ਕਰਦੀ ਮਹਿਸੂਸ ਹੁੰਦੀ ਹੈ। ਇਸ ਸਾਰੇ ਬਿਆਨ ਵਿਚ ਸ਼ੈਲੀ ਦੀ ਦ੍ਰਿਸ਼ਟੀ ਤੋਂ ਜਿਹੜੀ ਗੱਲ ਉਭਰਦੀ ਹੈ ਉਹ ਇਸ ਦਾ ਸੰਜਮ ਪ੍ਰਧਾਨ ਹੋਣਾ ਹੈ। ਲੇਖਕ ਦਾ ਇਹ ਕਮਾਲ ਹੈ ਕਿ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਗੱਲ ਕਹਿ ਜਾਂਦਾ ਹੈ। ਸੋਢੀ ਮਿਹਰਬਾਨ ਵਾਲੀ ਜਨਮਸਾਖੀ ਵਿਚ ਗੱਲ ਨੂੰ ਲਮਕਾਉਣ ਦੀ ਰੁਚੀ ਪ੍ਰਬਲ ਹੈ ਪਰ ਆਲੋਚਨਾਧੀਨ ਰਚਨਾ ਵਿਚ ਗੱਲ ਮੁਕਾਉਣ ਦੀ ਪ੍ਰਵਿਰਤੀ ਪ੍ਰਬਲ ਹੈ। ਸ਼ੈਲੀ ਵਿਚ ਇਹ ਗੁਣ ਸਲਾਹੁਣਯੋਗ ਹੈ।

## 5. ਕਲਾਤਮਕ ਸੁਮੇਲ

ਸ਼ੈਲੀ ਦੇ ਸਾਰੇ ਗੁਣ ਸ਼ਬਦਾਂ ਦੇ ਸੁਚੱਜੇ ਅਤੇ ਕਲਾਤਮਕ ਸੁਮੇਲ ਤੋਂ ਹੀ ਪੈਦਾ ਹੁੰਦੇ ਹਨ। ਸ਼ਬਦਾਂ ਦੇ ਵਿਆਕਰਨ ਦੀ ਦ੍ਰਿਸ਼ਟੀ ਤੋਂ ਠੀਕ ਮੇਲ ਅਤੇ ਚੁਸਤ ਵਾਰਤਾਲਾਪ ਨਾਲ ਹੀ ਲੇਖਕ ਆਪਣੀ ਮਰਜ਼ੀ ਅਨੁਸਾਰ ਪ੍ਰਭਾਵ ਪਾ ਸਕਦਾ ਹੈ। ਜੇ ਲੇਖਕ ਨੂੰ ਆਪਣੀ ਭਾਸ਼ਾ ਉੱਤੇ ਕਾਬੂ ਨਹੀਂ ਤਾਂ ਉਸ ਦੇ ਵਿਚਾਰ ਜਿੱਥੇ ਪ੍ਰਭਾਵਸ਼ਾਲੀ ਨਹੀਂ ਹੋਣਗੇ ਉਥੇ ਉਹ ਅਰਥਹੀਣ ਵੀ ਹੋ ਕੇ ਰਹਿ ਜਾਣਗੇ। ਇਸ ਪੁਰਾਤਨ ਜਨਮਸਾਖੀ ਦੇ ਕਰਤਾ ਦੀ ਸ਼ੈਲੀ ਦੀ ਇਕ ਵਿਸ਼ੇਸ਼ ਪ੍ਰਾਪਤੀ ਹੈ ਕਿ ਉਹ ਆਪਣੇ ਵਿਚਾਰਾਂ ਨੂੰ ਢੁੱਕਵੀਂ ਅਤੇ ਵਿਗਿਆਨਕ ਭਾਸ਼ਾ ਦੁਆਰਾ ਸਾਡੇ ਤੀਕ ਪਹੁੰਚਾਉਂਦਾ ਹੈ। ਉਹ ਸ਼ਬਦਾਂ ਦੀ ਠੀਕ ਚੋਣ ਕਰਕੇ ਨਿੱਕੇ-ਨਿੱਕੇ ਵਾਕਾਂ ਦਾ ਅਜਿਹਾ ਜਾਲ਼ ਵਿਛਾਉਂਦਾ ਹੈ ਕਿ ਜਿਸ ਨੂੰ ਵੇਖ ਕੇ ਪਾਠਕ ਇਹ ਕਹਿਣ ਤੇ ਮਜਬੂਰ ਹੋ ਜਾਂਦਾ ਹੈ ਕਿ ਪੰਜਾਬੀ ਦੀ ਪੁਰਾਣੀ ਗੱਦ ਦੀ ਪਹਿਲੀ ਹੀ ਵੰਨਗੀ ਇੰਨੀ ਅਮੀਰ ਸੀ। ਨਿੱਕੇ-ਨਿੱਕੇ ਵਾਕਾਂ ਦੀ ਬਣਤਰ ਦਾ ਕਮਾਲ ਸਾਖੀ ਨੰਬਰ 1, 3, 5, 12, 18, 31 ਆਦਿ ਵਿਚ ਵੇਖਿਆ ਜਾ ਸਕਦਾ ਹੈ।

## 6. ਚੁਸਤ ਵਾਕ ਬਣਤਰ

ਤਬ ਗੁਰੂ ਨਾਨਕ ਜੀ ਇਕ ਦਿਨਿ ਪੜਿਆ, ਅਗਲੇ ਦਿਨ ਚੁਪ ਕਰਿ ਰਹਿਆ। ਤਾਂ ਪਾਂਧੇ ਪੁਛਿਆ ! 'ਨਾਨਕ! ਤੂੰ ਪੜਤਾ ਕਿਉਂ ਨਹੀਂ?' ਤਬ ਗੁਰੂ ਨਾਨਕ ਕਹਿਆ – – 'ਪਾਂਧਾ ! ਕੁਛ ਪੜ੍ਹਿਆ ਹੈਂ, ਜੋ ਮੇਰੇ ਤਾਈ ਪੜਾਉਂਦਾ ਹੈ?' ਤਬਿ ਪਾਂਧੇ ਕਹਿਆ : ਮੈਂ ਸਭੋ ਕਿਛੁ ਪੜ੍ਹਿਆ ਹਾਂ। ਜੋ ਕਿਛੁ ਹੈ ਬੇਦ ਸ਼ਾਸਤ੍ਰ ਪੜ੍ਹਿਆ ਹਾਂ।'

ਉਪਰੋਕਤ ਪ੍ਰਕਾਰ ਦੀ ਚੁਸਤ ਵਾਕ ਬਣਤਰ ਇਸ ਰਚਨਾ ਦੇ ਕਰਤਾ ਦੀ ਸ਼ੈਲੀ ਦੀ ਇਕ ਅਜਿਹੀ ਪ੍ਰਾਪਤੀ ਹੈ, ਜਿਸ ਉੱਤੇ ਗੌਰਵ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਲੇਖਕ ਆਪਣੇ ਟੀਚੇ ਜਾਂ ਆਦਰਸ਼ ਵਿਚ ਚੰਗੀ ਤਰ੍ਹਾਂ ਸਪਸ਼ਟ ਸੀ। ਵਿਆਖਿਆ ਕਰਨ ਲਈ ਛੋਟੇ ਛੋਟੇ ਵਾਕਾਂ ਦਾ ਪ੍ਰਯੋਗ ਵਧੇਰੇ ਸਫਲ ਹੁੰਦਾ ਹੈ ਕਿਉਂਕਿ ਇਸ ਸ਼ੈਲੀ ਨਾਲ ਵਿਚਾਰ ਵਧੇਰੇ ਸਪਸ਼ਟ ਹੁੰਦੇ ਹਨ। ਲੇਖਕ ਨੇ ਗੁਰਬਾਣੀ ਦੇ ਕਈ ਸੰਕੇਤਾਂ ਨੂੰ ਵਿਆਖਿਆ ਦਾ ਰੂਪ ਦਿੱਤਾ ਹੈ। ਇਸ ਕਾਰਨ, ਕਈ ਵਿਦਵਾਨ ਇਸ ਰਚਨਾ ਨੂੰ ਗੁਰਬਾਣੀ ਦੀ ਵਿਆਖਿਆ ਦੀ ਪਹਿਲੀ ਕ੍ਰਿਤ ਕਹਿੰਦੇ ਹਨ।

ਸ਼ੈਲੀ ਦੀ ਦ੍ਰਿਸ਼ਟੀ ਤੋਂ ਪੁਰਾਤਨ ਜਨਮਸਾਖੀ ਦੇ ਕਰਤਾ ਦੀ ਅਗਲੀ ਪ੍ਰਾਪਤੀ ਇਸ ਵਿਚ ਹੈ ਕਿ ਉਹ ਜਿਸ ਪ੍ਰਕਾਰ ਦਾ ਪਾਤਰ ਹੁੰਦਾ ਹੈ, ਉਸ ਦੇ ਮੂੰਹੋਂ ਉਸ ਤਰ੍ਹਾਂ ਦੀ ਸ਼ਬਦਾਵਲੀ ਵਰਤੋਂ ਵਿਚ ਲਿਆਉਂਦਾ ਹੈ। ਮਿਸਾਲ ਦੇ ਤੌਰ ਤੇ ਲੇਖਕ, ਗੁਰੂ ਸਾਹਿਬ ਨੂੰ ਕਿਸੇ ਮੁਸਲਮਾਨ ਪਾਤਰ ਨਾਲ ਮਿਲਾਉਂਦਾ ਹੈ ਤਾਂ ਆਪਸੀ ਗੱਲਬਾਤ ਵਿਚ ਅਰਬੀ ਫਾਰਸੀ ਭੰਡਾਰ ਦੇ ਸ਼ਬਦਾਂ ਨੂੰ ਵਰਤੋਂ ਵਿਚ ਲਿਆਉਂਦਾ ਹੈ। ਜੇ ਕਰਤਾ ਕਿਸੇ ਜੋਗੀ ਨਾਲ ਗੁਰੂ ਸਾਹਿਬ ਦੀ ਭੇਂਟ ਵਿਖਾਉਂਦਾ ਹੈ ਤਾਂ ਉਸ ਵੇਲੇ ਬਹੁਤੇ ਸ਼ਬਦ ਜੋਗ-ਮਤ ਦੀ ਸ਼ਬਦਾਵਲੀ ਵਾਲੇ ਵਰਤਦਾ ਹੈ। ਜਿੱਥੇ ਵਿਆਖਿਆ ਦਾ ਵਿਸ਼ਾ ਡੂੰਘੇ ਫ਼ਲਸਫ਼ੇ ਦਾ ਹੈ, ਉਥੇ ਸ਼ਬਦਾਵਲੀ ਵੀ ਬੋਧਿਕ ਹੋ ਨਿਬੜਦੀ ਹੈ। ਇਸ ਪ੍ਰਕਾਰ ਭਾਸ਼ਾ-ਪ੍ਰਯੋਗ ਵਿਧੀ ਦੀ ਦ੍ਰਿਸ਼ਟੀ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਆਲੋਚਨਾਧੀਨ ਰਚਨਾ ਦੇ ਲੇਖਕ ਮੌਕਾ ਅਨੁਸਾਰ ਵਿਅਕਤੀ ਅਨੁਕੂਲ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਇਸ ਨੀਤੀ ਨਾਲ ਉਸ ਦੀ ਸ਼ੈਲੀ ਪ੍ਰਭਾਵਸ਼ਾਲੀ ਬਣ ਸਕਦੀ ਹੈ।

ਸਿੱਟੇ ਵਜੋਂ ਆਖਿਆ ਜਾ ਸਕਦਾ ਹੈ ਕਿ ਪੁਰਾਤਨ ਜਨਮਸਾਖੀ ਕ੍ਰਿਤ ਦਾ ਲੇਖਕ ਉੱਤਮ ਸ਼ੈਲੀ ਦਾ ਸੁਆਮੀ ਜਾਪਦਾ ਹੈ। ਇਸ ਦਾ ਕਾਰਨ ਹੈ ਕਿ ਉਸ ਦੀ ਲਿਖਤ ਵਿਚ ਵਸਤੂ-ਵਿਧਾਨ ਅਤੇ ਰੂਪ-ਵਿਧਾਨ ਦੋਹਾਂ ਦਾ ਸੁਚੱਜਾ ਮੇਲ ਮਹਿਸੂਸ ਹੁੰਦਾ ਹੈ। ਇਕ ਉੱਚ ਅਧਿਆਤਮਕ ਨਾਇਕ ਗੁਰੂ ਨਾਨਕ ਦੇਵ ਦੇ ਜੀਵਨ ਨੂੰ ਲੇਖਕ ਇਕ ਸਹਿਜ ਭਰਪੂਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਵਿਚ ਸਫਲ ਹੋਇਆ ਹੈ।

## ਪੁਰਾਤਨ ਜਨਮਸਾਖੀ ਦੀ ਭਾਸ਼ਾ

ਭਾਸ਼ਾ ਇਕ ਅਜਿਹਾ ਵਸੀਲਾ ਹੈ ਜਿਸ ਰਾਹੀਂ ਵਿਅਕਤੀ ਆਪਣੇ ਹਾਵਾਂ ਭਾਵਾਂ ਨੂੰ ਦੂਜਿਆਂ ਤੀਕ ਪਹੁੰਚਾਉਂਦਾ ਹੈ। ਜਦ ਤਕ ਮਨੁੱਖ ਜਾਤੀ ਪੂਰੀ ਵਿਕਸਤ ਨਹੀਂ ਹੋਈ ਸੀ, ਉਸ ਵੇਲੇ ਤੱਕ ਵਿਚਾਰਾਂ ਦਾ ਪ੍ਰਗਟਾ ਇਸ਼ਾਰਿਆਂ ਆਦਿ ਦੇ ਮਾਧਿਅਮ ਦੁਆਰਾ ਹੁੰਦਾ ਸੀ। ਜਿਵੇਂ-ਜਿਵੇਂ ਅਸੀਂ ਵਿਕਾਸ ਕਰਦੇ ਗਏ, ਸਾਡੇ ਪ੍ਰਗਟਾਅ ਸਾਧਨਾਂ ਵਿਚ ਵੀ ਪਰਿਵਰਤਨ ਆਉਂਦਾ ਗਿਆ। ਇਸ ਪਰਿਵਰਤਨ ਦੀ ਇਕ ਢੁਕਵੀਂ ਮਿਸਾਲ ਭਾਸ਼ਾ ਦਾ ਨਿਕਾਸ ਅਤੇ ਵਿਕਾਸ ਸੀ। ਇਸ ਵਸੀਲੇ ਰਾਹੀਂ ਮਨੁੱਖ ਆਪਣੇ ਵਿਚਾਰਾਂ ਨੂੰ ਦੂਜਿਆਂ ਤੀਕ ਪਹੁੰਚਾਉਂਦਾ ਹੈ ਅਤੇ ਫਿਰ ਲਿਖਤ ਦੁਆਰਾ ਇਨ੍ਹਾਂ ਕੇਵਲ ਬੋਲੇ ਗਏ ਭਾਵਾਂ ਨੂੰ ਸੰਭਾਲਣ ਦਾ ਹੀਲਾ ਵੀ ਕਰਦਾ ਹੈ। ਕਹਿਣ ਤੋਂ ਭਾਵ ਹੈ ਕਿ ਸਾਡੇ ਪਾਸ ਪਹਿਲਾਂ ਭਾਸ਼ਾ ਨਹੀਂ ਸੀ। ਅਸੀਂ ਇਸ਼ਾਰਿਆਂ, ਸੈਨਤਾਂ ਅਤੇ ਸੰਕੇਤਾਂ ਨਾਲ ਹੀ ਆਪਣਾ ਕੰਮ ਸਾਰ ਲੈਂਦੇ ਸਾਂ। ਫਿਰਸਮੇਂ ਦੇ ਵਿਕਾਸ ਨਾਲ, ਮਨੁੱਖ ਨੇ ਜਦੋਂ ਬੋਲਣਾ ਆਰੰਭ ਕੀਤਾ ਤਾਂ ਉਸ ਪਾਸ ਇਕ ਭਰੋਸੇਯੋਗ ਸਾਧਨ ਆਇਆ ਅਤੇ ਉਹ ਆਪਣੇ ਸਾਥੀਆਂ ਨਾਲ ਦੁੱਖ-ਸੁੱਖ ਸਾਂਝੇ ਕਰਨ ਲੱਗਾ। ਲਿਖਤੀ ਭਾਸ਼ਾ, ਮਾਨਵ ਉੱਨਤੀ ਦਾ ਅਜਿਹਾ ਪੜਾਅ ਹੈ, ਜਿੱਥੇ ਪਹੁੰਚ ਕੇ ਉਸ ਨੇ ਆਪਣੇ ਵਿਚਾਰਾਂ ਨੂੰ ਲਿਪੀਬੱਧ ਕੀਤਾ ਤਾਂ ਜੋ ਇਕ ਪਾਸੇ ਵਿਚਾਰ ਸਾਂਭੇ ਰਹਿਣ ਅਤੇ ਦੂਜੇ ਪਾਸੇ ਵੱਧ ਤੋਂ ਵੱਧ ਵਿਅਕਤੀਆਂ ਨਾਲ ਇਨ੍ਹਾਂ ਦਾ ਸੰਪਰਕ ਪੈਦਾ ਹੋ ਸਕੇ। ਇਸ ਪ੍ਰਕਾਰ ਭਾਸ਼ਾ ਉਹ ਵਸੀਲਾ ਬਣ ਗਈ ਜਿਸ ਰਾਹੀਂ ਮਾਨਵ ਨੇ ਦੂਜੇ ਮਾਨਵ ਨੂੰ ਆਪਣੀ ਬਰਾਦਰੀ ਦਾ ਅੰਗ ਬਣਾਉਣਾ ਚਾਹਿਆ ਪਰੰਤੂ ਇਸ ਸਾਰੇ ਵਿਕਾਸ ਵਿਚ ਇੱਕ ਗੱਲ ਸਾਹਮਣੇ ਆਉਂਦੀ ਹੈ ਕਿ ਭਾਸ਼ਾ ਵਿਚ ਉਹ ਯੋਗਤਾ ਅਤੇ ਸ਼ਕਤੀ ਹੋਣੀ ਚਾਹੀਦੀ ਹੈ, ਜਿਸ ਨਾਲ ਹਰ ਪ੍ਰਕਾਰ ਦੇ ਵਿਚਾਰਾਂ ਦੀ ਅਭਿਵਿਅਕਤੀ ਸੰਭਵ ਹੋ ਸਕੇ। ਮਾਨਵ ਵਿਚਾਰਾਂ ਦੀ ਸਹੀ ਪ੍ਰਤਿਨਿਧਤਾ ਲਈ ਭਾਸ਼ਾ ਵਿਚ ਅਮੀਰੀ, ਸ਼ੁੱਧੀ ਅਤੇ ਸ਼ਕਤੀ ਹੋਣੀ ਚਾਹੀਦੀ ਹੈ। ਇਨ੍ਹਾਂ ਤਿੰਨਾਂ ਲੋੜਾਂ ਨੂੰ ਆਧਾਰ ਬਣਾ ਕੇ ਕਿਸੇ ਸਾਹਿਤਿਕ ਰਚਨਾ ਦੀ ਭਾਸ਼ਾ ਬਾਰੇ ਵਿਚਾਰ ਕਰਨਾ ਠੀਕ ਹੈ।

ਮੱਧ-ਕਾਲੀਨ ਸਾਹਿਤਕ ਕ੍ਰਿਤਾਂ ਦੀ ਭਾਸ਼ਾ ਬਾਰੇ ਵਿਚਾਰ ਇਕ ਕਠਿਨ ਸਮੱਸਿਆ ਹੈ, ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਲਿਖਤਾਂ ਵਿਚੋਂ ਬਹੁਤੀਆਂ ਅਜਿਹੀਆਂ ਹਨ, ਜਿਹੜੀਆਂ ਆਪਣੇ ਸਹੀ ਰੂਪ ਵਿਚ ਸਾਡੇ ਤੀਕ ਨਹੀਂ ਪਹੁੰਚੀਆਂ ਹਨ। ਸਮੇਂ ਦੇ ਵਿਕਾਸ ਨਾਲ ਇਨ੍ਹਾਂ ਰਚਨਾਵਾਂ ਵਿਚ ਕਈ ਵਿਅਕਤੀਆਂ ਰਾਹੀਂ ਵਾਧੇ ਕੀਤੇ ਗਏ। ਇਸ ਲਈ ਰਚਨਾ ਦੇ ਕਈ ਉਤਾਰੇ ਅਤੇ ਕਈ ਸ਼ਾਖ਼ਾਵਾਂ ਮਿਲਦੀਆਂ ਹਨ। ਮਿਸਾਲ ਵਜੋਂ ਪੁਰਾਤਨ ਜਨਮਸਾਖੀ ਨੂੰ ਹੀ ਲੈਂਦੇ ਹਾਂ। ਇਸ ਜਨਮਸਾਖੀ ਨੂੰ ਮੂਲ ਬਣਾ ਕੇ ਕਈ ਹੋਰ ਸ਼ਾਖ਼ਾਵਾਂ ਮਿਲਦੀਆਂ ਹਨ। ਇਸ ਲਈ ਇਸ ਰਚਨਾ ਦੀ ਭਾਸ਼ਾ ਦਾ ਕਿਹੜਾ ਸਰੂਪ ਸਹੀ ਹੈ: ਇਹ ਪ੍ਰਸ਼ਨ ਉਸੇ ਤਰ੍ਹਾਂ ਹੀ ਖੜ੍ਹਾ ਰਹਿੰਦਾ ਹੈ। ਇਸ ਤੋਂ ਇਲਾਵਾ ਹਰ ਲਿਖਾਰੀ ਆਪਣੀ ਮਾਨਸਿਕ ਪ੍ਰਵਿਰਤੀ ਅਨੁਸਾਰ ਲਗਾਂ-ਮਾਤਰਾਂ ਦਾ ਭੇਦ ਪਾ ਦਿੰਦਾ ਹੈ ਅਤੇ ਨਾਲ ਹੀ ਧੁਨੀ ਪਰਿਵਰਤਨ ਦੀ ਰੁਚੀ ਵੀ ਹਰ ਲਿਖਾਰੀ ਦੀ ਵਿਅਕਤੀਗਤ ਹੁੰਦੀ ਹੈ। ਪਰ ਸਾਡਾ ਅਧਿਐਨ ਥੋੜ੍ਹਾ ਜਿਹਾ ਸਰਲ ਹੋ ਜਾਂਦਾ ਹੈ ਕਿਉਂਕਿ ਅਸੀਂ ਵਿਉਂਤ ਵਿਧੀ ਦੇ ਮੁਲਾਂਕਣ ਲਈ ਭਾਈ ਵੀਰ ਸਿੰਘ ਦੀ ਸੰਪਾਦਿਤ ਪੁਸਤਕ ਪੁਰਾਤਨ ਜਨਮਸਾਖੀ ਨੂੰ ਆਧਾਰ ਬਣਾਇਆ ਹੈ।

ਸ਼ਬਦ ਭਾਸ਼ਾ ਵਿਗਿਆਨ ਦਾ ਮੂਲ ਆਧਾਰ ਹੈ। ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਸਮਝ ਲਈਏ ਕਿ ਸ਼ਬਦ ਇਕਾਈ ਦੀ ਸਹਾਇਤਾ ਨਾਲ ਕਿਸੇ ਸਾਹਿਤਕ ਕ੍ਰਿਤ ਦੀ ਭਾਸ਼ਾ ਦਾ ਸਰੂਪ ਜਾਣਿਆ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਸ਼ਬਦ ਕੋਸ਼ ਪਹਿਲੀ ਲੋੜ ਹੈ। ਸ਼ਬਦ ਭੰਡਾਰ ਕਿੰਨਾ ਕੁ ਅਮੀਰ ਹੈ, ਇਸ ਵਿਚ ਕਿੰਨੀ ਕੁ ਵੰਨ-ਸੁਵੰਨਤਾ ਹੈ, ਇਹ ਕਿੰਨਾ ਕੁ ਪੂਰਨ ਹੈ? ਇਹ ਗੱਲਾਂ ਸ਼ਬਦ ਕੋਸ਼ ਨੂੰ ਜਾਚਣ ਵੇਲੇ ਵੇਖੀਆਂ ਜਾਂਦੀਆਂ ਹਨ। ਪੁਰਾਤਨ ਜਨਮਸਾਖੀ ਦਾ ਸ਼ਬਦ ਕੋਸ਼ ਅਮੀਰ ਹੈ, ਇਹ ਵਿਸ਼ਾਲ ਵੀ ਹੈ ਕਿਉਂਕਿ ਇਸ ਵਿਚ ਦੇਸੀ ਅਤੇ ਵਿਦੇਸ਼ੀ ਦੋਹਾਂ ਸ੍ਰੋਤਾਂ ਤੋਂ ਸ਼ਬਦਾਵਲੀ ਚੁਣੀ ਗਈ ਹੈ। ਲੇਖਕ ਭਾਰਤੀ ਭਾਸ਼ਾ ਪਰੰਪਰਾ ਦੇ ਵੱਡਮੁੱਲੇ ਖਜ਼ਾਨੇ ਦੀ ਚੰਗੀ ਤਰ੍ਹਾਂ ਵਰਤੋਂ ਕਰਦਾ ਹੈ। ਇਸ ਕਾਰਣ ਇਸ ਰਚਨਾ ਦਾ ਪਾਠ ਇਹ ਦੱਸਦਾ ਹੈ ਕਿ ਲੇਖਕ ਨੂੰ ਆਪਣੇ ਵਿਚਾਰ ਅਭਿਵਿਅਕਤ ਕਰਦਿਆਂ ਸ਼ਬਦਾਂ ਦੀ ਘਾਟ ਮਹਿਸੂਸ ਨਹੀਂ ਹੁੰਦੀ। ਦੂਜਾ ਕਾਰਨ ਇਸ ਰਚਨਾ ਦੇ ਲੇਖਕ ਦਾ ਵਿਅਕਤੀਗਤ ਤੋਰ 'ਤੇ ਹਿੰਦੂ ਪੌਰਾਣਿਕ ਪਰੰਪਰਾ ਨਾਲ ਜੁੜੇ ਹੋਣਾ ਹੈ ਅਤੇ ਇਸ ਲਈ ਉਸ ਦਾ ਅਧਿਆਤਮਕ ਸ਼ਬਦਾਵਲੀ ਦਾ ਵਿਰਸਾ ਵੀ ਕਾਫ਼ੀ ਵਿਸ਼ਾਲ ਹੈ। ਇਸ ਦਾ ਕਮਾਲ ਇਸ ਵਿਚ ਹੈ ਕਿ ਉਸ ਨੇ ਸੰਸਕ੍ਰਿਤ ਭਾਸ਼ਾ ਦੇ ਉਹ ਸ਼ਬਦ ਵਰਤੇ ਹਨ, ਜਿਨ੍ਹਾਂ ਦੀਆਂ ਧੁਨੀਆਂ ਪੰਜਾਬੀ ਵਿਚ ਹਰਮਨ ਪਿਆਰੀਆਂ ਹੋ ਗਈਆਂ ਹੋਣ। ਪੰਜਾਬੀ ਸੁਭਾਅ ਅਨੁਸਾਰ ਨਾ ਠੀਕ ਬੈਠਣ ਵਾਲੀਆਂ ਧੁਨੀਆਂ ਲੇਖਕ ਤਦਭਵ ਰੂਪ ਵਿਚ ਵਰਤਦਾ ਹੈ। ਸੰਸਕ੍ਰਿਤ ਦੇ ਤਤਸਮ ਅਤੇ ਤਦਭਵ ਰੂਪਾਂ ਵਿਚ ਵਰਤੇ ਗਏ ਸ਼ਬਦਾਂ ਦੀਆਂ ਕੁੱਝ ਕੁ ਮਿਸਾਲਾਂ ਇਸ ਪ੍ਰਕਾਰ ਹਨ :

ਬਸਤਰ, ਪੂਰਬ, ਅਤੀਤ, ਅੰਤਰਜਾਮੀ, ਮੰਤਰ, ਇਕਾਦਸ਼ੀ, ਕਸਮ, ਦੇਵਤਾ, ਦੁਰਗੰਧ, ਚੰਦਨ, ਠਾਕੁਰ ਦੁਆਰਾ, ਸੰਸਾਰ, ਪਾਪ, ਨਰਕ, ਤੁਲਸੀ, ਅਭਿਮਾਨੁ ਕਲਾ, ਧਰਤੀ, ਦੀਖਿਆ, ਬਿਸਮਾਦੁ, ਨਿਰਤਿ, ਪਵਿਤਰ, ਕੇਸਵ, ਅੰਕੁਰ, ਬਸਪੁ, ਪ੍ਰਿਥਮੇ, ਧੁਜਾ, ਪਾਰਬ੍ਰਹਮ, ਜੌਤਕੀ, ਤ੍ਰਿਤੀਆ ਆਦਿ।

ਇਸ ਪ੍ਰਕਾਰ ਵਿਚਾਰਾਧੀਨ ਰਚਨਾ ਦਾ ਲੇਖਕ ਅਰਬੀ ਫ਼ਾਰਸੀ ਆਦਿ ਕੁੱਝ ਕੁ ਸਾਮੀ ਭਾਸ਼ਾਵਾਂ ਦੇ ਭੰਡਾਰੇ ਨੂੰ ਵੀ ਵਰਤਦਾ ਹੈ। ਇਸ ਦ੍ਰਿਸ਼ਟੀ ਤੋਂ ਉਹ ਇਸ ਖ਼ਜ਼ਾਨੇ ਦੇ ਕਈ ਸ਼ਬਦਾਂ ਨੂੰ ਤਤਸਮ ਅਤੇ ਤਦਭਵ ਦੋਹਾਂ ਰੂਪਾਂ ਵਿਚ ਵਰਤਦਾ ਹੈ। ਇਨ੍ਹਾਂ ਸ਼ਬਦਾਂ ਦਾ ਵਰਤੋਂ ਵਿਚ ਆਉਣਾ ਸੁਭਾਵਕ ਵੀ ਸੀ ਕਿਉਂਕਿ ਪੰਜਾਬ ਦੀ ਧਰਤੀ ਉੱਤੇ ਕਈ ਵਰ੍ਹੇ ਮੁਸਲਮਾਨਾਂ ਦਾ ਰਾਜ ਰਿਹਾ ਅਤੇ ਇਸੇ ਤਰ੍ਹਾਂ ਬੋਲੀ, ਸਾਹਿਤ ਅਤੇ ਸਭਿਆਚਾਰ ਉੱਤੇ ਉਹਨਾਂ ਦੀ ਧਾਰਮਿਕ ਅਤੇ ਦਰਬਾਰੀ ਭਾਸ਼ਾ ਦਾ ਪ੍ਰਭਾਵ ਪੈਣਾ ਸੁਭਾਵਿਕ ਵੀ ਸੀ। ਵਿਚਾਰਾਧੀਨ ਰਚਨਾ ਦਾ ਰਚੈਤਾ ਲੇਖਕ ਵੀ ਇਸ ਪ੍ਰਭਾਵ ਤੋਂ ਬਚ ਨਾ ਸਕਿਆ। ਇਸ ਲਈ ਸੁਭਾਵਕ ਹੀ ਉਸ ਦੀ ਰਚਨਾ ਉੱਤੇ ਇਹਨਾਂ ਭਾਸ਼ਾਵਾਂ ਦਾ ਪ੍ਰਭਾਵ ਪ੍ਰਤੱਖ ਹੋ ਗਿਆ। ਇਸ ਪ੍ਰਭਾਵ ਦੇ ਅਧੀਨ ਹੀ ਰਚਨਾ ਵਿਚ ਹਾਸਲ, ਦਰਖ਼ਤ, ਹੈਰਾਨ, ਖਾਨ, ਤਸਲੀਮ, ਕਾਜ਼ੀ, ਰਹਮ, ਟੋਪੀ, ਕਲੰਦਰੀ, ਹਕੀਕਤਿ, ਸਿਆਹੁ, ਖ਼ੂਨ, ਦੋਸਤੀ, ਮੋਦੀ, ਦਉਲਤ, ਸਿਕਾਰਿ, ਪਿਆਦੇ, ਮਜਲਸ, ਦਿਲ, ਕਬੂਲ ਮਹਾਵਤ, ਹਜ, ਹਰਫ, ਖਰਾਬ, ਕਰਾਮਾਤਿ, ਕਮਾਈ, ਜੰਗਲਿ, ਕਿਨਾਰੇ ਆਦਿ ਸ਼ਬਦ ਵਰਤੇ ਗਏ ਹਨ ਜਿਹੜੇ ਰਚਨਾ ਦੀ ਭਾਸ਼ਾਈ ਸੁਯੋਗਤਾ ਅਤੇ ਅਮੀਰੀ ਨੂੰ ਸਾਡੇ ਸਾਹਮਣੇ ਲਿਆਉਂਦੇ ਹਨ। ਇਸੇ ਪ੍ਰਕਾਰ ਲੇਖਕ ਤਦਭਵ ਰੂਪ ਵਿਚ ਵੀ ਕਈ ਸ਼ਬਦਾਂ ਨੂੰ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ ਵਰਤਦਾ ਹੈ ਜਿਵੇਂ ਬਿਲਾਇਤ, ਭਿਸਤ, ਨੀਸਾਣ, ਸਬਾਹ, ਰਜਾਇ, ਖਿਜਮਤ, ਮਸੀਤਿ, ਕਤਲਾਮ, ਸਰਕਾਰ, ਦੇਵਨਾ, ਦਵਾਜੁ ਆਦਿ। ਸ਼ਬਦ ਭੰਡਾਰ ਦੀ ਦ੍ਰਿਸ਼ਟੀ ਤੋਂ ਇਹ ਗੱਲ ਵਿਚਾਰਨ ਵਾਲੀ

ਹੈ ਕਿ ਇਸ ਰਚਨਾ ਦਾ ਲੇਖਕ ਕਈ ਦੇਸੀ ਸ਼ਬਦਾਂ ਨੂੰ ਵੀ ਵਰਤ ਕੇ ਆਪਣੀ ਰਚਨਾ ਦੀ ਸਥਾਨਕ ਰੰਗਣ ਨੂੰ ਹੋਰ ਚਮਕਾਉਂਦਾ ਹੈ। ਅਜਿਹੀ ਵਰਤੀ ਗਈ ਸ਼ਬਦਾਵਲੀ ਨੂੰ ਭਾਸ਼ਾ ਵਿਗਿਆਨੀਆਂ ਨੇ ਲਹਿੰਦੀ ਆਖਿਆ ਹੈ ਪਰੰਤੂ ਇਸ ਉਪ-ਭਾਸ਼ਾ ਤੋਂ ਇਲਾਵਾ ਪੋਠੋਹਾਰੀ, ਅਵਾਣਕਾਰੀ, ਝਾਂਗੀ, ਮੁਲਤਾਨੀ ਆਦਿ ਉਪ-ਭਾਸ਼ਾਵਾਂ ਦੀ ਵਰਤੋਂ ਵੀ ਕੀਤੀ ਗਈ ਹੈ। ਇਸ ਪ੍ਰਕਿਰਤੀ ਦੀਆਂ ਕੁੱਝ ਕੁ ਵੰਨਗੀਆਂ ਇਸ ਪ੍ਰਕਾਰ ਹਨ : ਪੁਛਸੀਆ, ਛਿਕ, ਘਿਧੀ, ਆਖਸੀ, ਘਿੰਨਿ, ਹੁਟਿ, ਲਧੇ, ਡਿਠਾ, ਦਿਆਲ, ਕਿਥਾਊ, ਥੀਂਵਦਾ, ਮਾਂਧਾ ਆਦਿ।

ਸ਼ਬਦ ਭੰਡਾਰ ਤੋਂ ਪਿਛੋਂ ਵਿਚਾਰਨ ਵਾਲੀ ਅਗਲੀ ਗੱਲ ਵਾਕ ਬਣਤਰ ਹੁੰਦੀ ਹੈ। ਕੁੱਝ ਸ਼ਬਦ ਮਿਲ ਕੇ ਵਾਕ ਬਣਦੇ ਹਨ ਅਤੇ ਇਸ ਤਰ੍ਹਾਂ ਵਿਉਂਤ ਵਿਚ ਬੰਨ੍ਹੇ ਗਏ ਵਾਕ ਹੀ ਲੇਖਕ ਦੇ ਵਿਚਾਰਾਂ ਦੀ ਪੂਰੀ ਪ੍ਰਤਿਨਿਧਤਾ ਕਰਦੇ ਹਨ। ਜੇ ਕਿਸੇ ਲੇਖਕ ਦੇ ਵਿਚਾਰ ਸਪਸ਼ਟ ਨਹੀਂ ਹਨ ਤਾਂ ਇਹ ਦੋਸ਼ ਉਸ ਦੀ ਵਾਕ-ਬਣਤਰ ਦਾ ਹੁੰਦਾ ਹੈ। ਜੋ ਵਾਕ ਛੋਟੇ-ਛੋਟੇ ਕਰਮ ਅਤੇ ਪ੍ਰਤਿਕਰਮ ਦੇ ਅਨੁਸ਼ਾਸਨ ਅਧੀਨ ਚਲਦੇ ਹੋਣਗੇ ਤਾਂ ਫਿਰ ਵਿਚਾਰ ਸਪੱਸ਼ਟ ਹੋ ਜਾਣਗੇ। ਪੁਰਾਤਨ ਜਨਮਸਾਖੀ ਦਾ ਲੇਖਕ ਆਪਣੀ ਰਚਨਾ ਵਿਚ ਛੋਟੇ-ਛੋਟੇ ਵਾਕ ਪ੍ਰਯੋਗ ਵਿਚ ਲਿਆਉਂਦਾ ਹੈ। ਇਸ ਰਚਨਾ ਦਾ ਪਾਠ ਇਹ ਸਾਫ਼ ਦੱਸਦਾ ਹੈ ਕਿ ਲੇਖਕ ਕਿਤੇ ਵੀ ਅਸਪੱਸ਼ਟ ਨਹੀਂ ਹੈ। ਇਸ ਵਿਚ ਕਰਤਾ-ਕਰਮ-ਕ੍ਰਿਆ ਦਾ ਤੋਲ ਕਾਇਮ ਰੱਖਣ ਦਾ ਯਤਨ ਕੀਤਾ ਗਿਆ ਹੈ। ਇਹ ਠੀਕ ਹੈ ਕਿ ਕਿਤੇ ਕਿਤੇ ਇਹ ਕ੍ਰਮ ਜਾਂ ਅਨੁਸ਼ਾਸਨ ਟੁੱਟਦਾ ਹੈ ਪਰ ਵਿਚਾਰਾਂ ਦੀ ਸਪੱਸ਼ਟਤਾ ਉੱਨੀ ਹੀ ਕਾਇਮ ਰਹਿੰਦੀ ਹੈ। ਸੰਜਮ ਤੋਂ ਕੰਮ ਲੈਦਿਆਂ ਇਸ ਦਾ ਲੇਖਕ ਲਿਖਦਾ ਹੈ :

ਤਬ ਦਰਸਨ ਕਾ ਸਦਕਾ ਬੁਧਿ ਹੋਇ ਆਈ। ਜਾਂ ਵੀਚਾਰੇ ਤਾਂ 'ਸਭ ਮੇਰੇ ਗੁਨਾਹ ਸਹੀ ਹੋਏ ਹੈਨਿ।' ਤਬਿ ਆਇ, ਉਠਿ ਕਰਿ ਪੈਰੀ ਪਇਆ, ਪੈਰਿ ਚੁੰਮਿਓਸ। ਆਖਿਓਸੁ ; ਜੀਉ ਮੇਰੇ ਗੁਲਾਹ ਫਦਲੁ ਕਰਿ। ਤਬ ਬਾਬੇ ਆਖਿਆ: ਸੇਖ ਸਜਨ ! ਖੁਦਾਇ ਕੀ ਦਰਗਾਹ ਦੁਹੁ ਗਲੀ ਗੁਨਾਹ ਫਦਲੁ ਹੋਂਦੇ ਹਿਨਿ' (ਸਾਖੀ ਨੰਬਰ 13)। ਇਸ ਪ੍ਰਕਾਰ ਦੀ ਸਪਸ਼ਟ, ਤਿੱਖੀ ਅਤੇ ਟੀਸੀ ਵੱਲ ਵੱਧਦੀ ਵਾਕ-ਯੋਜਨਾ ਇਸ ਜਨਮਸਾਖੀ ਦੀ ਭਾਸ਼ਾਈ ਅਮੀਰੀ ਹੈ।

ਇਸ ਤੋਂ ਇਲਾਵਾ ਪੁਰਾਤਨ ਜਨਮਸਾਖੀ ਦੇ ਲੇਖਕ ਨੇ ਭਾਸ਼ਾ ਨੂੰ ਪਾਤਰ ਅਨੁਕੂਲ ਵਰਤਿਆ ਹੈ। ਉਸਦੇ ਪਾਤਰਾਂ ਦੁਆਰਾ ਬੋਲੀ ਗਈ ਭਾਸ਼ਾ ਦੁਆਰਾ ਇਹ ਸਿੱਧ ਹੁੰਦਾ ਹੈ ਕਿ ਲੇਖਕ ਨੂੰ ਭਾਸ਼ਾ ਪ੍ਰਯੋਗ ਵਿਧੀ ਉੱਤੇ ਕਿੰਨਾ ਮੁਹਾਰਤ ਸੀ। ਇਸ ਤੋਂ ਇਲਾਵਾ ਲੇਖਕ ਇਸ ਰਚਨਾ ਵਿਚ ਕਈ ਅਖਾਣ ਮੁਹਾਵਰਿਆਂ ਦਾ ਵੀ ਪ੍ਰਯੋਗ ਕਰਦਾ ਹੈ ਜਿਨ੍ਹਾਂ ਨੂੰ ਪੜ੍ਹ ਕੇ ਉਦੋਂ ਦੇ ਪੰਜਾਬ ਦੀ ਸਭਿਆਚਾਰਕ ਤਸਵੀਰ ਸਾਡੇ ਸਾਹਮਣੇ ਆ ਜਾਂਦੀ ਹੈ। ਇਸ ਪ੍ਰਯੋਗ ਦੀਆਂ ਕੁੱਝ ਕੁ ਪ੍ਰਤਿਨਿਧ ਮਿਸਾਲਾਂ ਕਕਰੁ ਕੋ ਸੰਚਣ ਹੋਆ, ਖੇਤੀ ਖਸਮਾ ਸੇਤੀ, ਖੁਦਾਇ ਦੀਆਂ ਗੱਲਾਂ ਖੁਦਾਇ ਹੀ ਜਾਣੇ, ਚੋਟ ਖਾਧੀ ਆਦਿ ਹਨ।

## ਸਿੱਟਾ

ਉਪਰਲੀ ਸਾਰੀ ਵਿਚਾਰ ਚਰਚਾ ਨੂੰ ਸਮੇਟਦਿਆਂ ਪੁਰਾਤਨ ਜਨਮਸਾਖੀ ਦੇ ਕਰਤਾ ਦੀ ਸ਼ੈਲੀ ਬਾਰੇ ਇਹ ਆਖਿਆ ਜਾ ਸਕਦਾ ਹੈ ਕਿ ਉਹ ਮੱਧ ਕਾਲੀਨ ਪੰਜਾਬੀ ਗੱਦ ਦਾ ਜਨਮ-ਦਾਤਾ ਹੈ, ਜਿਸ ਨੇ ਉੱਤਮ ਵਾਰਤਕ ਵਿਧਾਨ ਨੂੰ ਸਾਡੇ ਸਾਹਮਣੇ ਰੱਖਿਆ। ਇਸ ਰਚਨਾ ਦੀ ਭਾਸ਼ਾ ਕੇਵਲ ਅਮੀਰ ਹੀ ਨਹੀਂ ਸਗੋਂ ਇਸ ਨਾਲ ਪੰਜਾਬੀ ਭਾਸ਼ਾ ਦੇ ਵਿਕਾਸ ਦੀ ਸਹੀ ਤਸਵੀਰ ਸਾਹਮਣੇ ਆ ਜਾਂਦੀ ਹੈ।

# ਜਨਮਸਾਖੀ ਪਰੰਪਰਾ ਵਿਚ 'ਪੁਰਾਤਨ ਜਨਮਸਾਖੀ' ਦਾ ਸਥਾਨ

## ਸੰਖੇਪ ਜਾਣ-ਪਛਾਣ

ਪੰਜਾਬੀ ਦਾ ਜਨਮਸਾਖੀ ਸਾਹਿਤ ਕਾਫ਼ੀ ਪੁਰਾਣਾ ਅਤੇ ਅਮੀਰ ਹੈ। ਇਸ ਸਾਹਿਤ ਨਾਲ ਹੀ ਪੰਜਾਬੀ ਗੱਦ ਦਾ ਆਰੰਭ ਹੁੰਦਾ ਹੈ। ਇਹ ਸਾਹਿਤ ਸਾਡੇ ਸਾਹਮਣੇ ਸੋਲ੍ਹਵੀਂ-ਸਤਾਰ੍ਹਵੀਂ ਸਦੀ ਵਿਚ ਆਉਂਦਾ ਹੈ ਅਤੇ ਉਨ੍ਹੀਵੀਂ ਸਦੀ ਤੱਕ ਇਹ ਸਾਹਿਤਕ ਪਰੰਪਰਾ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਸਾਹਿਤ ਉੱਤੇ ਛਾਈ ਰਹਿੰਦੀ ਹੈ। ਇਸ ਸਾਹਿਤ ਵਿਚ, ਸ਼ਰਧਾ ਦੀ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੇਵ ਜੀ ਦੇ ਜੀਵਨ, ਸ਼ਖ਼ਸੀਅਤ ਅਤੇ ਕਲਾ ਉੱਤੇ ਪ੍ਰਕਾਸ਼ ਪਾ ਕੇ ਉਨ੍ਹਾਂ ਨੂੰ ਇੱਕ ਸ੍ਰੇਸ਼ਟ ਅਧਿਆਤਮਕ ਨਾਇਕ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਇਹ ਬਿਰਤੀ ਸਤਾਰ੍ਹਵੀਂ ਸਦੀ ਦੇ ਜਨਮਸਾਖੀ ਸਾਹਿਤ ਉੱਤੇ ਹਾਵੀ ਰਹਿੰਦੀ ਹੈ ਪਰ ਅਠਾਰ੍ਹਵੀਂ ਸਦੀ ਦਾ ਸਾਹਿਤ, ਵਿਕਾਸ ਕਰਦਿਆਂ ਇਕ ਵਿਸ਼ੇਸ਼ ਬਿੰਦੂ ਵੱਲ ਕੇਂਦਰਿਤ ਹੁੰਦਾ ਹੈ। ਇਸ ਸਾਹਿਤ ਵਿਚ ਗੱਦ ਦਾ ਵਿਸ਼ਾ ਸਿਰਫ਼ ਗੁਰੂ ਸ਼ਖ਼ਸੀਅਤ ਨਾ ਹੋ ਕੇ ਅਧਿਆਤਮਕ ਜਗਤ ਦੇ ਹੋਰ ਲੋਕ ਵੀ ਬਣਦੇ ਹਨ। ਇਸ ਲਈ ਇਸ ਸਦੀ ਵਿਚ ਨਾਮ-ਸਿਮਰਨ, ਸਾਧ-ਸੰਗ, ਆਵਾ-ਗਾਉਣ ਆਦਿ ਵਿਸ਼ਿਆਂ ਦਾ ਪ੍ਰਤਿਪਾਦਨ ਹੋਇਆ ਮਿਲਦਾ ਹੈ। ਦੂਜਾ ਵੱਡਾ ਅੰਤਰ ਇਹ ਹੈ ਕਿ ਅਠਾਰ੍ਹਵੀਂ ਸਦੀ ਤੋਂ ਪਹਿਲਾਂ ਹੀ ਗੱਦ ਦਾ ਨਾਇਕ ਇਕ ਸ਼ਖ਼ਸੀਅਤ ਨਾ ਰਹਿ ਕੇ ਛੋਟੇ-ਛੋਟੇ ਕਈ ਨਾਇਕ ਬਣ ਜਾਂਦੇ ਹਨ। ਇਸ ਤਰ੍ਹਾਂ ਜਨਮਸਾਖੀ ਪਰੰਪਰਾ ਵਿਚ ਵਿਕਾਸ ਆਉਂਦਾ ਹੈ। ਤੀਜੀ ਗੱਲ ਵਿਚਾਰਨ ਵਾਲੀ ਇਹ ਹੈ ਕਿ ਜਨਮਸਾਖੀ-ਪਰੰਪਰਾ ਵਿਚ ਗੱਦ ਦੀਆਂ ਕਈ ਵੰਨਗੀਆਂ ਸਾਡੇ ਸਾਹਮਣੇ ਆਉਂਦੀਆਂ ਹਨ, ਜਿਵੇਂ ਸਾਖੀ, ਬਚਨ, ਪਰਚੀ ਆਦਿ।

## ਜਨਮਸਾਖੀ ਪਰੰਪਰਾ

ਪੰਜਾਬੀ ਦੀ ਜਨਮਸਾਖੀ ਪਰੰਪਰਾ ਵਿਚ ਚਾਰ ਪ੍ਰਮੁਖ ਜਨਮਸਾਖੀਆਂ ਨੂੰ ਗਿਣਿਆ ਜਾ ਸਕਦਾ ਹੈ। ਇਸ ਵਿਚ ਸ਼ੱਕ ਨਹੀਂ ਕਿ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨਾਲ ਸੰਬੰਧਿਤ ਕਈ ਜਨਮਸਾਖੀਆਂ ਮਿਲਦੀਆਂ ਹਨ ਪਰੰਤੂ ਇਨ੍ਹਾਂ ਵਿਚੋਂ ਕਈ ਅਜਿਹੀਆਂ ਹਨ ਜਿਹੜੀਆਂ ਮੂਲ ਜਨਮ-ਸਾਖੀ ਦੀਆਂ ਸ਼ਾਖਾਵਾਂ ਹੀ ਹਨ। ਇਸ ਪ੍ਰਕਾਰ ਦੀਆਂ ਕ੍ਰਿਤਾਂ ਦਾ ਆਪਣਾ ਕੋਈ ਸੁਤੰਤਰ ਅਸਤਿਤਵ ਨਹੀਂ ਹੈ ਸਗੋਂ ਇਹ ਮੂਲ ਜਨਮਸਾਖੀ ਪਰੰਪਰਾ ਦੇ ਉਤਾਰੇ ਹੀ ਜਾਪਦੀਆਂ ਹਨ। ਬਹੁਤਾ ਕਰਕੇ ਪੁਰਾਤਨ ਜਨਮਸਾਖੀ ਹੀ ਇਕ ਅਜਿਹੀ ਰਚਨਾ ਹੈ ਜਿਸ ਦੇ ਕਈ ਉਤਾਰੇ ਹੋਏ ਜਾਂ ਜਿਸ ਨੂੰ ਆਧਾਰ ਬਣਾ ਕੇ ਕਈ ਹੋਰ ਜਨਮਸਾਖੀਆਂ ਲਿਖੀਆਂ ਗਈਆਂ। ਇਨ੍ਹਾਂ ਬਾਰੇ ਅੱਗੇ ਚੱਲਕੇ ਚਰਚਾ ਕੀਤੀ ਜਾਏਗੀ। ਜਨਮਸਾਖੀ ਪਰੰਪਰਾ ਬਾਰੇ ਬੁਨਿਆਦੀ ਗੱਲ ਸਮਝਣ ਵਾਲੀ ਇਹ ਹੈ ਕਿ ਇਸ ਦੀਆਂ ਚਾਰ ਪ੍ਰਮੁੱਖ ਰਚਨਾਵਾਂ ਹਨ। ਪਹਿਲੀ ਪੁਰਾਤਨ ਜਨਮਸਾਖੀ, ਦੂਜੀ ਮਿਹਰਬਾਨ ਦੀ ਜਨਮਸਾਖੀ, ਤੀਜੀ ਬਾਲੇ ਵਾਲੀ ਜਨਮਸਾਖੀ, ਚੌਥੀ ਭਾਈ ਮਨੀ ਸਿੰਘ ਵਾਲੀ ਜਨਮਸਾਖੀ। ਹੁਣ ਇਨ੍ਹਾਂ ਚਾਰੇ ਪ੍ਰਮੁੱਖ ਕ੍ਰਿਤਾਂ ਬਾਰੇ ਅਤੇ ਇਨ੍ਹਾਂ ਦੇ ਪਰਿਵਾਰ ਵਿਚ ਪੈਦਾ ਹੋਈਆਂ ਜਨਮਸਾਖੀਆਂ ਬਾਰੇ ਵਿਚਾਰ ਕੀਤੀ ਜਾਏ ਗੀ। ਦੂਜੇ ਸ਼ਬਦਾਂ ਵਿਚ ਪੰਜਾਬੀ ਜਨਮਸਾਖੀ ਪਰੰਪਰਾ ਦਾ ਚਿੱਤਰ ਖਿੱਚਣ ਦਾ ਯਤਨ ਕੀਤਾ ਜਾਵੇਗਾ।

## (I) ਪੁਰਾਤਨ ਜਨਮਸਾਖੀ

ਭਾਈ ਵੀਰ ਸਿੰਘ ਰਾਹੀਂ ਸੰਪਾਦਿਤ 'ਪੁਰਾਤਨ ਜਨਮਸਾਖੀ' ਨਾਉਂ ਦੀ ਰਚਨਾ ਪੰਜਾਬੀ ਜਨਮਸਾਖੀ ਪਰੰਪਰਾ ਦੀ ਪਹਿਲੀ ਰਚਨਾ ਹੈ। ਇਸ ਲਈ ਆਲੋਚਨਾਧੀਨ ਰਚਨਾ ਨੂੰ ਪੁਰਾਤਨ ਵਿਸ਼ੇਸ਼ਣ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਹ ਇਕ ਅਜਿਹੀ ਰਚਨਾ ਹੈ ਜਿਸ ਨੂੰ ਆਧਾਰ ਬਣਾ ਕੇ ਚਾਰ ਹੋਰ ਜਨਮਸਾਖੀਆਂ ਲਿਖੀਆਂ ਗਈਆਂ ਜਾਂ ਦੂਜੇ ਸ਼ਬਦਾਂ ਵਿਚ ਇਸ ਰਚਨਾ ਦਾ ਚਾਰ ਹੋਰ ਕ੍ਰਿਤਾਂ ਉੱਤੇ ਪ੍ਰਭਾਵ ਹੈ। ਇਹ ਕ੍ਰਿਤਾਂ ਹਨ : (1) ਆਦਿ ਸਾਖੀਆਂ (ਦੂਜਾ ਨਾਉਂ ਸ਼ੰਭੂ ਨਾਥ ਵਾਲੀ ਜਨਮਸਾਖੀ) (2) ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ; (3) ਪ੍ਰਾਚੀਨ ਜਨਮਸਾਖੀ (4) ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ। ਇਸ ਤੋਂ ਆਲੋਚਨਾਧੀਨ ਰਚਨਾ ਦੀ ਮਹੱਤਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਤੱਥ ਤੋਂ ਇਲਾਵਾ ਇਹ ਰਚਨਾ, ਗੱਦ ਦੀ ਕਲਾ ਦੀ ਦ੍ਰਿਸ਼ਟੀ ਤੋਂ ਅਮੀਰ ਹੈ।

ਪੁਰਾਤਨ ਜਨਮਸਾਖੀ, ਪਹਿਲੀ ਵਾਰ 1962 ਈ. ਵਿਚ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਸਾਹਮਣੇ ਆਈ। ਇਸ ਰਚਨਾ ਦੀਆਂ ਆਧਾਰ ਦੋ ਪੋਥੀਆਂ ਹਨ। ਪਹਿਲੀ ਆਧਾਰ ਪੋਥੀ ਦਾ ਨਾਉਂ ਵਲਾਇਤ ਵਾਲੀ ਜਨਮਸਾਖੀ ਹੈ। ਇਹ ਪੋਥੀ ਐਚ. ਟੀ. ਕੋਲਬਰੁਕ ਨੇ 1815 ਜਾਂ 1816 ਈਂ ਵਿਚ ਈਸਟ ਇੰਡੀਆ ਹਾਊਸ ਦੀ ਲਾਇਬਰੇਰੀ ਨੂੰ ਸੌਂਪੀ ਸੀ। ਉਥੇ ਖੋਜ ਕਰਦਿਆਂ ਡਾ. ਟ੍ਰੰਪ ਨੂੰ ਇਹ ਪੋਥੀ ਨਜ਼ਰੀ ਆਈ। ਇਸ ਵਿਦਵਾਨ ਨੇ ਇਸ ਪੋਥੀ ਦਾ ਅੰਗਰੇਜ਼ੀ ਅਨੁਵਾਦਕ੍ਰਿਤ The Adi Granth ਦੀ ਭੂਮਿਕਾ ਵਜੋਂ ਛਾਪਿਆ। ਪੰਜਾਬ ਦੇ ਸਿੱਖਾਂ ਨੇ 1833 ਈ. ਵਿਚ ਅਧਿਕਾਰੀਆਂ ਨੂੰ ਬੇਨਤੀ ਕਰਕੇ ਇਹ ਪੋਥੀ ਲੰਡਨ ਤੋਂ ਮੰਗਵਾਈ। ਇਸ ਦੇ ਉਤਾਰੇ ਕਈ ਗੁਰਸਿੱਖਾਂ ਵਿਚ ਵੰਡੇ ਗਏ। ਇਹ ਪੋਥੀ ਓਰੀਐਂਟਲ ਕਾਲਿਜ ਦੇ ਪ੍ਰੋਫ਼ੈਸਰ ਗੁਰਮੁਖ ਸਿੰਘ ਨੂੰ ਹਾਫਿਜ਼ਾਬਾਦ ਤੋਂ ਮਿਲੀ। ਇਸ ਲਈ ਇਸ ਰਚਨਾ ਦਾ ਨਾਉਂ ਹਾਫ਼ਿਜ਼ਾਬਾਦ ਵਾਲੀ ਜਨਮਸਾਖੀ ਪੈ ਗਿਆ। ਇਸ ਪੋਥੀ ਦਾ ਪਦ-ਛੇਦ ਕਰ ਮੈਕਾਲਿਫ਼ ਨੇ 1884 ਈ. ਵਿਚ ਇਸਨੂੰ ਪ੍ਰਕਾਸ਼ਿਤ ਕੀਤਾ। ਇਸ ਰਚਨਾ ਦਾ ਦੂਜਾ ਨਾਉਂ ਮੈਕਾਲਿਫ ਵਾਲੀ ਜਨਮਸਾਖੀ ਵੀ ਹੈ। ਭਾਈ ਵੀਰ ਸਿੰਘ ਨੇ ਪੁਰਾਤਨ ਜਨਮਸਾਖੀ ਦਾ ਖਰੜਾ ਤਿਆਰ ਕਰਨ ਵੇਲੇ, ਇਹਨਾਂ ਦੋਹਾਂ ਆਧਾਰ ਪੋਥੀਆਂ ਤੋਂ ਕੰਮ ਲਿਆ। ਪੁਰਾਤਨ ਜਨਮਸਾਖੀ ਪਰਿਵਾਰ ਦੀਆਂ ਹੋਰ ਜਨਮਸਾਖੀਆਂ ਵੀ ਸਾਹਮਣੇ ਆਈਆਂ। ਇਸ ਨਾਲ ਪੰਜਾਬੀ ਜਨਮਸਾਖੀ ਪਰੰਪਰਾ ਅਮੀਰ ਬਣੀ। ਇਨ੍ਹਾਂ ਜਨਮਸਾਖੀਆਂ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ :

**1. ਆਦਿ ਸਾਖੀਆਂ ਜਾਂ ਸੰਭੂ ਨਾਥ ਵਾਲੀ ਜਨਮਸਾਖੀ :** ਡਾ. ਪਿਆਰ ਸਿੰਘ ਨੇ ਇਸ ਜਨਮਸਾਖੀ ਨੂੰ ਸੰਪਾਦਿਤ ਕਰਕੇ ਸੰਨ 1969 ਈ. ਵਿਚ ਪੰਜਾਬੀ ਪਾਠਕਾਂ ਸਾਹਮਣੇ ਲਿਆਂਦਾ। ਵਿਦਵਾਨ ਸੰਪਾਦਕ ਇਸ ਰਾਏ ਦਾ ਹੈ ਕਿ ਇਹ ਰਚਨਾ ਪੁਰਾਤਨ ਜਨਮਸਾਖੀ ਤੋਂ ਬਾਅਦ ਅਤੇ ਸੋਢੀ ਮਿਹਰਬਾਨ ਵਾਲੀ ਜਨਮਸਾਖੀ ਤੋਂ ਪਹਿਲਾਂ ਦੀ ਰਚਨਾ ਹੈ। ਇਸ ਸੰਬੰਧੀ ਸੰਪਾਦਕ ਨੇ ਰਚਨਾ ਦੀ ਭੂਮਿਕਾ ਵਿਚ ਬਹਿਸ ਵੀ ਕੀਤੀ ਹੈ। ਇਸ ਰਚਨਾ ਵਿਚ ਕਈ ਮੂਲ ਸਾਖੀਆਂ ਨੂੰ ਤੋੜਿਆ ਮੋੜਿਆ ਗਿਆ ਹੈ, ਜਿਸ ਨਾਲ ਜਨਮਸਾਖੀ ਦੀ ਕਲਾ ਨੂੰ ਧੱਕਾ ਵੱਜਦਾ ਹੈ। ਮਿਸਾਲ ਦੇ ਤੋਰ 'ਤੇ ਇਹ ਨੁਕਸ 'ਵੇਈਂ ਪ੍ਰਵੇਸ਼' ਅਤੇ 'ਸਾਖੀ ਸੁਲਤਾਨਪੁਰ ਕੀ' ਆਦਿ ਸਾਖੀਆਂ ਹਨ। 'ਆਦਿ ਸਾਖੀਆਂ' ਵਿਚ ਕਲਾ ਦੀ ਘਾਟ ਮਹਿਸੂਸ ਹੁੰਦੀ ਹੈ। ਇਸ ਰਚਨਾ ਵਿਚ ਉਹ ਰੋਚਿਕਤਾ ਵੀ ਨਹੀਂ ਹੈ ਜਿਹੜੀ ਕਿ ਪੁਰਾਤਨ ਜਨਮਸਾਖੀ ਵਿਚੋਂ ਪ੍ਰਾਪਤ ਹੁੰਦੀ ਹੈ। ਭਾਸ਼ਾ ਵਿਚ ਬਨਾਵਟੀਪਨ ਹੈ, ਜਿਸ ਨਾਲ ਬਿਆਨ ਵਿਚ ਉਹ ਤਾਜ਼ਗੀ ਨਹੀਂ ਜਿਹੜੀ ਕਿ ਇਕ ਕਲਾ ਕ੍ਰਿਤ ਵਿਚ ਹੋਣੀ ਚਾਹੀਦੀ ਹੈ। ਇਸ ਰਚਨਾ ਨੂੰ ਸਾਹਿਤਕ ਤੌਰ ਤੇ ਇਕ ਸਫ਼ਲ ਰਚਨਾ ਨਹੀਂ ਆਖਿਆ ਜਾ ਸਕਦਾ।

**2. ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ :** ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਜਨਮਸਾਖੀ ਨੂੰ ਸੰਨ 1969 ਈ. ਵਿਚ ਸੰਪਾਦਤ ਕੀਤਾ। ਇਸ ਰਚਨਾ ਦੀਆਂ ਕਈ ਸਾਖੀਆਂ ਪੁਰਾਤਨ ਜਨਮਸਾਖੀ ਦੀਆਂ ਸਾਖੀਆਂ ਉੱਤੇ ਆਧਾਰਿਤ ਹਨ। ਇਸ ਰਚਨਾ ਦੀ ਸਮੱਗਰੀ ਕਈ ਹੋਰ ਸ੍ਰੋਤਾਂ ਤੋਂ ਵੀ ਲਈ ਗਈ ਹੈ। ਇਸ ਦਾ ਸਿੱਟਾ ਨਿਕਲਿਆ ਕਿ ਰਚਨਾ ਦਾ ਸਾਖੀ ਅਤੇ ਘਟਨਾ ਕ੍ਰਮ ਕਾਫ਼ੀ ਵਿਗਿੜਆ ਹੋਇਆ ਹੈ। ਫਲਸਰੂਪ, ਇਸ ਰਚਨਾ ਦੀ ਇਤਿਹਾਸਕ ਮਹੱਤਤਾ ਨਾਂ-ਮਾਤਰ ਹੀ ਹੈ। ਸਾਹਿਤ ਦੀ ਦ੍ਰਿਸ਼ਟੀ ਤੋਂ ਵੀ ਇਹ ਰਚਨਾ ਸਾਡਾ ਬਹੁਤਾ ਧਿਆਨ ਨਹੀਂ ਖਿਚਦੀ, ਕਿਉਂਕਿ ਇਸ ਵਿਚ ਸ਼ੈਲੀ ਦੀ ਇਕਸਾਰਤਾ ਨਹੀਂ ਹੈ। ਸ਼ੈਲੀ ਦੀ ਇਕਸਾਰਤਾ ਆ ਵੀ ਨਹੀਂ ਸਕਦੀ ਸੀ, ਕਿਉਂਕਿ ਇਸ ਵਿਚ ਕਈ ਸਾਖੀਆਂ ਕਿਸੇ ਇਕ ਸ੍ਰੋਤ ਤੋਂ ਲਈਆਂ ਗਈਆਂ ਹਨ ਅਤੇ ਕਈਆਂ ਦਾ ਮੂਲ ਆਧਾਰ ਦੂਜਾ ਹੈ। ਇਸ ਲਈ ਇਸ ਰਚਨਾ ਵਿਚ ਕਲਾ-ਕੁਸ਼ਲਤਾ ਦੀ ਘਾਟ ਪੈਦਾ ਹੋ ਗਈ ਹੈ। ਸੰਪਾਦਕ ਨੇ ਵੀ ਇਸ ਰਚਨਾ ਦੀ ਸੰਪਾਦਨਾ ਵਿਚ ਕੋਈ ਬਹੁਤੀ ਦਿਲਚਸਪੀ ਨਹੀਂ ਵਿਖਾਈ ਹੈ, ਕਿਉਂਕਿ ਸਿਰਲੇਖ ਦੇਣ ਵੇਲੇ ਕਿਸੇ ਵਿਗਿਆਨਕ ਢਾਂਚੇ ਨੂੰ ਨਹੀਂ ਅਪਣਾਇਆ ਗਿਆ ਹੈ। ਫ਼ਲਸਰੂਪ ਇਸ ਰਚਨਾ ਦਾ ਬਹੁਤਾ ਪ੍ਰਭਾਵ ਨਹੀਂ ਪੈਂਦਾ।

**3. ਪ੍ਰਾਚੀਨ ਜਨਮਸਾਖੀ :** ਇਸ ਜਨਮਸਾਖੀ ਨੂੰ ਸ. ਸੇਵਾ ਸਿੰਘ ਸੇਵਕ ਨੇ ਸੰਨ 1969 ਈ. ਵਿਚ ਪਾਠਕਾਂ ਸਾਹਮਣੇ ਲਿਆਂਦਾ। ਸੰਪਾਦਕ ਇਸ ਗੱਲ ਦੀ ਸੂਚਨਾ ਦਿੰਦਾ ਹੈ ਕਿ ਆਲੋਚਨਾਧੀਨ ਰਚਨਾ ਦਾ ਰਚਨਾਕਾਲ ਸੰਨ 1620 ਈ. ਤੋਂ 1660 ਈ. ਦੇ ਵਿਚਕਾਰ ਦਾ ਹੈ, ਪਰ ਇਹ ਰਾਏ ਠੀਕ ਨਹੀਂ ਜਾਪਦੀ। ਇਸ ਰਚਨਾ ਵਿਚ 'ਭੂਮੀਆ ਚੋਰ' ਦੀ ਸਾਖੀ ਅੰਕਿਤ ਹੈ, ਇਹ ਸਾਖੀ ਨਵੀਨ ਹੈ। 80 ਸਾਖੀਆਂ ਦੀ ਰਚਨਾ ਦਾ ਆਧਾਰ ਕੇਵਲ ਪੁਰਾਤਨ ਜਨਮਸਾਖੀ ਹੀ ਨਹੀਂ, ਸਗੋਂ ਹੋਰ ਕਈ ਖਰੜੇ ਵੀ ਹਨ ਪਰੰਤੂ ਇਸ ਰਚਨਾ ਉੱਤੇ ਬਹੁਤਾ ਪ੍ਰਭਾਵ ਪੁਰਾਤਨ ਜਨਮਸਾਖੀ

ਦਾ ਹੀ ਹੈ। ਇਸ ਲਈ ਇਸ ਰਚਨਾ ਨੂੰ ਇਸ ਪਰਿਵਾਰ ਦੀ ਰਚਨਾ ਗਿਣਨਾ ਠੀਕ ਹੋਵੇਗਾ। ਇਤਿਹਾਸ ਤੇ ਸਾਹਿਤ ਦੀ ਦ੍ਰਿਸ਼ਟੀ ਤੋਂ ਇਹ ਰਚਨਾ ਸਾਡਾ ਬਹੁਤਾ ਧਿਆਨ ਨਹੀਂ ਖਿਚਦੀ ਕਿਉਂਕਿ ਇਸ ਵਿਚ ਮੌਲਿਕਤਾ ਨਹੀਂ ਹੈ। ਇਸ ਤਰ੍ਹਾਂ ਲਗਦਾ ਹੈ ਕਿ ਬਹੁਤ ਸਾਰੀ ਸਮੱਗਰੀ ਨੂੰ ਕਈ ਥਾਵਾਂ ਤੋਂ ਇਕੱਠਾ ਕਰਕੇ ਇਕ ਰੂਪ ਦੇਣ ਦਾ ਯਤਨ ਕੀਤਾ ਗਿਆ ਹੈ। ਇਸ ਤਰ੍ਹਾਂ ਇਕੱਠੀ ਕੀਤੀ ਗਈ ਸਮੱਗਰੀ ਨੂੰ ਕਿਸੇ ਕਿਸਮ ਦੇ ਰੂਪ ਵਿਚ ਢਾਲਣ ਵਿਚ ਲੇਖਕ ਨੂੰ ਸਫਲਤਾ ਪ੍ਰਾਪਤ ਨਹੀਂ ਹੋ ਸਕੀ। ਇਸ ਲਈ ਇਹ ਰਚਨਾ ਪੰਜਾਬੀ ਪਾਠਕਾਂ ਵਿਚ ਹਰਮਨ ਪਿਆਰੀ ਨਹੀਂ ਹੋ ਸਕੀ।

**4. ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ :** ਇਸ ਰਚਨਾ ਨੂੰ ਡਾ. ਪਿਆਰ ਸਿੰਘ ਨੇ ਸੰਨ 1974 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਾਹੀਂ ਪ੍ਰਕਾਸ਼ਿਤ ਕੀਤਾ। ਇਹ ਰਚਨਾ ਇੰਡੀਆ ਆਫਿਸ ਲਾਇਬਰੇਰੀ ਦੀ ਹੱਥ ਲਿਖਤ ਨੰਬਰ ਪੇਜ ਬੀ 40 ਦਾ ਪ੍ਰਕਾਸ਼ਿਤ ਰੂਪ ਹੀ ਹੈ। ਇਸ ਰਚਨਾ ਵਿਚ ਕੁੱਲ 57 ਸਾਖੀਆਂ ਦਰਜ ਹਨ। ਪਰ ਕਈ ਸਾਖੀਆਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਦੋ-ਦੋ ਪ੍ਰਸੰਗ ਵੀ ਸ਼ਾਮਲ ਹਨ। ਇਸ ਜਨਮਸਾਖੀ ਦਾ ਮੂਲ ਆਧਾਰ ਤਾਂ ਪੁਰਾਤਨ ਜਨਮਸਾਖੀ ਹੀ ਹੈ ਪਰੰਤੂ ਇਸ ਤੋਂ ਇਲਾਵਾ ਮਿਹਰਬਾਨ ਅਤੇ ਭਾਈ ਬਾਲਾ ਵਾਲੀ ਜਨਮਸਾਖੀ ਨੂੰ ਵੀ ਆਧਾਰ ਬਣਾਇਆ ਗਿਆ ਹੈ। ਬਾਕੀ ਦੀਆਂ ਸ਼ਾਖਾਵਾਂ ਵਾਂਗ ਹੀ, ਇਸ ਰਚਨਾ ਦਾ ਕੋਈ ਬਹੁਤਾ ਮਹੱਤਵ ਨਹੀਂ ਹੈ ਕਿਉਂਕਿ ਇਸ ਵਿਚ ਵੀ ਮੌਲਿਕਤਾ ਦੀ ਘਾਟ ਹੈ। ਕਲਾ ਦੀ ਦ੍ਰਿਸ਼ਟੀ ਤੋਂ ਸਾਖੀਆਂ ਵਿਚ ਇਕਸਾਰਤਾ ਵੀ ਨਹੀਂ ਹੈ। ਇਤਿਹਾਸ ਦੀ ਦ੍ਰਿਸ਼ਟੀ ਤੋਂ ਵੀ ਇਸ ਰਚਨਾ ਦਾ ਬਹੁਤਾ ਗੌਰਵ ਨਹੀਂ ਹੈ, ਕਿਉਂਕਿ ਇਸ ਦੀ ਰਚਨਾ ਪੁਰਾਤਨ ਜਨਮਸਾਖੀ ਅਤੇ ਆਦਿ ਸਾਖੀਆਂ ਤੋਂ ਬਾਅਦ ਹੋਈ ਸੀ। ਹਾਂ, ਇੰਨਾ ਜ਼ਰੂਰ ਹੈ ਕਿ ਵਿਦਵਾਨ ਸੰਪਾਦਕ ਨੇ ਮੂਲ ਪਾਠ ਨੂੰ ਆਰੰਭ ਕਰਨ ਤੋਂ ਪਹਿਲਾਂ ਜਿਹੜੀ 28 ਪੰਨਿਆਂ ਦੀ ਭੂਮਿਕਾ ਲਿਖੀ ਹੈ, ਉਹ ਉਨ੍ਹਾਂ ਦੀ ਖੋਜ ਅਤੇ ਗੰਭੀਰਤਾ ਨੂੰ ਦੱਸਦੀ ਹੈ। ਉਨ੍ਹਾਂ ਨੇ ਇਸ ਰਚਨਾ ਵਿਚ ਬਹੁ-ਪੱਖੀ ਮਹੱਤਤਾ ਉੱਤੇ ਪ੍ਰਕਾਸ਼ ਪਾਇਆ ਹੈ। ਅਜਿਹਾ ਉੱਦਮ ਕਰਨ ਨਾਲ ਪੰਜਾਬੀ ਜਨਮਸਾਖੀ ਤੋਂ ਸਾਹਿਤ ਦਾ ਵਿਕਾਸ ਹੀ ਪਤਾ ਨਹੀਂ ਲਗਦਾ ਸਗੋਂ ਇਸ ਦੀ ਅਮੀਰੀ ਬਾਰੇ ਵੀ ਜਾਣਕਾਰੀ ਮਿਲਦੀ ਹੈ।

## (II) ਮਿਹਰਬਾਨ ਵਾਲੀ ਸਾਖੀ

ਇਸ ਰਚਨਾ ਦਾ ਦੂਜਾ ਨਾਉਂ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਹੈ। ਇਸ ਨਾਉਂ ਥੱਲੇ ਹੀ ਇਹ ਰਚਨਾ ਦੋ ਭਾਗਾਂ ਵਿਚ ਖਾਲਸਾ ਕਾਲਿਜ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਈ ਹੈ। ਡਾ. ਕ੍ਰਿਪਾਲ ਸਿੰਘ ਨੇ ਇਸ ਨੂੰ ਸੰਪਾਦਤ ਕੀਤਾ ਹੈ। ਇਸ ਰਚਨਾ ਦਾ ਤੀਜਾ ਪ੍ਰਸਿੱਧ ਨਾਉਂ ਗੋਸ਼ਟਾਂ ਬਾਬੇ ਦੀ ਜਨਮਸਾਖੀ ਦੀਆਂ ਵੀ ਹੈ। ਇਸ ਰਚਨਾ ਦੇ ਪਹਿਲੇ ਭਾਗ ਵਿਚ ਮਿਹਰਬਾਨ ਵਾਲੀ ਸਚਖੰਡ ਵਾਲੀ ਪੋਥੀ ਸੰਪਾਦਿਤ ਹੈ। ਦੂਜੇ ਭਾਗ ਵਿਚ ਹਰਿ ਜੀ ਦੀ ਪੋਥੀ ਅਤੇ ਚਤੁਰਭੁਜ ਵਾਲੀ ਪੋਥੀ ਸ਼ਾਮਲ ਕੀਤੀਆਂ ਗਈਆਂ ਹਨ। ਇਸ ਰਚਨਾ ਦੇ ਕਈ ਉਤਾਰੇ ਸਾਹਮਣੇ ਆਏ ਹਨ। ਲਿਖਾਰੀ ਦਾ ਪਤਾ ਨਹੀਂ ਲਗਦਾ ਭਾਵ ਇਹ ਦੱਸਿਆ ਨਹੀਂ ਜਾ ਸਕਦਾ ਕਿ ਇਨ੍ਹਾਂ ਲੇਖਕਾਂ ਦਾ ਨਾਉਂ ਜਾਤ ਅਤੇ ਥਾਂ ਟਿਕਾਣਾ ਕਿਹੜਾ ਸੀ? ਹਾਂ, ਮੂਲ ਪੋਥੀ ਦਾ ਲਿਖਾਰੀ ਕੇਸੋ ਰਾਮ ਸੀ। ਇਹ ਵੀ ਆਮ ਪ੍ਰਚੱਲਿਤ ਹੈ ਕਿ ਸਚਖੰਡ ਪੋਥੀ ਦਾ ਸਿਰਜਨਹਾਰ ਸੋਢੀ ਮਿਹਰਬਾਨ ਨੂੰ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਦੂਜੇ ਭਾਗ ਦੀਆਂ ਦੋਹਾਂ ਕ੍ਰਿਤਾਂ ਦੇ ਕਰਮਵਾਰ ਲੇਖਕ ਹਰਿ ਜੀ ਅਤੇ ਚਤੁਰਭੁਜ ਸਮਝੇ ਜਾਂਦੇ ਹਨ। ਇਹ ਦੋਵੇਂ ਸੋਢੀ ਮਿਹਰਬਾਨ ਦੇ ਸਪੁੱਤਰ ਸਨ।

ਮਿਹਰਬਾਨ ਵਾਲੀ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। ਸਚਖੰਡ ਪੋਥੀ ਦੀ ਅਖ਼ੀਰਲੀ ਸਤਰ ਦਾ ਆਸਰਾ ਲੈ ਕੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਦੀਆਂ 167 ਗੋਸ਼ਟਾਂ ਹਨ, ਜਿਨ੍ਹਾਂ ਵਿਚੋਂ 14 ਨਹੀਂ ਮਿਲਦੀਆਂ। 'ਹਰੀ ਜੀ ਦੀ ਪੋਥੀ' ਵਿਚ 61 ਗੋਸ਼ਟਾਂ ਸ਼ਾਮਲ ਹਨ, 'ਚਤੁਰਭਜ ਪੋਥੀ' ਵਿਚ 74 ਗੋਸ਼ਟਾਂ ਅੰਕਿਤ ਹਨ। ਇਨ੍ਹਾਂ ਦੇ ਨਾਉਂ ਹਨ, ਕਸ਼ੇਰਾਇ, ਅਭੇਧਪਦ ਅਤੇ ਪ੍ਰੇਮਪਦ। ਇਨ੍ਹਾਂ ਵਿਚ ਕੁਲ ਮਿਲਾ ਕੇ 273 ਗੋਸ਼ਟਾਂ ਦਰਜ ਹਨ। ਪਰ ਇਹ ਸਾਰੀ ਸਮੱਗਰੀ ਪ੍ਰਾਪਤ ਨਹੀਂ ਹੁੰਦੀ, ਇਸ ਲਈ ਇਨ੍ਹਾਂ ਬਾਰੇ ਪੱਕੇ ਤੌਰ ਤੇ ਕੁੱਝ ਨਹੀਂ ਕਿਹਾ ਜਾ ਸਕਦਾ।

ਮਿਹਰਬਾਨ ਵਾਲੀ ਜਨਮਸਾਖੀ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਸਾਖੀਆਂ ਵਿਚ ਨਹੀਂ ਬਲਕਿ ਗੋਸ਼ਟ ਸ਼ੈਲੀ ਵਿਚ ਬਿਆਨ ਕੀਤਾ ਗਿਆ ਹੈ। ਇਸ ਵਿਚ ਗੁਰਬਾਣੀ ਦੇ ਪਰਮਾਰਥ ਨੂੰ ਉਸਾਰਨ ਉੱਤੇ ਬਹੁਤਾ ਬਲ ਦਿੱਤਾ ਗਿਆ ਹੈ। ਫ਼ਲਸਰੂਪ ਇਹ ਰਚਨਾ ਸ਼ੈਲੀ ਦੀ ਦ੍ਰਿਸ਼ਟੀ ਤੋਂ, ਬਿਆਨੀਆ ਨਾ ਹੋ ਕੇ ਵਿਆਖਿਆ ਪ੍ਰਧਾਨ ਹੋ ਨਿਬੜੀ ਹੈ। ਇਸ ਰਚਨਾ ਦਾ ਅਧਿਐਨ ਇਹ ਸਿੱਧ ਕਰਦਾ ਹੈ ਕਿ ਲੇਖਕ ਦਾ ਮੂਲ ਆਸ਼ਾ

ਇਤਨਾ ਗੁਰੂ ਸਾਹਿਬ ਦੀ ਜੀਵਨੀ ਨੂੰ ਅੰਕਿਤ ਕਰਨਾ ਨਹੀਂ ਹੈ, ਜਿੰਨਾ ਕਿ ਗੁਰੂ-ਆਸ਼ਿਆਂ ਅਤੇ ਗੁਰਬਾਣੀ ਦੀ ਵਿਆਖਿਆ ਕਰਨਾ। ਇਸ ਕਾਰਨ ਹੀ ਇਸ ਰਚਨਾ ਨੂੰ ਪੁਰਾਤਨ ਜਨਮਸਾਖੀ ਦੇ ਟਾਕਰੇ ਤੇ ਬਾਅਦ ਦੀ ਰਚਨਾ ਮੰਨਿਆ ਜਾਂਦਾ ਹੈ। ਇਸ ਰਾਏ ਨੂੰ ਬਨਾਉਣ ਦਾ ਪ੍ਰਮੁੱਖ ਕਾਰਣ ਇਹ ਹੈ ਕਿ ਗੱਦ ਵਿਚ ਪਹਿਲੀ ਪ੍ਰਵਿਰਤੀ ਕਥਾ-ਬਿਆਨ ਕਰਨ ਦੀ ਹੁੰਦੀ ਹੈ ਅਤੇ ਵਿਆਖਿਆ ਕਰਨ ਦੀ ਰੁਚੀ ਬਾਅਦ ਵਿਚ ਆਉਂਦੀ ਹੈ। ਇਸ ਧਾਰਨਾ ਨੂੰ ਜੇ ਮਨ ਲਿਆ ਜਾਏ ਤਾਂ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਪੁਰਾਤਨ ਜਨਮਸਾਖੀ ਵਿਚ ਬਹੁਤਾ ਜ਼ੋਰ ਕਥਾ ਰਸ ਨੂੰ ਉਜਾਗਰ ਕਰਨ ਉੱਤੇ ਲਾਇਆ ਗਿਆ ਹੈ। ਇਸ ਦੇ ਟਾਕਰੇ 'ਤੇ ਮਿਹਰਬਾਨ ਵਾਲੀ ਜਨਮਸਾਖੀ ਵਿਚ ਬਹੁਤਾ ਬਲ ਸਿਧਾਂਤਕ ਵਿਆਖਿਆ ਉੱਤੇ ਲੱਗਾ ਪ੍ਰਤੀਤ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਮਿਹਰਬਾਨੀ ਵਾਲੀ ਜਨਮਸਾਖੀ ਬਾਅਦ ਦੀ ਰਚਨਾ ਸਿੱਧ ਹੁੰਦੀ ਹੈ। ਇਸ ਬਿਰਤੀ ਅਨੁਕੂਲ ਇਸ ਰਚਨਾ ਵਿਚ, ਗੁਰੂ ਸਾਹਿਬ ਦੀਆਂ ਪ੍ਰਮੁੱਖ ਬਾਣੀਆਂ ਜਪੁ, ਪਟੀ ਓਅੰਕਾਰ, ਸਿੱਧ ਗੋਸ਼ਟ ਆਦਿ ਦੇ ਪੂਰੇ ਪਰਮਾਰਥ ਵੀ ਲਿਖੇ ਗਏ ਹਨ। ਇਸ ਤੋਂ ਇਲਾਵਾ ਇਸ ਸੰਦਰਭ ਵਿਚ ਇਹ ਗੱਲ ਵੀ ਦੱਸੀ ਜਾ ਸਕਦੀ ਹੈ ਕਿ ਵਿਆਖਿਆ ਦਾ ਕੰਮ ਲੇਖਕ ਨੇ ਆਪਣੀ ਮਨੋ ਬ੍ਰਿਤੀ ਅਨੁਸਾਰ ਕੀਤਾ ਹੈ।

ਆਲੋਚਨਾਧੀਨ ਰਚਨਾ ਦੀ ਸਾਹਿਤਕ ਮਹੱਤਤਾ ਜ਼ਰੂਰ ਹੈ। ਇਸ ਦਾ ਇਕ ਕਾਰਨ ਹੈ ਕਿ ਇਸ ਦੀ ਰਚਨਾ ਨਾਲ ਗੋਸ਼ਟ ਗੱਦ ਵੰਨਗੀ ਸਾਹਮਣੇ ਆਉਂਦੀ ਹੈ। ਗੋਸ਼ਟ ਵਿਚ ਦੋ ਵਿਅਕਤੀ ਜਾਂ ਦੋ ਧਿਰਾਂ ਆਪਸੀ ਗੱਲਬਾਤ ਕਰਦੀਆਂ ਹਨ। ਇਸ ਦਾ ਵਿਸ਼ਾ, ਆਮ ਤੋਰ 'ਤੇ ਅਧਿਆਤਮਿਕ ਜਗਤ ਦਾ ਕੋਈ ਮਸਲਾ ਜਾਂ ਅਨੁਭਵ-ਜਗਤ ਦੀ ਕੋਈ ਸਮੱਸਿਆ ਹੋ ਸਕਦੀ ਹੈ। ਇਸ ਰਚਨਾ ਵਿਚ ਸਾਰੀ ਸਮੱਗਰੀ ਨੂੰ ਗੋਸ਼ਟਾਂ ਵਿਚ ਵੰਡਿਆ ਗਿਆ ਹੈ। ਇੰਨਾ ਹੀ ਨਹੀ ਸਗੋਂ ਇਸ ਰਚਨਾ ਦਾ ਇਕ ਪ੍ਰਮੁੱਖ ਨਾਉਂ ਗੋਸ਼ਟ ਤੋਂ ਹੀ ਆਰੰਭ ਹੁੰਦਾ ਹੈ। ਇਸ ਰਚਨਾ ਵਿਚ ਥਾਂ ਥਾਂ ਕਈ ਪਰਮਾਰਥ ਵੀ ਆਉਂਦੇ ਹਨ, ਜਿਹੜੇ ਆਪਣਾ ਮਹੱਤਵ ਰਖਦੇ ਹਨ। ਇਨ੍ਹਾਂ ਦਾ ਅਧਿਐਨ ਇਸ ਗੱਲ ਦਾ ਪ੍ਰਭਾਵ ਪਾਉਂਦਾ ਹੈ ਕਿ ਇਸ ਰਚਨਾ ਤੋ ਗੰਭੀਰ ਪ੍ਰੋੜ੍ਹ ਕਿਸਮ ਦੀ ਵਾਰਤਕ ਲਿਖਣ ਦਾ ਆਰੰਭ ਹੁੰਦਾ ਹੈ। ਇਸ ਰਚਨਾ ਵਿਚ ਇਕ ਗੰਭੀਰ ਸ਼ੈਲੀ ਕੰਮ ਕਰਦੀ ਹੈ। ਇਸ ਰਚਨਾ ਦਾ ਵਾਰਤਕ-ਵਿਧਾਨ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਇਸ ਦੀ ਸਿਰਜਣਾ ਸੁਚੇਤ ਪੱਧਰ ਉੱਤੇ ਹੋਈ ਹੋਵੇਗੀ। ਇਸ ਵਿਚ ਵਿਚਾਰਧਾਰਾ ਨੂੰ ਪੇਸ਼ ਕੀਤਾ ਗਿਆ ਹੈ, ਜਿਸ ਨਾਲ ਸਾਰਾ ਲੋਕਪ੍ਰਿਅਤਾ ਵਾਯੂ ਮੰਡਲ ਹੀ ਬੋਧਿਕ ਪਾਏ ਦਾ ਹੋ ਨਿਬੜਿਆ ਹੈ। ਇਹ ਭਾਸ਼ਾ ਅਜਿਹੀ ਸਾਧ-ਭਾਸ਼ਾ ਹੈ ਜਿਸ ਉੱਤੇ ਪੰਜਾਬੀ ਦਾ ਵਿਸ਼ੇਸ਼ ਪ੍ਰਭਾਵ ਹੈ ਪਰ ਇੰਨੀਆਂ ਪ੍ਰਾਪਤੀਆਂ ਦੇ ਬਾਵਜੂਦ ਇਸ ਵਿਚ ਪੁਰਾਤਨ ਜਨਮਸਾਖੀ ਵਾਲਾ 'ਸਹਿਜ' ਗੁਣ ਨਹੀਂ ਮਿਲਦਾ।

## (III) ਬਾਲੇ ਵਾਲੀ ਜਨਮਸਾਖੀ

ਬਾਲੇ ਵਾਲੀ ਜਨਮਸਾਖੀ ਦੇ ਕਈ ਉਤਾਰੇ ਸਾਹਮਣੇ ਆ ਚੁੱਕੇ ਹਨ। ਇਸ ਤੋਂ ਇਸ ਰਚਨਾ ਦੀ ਲੋਕ-ਪ੍ਰਿਯਤਾ ਦਾ ਅੰਦਾਜ਼ਾ ਲੱਗ ਜਾਂਦਾ ਹੈ। ਇਸ ਤੋਂ ਇਲਾਵਾ ਇਸ ਰਚਨਾ ਦਾ ਵਾਰਤਕ-ਵਿਧਾਨ ਸੁੰਦਰ ਹੈ। ਲੇਖਕ ਕਥਾ ਨੂੰ ਬੜੀ ਰਸਦਾਇਕ ਸ਼ੈਲੀ ਵਿਚ ਬਿਆਨ ਕਰਦਾ ਹੈ। ਇਸ ਲਈ, ਆਮ ਲੋਕਾਂ ਵਿਚ, ਇਹ ਰਚਨਾ ਬਹੁਤੀ ਪੜ੍ਹੀ ਜਾਂਦੀ ਹੈ। ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਰਚਨਾ ਦੇ ਕਈ ਅਜਿਹੇ ਉਤਾਰੇ ਵੀ ਮਿਲਦੇ ਹਨ ਜਿਨ੍ਹਾਂ ਵਿਚ ਨਾਇਕ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਠੀਕ ਦ੍ਰਿਸ਼ਟੀ ਤੋਂ ਨਹੀਂ ਉਸਾਰਿਆ ਗਿਆ। ਅਜਿਹੇ ਉਤਾਰਿਆਂ ਵਿਚ ਹੰਦਾਲ ਨੂੰ ਵਡਿਆ ਕੇ ਦੱਸਿਆ ਗਿਆ ਹੈ।

ਇਸ ਜਨਮਸਾਖੀ ਦਾ ਸੰਬੰਧ ਭਾਈ ਬਾਲੇ ਨਾਲ ਜੋੜਿਆ ਜਾਂਦਾ ਹੈ। ਜਿਵੇਂ ਕਿ ਦੱਸਿਆ ਗਿਆ ਹੈ ਕਿ ਭਾਈ ਬਾਲਾ ਗੁਰੂ ਨਾਨਕ ਦੇਵ ਜੀ ਦਾ ਸੰਗੀ ਸੀ। ਇਸ ਰਚਨਾ ਦੀ ਲਿਖਤ ਤੋਂ ਇਹ ਵੀ ਪਤਾ ਲਗਦਾ ਹੈ ਕਿ ਭਾਈ ਬਾਲਾ ਰਾਹੀਂ ਦਰਸਾਈ ਸਾਰੀ ਸੂਚਨਾ ਗੁਰੂ ਅੰਗਦ ਦੇਵ ਜੀ ਨੇ ਪੈੜੇ ਮੋਖੇ ਤੋਂ ਲਿਖਵਾਈ। ਇਸ ਨਾਲ ਸੰਬੰਧਿਤ ਵਿਅਕਤੀ ਵੀ ਕਈ ਵਾਰੀ ਇਤਿਹਾਸਕ ਨਹੀਂ ਦੱਸੇ ਗਏ ਹਨ। ਪੰਜਾਬੀ ਸਾਹਿਤ ਦੇ ਕਈ ਆਲੋਚਕਾਂ ਦਾ ਇਹ ਮੱਤ ਹੈ ਕਿ ਇਹ ਪਾਤਰ ਕਾਲਪਨਿਕ ਹਨ। ਜੇ ਇਸ ਧਾਰਨਾ ਨੂੰ ਮੰਨ ਲਿਆ ਜਾਏ ਤਾਂ ਇਸ ਰਚਨਾ ਦੀ ਇਤਿਹਾਸਕ ਮਹੱਤਤਾ ਖ਼ਤਮ ਹੋ ਜਾਂਦੀ ਹੈ। ਇਸ ਰਚਨਾ ਨੂੰ ਕਈ ਅੰਦਰਲੀਆਂ ਤੇ ਬਾਹਰਲੀਆਂ ਗਵਾਹੀਆਂ ਦੇ ਆਧਾਰ ਤੇ ਸੰਨ 1640 ਈ. ਦੇ ਆਸ-ਪਾਸ ਦੀ ਰਚਨਾ ਮੰਨਿਆ ਜਾਂਦਾ ਹੈ। ਇਸ ਰਚਨਾ ਦੇ ਕਿਉਂਕਿ ਕਈ ਉਤਾਰੇ ਮਿਲਦੇ ਹਨ, ਇਸ ਲਈ ਸਾਖੀਆਂ ਦੀ ਕੁਲ ਗਿਣਤੀ ਵਿਚ ਵੀ ਅੰਤਰ ਹੈ। ਆਮ ਤੌਰ ਤੇ ਸਾਖੀਆਂ ਦੀ ਗਿਣਤੀ 75 ਤੋਂ ਲੈ ਕੇ 100 ਦੇ ਦਰਮਿਆਨ ਮਿਲਦੀ ਹੈ। ਕੁੱਝ ਸਾਖੀਆਂ ਪੁਰਾਤਨ ਜਨਮਸਾਖੀਆਂ ਤੋਂ ਹੀ ਲਈਆਂ ਗਈਆਂ ਹਨ। ਕਈਆਂ ਦਾ ਮੇਲ, ਸੋਢੀ ਮਿਹਰਵਾਨ ਵਾਲੀ ਜਨਮਸਾਖੀ ਨਾਲ ਜਾ ਰਲਦਾ ਹੈ। ਕਈ ਅਸਲੋਂ ਨਵੀਆਂ ਅਤੇ ਕਲਪਿਤ ਹਨ।

ਇਸ ਰਚਨਾ ਦੀ ਸਾਹਿਤਕ ਮਹੱਤਤਾ ਜ਼ਰੂਰ ਹੈ, ਜਿਵੇਂ ਪਹਿਲਾਂ ਲਿਖਿਆ ਜਾ ਚੁੱਕਾ ਹੈ। ਇਸ ਰਚਨਾ ਵਿਚ ਜਿਥੇ ਪੌਰਾਣਿਕ ਸਮੱਗਰੀ ਮਿਲਦੀ ਹੈ, ਉਥੇ ਇਸ ਨੂੰ ਰਸਦਾਇਕ ਸ਼ੈਲੀ ਵਿਚ ਪ੍ਰਸਤੁਤ ਵੀ ਕੀਤਾ ਗਿਆ ਹੈ। ਇਸ ਰਚਨਾ ਦਾ ਬਿਆਨ ਜ਼ਿੰਦਗੀ ਵਰਗਾ ਤਾਜ਼ਾ ਤੇ ਮੌਲਿਕ ਲਗਦਾ ਹੈ। ਗੁਰੂ ਸਾਹਿਬ ਦੇ ਆਮ ਸ਼ਰਧਾਲੂ ਨਾਲ ਇਸ ਰਚਨਾ ਦਾ ਰਿਸ਼ਤਾ ਬਣਦਾ ਹੈ। ਇਸ ਰਿਸ਼ਤੇ ਦੇ ਬਣਨ ਦਾ ਮੂਲ ਕਾਰਨ ਇਸ ਰਚਨਾ ਦੀ ਭਾਸ਼ਾ ਹੈ। ਭਾਸ਼ਾ ਬੜੀ ਸਰਲ ਅਤੇ ਢੁਕਵੀਂ ਵਰਤੀ ਗਈ ਹੈ, ਜਿਸ ਨਾਲ ਪਾਠਕ ਦੀ ਰੁਚੀ ਬਣੀ ਰਹਿੰਦੀ ਹੈ। ਇਸ ਰਚਨਾ ਤੋਂ ਪੰਜਾਬ ਦੀ ਸਭਿਆਚਾਰਕ ਤਸਵੀਰ ਵਧੇਰੇ ਉਘੜ ਕੇ ਸਾਹਮਣੇ ਆਉਂਦੀ ਹੈ।

## (IV) ਭਾਈ ਮਨੀ ਸਿੰਘ ਵਾਲੀ ਜਨਮਸਾਖੀ

ਭਾਈ ਮਨੀ ਸਿੰਘ ਸਿੱਖ ਜਗਤ ਦਾ ਇਕ ਵਿਦਵਾਨ ਲਿਖਾਰੀ ਸੀ ਜਿਸ ਨੇ ਵਰ੍ਹਿਆਂ ਤੱਕ ਗੁਰੂ-ਘਰ ਦੀ ਸੇਵਾ ਕੀਤੀ। ਆਲੋਚਨਾਧੀਨ ਰਚਨਾ ਵੀ ਉਸ ਦੇ ਨਾਉਂ ਨਾਲ ਜੋੜੀ ਜਾਂਦੀ ਹੈ। ਇਹ ਰਚਨਾ ਕਈ ਕਾਰਨਾਂ ਕਰਕੇ, ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਦੀ ਇੱਕ ਪ੍ਰਸਿੱਧ ਜਨਮਸਾਖੀ ਕਰਕੇ ਜਾਣੀ ਜਾਂਦੀ ਹੈ। ਇਸ ਦਾ ਦੂਜਾ ਪ੍ਰਸਿੱਧ ਨਾਉਂ 'ਗਿਆਨ ਰਤਨਾਵਲੀ' ਹੈ। ਇਹ ਰਚਨਾ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਕਰਕੇ ਹੀ ਜਾਣਿਆਂ ਜਾਂਦਾ ਹੈ। ਇਸ ਰਚਨਾ ਦੀ ਪ੍ਰਸਤਾਵਨਾ ਤੋਂ ਇਹ ਸੂਚਨਾ ਮਿਲਦੀ ਹੈ ਕਿ ਇਸ ਰਚਨਾ ਦੇ ਹੋਂਦ ਵਿਚ ਆਉਣ ਦਾ ਵਿਸ਼ੇਸ਼ ਕਾਰਨ ਸੀ। ਉਹ ਇਹ ਸੀ ਕਿ ਜਿੰਨੀਆਂ ਵੀ ਪਹਿਲਾਂ ਦੀਆਂ, ਗੁਰੂ ਸਾਹਿਬ ਬਾਰੇ ਜਨਮਸਾਖੀਆਂ ਮਿਲਦੀਆਂ ਹਨ, ਉਨ੍ਹਾਂ ਵਿਚ ਗੁਰੂ ਸਾਹਿਬ ਦੀ ਸ਼ਖ਼ਸੀਅਤ ਬਾਰੇ ਕਈ ਗਲਤ ਬਿਆਨੀਆਂ ਵੀ ਕੀਤੀਆਂ ਹੋਈਆਂ ਹਨ। ਇਸ ਕਾਰਨ ਭਾਈ ਮਨੀ ਸਿੰਘ ਨੂੰ ਉਦੋਂ ਦੇ ਸਿੱਖਾਂ ਨੇ ਇਹ ਬੇਨਤੀ ਕੀਤੀ ਕਿ ਅਢੁੱਕਵੀਂ ਤੇ ਨਿੰਦਣਯੋਗ ਸਮੱਗਰੀ ਨੂੰ ਕੱਢ ਕੇ ਗੁਰੂ ਸਾਹਿਬ ਬਾਰੇ ਕੋਈ ਭਰੋਸੇਯੋਗ ਜਨਮਸਾਖੀ ਲਿਖੀ ਜਾਏ ਤਾਂ ਜੋ ਸਿੱਖ-ਜਗਤ ਦਾ ਕਲਿਆਣ ਹੋ ਸਕੇ। ਇਸ ਟੀਚੇ ਦੀ ਪ੍ਰਾਪਤੀ ਹਿੱਤ ਇਹ ਰਚਨਾ ਹੋਂਦ ਵਿਚ ਆਈ। ਕਈ ਵਿਦਵਾਨ ਇਸ ਰਾਏ ਦੇ ਵੀ ਹਨ ਕਿ ਇਸ ਰਚਨਾ ਦੇ ਲੇਖਕ ਭਾਈ ਮਨੀ ਸਿੰਘ ਨਹੀਂ, ਕੋਈ ਹੋਰ ਵਿਅਕਤੀ ਹੈ। ਇਹ ਵਿਦਵਾਨ ਆਪਣੀ ਰਾਏ ਦੇ ਪੱਖ ਵਿਚ ਦਲੀਲ ਦਿੰਦੇ ਹਨ ਕਿਉਂਕਿ ਭਾਈ ਸਾਹਿਬ ਦਾ ਨਾਉਂ ਅਨਯ ਪੁਰਖ ਵਿਚ ਆਉਂਦਾ ਹੈ, ਇਸ ਲਈ ਭਾਈ ਸਾਹਿਬ ਇਸ ਰਚਨਾ ਦੇ ਲੇਖਕ ਨਹੀਂ ਹੋ ਸਕਦੇ।

ਇਸ ਰਚਨਾ ਵਿਚ ਕੁਲ ਮਿਲਾ ਕੇ 234 ਪ੍ਰਸੰਗ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਵਿਚ ਸੱਤ ਅਜਿਹੇ ਪ੍ਰਸੰਗ ਵੀ ਮਿਲਦੇ ਹਨ, ਜਿਨ੍ਹਾਂ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਹੋਏ ਗੁਰੂਆਂ ਨਾਲ ਹੈ। ਇਸ ਰਚਨਾ ਵਿਚ ਬਹੁਤਾ ਕਰਕੇ ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਆਏ ਪ੍ਰਸੰਗ ਅਤੇ ਸੰਕੇਤਾਂ ਨੂੰ ਵਿਸਤਾਰ ਦਿੱਤਾ ਗਿਆ ਹੈ ਪਰ ਕਈ ਵਾਰ ਲੇਖਕ ਕਈ ਸਾਖੀਆਂ ਜਾਂ ਪ੍ਰਸੰਗਾਂ ਨੂੰ ਬਾਹਰੋਂ ਵੀ ਲੈਂਦਾ ਹੈ। ਲੇਖਕ ਪਹਿਲੇ ਦੀਆਂ ਪ੍ਰਮੁੱਖ ਜਨਮਸਾਖੀਆਂ ਤੋਂ ਵੀ ਲਾਭ ਉਠਾਉਂਦਾ ਹੈ। ਇਸ ਵਿਚ ਕਈ ਵਾਰੀ ਗੋਸ਼ਟੀ-ਸ਼ੈਲੀ ਬਲ ਗ੍ਰਹਿਣ ਕਰ ਜਾਂਦੀ ਹੈ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਸਿੱਖ ਆਪਣੇ ਸ਼ੰਕੇ ਭਾਈ ਸਾਹਿਬ ਅੱਗੇ ਰਖਦੇ ਹਨ ਅਤੇ ਉਹ ਕਿਸੇ ਨਾ ਕਿਸੇ ਰੂਪ ਵਿਚ ਇਨ੍ਹਾਂ ਸ਼ੰਕਿਆਂ ਦੀ ਨਵਿਰਤੀ ਕਰਦੇ ਹਨ। ਇਸ ਰਚਨਾ ਵਿਚ ਕੋਈ ਗੱਲ ਅਜਿਹੀ ਨਹੀਂ ਮਿਲਦੀ, ਜਿਸ ਉੱਤੇ ਕਿੰਤੂ ਕੀਤਾ ਜਾ ਸਕੇ। ਲਿਖਣ ਤੋਂ ਭਾਵ ਇਹ ਹੈ ਕਿ ਗੁਰੂ ਸਾਹਿਬ ਬਾਰੇ ਕੋਈ ਗੱਲ ਵੀ ਅਜਿਹੀ ਨਹੀਂ ਲਿਖੀ ਗਈ ਹੈ, ਜਿਸ ਨੂੰ ਪੜ੍ਹ ਕੇ ਸਾਡੇ ਜਜ਼ਬਾਤ ਨੂੰ ਠੇਸ ਵੱਜਦੀ ਹੋਵੇ। ਇਸ ਲਈ, ਸਿੱਖ ਜਗਤ ਵਿਚ ਇਹ ਰਚਨਾ ਵਧੇਰੇ ਪ੍ਰਮਾਣਿਕ ਕਰਕੇ ਸਤਿਕਾਰੀ ਜਾਂਦੀ ਹੈ। ਇਹ ਹਰਮਨ ਪਿਆਰੀ ਵੀ ਹੋਈ ਹੈ, ਕਿਉਂਕਿ ਇਹ ਕਥਾ-ਸ਼ੈਲੀ ਵਿਚ ਹੈ ਅਤੇ ਇਸ ਦੇ ਕਰਤਾ ਭਾਈ ਮਨੀ ਸਿੰਘ ਆਪ ਇਕ ਪ੍ਰਮੁੱਖ ਕਥਾਵਾਚਕ ਸੀ। ਇਸ ਲਈ ਰਚਨਾ ਵਿਚ ਥਾਂ-ਥਾਂ ਗੁਰਬਾਣੀ ਦੇ ਪਰਮਾਰਥ ਅਤੇ ਕੁੱਝ ਪ੍ਰਮੁੱਖ ਬਾਣੀਆਂ ਦੇ ਟੀਕੇ ਹੋਏ ਮਿਲਦੇ ਹਨ। ਇਸ ਰਚਨਾ ਦਾ ਪ੍ਰਭਾਵ ਗੁਰਮਤਿ ਵਿਆਖਿਆ ਦਾ ਹੀ ਪੈਂਦਾ ਹੈ।

ਕਲਾ ਦ੍ਰਿਸ਼ਟੀ ਤੋਂ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਕੋਈ ਉਘੜਵੀਂ ਹੋਈ ਰਚਨਾ ਨਹੀਂ ਪ੍ਰਤੀਤ ਹੁੰਦੀ। ਇਹ ਰਚਨਾ ਪਰੰਪਰਾ ਦੀਆਂ ਕੀਮਤਾਂ ਨੂੰ ਹੀ ਅਪਣਾਉਂਦੀ ਹੈ। ਗੋਸ਼ਟਾਂ ਵਿਚ ਕਥਾ ਅਤੇ ਵਿਵੇਕ ਦਾ ਅੰਸ਼ ਪ੍ਰਧਾਨ ਹੈ। ਇਹ ਠੀਕ ਹੈ ਕਿ ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਇਕ ਪ੍ਰਮਾਣਿਕ ਜੀਵਨ ਦਾ ਉਦੇਸ਼ ਸਾਫ਼ ਹੈ ਪਰ ਇਸ ਵਿਚ ਕਲਾ-ਰਸ ਦਾ ਅਭਾਵ ਹੈ। ਸੋਢੀ ਮਿਹਰਬਾਨ ਦੀ ਰਚਨਾ ਵਾਂਗ, ਇਹ ਰਚਨਾ ਵੀ ਖੁਸ਼ਕ ਜਿਹੀ ਲਗਦੀ ਹੈ, ਇਸ ਵਿਚ ਪੁਰਾਤਨ ਜਨਮਸਾਖੀ ਦੀ ਰਚਨਾ ਵਾਲੀ ਕਲਾ-ਕੁਸ਼ਲਤਾ ਦੀ ਘਾਟ ਹੈ। ਭਾਸ਼ਾ ਵਿਚ ਅਰਬੀ, ਫ਼ਾਰਸੀ ਅਤੇ ਸੰਸਕ੍ਰਿਤ

ਦੇ ਸ਼ਬਦਾਂ ਨੂੰ ਬਹੁਤਾ ਵਰਤਿਆ ਗਿਆ ਹੈ। ਵਿਆਕਰਣਕ ਦੀ ਸ਼ੁੱਧਤਾ ਇਸ ਰਚਨਾ ਦੀ ਪ੍ਰਾਪਤੀ ਹੈ, ਕਿਉਂਕਿ ਇਸ ਦਾ ਰਚੈਤਾ ਇਕ ਗਿਆਨੀ ਪੁਰਸ਼ ਸੀ ਜਿਸ ਨੂੰ ਕਈ ਭਾਸ਼ਾਵਾਂ ਉੱਤੇ ਕਾਬੂ ਸੀ। ਇਸ ਵਿਸ਼ੇਸ਼ਤਾ ਕਰਕੇ ਇਹ ਰਚਨਾ ਪੰਜਾਬੀ ਜਨਮਸਾਖੀ ਪਰੰਪਰਾ ਵਿਚ ਵਾਧਾ ਆਖੀ ਜਾ ਸਕਦੀ ਹੈ।

ਪੁਰਾਤਨ ਜਨਮਸਾਖੀ ਦੀ ਵਿਸ਼ੇਸ਼ਤਾ : ਪੰਜਾਬੀ ਜਨਮਸਾਖੀ ਪਰੰਪਰਾ ਦੇ ਉਪਰ ਦਿੱਤੇ ਗਏ ਸਰਵੇਖਣ ਤੋਂ 'ਪੁਰਾਤਨ ਜਨਮਸਾਖੀ' ਰਚਨਾ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਸਾਡੇ ਸਾਹਮਣੇ ਆਉਂਦੀਆਂ ਹਨ :

(1) ਗੁਰੂ ਨਾਨਕ ਦੇਵ ਜੀ ਦੇ ਜੀਵਨ, ਸ਼ਖ਼ਸੀਅਤ ਅਤੇ ਕਲਾ ਨੂੰ ਵਿਚਾਰਨ ਵਾਲੀ ਇਹ ਪਹਿਲੀ ਜਨਮਸਾਖੀ ਹੈ।

(2) ਪੰਜਾਬੀ ਗੱਦ ਦਾ ਆਰੰਭ ਇਸ ਰਚਨਾ ਤੋਂ ਹੁੰਦਾ ਹੈ।

(3) ਪੰਜਾਬੀ ਗੱਦ ਦੀ ਇਹ ਅਜਿਹੀ ਪਹਿਲੀ ਰਚਨਾ ਹੈ ਜਿਸ ਵਿਚ ਸਿੱਖ-ਆਗਿਆ ਅਤੇ ਗੁਰੂ-ਫੁਰਮਾਨਾਂ ਨੂੰ ਲੋਕਾਂ ਤੀਕ ਪਹੁੰਚਾਉਣ ਦਾ ਯਤਨ ਕੀਤਾ ਗਿਆ ਹੈ।

(4) ਇਸ ਰਚਨਾ ਤੋਂ ਮੱਧ-ਕਾਲੀਨ ਪੰਜਾਬ ਦੇ ਸਭਿਆਚਾਰ, ਇਤਿਹਾਸ ਅਤੇ ਸਮਾਜ ਬਾਰੇ ਕਈ ਗੱਲਾਂ ਤੋ ਅਸੀਂ ਜਾਣੂ ਹੁੰਦੇ ਹਾਂ।

(5) ਇਸ ਰਚਨਾ ਤੋਂ ਪੰਜਾਬੀ ਭਾਸ਼ਾ ਦੇ ਵਿਕਾਸ ਦੀਆਂ ਕਈ ਸਥਿਤੀਆਂ ਤੋਂ ਜਾਣੂ ਹੁੰਦੇ ਹਾਂ। ਕੁੱਲ ਮਿਲਾ ਕੇ ਇਸ ਦੀ ਭਾਸ਼ਾ ਨੂੰ ਉਹ ਭਾਸ਼ਾ ਆਖਿਆ ਜਾ ਸਕਦਾ ਹੈ ਜਿਸ ਨੂੰ ਉੱਤਰ ਭਾਰਤ ਦੇ ਸੰਤ ਬੋਲਦੇ ਹਨ।

(6) ਕਈ ਵਿਦਵਾਨਾਂ ਦੇ ਵਿਚਾਰ ਅਨੁਸਾਰ ਇਸ ਰਚਨਾ ਤੋਂ ਪੰਜਾਬੀ ਕਹਾਣੀ ਦਾ ਜਨਮ ਹੁੰਦਾ ਹੈ। ਇਨ੍ਹਾਂ ਵਿਦਵਾਨਾਂ ਦੀ ਦ੍ਰਿਸ਼ਟੀ ਵਿਚ ਇਸ ਰਚਨਾ ਦੀ ਹਰ ਸਾਖੀ ਆਪਣੇ ਆਪ ਵਿਚ ਸੁਤੰਤਰ ਕਹਾਣੀ ਦਾ ਅਸਤਿਤਵ ਰਖਦੀ ਹੈ।

(7) ਇਸ ਰਚਨਾ ਵਿਚ ਸਾਖੀ, ਗੋਸ਼ਟ ਆਦਿ ਵਾਰਤਕ-ਵੰਨਗੀਆਂ ਦੇ ਸਾਰੇ ਨਮੂਨੇ ਇਕੋ ਥਾਂ ਮਿਲ ਜਾਂਦੇ ਹਨ।

(8) ਇਸ ਰਚਨਾ ਨੇ ਆਉਣ ਵਾਲੀਆਂ ਤਿੰਨੋ ਰਚਨਾਵਾਂ ਭਾਵ ਸੋਢੀ ਮਿਹਰਬਾਨ ਵਾਲੀ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਨੂੰ ਪ੍ਰਭਾਵਿਤ ਕੀਤਾ।

(9) ਇਸ ਰਚਨਾ ਵਿਚ ਉੱਤਮ ਢੰਗ ਦਾ ਵਾਰਤਕ-ਵਿਧਾਨ ਕੰਮ ਕਰਦਾ ਹੈ। ਛੋਟੇ-ਛੋਟੇ ਵਾਕਾਂ ਨਾਲ ਗੱਲ ਦੀ ਗਤੀ ਨੂੰ ਤੇਜ਼ ਰੱਖਿਆ ਗਿਆ ਹੈ। ਨਾਟਕੀ ਅੰਸ਼ਾਂ ਕਾਰਨ ਪਾਠਕ ਦੀ ਦਿਲਚਸਪੀ ਬਣੀ ਰਹਿੰਦੀ ਹੈ।

(10) ਇਸ ਰਚਨਾ ਤੋਂ ਭਾਰਤ ਦੇ ਇਤਿਹਾਸ ਅਤੇ ਮਿਥਿਹਾਸ ਬਾਰੇ ਕਈ ਗੱਲਾਂ ਦਾ ਪਤਾ ਲਗਦਾ ਹੈ। ਇਸ ਵਿਚ ਸ਼ਾਮਲ ਪੌਰਾਣਿਕ ਸਮੱਗਰੀ ਵੱਡ-ਮੁੱਲੀ ਹੈ।

## ਕੁੱਝ ਮਹੱਤਵਪੂਰਨ ਪ੍ਰਸ਼ਨ

1. ਜਨਮਸ਼ਾਖੀ ਪਰੰਪਰਾ ਵਿਚ ਪੁਰਾਤਨ ਜਨਮਸਾਖੀ ਦੀ ਵਿਲੱਖਣਤਾ ਅਤੇ ਕਲਾਤਮਕ ਗੌਰਵ ਬਾਰੇ ਵਿਚਾਰ ਕਰੋ। (ਦਸੰਬਰ 2016)
2. ਪੁਰਾਤਨ ਜਨਮਸ਼ਾਖੀ ਵਿਚ ਮਿਥਿਹਾਸ ਦੀ ਉਪਯੋਗਤਾ ਬਾਰੇ ਆਪਣੀ ਰਾਇ ਤੋ ਜਾਣੂ ਕਰਵਾਓ। (ਦਸੰਬਰ 2016)
3. 'ਪੁਰਾਤਨ ਜਨਮਸਾਖੀ' ਵਿਚਲੇ ਇਤਿਹਾਸ ਅਤੇ ਮਿਥਿਹਾਸਕ ਤੱਤਾਂ ਦੀ ਪਛਾਣ ਕਰੋ ਅਤੇ ਨਾਲ ਹੀ

ਇਨ੍ਹਾਂ ਦੀ ਉਪਯੋਗਤਾ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ। (ਦਸੰਬਰ 2017)

4. 'ਪੁਰਾਤਨ ਜਨਮਸਾਖੀ' ਦੀ ਇਕ ਕਲਾ ਕ੍ਰਿਤ ਵਜੋਂ ਜਿੰਨੀ ਵਿਚ ਪ੍ਰਸੰਸਾ ਕੀਤੀ ਜਾਵੇ ਥੋੜ੍ਹੀ ਹੈ। ਇਸ ਕਥਨ ਦੀ ਰੋਸ਼ਨੀ ਵਿਚ ਪੁਰਾਤਨ ਜਨਮਸਾਖੀ ਦੀ ਸਾਹਿਤਕਤਾ ਦੀ ਪਰਖ ਕਰੋ।(ਦਸੰਬਰ 2017)

## ਸੰਖੇਪ ਉੱਤਰਾਂ ਵਾਲੇ ਪ੍ਰਸ਼ਨ

1. ਪੁਰਾਤਨ ਜਨਮਸਾਖ਼ੀ ਦਾ ਨੁਸਖ਼ਾ ਕਿਸ ਅੰਗਰੇਜ਼ ਅਹਿਲਕਾਰ ਨੂੰ ਕਿੱਥੋਂ ਲੱਭਾ ਅਤੇ ਉਸ ਨੇ ਇਸ ਦਾ ਕੀ ਕੀਤਾ? (ਦਸੰਬਰ 2016)
2. ਪੁਰਾਤਨ ਜਨਮਸਾਖ਼ੀ ਦੀਆਂ ਕੁੱਲ ਕਿੰਨੀਆਂ ਅੰਤਿਕਾਵਾਂ ਹਨ? ਇਨ੍ਹਾਂ ਵਿਚੋ ਦੋ ਦੇ ਨਾਂ ਲਿਖੋ? (ਦਸੰਬਰ 2016)
3. 'ਸੱਜਣ ਠੱਗ' ਸ਼ਬਦ-ਜੁੱਟ ਗਹਿਰੇ ਅਰਥਾਂ ਦਾ ਸੂਚਕ ਹੈ। ਸਪਰੀ ਦੇ ਹਵਾਲੇ ਨਾਲ ਅਰਥਾਂ ਨੂੰ ਸਪਸ਼ਟ ਕਰੋ।
4. ਪੁਰਾਤਨ ਜਨਮਸਾਖੀ ਦੀ ਭਾਸ਼ਾ ਦੇ ਦੋ ਮੁੱਖ ਲੱਛਣ ਬਿਆਨ ਰਕੋ। (ਦਸੰਬਰ 2016)
5. ਪੁਰਾਤਨ ਵਾਰਤਕ ਦੇ ਕਿਹੜੇ-ਕਿਹੜੇ ਤੱਤ ਮੰਨੇ ਗਏ ਹਨ ? (ਦਸੰਬਰ 2017)
6. 'ਪੁਰਾਤਨ ਜਨਮਸਾਖੀ' ਵਿਚ ਕੁੱਲ ਕਿੰਨੀਆਂ ਅੰਤਿਕਾਵਾਂ ਹਨ ? (ਦਸੰਬਰ 2017)
7. 'ਮਰਦਾਨੇ ਦੀ ਭੁੱਖ ਗਵਾਈ' ਅਤੇ 'ਦੁਨੀ ਚੰਦ ਨਿਸਤਾਰਾ' ਸਾਖੀਆਂ ਵਿਚ ਕਿਹੜੇ ਵਿਚਾਰ ਵਿਅਕਤ ਕੀਤੇ ਗਏ ਹਨ ? (ਦਸੰਬਰ 2017)
8. 'ਪੁਰਾਤਨ ਜਨਮਸਾਖੀ' ਵਿਚ ਭਾਈ ਮਰਦਾਨੇ ਦਾ ਬਿੰਬ। (ਦਸੰਬਰ 2017)

## ਸਹਾਇਕ ਪੁਸਤਕਾਂ


1. ਪੁਰਾਤਨ ਜਨਮਸਾਖੀ (ਮੁੱਖ ਬੰਦ) ਡਾ. ਭਾਈ ਵੀਰ ਸਿੰਘ
2. ਪੁਰਾਤਨ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ ਡਾ. ਰਤਨ ਸਿੰਘ ਜੱਗੀ
3. ਵਾਰਤਕ ਅਤੇ ਵਾਰਤਕਕਾਰ ਡਾ. ਮਨਮੋਹਨ ਕੇਸਰ
4. ਪੰਜਾਬੀ ਵਿਚ ਜੀਵਨੀ ਸਾਹਿਤ ਨਰਿੰਦਰ ਦੁੱਲੇ
5. ਆਧੁਨਿਕ ਜਨਮਸਾਖੀ ਡਾ. ਜਗਜੀਤ ਸਿੰਘ

**ਪਾਠ ਨੰਬਰ : 1.8** **– ਪ੍ਰੋ. ਬ੍ਰਹਮਜਗਦੀਸ਼ ਸਿੰਘ**

# I. ਵਾਰਤਕ ਵਿਰਸਾ
# (ਸੰਕਲਿਤ ਰਚਨਾਵਾਂ ਦਾ ਵਿਸ਼ੈ ਵਸਤੂ)

## 1.8.1 ਭੂਮਿਕਾ

ਇਸ ਪੁਸਤਕ ਵਿਚ ਪੰਜਾਬੀ ਵਾਰਤਕ ਦੇ ਗੌਰਵਮਈ ਵਿਰਸੇ ਦਾ ਸੰਕਲਨ ਕੀਤਾ ਗਿਆ ਹੈ। ਪੰਜਾਬੀ ਵਾਰਤਕ ਦੇ ਇਤਿਹਾਸ ਨਾਲ ਸੰਬੰਧਤ ਬਹੁਤ ਸਾਰੀਆਂ ਰਚਨਾਵਾਂ ਗੁੰਮ-ਗਵਾਚ ਗਈਆਂ ਪ੍ਰਤੀਤ ਹੁੰਦੀਆਂ ਹਨ। ਕਾਵਿ ਦੀ ਤੁਲਨਾ ਵਿੱਚ ਵਾਰਤਕ ਦੀ ਸਾਂਭ-ਸੰਭਾਲ ਉਚੇਚੇ ਧਿਆਨ ਦੀ ਮੰਗ ਕਰਦੀ ਹੈ। ਛੰਦਬੱਧ ਹੋਣ ਕਾਰਨ ਕਾਵਿ ਨੂੰ ਜ਼ੁਬਾਨੀ ਯਾਦ ਕੀਤਾ ਜਾ ਸਕਦਾ ਹੈ ਪਰ ਵਾਰਤਕ ਦੀ ਸੰਭਾਲ ਲਿਖੇ ਜਾਣ ਦੁਆਰਾ ਹੀ ਹੋ ਸਕਦੀ ਹੈ। ਉਨ੍ਹੀਵੀਂ ਸਦੀ ਤਕ ਪੰਜਾਬ ਵਿਚ ਛਾਪੇਖ਼ਾਨਿਆਂ ਦੀ ਵਿਵਸਥਾ ਨਹੀਂ ਸੀ ਹੋਈ। ਇਸ ਕਾਰਨ ਹੱਥਲਿਖਤ ਖਰੜੇ ਹੀ ਉਪਲਬਧ ਸਨ ਜੋ ਸ਼ਰਧਾਲੂਆਂ ਦੇ ਘਰਾਂ ਵਿਚ ਜਾਂ ਸਾਧੂ-ਸੰਤਾਂ ਦੇ ਡੇਰਿਆਂ ਵਿਚ ਪਏ ਹੁੰਦੇ ਸਨ। ਪੰਜਾਬੀ ਜ਼ੁਬਾਨ ਸਰਕਾਰੀ ਭਾਸ਼ਾ ਨਹੀਂ ਸੀ। ਰਾਜ ਦਾ ਸਾਰਾ ਕੰਮ ਫ਼ਾਰਸੀ ਬੋਲੀ ਅਤੇ ਸ਼ਾਹਮੁਖੀ ਲਿੱਪੀ ਦੁਆਰਾ ਕੀਤਾ ਜਾਂਦਾ ਸੀ। ਇਸ ਕਾਰਨ ਬਹੁਤੇ ਲੋਕਾਂ ਨੂੰ ਗੁਰਮੁਖੀ ਲਿੱਪੀ ਦਾ ਗਿਆਨ ਸੀ। ਗੁਰਮੁਖੀ ਵਿਚ ਲਿਖੇ ਗ੍ਰੰਥਾਂ ਨੂੰ ਪੜ੍ਹਨ ਵਾਲੇ ਲੋਕਾਂ ਦੀ ਗਿਣਤੀ ਕਾਫ਼ੀ ਘੱਟ ਸੀ। ਬਹੁਤੇ ਲੋਕ ਸ਼ਾਹਮੁਖੀ ਅਤੇ ਦੇਵਨਾਗਰੀ ਲਿੱਪੀ ਹੀ ਪੜ੍ਹ ਸਕਦੇ ਸਨ। ਇਸ ਕਾਰਨ ਪੰਜਾਬੀ ਵਾਰਤਕ ਨਾਲ ਸੰਬੰਧਤ ਬਹੁਤ ਸਾਰੇ ਖਰੜੇ ਬਿਨਾਂ ਪੜ੍ਹਿਆਂ ਹੀ ਏਧਰ-ਓਧਰ ਹੋ ਗਏ। 1947 ਈ. ਵਿਚ ਪੰਜਾਬ ਦੀ ਵੰਡ ਹੋ ਜਾਣ ਕਾਰਨ ਬਹੁਤ ਸਾਰਾ ਵਾਰਤਕ ਸਾਹਿਤ ਪੱਛਮੀ ਪੰਜਾਬ ਦੇ ਡੇਰਿਆਂ ਵਿਚ ਪਿਆ ਰਹਿ ਗਿਆ। ਏਧਰਲੇ ਪੰਜਾਬ ਵਿਚ ਪਏ ਖਰੜੇ ਵੀ ਰੁਲ-ਖੁਲ ਕੇ ਨਸ਼ਟ ਹੋ ਗਏ। ਇਸ ਕਾਰਨ ਪੰਜਾਬੀ ਵਾਰਤਕ ਦਾ ਵਿਰਸਾ ਅਜੇ ਤੱਕ ਸੰਪੂਰਨ ਨਹੀਂ ਹੋ ਸਕਿਆ। ਕੁਝ ਗਿਣਤੀ ਦੇ ਵਾਰਤਕ-ਰੂਪਾਂ ਦੁਆਰਾ ਹੀ ਅਸੀਂ ਆਪਣੇ ਵਿਰਸੇ ਦਾ ਅਧਿਐਨ-ਵਿਸ਼ਲੇਸ਼ਣ ਕਰ ਸਕਦੇ ਹਾਂ।

## 1.8.2 ਰੂਪ ਰੇਖਾ

ਇਸ ਪਾਠ ਵਿਚ *'ਵਾਰਤਕ ਵਿਰਸੇ'* ਵਿਚ ਸੰਕਲਿਤ ਵੰਨਗੀਆਂ ਦੇ ਵਿਸ਼ੈ-ਵਸਤੂ ਦਾ ਵਰਗੀਕਰਣ ਅਤੇ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਸਾਡੀ ਮੁੱਢਲੀ ਪੰਜਾਬੀ ਵਾਰਤਕ ਵਿਚ ਜਨਮਸਾਖੀਆਂ, ਸਟੀਕ, ਪਰਚੀਆਂ, ਗੋਸ਼ਟਾਂ, ਰਹਿਤਨਾਮਿਆਂ ਅਤੇ ਹੁਕਮਨਾਮਿਆਂ ਦੀ ਵਿਸਤ੍ਰਿਤ ਪਰੰਪਰਾ ਦ੍ਰਿਸ਼ਟੀਗੋਚਰ ਹੁੰਦੀ ਹੈ। ਡਾ. ਸਤਨਾਮ ਸਿੰਘ ਜੱਸਲ ਅਤੇ ਡਾ. ਬੂਟਾ ਸਿੰਘ ਬਰਾੜ ਨੇ *'ਵਾਰਤਕ ਵਿਰਸਾ'* ਪੁਸਤਕ ਵਿਚ ਇਸ ਪਰੰਪਰਾ ਨਾਲ ਜੁੜੀਆਂ ਕੁੱਝ ਪ੍ਰਤੀਨਿਧ ਵੰਨਗੀਆਂ ਸੰਕਲਿਤ ਕੀਤੀਆਂ ਹਨ। ਵਿਦਿਆਰਥੀਆਂ ਦੀ ਸਹੂਲਤ ਵਾਸਤੇ ਅਸੀਂ ਇਨ੍ਹਾਂ ਵੰਨਗੀਆਂ ਦੇ ਵਿਸ਼ੈ-ਵਸਤੂ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਮੂਲ ਪੁਸਤਕ ਨੂੰ ਪੜ੍ਹ ਕੇ ਆਪ ਲਿਖਣ ਦਾ ਅਭਿਆਸ ਵੀ

ਜ਼ਰੂਰ ਕਰ ਲੈਣ। ਵਿਦਵਾਨ ਸੰਪਾਦਕਾਂ ਨੇ ਪੰਜਾਬੀ ਵਾਰਤਕ ਦੇ ਵਿਰਸੇ ਨੂੰ ਹੇਠ ਲਿਖੇ ਕਾਲ-ਖੰਡਾਂ ਵਿਚ ਵਿਭਾਜਿਤ ਕੀਤਾ ਹੈ:

(ੳ) ਆਦਿ ਕਾਲ (850-1500)

(ਅ) ਮੱਧ ਕਾਲ (1500-1700)

(ੲ) ਪਿਛਲਾ ਮੱਧ ਕਾਲ (1700-1850)

(ਸ) ਸੰਕ੍ਰਾਂਤੀ ਕਾਲ (1850-1900)

### 1.8.3.1 ਆਦਿ ਕਾਲ (850-1500 ਈ.)

'ਵਾਰਤਕ ਵਿਰਸਾ' ਪਾਠ-ਪੁਸਤਕ ਦੇ ਵਿਦਵਾਨ ਸੰਪਾਦਕਾਂ ਨੇ ਆਦਿ ਕਾਲ ਵਿਚ ਸਿਰਜੀ ਗਈ ਪੰਜਾਬੀ ਵਾਰਤਕ ਦੀਆਂ ਤਿੰਨ ਵੰਨਗੀਆਂ ਸੰਕਲਿਤ ਕੀਤੀਆਂ ਹਨ: 1. ਗੋਰਖ ਉਪਨਿਸ਼ਦ 2. ਫ਼ਰੀਦ ਜੀ ਕਾ ਪੱਧਤੀਨਾਮਾ 3. ਏਕਾਦਸੀ ਮਹਾਤਮ। ਪੰਜਾਬੀ ਵਾਰਤਕ ਦੀ ਉਤਪਤੀ ਬਾਰੇ ਚਰਚਾ ਕਰਦੇ ਹੋਏ ਸੰਪਾਦਕ ਲਿਖਦੇ ਹਨ, "ਮੁਢਲੇ ਪੰਜਾਬੀ ਵਾਰਤਕਕਾਰਾਂ ਨੂੰ ਵਿਰਸੇ ਵਿਚ ਤਿੰਨ ਮੂਲ ਮਾਡਲ ਹਾਸਲ ਸਨ। ਪਹਿਲਾ ਮਾਡਲ ਸੰਸਕ੍ਰਿਤ ਦੇ ਵਾਰਤਕ ਗ੍ਰੰਥ ਸਨ। ਸੰਸਕ੍ਰਿਤ ਗੱਦ ਸਾਹਿਤ ਵਿਚ ਇਕ ਰੂਪ ਦਾਰਸ਼ਨਿਕ ਚਿੰਤਨ ਵਾਲਾ ਮਿਲਦਾ ਹੈ ਅਤੇ ਦੂਜਾ ਲੋਕ ਕਥਾਵਾਂ ਦੇ ਰੂਪ ਵਿਚ। ਦੂਜਾ ਮਾਡਲ ਬੋਧੀਆਂ ਦੇ ਧਾਰਮਿਕ ਗ੍ਰੰਥ ਸਨ। ਇਸ ਸਾਹਿਤ ਵਿਚ ਜਾਤਕ-ਕਥਾਵਾਂ ਅਤੇ ਨੀਤੀ-ਕਥਾਵਾਂ ਦੇ ਦੋ ਰੂਪ ਮਿਲਦੇ ਹਨ। ਤੀਜਾ ਮਾਡਲ ਸਾਮੀ (ਫ਼ਾਰਸੀ) ਸਾਹਿਤ ਦਾ ਹੈ। ਇਉਂ ਪੰਜਾਬੀ ਵਾਰਤਕ ਤਿੰਨ ਮਾਡਲਾਂ ਤੋਂ ਪ੍ਰੇਰਨਾ ਲੈ ਕੇ ਉਪਜੀ।" (ਵਾਰਤਕ ਵਿਰਸਾ, ਪੰਨਾ VIII)

### 1.8.3.2 ਗੋਰਖ ਉਪਨਿਸ਼ਦ

ਗੋਰਖ ਉਪਨਿਸ਼ਦ ਨਾਥ ਪਰੰਪਰਾ ਦੀ ਇਕ ਮਹੱਤਵਪੂਰਨ ਰਚਨਾ ਹੈ। ਇਸ ਨੂੰ ਗੁਰੂ ਗੋਰਖ ਨਾਥ ਦੀ ਰਚਨਾ ਮੰਨਿਆ ਗਿਆ ਹੈ, ਜੋ ਨਾਥ ਪਰੰਪਰਾ ਦੇ ਇਕ ਉਘੇ ਨਾਥ-ਜੋਗੀ ਹੋਏ ਹਨ। ਇਸ ਉਪਨਿਸ਼ਦ ਦੇ ਆਰੰਭ ਵਿਚ ਸ੍ਰੀ ਰਾਮ ਦਾ ਮੰਗਲਾਚਰਣ ਕੀਤਾ ਗਿਆ ਹੈ। ਬਾਅਦ ਵਿਚ ਵਿਮਲਾ ਨਾਮ ਦਾ ਇਕ ਮਹਾਂਦੇਵੀ ਅਤੇ ਸ੍ਰੀ ਗੋਰਕਸ਼ਨਾਥ ਵਿਚ ਅਧਿਆਤਮਕ ਮਸਲਿਆਂ ਬਾਰੇ ਇਕ ਗੰਭੀਰ ਸੰਬਾਦ ਪੇਸ਼ ਹੋਇਆ ਹੈ। ਮਹਾਂਦੇਵੀ ਵਿਮਲਾ ਪੁੱਛਦੀ ਹੈ ਕਿ ਜਿਸ ਸਮੇਂ ਮਹਾਂਸ਼ੂਨਯ ਸੀ; ਪੰਚਭੂਤਨਮਈ ਈਸ਼ਵਰ ਅਤੇ ਜੀਵ ਆਦਿਕ ਪੈਦਾ ਨਹੀਂ ਸਨ ਹੋਏ, ਉਸ ਸਮੇਂ ਸ੍ਰਿਸ਼ਟੀ ਦਾ ਸੰਚਾਲਕ ਕੌਣ ਸੀ? ਗੋਰਕਸ਼ਾਨਾਥ ਉੱਤਰ ਦਿੰਦੇ ਹਨ ਕਿ ਉਸ ਸਮੇਂ ਸਾਕਾਰ ਜਾਂ ਨਿਰਾਕਾਰ ਕਰਤਾ ਨਹੀਂ ਸੀ। ਪਰੰਤੂ ਦਵੈਤਾਦਵੈਤ ਰਹਿਤ ਅਨਿਰਵਚਨੀਯ ਨਾਥ, ਸਦਾਨੰਦ ਸਵਰੂਪ ਮੌਜੂਦ ਸੀ। ਉਸਨੇ ਸਭ ਤੋਂ ਪਹਿਲਾਂ ਆਪਣੀ ਇੱਛਾ-ਸ਼ਕਤੀ ਪ੍ਰਗਟ ਕੀਤੀ, ਫਿਰ ਗਿਆਨ-ਸ਼ਕਤੀ ਪੈਦਾ ਕੀਤੀ, ਇਸ ਤੋਂ ਬਾਅਦ ਕ੍ਰਿਆ-ਸ਼ਕਤੀ ਉਤਪੰਨ ਕੀਤੀ। ਇਸੇ ਕ੍ਰਿਆ-ਸ਼ਕਤੀ ਵਿਚੋਂ ਪਿੰਡ-ਬ੍ਰਹਿਮੰਡ ਪੈਦਾ ਹੋਏ। ਉਨ੍ਹਾਂ ਵਿਚ ਅਵਿਅਕਤ ਨਿਰਗੁਣ ਸਰੂਪ ਪਰਮਾਤਮਾ ਪ੍ਰਗਟ (ਵਿਅਕਤ) ਹੋਇਆ। ਫਿਰ ਸਤਿਨਾਥ, ਸੰਤੋਖਨਾਥ, ਕੂਰਮਨਾਥ ਅਤੇ ਸ੍ਰੀ ਆਦਿਨਾਥ ਪ੍ਰਗਟ ਹੋਏ। ਆਦਿਨਾਥ ਤੋਂ ਉਤਪੰਨ ਮਛੰਦਰ (ਮਤਸਿਏਦ੍ਰ) ਨਾਥ ਅਤੇ ਸ੍ਰੀ ਗੋਰਖ ਨਾਥ ਪੈਦਾ ਹੋਏ ਅਤੇ ਇਉਂ ਸ੍ਰਿਸ਼ਟੀ ਦਾ ਵਿਧੀ-ਵਿਧਾਨ ਹੋਂਦ ਵਿਚ ਆਇਆ। 'ਨਾਥ' ਸ਼ਬਦ ਦੋ ਧੁਨੀਆਂ ਨਾ + ਥ ਤੋਂ ਉਤਪੰਨ ਹੋਇਆ ਹੈ। 'ਨਾ' ਦਾ ਅਰਥ ਹੈ ਨਾਦ-ਬ੍ਰਹਮ ਅਤੇ 'ਥ' ਦਾ ਭਾਵ ਹੈ, ਜੋ

ਥਾਪਣਾ (ਸਥਾਪਨਾ) ਕਰੇ। ਇਉਂ 'ਨਾਥ' ਪਰੰਪਰਾ ਨਾਦ-ਬ੍ਰਹਮ ਨੂੰ ਜੀਵਾਤਮਾ ਵਿਚ ਸਥਾਪਿਤ ਕਰਨ ਦਾ ਪ੍ਰਯਾਸ ਕਰਦੀ ਰਹੀ ਹੈ।

ਮਛੰਦਰ ਨਾਥ ਨੇ ਅਸਤਿ ਮਾਇਆ ਦਾ ਖੰਡਨ ਕੀਤਾ। ਬ੍ਰਹਮਣ ਲੋਕ ਵੇਦਪਾਠੀ ਹੁੰਦੇ ਸਨ। ਰਿਗ, ਯਜੁਰ ਅਤੇ ਸਾਮ ਆਦਿ ਇਨ੍ਹਾਂ ਦੇ ਸੂਖ਼ਮ ਵੇਦ ਹਨ। ਬ੍ਰਾਹਮਣਾਂ ਦੇ ਚਾਰ ਆਸ਼ਰਮ ਮੰਨੇ ਜਾਂਦੇ ਹਨ: 1. ਬ੍ਰਹਮਚਰਯ ਆਸ਼ਰਮ 2. ਗ੍ਰਿਹਸਥ ਆਸ਼ਰਮ 3. ਸੰਨਿਆਸ ਆਸ਼ਰਮ ਅਤੇ 4. ਵਾਨਪ੍ਰਸਤ ਆਸ਼ਰਮ। ਸੰਤਾਨ ਦੇ ਦੋ ਰੂਪ ਹੁੰਦੇ ਹਨ: 1. ਨਾਦਰੂਪ ਵਿੰਦ ਅਤੇ ਵਿੰਦੁਨਾਦ ਰੂਪ। ਸ਼ਿਸ਼ ਵਿੰਦਰੂਪ ਅਤੇ ਪੁੱਤਰ ਨਾਦ ਸ਼ਕਤੀ ਰੂਪ। ਆਦਿ ਬ੍ਰਾਹਮਣਾਂ ਨੇ ਬ੍ਰਾਹਮਣ, ਕਸ਼ਤਰੀ, ਵੈਸ਼ਯ, ਸ਼ੂਦਰ ਚਾਰ ਵਰਣਾਂ ਦੁਆਰਾ ਪ੍ਰਿਥਵੀ ਸਾਜੀ ਹੈ। ਜਿਹੜਾ ਵਿਅਕਤੀ ਬ੍ਰਹਮ ਨੂੰ ਸਗੁਣ ਅਤੇ ਨਿਰਗੁਣ ਰੂਪ ਵਿਚ ਵੇਖ ਸਕੇ, ਉਹ ਅਸਲ ਬ੍ਰਾਹਮਣ ਹੈ। *'ਗੋਰਖ ਉਪਨਿਸ਼ਦ'* ਜੋਗੀਆਂ ਦਾ ਮੁੱਢਲਾ ਗ੍ਰੰਥ ਹੈ।

## 1.8.3.3 ਫ਼ਰੀਦ ਜੀ ਕਾ ਪੱਧਤੀਨਾਮਾ

ਇਸ ਪੁਸਤਕ ਦਾ ਖਰੜਾ ਭਾਸ਼ਾ ਵਿਭਾਗ ਪੰਜਾਬ ਦੇ ਇਕ ਅਧਿਕਾਰੀ ਸੰਤ ਇੰਦਰ ਸਿੰਘ ਚੱਕ੍ਰਵਰਤੀ ਨੂੰ ਨਾਗਰੀ ਪ੍ਰਚਾਰਣੀ ਸਭਾ ਬਨਾਰਸ ਦੀ ਲਾਇਬਰੇਰੀ ਵਿਚੋਂ ਪ੍ਰਾਪਤ ਹੋਇਆ ਸੀ। 'ਪੱਧਤੀਨਾਮਾ' ਇਕ ਪ੍ਰਕਾਰ ਦੀ ਸ੍ਵੈਕਥਨੀ ਜਾਂ ਆਤਮ-ਚਿੰਤਨ ਹੈ। ਇਸ ਵਿਚ ਫ਼ਰੀਦ ਜੀ ਆਪਣੇ ਆਤਮ ਦਾ ਸਾਖਿਆਤਕਾਰ ਕਰਦੇ ਨਜ਼ਰ ਆਉਂਦੇ ਹਨ। ਫ਼ਰੀਦ ਜੀ ਫੁਰਮਾਉਂਦੇ ਹਨ ਕਿ ਸ਼ੈਤਾਨ ਪਾਸੋਂ ਗੁਮਰਾਹ ਹੋ ਕੇ ਮਨੁੱਖ ਹਰ ਸਮੇਂ ਗੁਨਾਹ ਕਰਦਾ ਜਾਂ ਗੁਨਾਹਾਂ ਬਾਰੇ ਸੋਚਦਾ ਰਹਿੰਦਾ ਹੈ। ਇਸ ਕਾਰਨ ਉਹ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਪਰਮਾਤਮਾ ਦੀ ਬੰਦਗੀ ਕਰੇ ਤਾਂ ਹੀ ਉਸ ਨਾਲ ਮੇਲ ਹੋਵੇ, ਉਸ ਦੇ ਦਰਸ਼ਨ ਹੋਣ। ਜਿਹੜਾ ਮਨੁੱਖ ਵਿਕਾਰਾਂ ਦੇ ਪਿੱਛੇ ਭਟਕਦਾ ਰਹੇਗਾ, ਉਸ ਨੂੰ ਪਰਮਾਤਮਾ (ਸਾਹਿਬ) ਕਦੇ ਨਹੀਂ ਬਖਸ਼ੇਗਾ ਬਲਕਿ ਨਰਕਾਂ ਦੀ ਅੱਗ ਵਿਚ ਸੁੱਟੇਗਾ। ਸੰਸਾਰ ਦੀ ਮੋਹ-ਮਾਇਆ ਤੋਂ ਮੂੰਹ ਫੇਰ ਲੈਣ ਨਾਲ ਹੀ ਨਫ਼ਸ (ਖਹਿਸ਼ਾਂ) ਤੋਂ ਮੁਕਤੀ ਮਿਲਦੀ ਹੈ। ਇਸ ਸੰਸਾਰ ਦੀ ਮੋਹ-ਮਾਇਆ ਤੋਂ ਬਚਣ ਦਾ ਉਪਾਅ ਦੱਸਦੇ ਹੋਏ ਫ਼ਰੀਦ ਜੀ ਫੁਰਮਾਉਂਦੇ ਹਨ ਕਿ ਕਿਸੇ ਦੀ ਨਿੰਦਾ-ਚੁਗਲੀ ਨਾ ਕਰੋ, ਜ਼ੁਬਾਨ ਉਪਰ ਕਾਬੂ ਰੱਖੋ, ਇੰਦਰੀਆਂ ਨੂੰ ਖੁੱਲ੍ਹਾ ਨਾ ਛੱਡੋ, ਖਾਹਿਸ਼ਾਂ ਦੇ ਪਿੱਛੇ ਨਾ ਲੱਗੋ, ਆਪਣੀਆਂ ਸਾਰੀਆਂ ਇੱਛਾਵਾਂ ਨੂੰ ਖੂਹ ਵਿਚ ਸੁੱਟ ਦੇਵੋ ਅਤੇ ਅਲਪ-ਆਹਾਰ ਕਰੋ ਭਾਵ ਥੋੜ੍ਹਾ ਖਾਓ। ਰੱਜ ਕੇ ਖਾਣ ਨਾਲ ਮਨ ਅਤੇ ਤਨ ਦੋਹਾਂ ਵਿਚ ਵਿਕਾਰ ਪੈਦਾ ਹੋ ਜਾਂਦੇ ਹਨ। ਮਨੁੱਖ ਬਹੁਤ ਸੌਂਵੇਂ ਵੀ ਨਾ। ਤਿੰਨ ਪਹਿਰ ਤੋਂ ਵੱਧ ਨਹੀਂ ਸੌਣਾ ਚਾਹੀਦਾ। ਦੁਨੀਆਂ ਦਾ ਦਸਤੂਰ ਕੁੱਝ ਅਜਿਹਾ ਕਿ ਮਨੁੱਖ ਫ਼ਜ਼ੂਲ ਦੇ ਕੰਮਾਂ ਵਿਚ ਨੱਠਿਆ-ਭੱਜਿਆ ਫਿਰਦਾ ਹੈ। ਉਹ ਹਰ ਸਮੇਂ ਵਡਿਆਈ ਭਾਲਦਾ ਰਹਿੰਦਾ ਹੈ। ਫ਼ਰੀਦ ਜੀ ਫ਼ੁਰਮਾਉਂਦੇ ਹਨ ਕਿ ਵਡਿਆਈ ਦਾ ਜਾਮਾ ਬੋਦਾ (ਕਮਜ਼ੋਰ) ਹੁੰਦਾ ਹੈ। ਇਹ ਹੰਢਦਾ ਨਹੀਂ। ਆਪ ਉਪਦੇਸ਼ ਦਿੰਦੇ ਹਨ ਕਿ ਰੱਬ ਦੀ ਬੰਦਗੀ ਕਰੋ। ਸਾਦਾ ਜੀਵਨ ਬਤੀਤ ਕਰੋ। ਮਨ ਵਿਚ ਧੀਰਜ ਰੱਖੋ। ਫ਼ਕੀਰਾਂ ਦੀ ਟਹਿਲ-ਸੇਵਾ ਕਰੋ। ਹਰ ਸਮੇਂ ਪਰਮਾਤਮਾ ਦੇ ਭੈਅ ਵਿਚ ਰਹੋ। ਜਿਹੜਾ ਬੰਦਾ ਚਿੰਤਾ, ਇੱਛਾਵਾਂ, ਗੁੱਸਾ, ਪਰੇਸ਼ਾਨੀ ਅਤੇ ਬੁਰਾਈ ਨੂੰ ਛੱਡ ਦਿੰਦਾ ਹੈ, ਉਸੇ ਨੂੰ ਸੁਖ ਪ੍ਰਾਪਤ ਹੁੰਦਾ ਹੈ। ਬੰਦੇ ਨੂੰ ਨਿਮਾਣੀ ਅਤੇ ਨਿਰਦਾਅਵੇ ਵਾਲੀ ਜ਼ਿੰਦਗੀ ਜਿਉਣੀ ਚਾਹੀਦੀ ਹੈ। ਹੋਰ ਲੋਕਾਂ ਨੂੰ ਖੁਆ ਕੇ ਬਚਿਆ-ਖੁਚਿਆ ਖਾਣਾ ਚਾਹੀਦਾ ਹੈ। ਕੋਈ ਬੰਦਾ ਜਿਸ ਦਮ ਰੱਬ ਨੂੰ ਯਾਦ ਨਹੀਂ ਕਰੇਗਾ, ਉਸੇ ਦਮ ਸ਼ੈਤਾਨ ਉਸ ਦੇ ਸਿਰ ਉਪਰ ਸਵਾਰ ਹੋ ਜਾਵੇਗਾ। ਸੋ ਰੱਬ ਨੂੰ ਕਦੇ ਨਾ ਵਿਸਾਰੋ (ਭੁਲੋ)। ਫ਼ਕੀਰਾਂ ਨੂੰ ਨਸੀਹਤ ਕਰਦੇ ਹੋਏ ਆਪ ਫ਼ਰਮਾਉਂਦੇ ਹਨ ਕਿ ਆਪਣੀ ਫ਼ਕੀਰੀ ਨੂੰ ਛਿਪਾ ਕੇ ਰੱਖੋ। ਇਸ ਨੂੰ ਜ਼ਾਹਰ

ਨਾ ਕਰੋ। ਤਨ ਨੂੰ ਸ਼ਿੰਗਾਰਨਾ-ਸੰਵਾਰਨਾ ਕੋਈ ਸ਼ੋਭਾ ਵਾਲੀ ਗੱਲ ਨਹੀਂ। ਦਿਖਾਵਾ ਬੁਰਾ ਹੈ, ਇਸ ਤੋਂ ਦੂਰ ਰਹੋ। ਦੁਨੀਆਂ ਵਿਚ ਵੱਡਾ ਦਿਸਣ ਦੀ ਖਾਹਿਸ਼ ਫ਼ਕੀਰਾਂ ਲਈ ਚੰਗੀ ਗੱਲ ਨਹੀਂ। ਪੈਸਾ ਸ਼ੈਤਾਨ ਦੀ ਮਲਕੀਅਤ ਹੁੰਦੀ ਹੈ। ਖ਼ੁਸ਼ਹਾਲੀ ਪੈਸੇ ਦੇ ਤਿਆਗ ਵਿਚ ਹੈ। ਜਿਹੜਾ ਮਨੁੱਖ ਰੱਬ ਨੂੰ ਪ੍ਰੇਮ ਕਰਦਾ ਹੈ, ਉਹ ਉਸਦੀ ਰਜ਼ਾ ਵਿਚ ਚਲਦਾ ਹੈ। ਗਿਲੇ ਕਰਨ ਵਾਲਾ ਮਨੁੱਖ ਅਹਿਮਕ ਹੁੰਦਾ ਹੈ। ਕਿਸੇ ਨੂੰ ਬੁਰਾ ਨਾ ਕਹੋ। ਕਿਸੇ ਦਾ ਦਿਲ ਨਾ ਤੋੜੋ। ਹਰ ਮਨੁੱਖ ਦੇ ਦਿਲ ਵਿਚ ਰੱਬ ਵੱਸਦਾ ਹੈ। ਦੁਨੀਆਂ ਤੋਂ ਆਪਣੇ ਆਪ ਨੂੰ ਉਦਾਸ (ਨਿਰਲੇਪ) ਰੱਖੋ ਅਤੇ ਪਰਮਾਤਮਾ ਵੱਲ ਮੂੰਹ ਮੋੜੋ, ਤਾਂ ਹੀ ਅੰਦਰ ਰੌਸ਼ਨੀ ਹੋਵੇਗੀ। ਇਸ ਪ੍ਰਕਾਰ ਫ਼ਰੀਦ ਜੀ ਨੇ ਆਪਣੀ ਇਸ ਰਚਨਾ ਵਿਚ ਬਹੁਤ ਸਾਰੇ ਨੈਤਿਕ ਅਤੇ ਅਧਿਆਤਮਿਕ ਉਪਦੇਸ਼ ਦਿੱਤੇ ਹਨ। ਇਹ ਉਪਦੇਸ਼ ਆਪ ਦੇ ਸਲੋਕਾਂ ਅਤੇ ਸ਼ਬਦਾਂ ਵਿਚ ਵੀ ਰੂਪਮਾਨ ਹੋਏ ਹਨ।

### 1.8.3.4 ਏਕਾਦਸੀ ਮਹਾਤਮ

ਇਹ ਪੁਸਤਕ ਡਾ. ਤਰਲੋਚਨ ਸਿੰਘ ਬੇਦੀ ਨੇ ਪ੍ਰਕਾਸ਼ ਵਿਚ ਲਿਆਂਦੀ ਸੀ। ਇਸ ਨੂੰ ਚੌਦ੍ਹਵੀਂ ਸਦੀ ਦੀ ਰਚਨਾ ਮੰਨਿਆ ਗਿਆ ਹੈ। ਚੰਦਰ-ਮਾਸ ਦੀ ਗਿਆਰ੍ਹਵੀਂ (ਏਕ + ਦਸ = ਗਿਆਰਾਂ) ਮਿਤੀ ਨੂੰ ਇਕਾਦਸ਼ੀ ਕਿਹਾ ਜਾਂਦਾ ਹੈ। ਹਨੇਰ ਪੱਖ ਵਾਲੀ ਵਦੀ-ਇਕਾਦਸ਼ੀ ਹੁੰਦੀ ਹੈ ਅਤੇ ਚਾਨਣ ਪੱਖ ਵਾਲੀ ਨੂੰ ਸੁਦੀ-ਇਕਾਦਸ਼ੀ ਕਿਹਾ ਜਾਂਦਾ ਹੈ। ਵਣਜਾਰਾ ਬੇਦੀ ਨੇ 'ਪਦਮ ਪੁਰਾਣ' ਦੇ ਹਵਾਲੇ ਨਾਲ ਦੱਸਿਆ ਹੈ ਕਿ ਇਕਾਦਸ਼ੀ, ਵਿਸ਼ਨੂੰ ਦੇਵਤੇ ਦੀ ਇਕ ਸ਼ਕਤੀ ਸੀ ਜੋ ਉਸ ਦੇ ਸਰੀਰ ਵਿਚੋਂ ਨਿਦ੍ਰਾ (ਨੀਂਦ) ਅਵਸਥਾ ਵਿਚ ਪ੍ਰਗਟ ਹੋਈ। ਅਸੁਰਾਂ (ਰਾਕਸ਼ਾਂ) ਦਾ ਵਿਨਾਸ਼ ਕਰਨ ਲਈ ਇਹ ਸ਼ਕਤੀ ਇਕ ਤੇਜੱਸਵੀ ਕੰਨਿਆ ਦੇ ਰੂਪ ਵਿਚ ਪੈਦਾ ਹੋਈ ਸੀ ਅਤੇ ਉਸ ਨੇ ਮੁਰੂ ਨਾਮ ਦੇ ਅਸੁਰ ਦਾ ਸੰਘਾਰ ਕੀਤਾ। ਕਥਾ ਅਨੁਸਾਰ ਮੁਰੂ ਨੇ ਦੇਵਤਿਆਂ ਨੂੰ ਅਮਰਾਵਤੀ (ਇੰਦਰਪੁਰੀ) ਵਿਚੋਂ ਕੱਢ ਕੇ ਉਥੇ ਆਪਣਾ ਰਾਜ ਸਥਾਪਿਤ ਕਰ ਲਿਆ ਸੀ। ਮੁਰੂ ਅਤੇ ਹੋਰ ਰਾਕਸ਼ਾਂ ਤੋਂ ਭੈਭੀਤ ਹੋ ਕੇ ਸਾਰੇ ਦੇਵਤੇ, ਵਿਸ਼ਨੂੰ ਦੀ ਸ਼ਰਨ ਵਿਚ ਚਲੇ ਗਏ। ਵਿਸ਼ਨੂੰ ਨੇ ਰਾਕਸ਼ਾਂ ਉਪਰ ਹਮਲਾ ਕਰ ਦਿੱਤਾ ਪਰ ਰਾਕਸ਼ ਬ੍ਰਹਮਾ ਦੇ ਵਰਦਾਨ ਕਾਰਨ ਬਚੇ ਰਹੇ। ਇਕ ਦਿਨ ਥੱਕਿਆ ਹੋਇਆ ਵਿਸ਼ਨੂੰ ਇਕ ਗੁਫ਼ਾ ਵਿਚ ਸੌਂ ਗਿਆ। ਇਸੇ ਅਵਸਥਾ ਵਿਚੋਂ ਇਕਾਦਸ਼ੀ ਪ੍ਰਗਟ ਹੋਈ ਅਤੇ ਉਸ ਨੇ ਮੁਰੂ ਦਾ ਸੰਘਾਰ ਕਰ ਦਿੱਤਾ। ਸਨਾਤਨ ਧਰਮ ਵਿਚ ਇਕਾਦਸ਼ੀ ਦਾ ਵਰਤ ਰੱਖਣ ਨੂੰ ਸ਼ੁਭ ਮੰਨਿਆ ਜਾਂਦਾ ਹੈ। *'ਵਾਰਤਕ ਵਿਰਸਾ'* ਵਿਚ ਸੰਕਲਿਤ ਟੁਕੜੀ ਦੇ ਤਿੰਨ ਭਾਗ ਹਨ। (ੳ) ਭਾਗ ਵਿਚ ਬ੍ਰਹਮਾ ਜੀ, ਨਾਰਦ ਮੁਨੀ ਨੂੰ ਇਕਾਦਸ਼ੀ ਦਾ ਮਹਾਤਮ ਸਮਝਾਉਂਦੇ ਹਨ। (ਅ) ਭਾਗ ਵਿਚ ਮੁਰੂ ਦੈਂਤ ਦੀ ਮਨਬਚਨੀ ਅੰਕਿਤ ਹੋਈ ਹੈ। ਮੁਰੂ ਇਕਾਦਸ਼ੀ ਨਾਲ ਬਚਨ-ਬਿਲਾਸ ਕਰਦਾ ਦੱਸਿਆ ਗਿਆ ਹੈ। (ੲ) ਭਾਗ ਵਿਚ ਯੁਧਿਸ਼ਟਰ ਅਤੇ ਸ੍ਰੀ ਕ੍ਰਿਸ਼ਨ ਦਾ ਸੰਬਾਦ ਹੈ। ਕ੍ਰਿਸ਼ਨ ਜੀ ਯੁਧਿਸ਼ਟਰ ਨੂੰ ਇਕਾਦਸ਼ੀ ਦਾ ਮਹਾਤਮ ਸਮਝਾਉਂਦੇ ਹਨ। ਇਸ ਦਿਨ ਭਗਵਾਨ ਦੀ ਪੂਜਾ ਕਰਨੀ ਚਾਹੀਦੀ ਹੈ।

## 1.8.4 ਮੱਧ ਕਾਲ (1500-1700 ਈ.)

ਮੱਧ ਕਾਲ ਅਸਲ ਵਿੱਚ 'ਗੁਰੂ ਕਾਲ' ਜਾਂ ਗੁਰੂ ਨਾਨਕ ਕਾਲ ਹੈ। ਇਸ ਕਾਲ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਦਸ ਗੁਰੂ ਸਾਹਿਬਾਨ ਪੰਜਾਬ ਅਤੇ ਭਾਰਤ ਦੀ ਧਰਤੀ ਉਪਰ ਵਿਚਰੇ। ਗੁਰੂ ਸਾਹਿਬਾਨ ਨੇ ਸਾਹਿਤ ਨੂੰ ਸਮਾਜਿਕ ਪਰਿਵਰਤਨ ਅਤੇ ਸੁਤੰਤਰਤਾ ਪ੍ਰਾਪਤੀ ਦਾ ਮਾਧਿਅਮ ਬਣਾਇਆ। ਇਸ ਕਾਲ ਵਿਚ ਪੰਜਾਬੀ ਸਾਹਿੱਤ ਦੇ ਸਮੂਹ ਰੂਪਾਂ ਨੇ ਬਹੁਤ ਪ੍ਰਗਤੀ ਕੀਤੀ।

ਪੰਜਾਬੀ ਵਾਰਤਕ ਵੀ ਇਸੇ ਕਾਲ ਵਿਚ ਵਿਗਸੀ ਅਤੇ ਨਿਖਰੀ। *'ਵਾਰਤਕ ਵਿਰਸਾ'* ਪੁਸਤਕ ਵਿਚ ਇਸ ਕਾਲ ਦੀਆਂ ਕੁੱਝ ਪ੍ਰਮੁੱਖ ਵੰਨਗੀਆਂ ਸੰਕਲਿਤ ਕੀਤੀਆਂ ਗਈਆਂ ਹਨ: (1) ਗੋਸਟਿ ਆਤਮੇ ਪਰਮਾਤਮੇ ਕੀ (2) ਸੱਚਾ ਸੌਦਾ (ਜਨਮ ਸਾਖੀ) (3) ਗੋਸ਼ਟਿ ਸ੍ਰੀ ਗੋਪੀ ਚੰਦ ਕੀ (4) ਪ੍ਰਥਮ ਬਚਨ (5) ਸਿੱਖਾਂ ਦੀ ਭਗਤਮਾਲਾ। ਇਨ੍ਹਾਂ ਵਾਰਤਕ ਵੰਨਗੀਆਂ ਵਿਚ ਅੰਕਿਤ ਹੋਏ ਵਿਸ਼ੈ ਅਤੇ ਸਰੋਕਾਰ ਇਸ ਪ੍ਰਕਾਰ ਹਨ:

## 1.8.4.1 ਗੋਸਟਿ ਆਤਮੇ ਪਰਾਤਮੇ ਕੀ: ਦੇਹੀ ਕਾ ਬੀਚਾਰੁ

ਇਹ ਗੋਸ਼ਟਿ ਪੰਜਾਬੀ ਦੀ ਇਕ ਪ੍ਰਸਿੱਧ ਵਾਰਤਕ ਰਚਨਾ 'ਪ੍ਰਾਣ ਸੰਗਲੀ' ਵਿਚੋਂ ਲਈ ਗਈ ਹੈ। 'ਪ੍ਰਾਣ ਸੰਗਲੀ' ਦੇ ਕਰਤ੍ਰਿਤਵ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਨਾਲ ਜੋੜਿਆ ਜਾਂਦਾ ਹੈ ਪਰ ਇਹ ਧਾਰਨਾ ਸੰਦਿਗਧ ਹੈ। 'ਪ੍ਰਾਣ ਸੰਗਲੀ' ਦਾ ਸ਼ਾਬਦਿਕ ਅਰਥ ਸਵਾਸਾਂ ਦੀ ਲੜੀ (ਸੰਗਲੀ ) ਹੈ। ਇਹ ਰਚਨਾ ਸਵਾਸਾਂ ਅਤੇ ਸਰੀਰ ਦੇ ਸੰਬੰਧਾਂ ਬਾਰੇ ਡੂੰਘੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਪੁਸਤਕ ਦਾ ਵਿਸ਼ੈ-ਵਸਤੂ 'ਯੋਗ ਸ਼ਾਸਤਰ' ਦੇ ਆਲੇ-ਦੁਆਲੇ ਘੁੰਮਦਾ ਹੈ। ਇਸ ਗ੍ਰੰਥ ਵਿਚ ਕਾਇਆ (ਸਰੀਰ) ਸਿੱਧੀ ਉਪਰ ਜ਼ੋਰ ਦਿੱਤਾ ਗਿਆ ਹੈ। (ਵਾਰਤਕ ਵਿਰਸਾ, ਪੰਨਾ 81) ਯੋਗ ਸ਼ਾਸਤਰ ਅਨੁਸਾਰ ਸ਼ਬਦ ਦੀ ਉਤਪਤੀ ਉਨਮਨ (ਸੁੰਨ) ਅਵਸਥਾ ਵਿਚੋਂ ਹੁੰਦੀ ਹੈ। ਇਸ ਕਾਰਨ ਇਸ ਅਵਸਥਾ ਦਾ ਬੋਧ ਮਨੁੱਖ ਲਈ ਅਤਿਅੰਤ ਜਰੂਰੀ ਹੈ।

ਇਸ ਗੋਸ਼ਟਿ ਦੇ ਆਰੰਭ ਵਿਚ ਭਗਤ ਬੇਣੀ ਜੀ ਦੇ ਇਕ 'ਸ਼ਬਦ' ਦੀਆਂ ਦੋ ਪੰਕਤੀਆਂ ਦਿੱਤੀਆਂ ਗਈਆਂ ਹਨ। ਬੇਣੀ ਜੀ ਨੇ ਯੋਗ-ਸਾਧਨਾ ਦਾ ਖੰਡਨ ਕਰਦਿਆਂ ਹੋਇਆ ਫਰਮਾਇਆ ਸੀ ਕਿ ਪਰਮਾਨੰਦ ਦੀ ਪ੍ਰਾਪਤੀ ਲਈ ਇੜਾ, ਪਿੰਗਲਾ ਅਤੇ ਸੁਖਮਨਾ ਆਦਿ ਨਾੜੀਆਂ ਦੀ ਸਾਧਨਾ ਜਾਂ ਅਭਿਆਸ ਦੀ ਕੋਈ ਜ਼ਰੂਰਤ ਨਹੀਂ। ਮਨੁੱਖ ਨੂੰ ਤ੍ਰਿਵੇਣੀ (ਗੰਗਾ, ਜਮਨਾ ਤੇ ਸਰਸਵਤੀ ਜੋ ਪ੍ਰਯਾਗ ਦੇ ਸਥਾਨ ਉਪਰ ਇੱਕਠੀਆਂ ਹੁੰਦੀਆਂ ਹਨ) ਇਸ਼ਨਾਨ ਦੀ ਵੀ ਕੋਈ ਲੋੜ ਨਹੀਂ ਹੈ। ਮਨੁੱਖੀ ਮਨ ਪ੍ਰਭੂ-ਮਿਲਾਪ ਵਿਚ ਹੀ ਸਰਬ ਸੁਖ ਪ੍ਰਾਪਤ ਕਰ ਲੈਂਦਾ ਹੈ ਅਤੇ ਮਾਇਆ ਦੇ ਤਿੰਨੇ ਗੁਣਾਂ (ਰਜੋ, ਤਮੋ ਤੇ ਸਭੋ) ਤੋਂ ਉਪਰ ਉਠ ਜਾਂਦਾ ਹੈ। ਇਉਂ ਇਸ ਗੋਸ਼ਟਿ ਵਿਚ ਨਾਥ-ਜੋਗੀਆਂ ਦੇ ਹਠ ਯੋਗ ਦਾ ਖੰਡਨ ਕੀਤਾ ਗਿਆ ਹੈ। ਇਸ ਗੋਸ਼ਟਿ ਦਾ ਵਿਸ਼ੈ-ਵਸਤੂ ਗੁਰਬਾਣੀ ਅਤੇ ਗੁਰਮਤਿ ਨਾਲ ਮੇਲ ਖਾਂਦਾ ਹੈ।

## 1.8.4.2 ਸੱਚਾ ਸੌਦਾ

ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਤ ਇਹ ਸਾਖੀ *'ਭਾਈ ਬਾਲੇ ਵਾਲੀ ਜਨਮਸਾਖੀ'* ਵਿਚੋਂ ਲਈ ਗਈ ਹੈ। ਇਸ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਪਿਤਾ ਸ੍ਰੀ ਮਹਿਤਾ ਕਾਲੂ ਨੇ ਆਪ ਨੂੰ ਇਕ ਵਾਰ ਵੀਹ ਰੁਪਏ ਦੇ ਕੇ ਭੇਹਰੇ ਸ਼ਹਿਰ ਤੋਂ ਕੁਝ ਚੀਜ਼ਾਂ (ਸੌਦਾ) ਲਿਆਉਣ ਵਾਸਤੇ ਭੇਜਿਆ ਅਤੇ ਕਿਹਾ ਕਿ ਸਾਰੀਆਂ ਚੀਜ਼ਾਂ ਧਿਆਨ ਨਾਲ ਖ਼ਰੀਦਣੀਆਂ ਹਨ ਤਾਂ ਕਿ ਸੌਦੇ ਵਿਚ ਕੋਈ ਘਾਟਾ ਨਾ ਪੈ ਜਾਵੇ। ਗੁਰੂ ਨਾਨਕ ਦੇਵ ਜੀ ਅਤੇ ਭਾਈ ਬਾਲਾ ਸੌਦਾ ਲੈਣ ਵਾਸਤੇ ਨਗਰ ਨੂੰ ਚੱਲ ਪਏ। ਰਾਹ ਵਿਚ ਉਨ੍ਹਾਂ ਨੂੰ ਇਕ ਸਾਧੂਆਂ ਦੀ ਟੋਲੀ ਮਿਲੀ। ਇਹ ਸਾਰੇ ਸਾਧੂ ਨਾਂਗੇ ਸਨ। ਗੁਰੂ ਸਾਹਿਬ ਉਨ੍ਹਾਂ ਪਾਸ ਰੁਕ ਗਏ ਅਤੇ ਗੱਲਬਾਤ ਕੀਤੀ। ਗੁਰੂ ਜੀ ਨੂੰ ਪਤਾ ਚੱਲਿਆ ਕਿ ਉਹ ਸਾਧੂ ਕਈ ਦਿਨਾਂ ਦੇ ਭੁੱਖਣਭਾਣੇ ਸਨ। ਗੁਰੂ ਸਾਹਿਬ ਨੇ ਵੀਹ ਰੁਪਇਆਂ ਦੀ ਰਸਦ ਅਤੇ ਲੱਕੜ-ਬਾਲਣ ਖਰੀਦ ਕੇ ਸਾਧੂਆਂ ਦੇ ਹਵਾਲੇ ਕੀਤਾ ਅਤੇ ਆਪ ਖ਼ਾਲੀ ਹੱਥ ਵਾਪਸ ਪਰਤ ਆਏ।

ਪਿੰਡ ਆ ਕੇ ਘਰ ਜਾਣ ਦੀ ਬਜਾਇ ਆਪ ਰੁੱਖਾਂ ਦੇ ਇਕ ਝੁੰਡ ਵਿਚ ਛਿਪ ਕੇ ਬੈਠ ਗਏ। ਉਨ੍ਹਾਂ ਨੂੰ ਪਤਾ ਸੀ ਕਿ ਪਿਤਾ ਨੂੰ ਵੀਹ ਰੁਪਇਆਂ ਦੇ ਨੁਕਸਾਨ ਬਾਰੇ ਜਾਣ ਕੇ ਬਹੁਤ ਗੁੱਸਾ ਚੜ੍ਹੇਗਾ। ਪਿਤਾ ਨੇ ਭਾਈ ਬਾਲੇ ਨੂੰ ਨਾਲ ਲੈ ਕੇ ਗੁਰੂ ਨਾਨਕ ਨੂੰ ਲੱਭ ਲਿਆ ਅਤੇ ਵੀਹ ਰੁਪਏ ਬਰਬਾਦ ਕਰਨ ਦੇ ਕਸੂਰ ਲਈ ਦੋ ਚਪੇੜਾਂ ਮਾਰ ਦਿੱਤੀਆਂ। ਬੀਬੀ ਨਾਨਕੀ ਨੇ ਪਿਤਾ ਪਾਸੋਂ ਮੁਆਫ਼ੀ ਮੰਗ ਕੇ ਗੁਰੂ ਜੀ ਨੂੰ ਹੋਰ ਕੁੱਟ-ਮਾਰ ਤੋਂ ਬਚਾ ਲਿਆ।

ਤਲਵੰਡੀ ਦੇ ਹਾਕਮ ਰਾਇ ਬੁਲਾਰ ਨੂੰ ਪਤਾ ਚਲਿਆ ਤਾਂ ਉਸਨੇ ਮਹਿਤਾ ਕਾਲੂ ਅਤੇ ਗੁਰੂ ਜੀ ਨੂੰ ਆਪਣੀ ਹਵੇਲੀ ਵਿਚ ਬੁਲਾ ਲਿਆ। ਉਸ ਨੇ ਮਹਿਤਾ ਕਾਲੂ ਨੂੰ ਬਹੁਤ ਝਿੜਕਿਆ ਕਿ ਉਸਨੇ ਗੁਰੂ ਸਾਹਿਬ ਨੂੰ ਕਿਉਂ ਮਾਰਿਆ ਹੈ? ਉਸ ਨੇ ਮਹਿਤਾ ਕਾਲੂ ਨੂੰ ਵੀਹ ਰੁਪਏ ਦੇ ਦਿੱਤੇ ਅਤੇ ਕਿਹਾ ਕਿ ਦੁਨੀਆਂ ਦੀ ਸਾਰੀ ਦੌਲਤ ਗੁਰੂ ਨਾਨਕ ਦੇ ਚਰਨਾਂ ਵਿਚ ਪਈ ਹੈ। ਅਸੀਂ-ਤੁਸੀਂ ਸਭ ਇਸੇ ਦੌਲਤ ਨੂੰ ਖਾਂਦੇ-ਖਰਚਦੇ ਹਾਂ। ਇਸ ਲਏ ਅੱਗੇ ਤੋਂ ਗੁਰੂ ਨਾਨਕ ਨੂੰ ਕੁਝ ਨਹੀਂ ਕਹਿਣਾ। ਰਾਇ ਬੁਲਾਰ ਨੇ ਗੁਰੂ ਸਾਹਿਬ ਦੀ ਦੈਵ ਪ੍ਰਤਿਭਾ ਨੂੰ ਪਹਿਚਾਣ ਲਿਆ ਸੀ। ਗੁਰੂ ਨਾਨਕ ਦੇਵ ਜੀ ਸੱਚਾ ਸੌਦਾ (ਵਪਾਰ) ਕਰਦੇ ਸਨ। ਭੁੱਖੇ ਸਾਧੂਆਂ ਨੂੰ ਲੰਗਰ ਛਕਾਉਣ ਤੋਂ ਉੱਤਮ ਉਨ੍ਹਾਂ ਵਾਸਤੇ ਹੋਰ ਕੋਈ ਕੰਮ ਨਹੀਂ ਸੀ। ਆਪ ਆਰਥਿਕ ਲਾਭ-ਹਾਨ ਵੇਖਣ ਦੀ ਬਜਾਇ ਅਧਿਆਤਮਕ ਕਾਰੋਬਾਰ ਨੂੰ ਤਰਜੀਹ ਦਿੰਦੇ ਸਨ।

## 1.8.4.3 ਗੋਸ਼ਟਿ ਸ੍ਰੀ ਗੋਪੀ ਚੰਦਿ ਕੀ

ਇਹ ਗੋਸ਼ਟਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ ਪੁਸਤਕ *'ਗੋਸ਼ਟੀਆਂ'* ਵਿਚੋਂ ਲਈ ਗਈ ਹੈ। ਇਸ ਪੁਸਤਕ ਦੇ ਤਿੰਨ ਉਪਭਾਗ ਹਨ: (1) ਗੋਸ਼ਟਾਂ ਸਿੱਧਾਂ ਜੋਗੀਆਂ ਦੀਆਂ (2) ਗੋਸ਼ਟਾਂ ਭਗਤਾਂ ਦੀਆਂ (3) ਗੋਸ਼ਟਾਂ ਗੁਰੂਆਂ ਦੀਆਂ। ਵਿਚਾਰਾਧੀਨ ਗੋਸ਼ਟਿ 'ਸਿੱਧਾਂ ਜੋਗੀਆਂ ਦੀਆਂ ਗੋਸ਼ਟਾਂ' ਵਿਚੋਂ ਲਈ ਗਈ ਹੈ। ਇਸ ਗੋਸ਼ਟਿ ਵਿਚ ਰਾਜਾ ਗੋਪੀਚੰਦ ਦੇ ਜੋਗੀ ਬਣਨ ਦਾ ਬਿਰਤਾਂਤ ਅੰਕਿਤ ਹੋਇਆ ਹੈ। ਗੋਸ਼ਟਿ ਅਨੁਸਾਰ ਇਕ ਦਿਨ ਰਾਜਾ ਗੋਪੀਚੰਦ ਆਪਣੇ ਮਹਿਲਾਂ ਦੇ ਆਂਗਣ ਵਿਚ ਬੈਠਾ ਮਾਲਿਸ਼ ਕਰਵਾ ਰਿਹਾ ਸੀ ਕਿ ਅਚਾਨਕ ਪਾਣੀ ਦੀ ਇਕ ਬੂੰਦ ਉਸ ਦੀ ਪਿੱਠ ਉਤੇ ਡਿੱਗ ਪਈ। ਰਾਜੇ ਨੇ ਹੈਰਾਨ ਹੋ ਕੇ ਉਪਰ ਵੱਲ ਵੇਖਿਆ ਤਾਂ ਉਸ ਦੀ ਮਾਂ ਉਪਰਲੇ ਭਵਨ ਦੀ ਖਿੜਕੀ ਵਿਚ ਬੈਠੀ ਰੋ ਰਹੀ ਸੀ। ਰਾਜੇ ਨੇ ਫ਼ੌਰਨ ਉਪਰ ਜਾ ਕੇ ਆਪਣੀ ਮਾਂ ਤੋਂ ਰੋਣ ਦਾ ਕਾਰਨ ਪੁੱਛਿਆ। ਮਾਤਾ ਨੇ ਦੱਸਿਆ ਕਿ ਤੇਰੀ ਇਤਨੀ ਸੁੰਦਰ ਦੇਹੀ ਹੈ ਪਰ ਇਕ ਦਿਨ ਇਹ ਜਰਜਰੀ ਹੋ ਕੇ ਖ਼ਤਮ ਹੋ ਜਾਵੇਗੀ। ਮੈਂ ਇਸ ਕਾਰਨ ਵਿਰਲਾਪ ਕਰ ਰਹੀ ਹਾਂ। ਰਾਜੇ ਨੇ ਇਸ ਦਾ ਕੋਈ ਇਲਾਜ ਪੁੱਛਿਆ ਤਾਂ ਮਾਤਾ ਨੇ ਕਿਹਾ ਕਿ ਜੋਗੀ, ਸੱਪ ਅਤੇ ਰੁੱਖ ਕਦੇ ਬੁੱਢੇ ਨਹੀਂ ਹੁੰਦੇ। ਤੂੰ ਗੋਰਖ ਨਾਥ ਪਾਸ ਜਾ ਉਹ ਤੈਨੂੰ ਸਦਾ ਜਵਾਨ ਰਹਿਣ ਦੀ ਕੋਈ ਵਿਧੀ ਦੱਸ ਦੇਵੇਗਾ।

ਰਾਜਾ ਗੋਪੀਚੰਦ ਗੋਰਖ ਨਾਥ ਪਾਸ ਪਹੁੰਚਿਆ ਅਤੇ ਜੋਗ ਧਾਰਨ ਕਰ ਲਿਆ। ਗੋਰਖ ਨੇ ਉਸ ਨੂੰ ਰੋਟੀਆਂ ਮੰਗ ਕੇ ਲਿਆਉਣ ਵਾਸਤੇ ਭੇਜ ਦਿੱਤਾ। ਰਾਜਾ ਆਪਣੇ ਮਹਿਲਾਂ ਵੱਲ ਭਿਖਿਆ ਲੈਣ ਲਈ ਚੱਲ ਪਿਆ। ਉਸ ਨੂੰ ਭਿਕਸ਼ੂ ਦੇ ਰੂਪ ਵਿਚ ਵੇਖ ਕੇ ਰਾਣੀਆਂ ਰੋਣ ਲੱਗ ਪਈਆਂ। ਕਹਿਣ ਲੱਗੀਆਂ, "ਤੁਹਾਨੂੰ ਰੋਟੀ ਕੌਣ ਦੇਊ, ਤੁਹਾਡਾ ਬਿਸਤਰ ਕੌਣ ਵਿਛਾਊ ਅਤੇ ਤੁਹਾਡੇ ਨਾਲ ਗੱਲਾਂ ਕੌਣ ਕਰੂ?" ਰਾਜੇ ਨੇ ਉੱਤਰ ਦਿੱਤਾ, "ਘਰ-ਘਰ ਵਿਚ ਖਾਣਾ ਬਣਦਾ ਹੈ, ਸਾਰੀ ਧਰਤੀ ਮੇਰਾ ਬਿਸਤਰ ਹੈ ਅਤੇ ਮੈਂ ਨਿਰੰਜਨ (ਪਰਮਾਤਮਾ) ਨਾਲ ਗੱਲਾਂ ਕਰਿਆ ਕਰਾਂਗਾ।" ਰਾਜੇ ਦੀ ਮਾਂ ਆਈ ਤਾਂ ਉਸ ਨੂੰ ਵੀ ਗੋਪੀ

ਚੰਦ ਨੇ ਇਹੀ ਉਤਰ ਦਿੱਤਾ। ਇਉਂ ਇਸ ਗੋਸ਼ਟੀ ਵਿਚ ਰਾਜਾ ਗੋਪੀਚੰਦ ਦੇ ਜੋਗੀ ਬਣ ਜਾਣ ਦੀ ਕਥਾ ਨੂੰ ਵਾਰਤਾਲਾਪ ਦੁਆਰਾ ਬਿਆਨ ਕੀਤਾ ਗਿਆ ਹੈ।

## 1.8.4.4 ਪ੍ਰੇਮ ਸੁਮਾਰਗ ਗ੍ਰੰਥ

ਵਾਰਤਕ ਵਿਰਸਾ ਦੇ ਸੰਪਾਦਕਾਂ ਨੇ ਪ੍ਰੇਮ ਸੁਮਾਰਗ ਗ੍ਰੰਥ ਦੇ ਨੌਵੇਂ ਅਧਿਆਇ ਵਿਚੋਂ ਦਸ ਬਚਨ ਲਏ ਹਨ। ਇਹ ਦਸ ਬਚਨ ਖ਼ਾਲਸਾਈ ਜੀਵਨ ਜਾਚ ਦਾ ਇਕ ਨੀਤੀ-ਸ਼ਾਸਤਰ ਜਾਂ ਵਿਆਕਰਣ ਹਨ। ਇਨ੍ਹਾਂ ਨੂੰ ਸਿੱਖ ਰਹਿਤ ਮਰਯਾਦਾ ਦੇ ਅੰਤਰਗਤ ਵੀ ਰੱਖਿਆ ਜਾ ਸਕਦਾ ਹੈ। ਪਹਿਲੇ ਬਚਨ ਵਿਚ ਇਕ ਗੁਰਸਿੱਖ ਨੂੰ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਆਪਣੇ ਤੋਂ ਵਡੇਰਿਆਂ ਨੂੰ ਪ੍ਰਣਾਮ ਕਰਨ ਅਤੇ ਇਸ਼ਨਾਨ ਆਦਿ ਕਰਨ ਉਪਰੰਤ ਗੁਰੂ ਘਰ ਵਿਚ ਹਾਜ਼ਰ ਹੋ ਕੇ ਬਾਣੀ ਸੁਣਨ ਦਾ ਉਪਦੇਸ਼ ਦਿੱਤਾ ਗਿਆ ਹੈ। ਦੂਜੇ ਬਚਨ ਵਿਚ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢਣ ਅਤੇ ਕਰਜ਼ ਅਦਾ ਕਰਨ ਬਾਰੇ ਆਦੇਸ਼ ਦਿੱਤਾ ਹੈ। ਤੀਜੇ ਬਚਨ ਵਿਚ ਮਰਨ ਤੋਂ ਬਾਅਦ ਮ੍ਰਿਤਕ ਦੀ ਧਨ-ਦੌਲਤ ਅਤੇ ਜਾਇਦਾਦ ਦੀ ਵੰਡ ਬਾਰੇ ਸੁਝਾਅ ਦਿੱਤੇ ਗਏ ਹਨ। ਚੌਥੇ ਬਚਨ ਵਿਚ ਵੀ ਇਸੇ ਵਿਸ਼ੈ ਦਾ ਵਿਸਤਾਰ ਹੈ। ਪੰਜਵੇਂ ਬਚਨ ਵਿਚ ਰਾਜਿਆਂ-ਮਹਾਰਾਜਿਆਂ ਦੇ ਅਧਿਕਾਰੀਆਂ ਦੀ ਦੌਲਤ ਅਤੇ ਜਾਇਦਾਦ ਦੇ ਨਿਪਟਾਰੇ ਬਾਰੇ ਦੱਸਿਆ ਗਿਆ ਹੈ।

ਛੇਵੇਂ ਬਚਨ ਵਿਚ ਦੱਸਿਆ ਗਿਆ ਹੈ ਕਿ ਜਦੋਂ ਕੋਈ ਵਸਤੂ ਧਰਤੀ ਉਪਰ ਲੱਭੇ ਤਾਂ ਉਸ ਨੂੰ ਵੰਡ ਲੈਣਾ ਚਾਹੀਦਾ ਹੈ। ਸੱਤਵੇਂ ਬਚਨ ਵਿਚ ਪਰਸਪਰ ਝਗੜੇ ਜਾਂ ਮੁੱਕਦਮਿਆਂ ਦੇ ਨਿਪਟਾਰੇ ਦੀ ਵਿਧੀ ਸਮਝਾਈ ਗਈ ਹੈ। ਅੱਠਵੇਂ ਬਚਨ ਵਿਚ ਵਿਆਹ-ਸ਼ਾਦੀ ਅਤੇ ਸੰਤਾਨ ਨਾਲ ਸੰਬੰਧਤ ਪੈਦਾ ਹੋਣ ਵਾਲੇ ਵਿਵਾਦਾਂ ਦੇ ਸਮਾਧਾਨ ਬਾਰੇ ਨਸੀਹਤ ਕੀਤੀ ਗਈ ਹੈ। ਨੌਵੇਂ ਅਧਿਆਇ ਵਿਚ ਅਮਾਨਤ ਵਿਚ ਖਿਆਨਤ ਨਾ ਕਰਨ ਦਾ ਉਪਦੇਸ਼ ਅੰਕਿਤ ਹੈ। ਦਸਵੇਂ ਅਧਿਆਇ ਵਿਚ ਕਰਜ਼ਾ ਲੈਣ ਦੀਆਂ ਹਾਨੀਆਂ ਅਤੇ ਕਰਜ਼ ਦੇਣ ਵਾਲੇ ਸ਼ਾਹੂਕਾਰਾਂ ਨੂੰ ਵਿਆਜ ਨਾ ਲੈਣ ਬਾਰੇ ਉਪਦੇਸ਼ ਕੀਤਾ ਗਿਆ ਹੈ। ਕਰਜ਼ਦਾਰ ਨੂੰ ਵੀ ਚਾਹੀਦਾ ਹੈ ਕਿ ਉਹ ਸ਼ਾਹੂਕਾਰ ਦੇ ਬਿਨਾਂ ਤਕਾਜ਼ਾ ਕੀਤਿਆਂ ਕਰਜ਼ਾ ਮੋੜ ਦੇਵੇ। ਇਸ ਪ੍ਰਕਾਰ ਇਸ ਪਾਠ ਵਿਚ ਗੁਰਸਿੱਖਾਂ ਨੂੰ ਨਿਤਾਪ੍ਰਤਿ ਦੇ ਆਚਾਰ-ਵਿਹਾਰ ਦੀ ਵਿਧੀ ਸਮਝਾਈ ਗਈ ਹੈ।

## 1.8.4.5 ਸਿੱਖਾਂ ਦੀ ਭਗਤਮਾਲਾ

ਸਿੱਖਾਂ ਦੀ ਭਗਤਮਾਲਾ ਪ੍ਰਸਿੱਧ ਸਿੱਖ ਵਿਦਵਾਨ ਭਾਈ ਮਨੀ ਸਿੰਘ ਦੀ ਰਚਨਾ ਹੈ। ਇਸ ਪੁਸਤਕ ਵਿਚ ਦਸ ਗੁਰੂ ਸਾਹਿਬਾਨ ਦੇ ਉਘੇ ਸਿੱਖਾਂ ਦਾ ਬਿਰਤਾਂਤ ਦਰਜ ਹੈ। ਇਸ ਪੁਸਤਕ ਦਾ ਇਕ ਹੋਰ ਨਾਮ ਭਗਤ ਰਤਨਾਵਲੀ ਹੈ। ਭਾਈ ਸਾਹਿਬ ਦੀ ਇਕ ਹੋਰ ਰਚਨਾ ਗਿਆਨ ਰਤਨਾਵਲੀ ਵੀ ਪੰਜਾਬੀ ਵਾਰਤਕ ਦੀ ਮਹੱਤਵਪੂਰਨ ਉਪਲੱਬਧੀ ਹੈ। *'ਸਿੱਖਾਂ ਦੀ ਭਗਤਮਾਲਾ'* ਦੀ ਤੇਰ੍ਹਵੀਂ ਪਉੜੀ ਅਤੇ ਪਹਿਲੀ ਸਾਖੀ *'ਵਾਰਤਕ ਵਿਰਸਾ'* ਵਿਚ ਅੰਕਿਤ ਕੀਤੀ ਗਈ ਹੈ। ਇਸ ਸਾਖੀ ਅਨੁਸਾਰ ਤਾਰੂ ਪੋਪਟ, ਮੂਲਾ ਕੀੜੁ, ਪਿਰਥਾ ਖੇੜੀ, ਭਾਈ ਮਰਦਾਨਾ, ਪ੍ਰਿਥੀਮਲ ਸਹਿਗਲ, ਰਾਮ ਡਿਡੀ, ਦੌਲਤ ਖਾਨ ਲੋਧੀ ਅਤੇ ਮਾਲੋ ਮਾਂਗਾ ਆਦਿ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸਿੱਖ ਸਨ। ਤਾਰੂ ਪੋਪਟ ਦਸਾਂ ਵਰ੍ਹਿਆਂ ਦੀ ਬਾਲ-ਅਵਸਥਾ ਵਿਚ ਹੀ ਗੁਰੂ ਸਾਹਿਬ ਦੀ ਸ਼ਰਨ ਵਿਚ ਆ ਗਿਆ ਸੀ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਅਜੇ ਤੇਰੀ ਉਮਰ ਛੋਟੀ ਹੈ। ਪਹਿਲਾਂ ਘਰ-ਬਾਰ ਦਾ ਸੁਖ ਮਾਣ। ਬਾਅਦ ਵਿਚ ਅਧਿਆਤਮਕ ਮਾਰਗ ਉਪਰ ਚੱਲ ਪਵੀਂ। ਇਹ ਸੁਣ ਕੇ ਭਾਈ ਤਾਰੂ ਨੇ ਬੇਨਤੀ ਕੀਤੀ ਕਿ ਮੌਤ ਦਾ ਕੀ ਪਤਾ ਕਦੋਂ

ਆ ਜਾਵੇ? ਜਿਵੇਂ ਅੱਗ ਪਹਿਲਾਂ ਛੋਟੀਆਂ ਲੱਕੜਾਂ ਨੂੰ ਪੈਂਦੀ ਹੈ, ਇਸੇ ਪ੍ਰਕਾਰ ਮੌਤ ਵੀ ਛੋਟੀ ਉਮਰ ਵਿਚ ਆ ਸਕਦੀ ਹੈ। ਉਸ ਦੇ ਇਹ ਬਚਨ ਸੁਣ ਕੇ ਗੁਰੂ ਨਾਨਕ ਦੇਵ ਜੀ ਬਹੁਤ ਪ੍ਰਸੰਨ ਹੋਏ ਅਤੇ ਉਸ ਨੂੰ ਆਸ਼ੀਰਵਾਦ ਦਿੱਤਾ ਕਿ ਤੂੰ ਕੁਲ-ਤਾਰ ਦੇਵੇਂਗਾ। ਗੁਰੂ ਜੀ ਨੇ ਦੱਸਿਆ ਕਿ ਇਕ ਰਾਜੇ ਨੇ ਬਹੁਤ ਸੁੰਦਰ ਮੰਦਰ ਬਣਾਇਆ ਸੀ, ਜਿਸ ਦੀ ਇਕ ਦੀਵਾਰ ਵਿਚ ਸੋਨੇ ਦੀਆਂ ਮੂਰਤੀਆਂ ਜੜੀਆਂ ਹੋਈਆਂ ਸਨ। ਰਾਜੇ ਨੇ ਇਕ ਹੋਰ ਮਿਸਤਰੀ ਨੂੰ ਉਹੋ ਜਿਹੀ ਦੀਵਾਰ ਬਣਾਉਣ ਦਾ ਹੁਕਮ ਦਿੱਤਾ ਤਾਂ ਉਸ ਮਿਸਤਰੀ ਨੇ ਮੂਰਤੀਆਂ ਵਾਲੀ ਦੀਵਾਰ ਦੇ ਸਾਹਮਣੇ ਵਾਲੀ ਦੀਵਾਰ ਨੂੰ ਪੋਚ-ਪੋਚ ਕੇ ਸ਼ੀਸ਼ੇ ਵਰਗੀ ਬਣਾ ਦਿੱਤਾ। ਹੁਣ ਉਸ ਦੀਵਾਰ ਵਿਚ ਸੋਨ-ਮੂਰਤੀਆਂ ਦਾ ਅਕਸ ਪੈਣ ਲੱਗਾ ਅਤੇ ਉਹ ਦੀਵਾਰ ਵੀ ਪਹਿਲੀ ਦੀਵਾਰ ਵਰਗੀ ਖ਼ੂਬਸੂਰਤ ਬਣ ਗਈ। ਗੁਰਸਿੱਖਾਂ ਨੂੰ ਆਪਣਾ ਹਿਰਦਾ ਸ਼ੀਸ਼ੇ ਵਰਗਾ ਸ਼ੁੱਧ ਰੱਖਣਾ ਚਾਹੀਦਾ ਹੈ। ਸ਼ੁੱਧ ਹਿਰਦੇ ਵਿਚ ਸਾਰੇ ਗੁਣ ਆਪਣੇ ਆਪ ਆ ਜਾਂਦੇ ਹਨ। ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਤਾਰੂ ਪੋਪਟ ਦਾ ਉੱਦਾਰ ਕਰ ਦਿੱਤਾ।

### 1.8.5 ਪਿਛਲਾ ਮੱਧ ਕਾਲ (1700–1850 ਈ.)

ਇਸ ਕਾਲ ਨੂੰ ਢਹਿੰਦਾ ਮੁਗਲ ਕਾਲ ਜਾਂ ਸਿੱਖ ਰਾਜ ਕਾਲ ਵੀ ਕਿਹਾ ਜਾਂਦਾ ਹੈ। ਇਸ ਕਾਲ ਦਾ ਆਰੰਭ ਬਾਬਾ ਬੰਦਾ ਸਿੰਘ ਬਹਾਦਰ ਦੇ ਸਿੱਖ ਰਾਜ ਨਾਲ ਹੋਇਆ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਨਾਲ ਖ਼ਤਮ ਹੋਇਆ। ਮਹਾਰਾਜੇ ਦੀ ਮੌਤ ਦੇ ਦਸ ਕੁ ਵਰਿਆਂ ਵਿਚ ਹੀ ਅੰਗਰੇਜ਼ਾਂ ਨੇ ਲਾਹੌਰ ਦਰਬਾਰ ਦੀਆਂ ਸਿੱਖ ਫ਼ੌਜਾਂ ਨੂੰ ਹਰਾ ਕੇ ਪੰਜਾਬ ਉਪਰ ਕਬਜ਼ਾ ਕਰ ਲਿਆ ਸੀ। *ਵਾਰਤਕ ਵਿਰਸਾ* ਪੁਸਤਕ ਵਿਚ ਇਸ ਕਾਲ ਦੀਆਂ 7 ਵੰਨਗੀਆਂ ਸੰਕਲਿਤ ਹਨ: ਹੁਕਮਨਾਮਾ, ਸੌ ਸਾਖੀ, ਬਚਨ, ਪਰਚੀਆਂ, ਪਾਰਸ ਭਾਗ (ਅਨੁਵਾਦ), ਜਪੁ ਪਰਮਾਰਥ (ਸਟੀਕ) ਅਤੇ ਰਹਿਤਨਾਮਾ।

### 1.8.5.1 ਹੁਕਮਨਾਮਾ

'ਹੁਕਮਨਾਮਾ' ਦੋ ਸ਼ਬਦਾਂ 'ਹੁਕਮ + ਨਾਮਾ' ਦੇ ਸੁਮੇਲ ਤੋਂ ਬਣਿਆ ਇਕ ਨਵਾਂ ਸ਼ਬਦ (ਸਮਾਸ) ਹੈ। ਹੁਕਮ ਦਾ ਅਰਥ ਹੈ: ਆਗਿਆ ਅਤੇ ਨਾਮਾ ਦਾ ਅਰਥ ਹੈ: ਪੱਤਰ ਜਾਂ ਸੰਦੇਸ਼। ਹੁਕਮਨਾਮੇ ਦੇ ਮਾਧਿਅਮ ਦੁਆਰਾ ਸਿੱਖ ਸਤਿਗੁਰੂ ਆਪਣੀਆਂ ਸੰਗਤਾਂ ਜਾਂ ਕਿਸੇ ਸਿੱਖ ਵਿਸ਼ੇਸ਼ ਨੂੰ ਕੋਈ ਹੁਕਮ ਭੇਜਿਆ ਕਰਦੇ ਸਨ। ਉਸਦੀ ਕੋਈ ਕੰਮ ਕਰਨ ਦੀ ਜ਼ਿੰਮੇਵਾਰੀ ਲਗਾਇਆ ਕਰਦੇ ਸਨ। *'ਵਾਰਤਕ ਵਿਰਸਾ'* ਵਿਚ ਸੰਕਲਿਤ ਹੁਕਮਨਾਮਾ ਗੁਰੂ ਗੋਬਿੰਦ ਸਿੰਘ ਜੀ ਦਾ 21 ਅਕਤੂਬਰ 1706 ਨੂੰ ਭੇਜਿਆ ਇਕ ਪੱਤਰ ਹੈ। ਇਹ ਪੱਤਰ ਮਾਲਵੇ ਦੇ ਇਕ ਪਿੰਡ ਭਾਈ ਰੂਪਾ ਦੇ ਬੈਰਾੜਾਂ ਦੇ ਨਾਮ ਲਿਖਿਆ ਗਿਆ ਸੀ। ਇਨ੍ਹਾਂ ਹੁਕਮਨਾਮਿਆਂ ਦਾ ਸੰਪਾਦਨ ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਨੇ ਆਪਣੀ ਪੁਸਤਕ *'ਹੁਕਮਨਾਮੇ'* ਵਿਚ ਕੀਤਾ ਸੀ। ਇਸ ਹੁਕਮਨਾਮੇ ਦੇ ਆਰੰਭ ਵਿਚ ਗੁਰੂ ਸਾਹਿਬ ਨੇ ਇਸ ਪਿੰਡ ਦੀ ਸਿੱਖ ਸੰਗਤ ਦੀ ਸੁਰੱਖਿਆ ਦਾ ਬਚਨ ਕੀਤਾ ਗਿਆ ਹੈ। ਬਾਅਦ ਵਿਚ ਭਾਈ ਥਰਾਜ ਸਿੰਘ, ਭਾਈ ਬੁਲਾਕੀ ਸਿੰਘ, ਭਾਈ ਬਾਜ ਸਿੰਘ ਅਤੇ ਭਾਈ ਧਰਮ ਸਿੰਘ ਨੂੰ ਚਾਰ ਬੈਲ ਭੇਜਣ ਦਾ ਹੁਕਮ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਹ ਵੀ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਦੱਖਣ ਵੱਲ ਰਵਾਨਾ ਹੋ ਰਹੇ ਹਨ ਜਿਹੜੇ ਸਿੱਖ ਗੁਰੂ ਸਾਹਿਬ ਦੇ ਨਾਲ ਜਾਣਾ ਚਾਹੁਣ, ਉਹ ਫੌਰਨ ਪਹੁੰਚ ਜਾਣ। ਇਸ ਹੁਕਮਨਾਮੇ ਦਾ ਕਾਫ਼ੀ ਇਤਿਹਾਸਕ ਮਹੱਤਵ ਹੈ।

### 1.8.5.2 ਸੌ ਸਾਖੀ

ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਮੁਤਾਬਿਕ *'ਸੌ ਸਾਖੀ'* ਪੁਸਤਕ ਗੁਰੂ ਗੋਬਿੰਦ ਸਿੰਘ ਦੁਆਰਾ ਆਪਣੇ ਇਕ ਸਿੱਖ ਭਾਈ ਗੁਰਬਖਸ਼ ਸਿੰਘ ਨੂੰ ਕੁੱਝ ਕਥਾ-ਪ੍ਰਸੰਗ ਸੁਣਾਏ, ਜੋ ਬਾਅਦ ਵਿਚ ਇਕ ਲਿਖਾਰੀ ਭਾਈ ਸਾਹਿਬ ਸਿੰਘ ਨੇ ਕਲਮਬੰਦ ਕਰ ਦਿੱਤੇ। ਇਸ ਪੁਸਤਕ ਵਿਚ ਸੌ ਸਾਖੀਆਂ ਸਨ। ਅੱਜ ਕੱਲ੍ਹ ਸੌ ਸਾਖੀਆਂ ਨਾਮ ਦੀਆਂ ਪੁਸਤਕਾਂ ਵਿਚ ਸੰਕਲਿਤ ਸਾਖੀਆਂ ਦੇ ਪਾਠ ਇਕ ਦੂਜੇ ਨਾਲ ਨਹੀਂ ਮਿਲਦੇ। *'ਵਾਰਤਕ ਵਿਰਸਾ'* ਅਨੁਸਾਰ ਸੌ ਸਾਖੀ ਇਕ ਅਜਿਹੀ ਪੋਥੀ ਹੈ, ਜਿਸਨੇ ਭਾਰਤ ਦੀ ਆਜ਼ਾਦੀ ਦੇ ਸੰਗਰਾਮੀਆਂ ਨੂੰ ਉਤਸ਼ਾਹਿਤ ਕਰੀ ਰੱਖਿਆ। ਪਾਠ-ਪੁਸਤਕ ਵਿਚ ਦਿੱਤੀਆਂ 18 ਅਤੇ 19 ਨੰਬਰ ਸਾਖੀਆਂ ਪ੍ਰੋ. ਪਿਆਰਾ ਸਿੰਘ ਪਦਮ ਦੁਆਰਾ ਸੰਪਾਦਿਤ ਰਚਨਾ *'ਸੌ ਸਾਖੀ'* ਵਿਚੋਂ ਲਈਆਂ ਗਈਆਂ ਹਨ। ਅਠਾਰਾਂ ਨੰਬਰ ਸਾਖੀ ਵਿਚ ਇਕ ਕਥਾ ਦਰਜ ਹੈ: ਗੁਰੂ ਜੀ ਦੇ ਸਿੱਖਾਂ ਨੇ ਗੁਰੂ ਸਾਹਿਬ ਦੇ ਸਨਮੁਖ ਇਹ ਫਰਿਆਦ ਕੀਤੀ ਕਿ ਗੁਰੂ-ਘਰ ਦਾ ਲਾਂਗਰੀ ਲੋਭੀ ਹੈ ਅਤੇ ਉਹ ਆਪ ਹੀ ਬਹੁਤ ਸਾਰਾ ਪ੍ਰਸ਼ਾਦ ਖਾ ਜਾਂਦਾ ਹੈ। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਇਹ ਲਾਂਗਰੀ ਪਿਛਲੇ ਜਨਮ ਦਾ ਮਸੰਦ ਹੋਣ ਕਾਰਨ ਲੋਭੀ ਹੈ। ਤੁਸੀਂ ਇਸ ਪਾਸ ਜਾਣ ਦੀ ਬਜਾਇ ਆਪ ਪ੍ਰਸ਼ਾਦ ਤਿਆਰ ਕਰੋ ਅਤੇ ਸੰਗਤਾਂ ਵਿਚ ਵੰਡ ਕੇ ਛਕੋ। ਸਿੱਖਾਂ ਨੂੰ ਲੋਭ ਨਹੀਂ ਕਰਨਾ ਚਾਹੀਦਾ ਕਿਉਂਕਿ ਲੋਭੀ ਵਿਅਕਤੀ ਨੂੰ ਨਰਕਾਂ ਵਿਚ ਸੁੱਟਿਆ ਜਾਂਦਾ ਹੈ।

#### ਉਨ੍ਹੀਵੀਂ ਸਾਖੀ:

ਇਕ ਵਾਰ ਸਿੱਖਾਂ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਪਹਾੜੀਏ ਉਨ੍ਹਾਂ ਨਾਲ ਸੁਲਾਹ ਕਰਨਾ ਚਾਹੁੰਦੇ ਹਨ। ਕੀ ਕਰੀਏ? ਗੁਰੂ ਸਾਹਿਬ ਨੇ ਕਿਹਾ ਕਿ ਇਨ੍ਹਾਂ ਲੋਕਾਂ ਦਾ ਵਿਸਾਹ ਨਾ ਕਰੋ। ਗੁਰੂ ਜੀ ਨੇ ਸਿੱਖਾਂ ਦਾ ਭ੍ਰਮ ਨਿਵਾਰਨ ਕਰਨ ਲਈ ਕੁੱਝ ਗੱਡਿਆਂ ਵਿਚ ਉਪਰ ਪੰਜ ਹਜ਼ਾਰ ਰੁਪਏ ਲੱਦ ਕੇ ਭੇਜੇ ਤਾਂ ਪਹਾੜੀਏ ਲੁੱਟ ਕੇ ਲੈ ਗਏ। ਪਰ ਗੁਰੂ ਸਾਹਿਬ ਨੇ ਇਨ੍ਹਾਂ ਗੱਡਿਆਂ ਪੰਜ ਹਜ਼ਾਰ ਰੁਪਇਆਂ ਦੀ ਥਾਂ ਠੀਕਰੀਆਂ ਲੱਦ ਕੇ ਭੇਜੀਆਂ ਸਨ। ਇਹ ਦੇਖ ਕੇ ਪਹਾੜੀਏ ਬਹੁਤ ਸ਼ਰਮਿੰਦੇ ਹੋਏ ਪਰ ਸਿੱਖਾਂ ਨੂੰ ਸਬਕ ਮਿਲ ਗਿਆ।

### 1.8.5.3 ਬਚਨ ਸਾਈਂ ਲੋਕਾਂ ਦੇ

'ਬਚਨ' ਇਕ ਅਜਿਹਾ ਗੱਦ-ਰੂਪ ਹੈ, ਜਿਸ ਵਿੱਚ ਸੰਤਾਂ-ਮਹਾਂਪੁਰਖਾਂ ਦੇ ਅਮਰ ਬਚਨ ਅੰਕਿਤ ਕੀਤੇ ਜਾਂਦੇ ਹਨ। ਪ੍ਰੋ. ਪਿਆਰਾ ਸਿੰਘ ਪਦਮ ਨੇ *'ਸੰਤ ਬਚਨਾਵਲੀ'* ਪੁਸਤਕ ਵਿਚ ਬਹੁਤ ਸਾਰੇ ਮਹਾਂਪੁਰਖਾਂ ਦੇ ਬਚਨ ਸੰਕਲਿਤ ਕੀਤੇ ਸਨ। ਪੰਜਾਬ ਦੀ ਸੇਵਾਪੰਥੀ ਪਰੰਪਰਾ ਨੇ ਆਪਣੇ ਸੰਤਾਂ-ਭਗਤਾਂ ਦੇ ਬਚਨ ਇਕੱਤਰ ਕਰਨ ਦਾ ਇਕ ਸੁਹਿਰਦ ਉਪਰਾਲਾ ਕੀਤਾ ਸੀ। *'ਬਚਨ ਸਾਈਂ ਲੋਕਾਂ ਦੇ'* ਵਿੱਚ ਹਰਦਿਆਲ ਭਗਤ ਦੁਆਰਾ ਇਕੱਤਰ ਕੀਤੇ ਗਏ ਬਚਨ ਸੰਕਲਿਤ ਹਨ। ਇਸ ਗੱਦ-ਟੁਕੜੀ ਵਿਚ ਪੰਜ ਬਚਨ ਸੰਗ੍ਰਹਿਤ ਹਨ। ਪਹਿਲੇ ਬਚਨ ਵਿਚ ਦੱਸਿਆ ਗਿਆ ਹੈ ਕਿ ਭਜਨ ਰੂਪੀ ਖੇਤੀ ਨੂੰ ਉਜਾੜਾ ਕਰਨ ਵਾਲੇ ਵਿਕਾਰਾਂ ਤੋਂ ਰਾਖੀ ਕਰਨ ਦੀ ਜ਼ਰੂਰਤ ਪੈਂਦੀ ਹੈ। ਜਿਵੇਂ ਕਿਸਾਨ ਦੀ ਫ਼ਸਲ ਨੂੰ ਸੂਰ, ਹਰਨ ਅਤੇ ਤੋਤੇ ਵਰਗੇ ਪਸ਼ੂ-ਪੰਛੀਆਂ ਤੋਂ ਰਾਖੀ ਕਰਨ ਦੀ ਜ਼ਰੂਰਤ ਪੈਂਦੀ ਹੈ, ਇਸੇ ਪ੍ਰਕਾਰ ਭਜਨ ਰੂਪੀ ਖੇਤੀ ਨੂੰ ਬਚਾਉਣ ਲਈ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਪਰ ਕਾਬੂ ਰੱਖਣਾ ਪੈਂਦਾ ਹੈ। ਦੂਜੇ ਬਚਨ ਵਿਚ ਦੱਸਿਆ ਗਿਆ ਹੈ ਕਿ ਪਰਮਾਤਮਾ ਇਕ ਹੈ ਪਰ ਉਸ ਦੇ ਰੂਪ ਅਨੇਕ ਹਨ। ਪਰਮਾਤਮਾ

ਦੀ ਪਹਿਚਾਣ ਬੁੱਧੀ ਦੁਆਰਾ ਹੁੰਦੀ ਹੈ। ਤੀਜੇ ਬਚਨ ਵਿਚ ਉਪਦੇਸ਼ ਦਿੱਤਾ ਗਿਆ ਹੈ ਕਿ ਜਿਸ ਪ੍ਰਕਾਰ ਪਾਰੇ ਨੂੰ ਸੋਧ ਕੇ ਵਰਤਿਆ ਜਾਂਦਾ ਹੈ, ਇਸੇ ਪ੍ਰਕਾਰ ਪਰਮਾਤਮਾ ਦੀ ਪ੍ਰਾਪਤੀ ਲਈ ਮਨ ਅਤੇ ਆਤਮਾ ਨੂੰ ਸੋਧਣ ਦੀ ਜ਼ਰੂਰਤ ਪੈਂਦੀ ਹੈ। ਚੌਥੇ ਬਚਨ ਵਿਚ ਦੱਸਿਆ ਗਿਆ ਹੈ ਕਿ ਜਿਸ ਪ੍ਰਕਾਰ ਪਾਰੇ ਨੂੰ ਸੋਧ ਕੇ ਵਰਤਿਆ ਜਾਂਦਾ ਹੈ, ਇਸੇ ਪ੍ਰਕਾਰ ਪਰਮਾਤਮਾ ਦੀ ਪ੍ਰਾਪਤੀ ਲਈ ਜਿਤਨੀ ਦੇਰ ਤਕ ਅਸੀਂ ਕਿਸੇ ਮਹਾਂਪੁਰਖ ਦੇ ਬਚਨ ਸੁਣ ਕੇ ਅਮਲ ਵਿਚ ਨਹੀਂ ਲਿਆਉਂਦੇ, ਉਤਨੀ ਦੇਰ ਤੱਕ ਉਹ ਸਾਡੇ ਜੀਵਨ ਦਾ ਮਾਰਗ-ਦਰਸ਼ਨ ਨਹੀਂ ਕਰ ਸਕਦੇ। ਪੰਜਵੇਂ ਬਚਨ ਵਿਚ ਇਹ ਦੱਸਿਆ ਗਿਆ ਹੈ ਕਿ ਮਨੁੱਖ ਦਾ ਭਲਾ ਇਨ੍ਹਾਂ ਚਾਰ ਕਰਮਾਂ ਵਿਚ ਹੈ: (1) ਪਰਮਾਤਮਾ ਨਾਲ ਪ੍ਰੇਮ ਕਰੋ (2) ਮੋਹ-ਮਾਇਆ ਤੋਂ ਨਿਰਲੇਪ ਰਹੋ (3) ਗਰੀਬੀ ਨੂੰ ਧਾਰਨ ਕਰੋ (4) ਮਨ ਉਪਰ ਕਾਬੂ ਰੱਖੋ ਤਾਂ ਜੋ ਇਹ ਆਪਹੁਦਰਾ ਹੋ ਕੇ ਕੋਈ ਅਸ਼ੁਭ ਕਾਰਜ ਨਾ ਕਰ ਬੈਠੇ।

## 1.8.5.4 ਪਰਚੀਆਂ ਭਾਈ ਸੇਵਾ ਦਾਸ

*'ਪਰਚੀਆਂ ਭਾਈ ਸੇਵਾ ਦਾਸ'* ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਮੰਨੀ ਜਾਂਦੀ ਹੈ। ਇਸ ਰਚਨਾ ਵਿਚ ਅਧਿਆਤਮਕ ਅਤੇ ਆਤਮਦਰਸ਼ੀ ਮਹਾਨ ਪੁਰਸ਼ਾਂ ਦੇ ਜੀਵਨ ਨਾਲ ਸੰਬੰਧਤ 50 ਸਾਖੀਆਂ ਸੰਕਲਿਤ ਹਨ। 'ਪਰਚੀਆਂ' ਸ਼ਬਦ ਪਰਿਚਯ ਵਿਚੋਂ ਨਿਕਲਿਆ ਹੈ। ਜਿਸਦਾ ਅਰਥ ਜਾਣ ਪਹਿਚਾਣ ਕਰਵਾਉਣਾ ਹੁੰਦਾ ਹੈ। *ਵਾਰਤਕ ਵਿਰਸਾ* ਪੁਸਤਕ ਵਿਚ 'ਆਗੇ ਸਾਖੀ ਨਾਵੇ ਮਹਲ ਕੀ ਤੁਰੀ' ਸਿਰਲੇਖ ਵਾਲੀ ਪਰਚੀ ਸ਼ਾਮਲ ਕੀਤੀ ਗਈ ਹੈ। ਇਸ ਪਰਚੀ ਵਿਚ ਨੌਵੇਂ ਗੁਰੂ ਤੇਗ ਬਾਹਦਰ ਜੀ ਦੇ ਗੁਰਗੱਦੀ ਉਪਰ ਸੁਸ਼ੋਭਿਤ ਹੋਣ ਦੀ ਵਾਰਤਾ ਦਰਜ ਕੀਤੀ ਗਈ ਹੈ। ਜਦੋਂ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਜੋਤੀ ਜੋਤਿ ਸਮਾਉਣ ਲੱਗੇ ਤਾਂ ਉਨ੍ਹਾਂ ਫੁਰਮਾਇਆ ਸੀ: ਬਾਬਾ ਬਕਾਲੇ। ਭਾਵ ਅਗਲਾ ਸਤਿਗੁਰੂ ਉਨ੍ਹਾਂ ਦਾ ਬਾਬਾ (ਦਾਦਾ) ਹੋਵੇਗਾ, ਜੋ ਇਸ ਵਕਤ ਬਾਬਾ ਬਕਾਲੇ ਵਿਖੇ ਨਿਵਾਸ ਕਰ ਰਿਹਾ ਹੈ। ਗੁਰੂ ਸਾਹਿਬ ਦਾ ਇਹ ਰਮਜ਼ ਭਰਪੂਰ ਕਥਨ ਸੁਣ ਕੇ 16 ਸੋਢੀ ਉਥੇ ਆਪਣੀਆਂ ਮੰਜੀਆਂ ਸਥਾਪਿਤ ਕਰ ਕੇ ਗੁਰੂ ਬਣ ਬੈਠੇ। ਪਰ ਸੱਚੇ ਗੁਰਸਿੱਖਾਂ ਨੇ ਅਸਲ ਗੁਰੂ ਤੇਗ ਬਹਾਦਰ ਜੀ ਨੂੰ ਲੱਭ ਲਿਆ। ਇਸ ਪੁੰਨ-ਕਾਰਜ ਵਿਚ ਭਾਈ ਮੱਖਣ ਸ਼ਾਹ ਲੁਬਾਣਾ ਨੇ ਵੀ ਇਨ੍ਹਾਂ ਗੁਰਸਿੱਖਾਂ ਦੀ ਸਹਾਇਤਾ ਕੀਤੀ। ਉਸ ਨੇ ਗੁਰੂ ਘਰ ਦੀ ਸੇਵਾ ਵਿਚ ਹਜ਼ਾਰ ਰੁਪਏ ਸੁੱਖੇ ਹੋਏ ਸਨ। ਉਸ ਨੇ ਹਰ ਗੁਰੂ ਅੱਗੇ ਦੋ-ਦੋ ਰੁਪਏ ਮੱਥਾ ਟੇਕੇ। ਗੁਰੂ ਸਾਹਿਬ ਨੇ ਪੂਰੀ ਸੁੱਖੀ ਹੋਈ ਰਕਮ ਗੁਰੂ-ਘਰ ਵਿਚ ਚੜ੍ਹਾਉਣ ਲਈ ਕਿਹਾ। ਭਾਈ ਮੱਖਣ ਸ਼ਾਹ ਨੂੰ ਉਨ੍ਹਾਂ ਦੇ ਸੱਚੇ ਗੁਰੂ ਹੋਣ ਬਾਰੇ ਪੱਕਾ ਹੋ ਗਿਆ। ਉਸ ਨੇ ਕੋਠੇ ਉਪਰ ਚੜ੍ਹ ਕੇ ਉੱਚੀ ਅਵਾਜ਼ ਵਿਚ ਹੋਕਾ ਦਿੱਤਾ: ਗੁਰੂ ਲਾਧੋ ਰੇ। ਅਰਥਾਤ ਅਸਲ ਗੁਰੂ ਲੱਭ ਪਿਆ ਹੈ। ਅਗਲੀ ਸਾਖੀ ਵਿਚ ਦੱਸਿਆ ਗਿਆ ਹੈ ਕਿ ਇਕ ਵਾਰ ਮਾਤਾ ਨਾਨਕੀ ਜੀ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਮਸੰਦ ਲੋਕ ਚੜ੍ਹਾਵੇ ਲਈ ਆਈ ਭੇਟਾ ਵਿਚ ਹੇਰਾਫੇਰੀ ਕਰ ਜਾਂਦੇ ਹਨ। ਤੁਸੀਂ ਉਨ੍ਹਾਂ ਨੂੰ ਤਾੜਨਾ ਕਰੋ। ਗੁਰੂ ਸਾਹਿਬ ਨੇ ਕਿਹਾ ਕਿ ਇਨ੍ਹਾਂ ਨੂੰ ਸਿੱਧੇ ਰਾਹ ਪਾਉਣ ਲਈ ਗੁਰੂ ਗੋਬਿੰਦ ਸਿੰਘ ਆਵੇਗਾ। ਮੇਰੇ ਕੋਲੋਂ ਤਾੜਨਾ ਨਹੀਂ ਹੋਣੀ। ਇਸ ਪ੍ਰਕਾਰ ਇਨ੍ਹਾਂ ਪਰਚੀਆਂ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਖ਼ਸੀਅਤ ਬਾਰੇ ਕੁੱਝ ਸੂਚਨਾਵਾਂ ਦਰਜ ਹਨ।

## 1.8.5.5 ਪਾਰਸ ਭਾਗ

ਇਹ ਰਚਨਾ ਫ਼ਾਰਸੀ ਦੇ ਪ੍ਰਸਿੱਧ ਵਿਦਵਾਨ ਇਮਾਮ-ਅਲ-ਗ਼ਜ਼ਾਲੀ ਦੀ ਪੁਸਤਕ *'ਕੀਮੀਆ-ਏ-ਸਆਦਤ'* ਦਾ ਪੰਜਾਬੀ ਅਨੁਵਾਦ ਹੈ। ਇਹ ਅਨੁਵਾਦ ਸੇਵਾਪੰਥੀ ਸੰਪਰਦਾਇ ਦੇ ਇਕ ਪ੍ਰਤੀਨਿਧ ਲੇਖਕ ਭਾਈ ਗਾੜੂ ਨੇ ਕੀਤਾ ਹੈ। 'ਧਿਆਉ (ਅਧਿਆਇ) ਆਪਣੇ ਪਛਾਨਨੇ ਕਾ' ਵਿਚ ਗ਼ਜ਼ਾਲੀ ਨੇ ਲਿਖਿਆ ਹੈ ਕਿ ਜਿਹੜਾ ਵਿਅਕਤੀ ਆਪਣੇ ਆਪ ਨੂੰ ਪਹਿਚਾਣ ਲੈਂਦਾ ਹੈ, ਉਸ ਨੂੰ ਪਰਮਾਤਮਾ ਬਾਰੇ ਵੀ ਸੋਝੀ ਪ੍ਰਾਪਤ ਹੋ ਜਾਂਦੀ ਹੈ। ਮਨੁੱਖ ਨੂੰ ਇਹ ਨਿਸ਼ਚਿਤ ਕਰ ਲੈਣਾ ਚਾਹੀਦਾ ਹੈ ਕਿ ਉਹ ਕਿੱਥੋਂ ਆਇਆ ਹੈ ਅਤੇ ਉਸਨੇ ਕਿੱਥੇ ਜਾਣਾ ਹੈ। ਜਦੋਂ ਪਰਮਾਤਮਾ ਨੂੰ ਪਹਿਚਾਣ ਲਿਆ ਤਾਂ ਮੁਕਤੀ ਮਿਲ ਜਾਂਦੀ ਹੈ। ਜਿਹੜਾ ਮਨੁੱਖ ਆਪਣੇ ਆਪ ਨੂੰ ਨਹੀਂ ਪਹਿਚਾਣ ਸਕਦਾ, ਉਸ ਲਈ ਧਰਮ-ਮਾਰਗ ਉਪਰ ਚੱਲਣਾ ਔਖਾ ਹੋ ਜਾਂਦਾ ਹੈ। ਦੂਜੇ ਸਰਗ ਵਿਚ ਮਨੁੱਖੀ ਹੋਂਦ ਦੀ ਵਿਆਖਿਆ ਕੀਤੀ ਗਈ ਹੈ। ਲੇਖਕ ਅਨੁਸਾਰ ਇਸ ਹੋਂਦ ਦੇ ਦੋ ਭਾਗ ਹਨ। ਸਰੀਰ, ਸਥੂਲ ਹੈ। ਇਸ ਨੂੰ ਵੇਖਿਆ ਜਾ ਸਕਦਾ ਹੈ। ਦੂਜਾ ਭਾਗ ਮਨ ਜਾਂ ਚਿੱਤ (ਸੂਖ਼ਮ) ਹੈ ਇਸ ਨੂੰ ਬੁੱਧੀ ਦੁਆਰਾ ਮਹਿਸੂਸ ਕੀਤਾ ਜਾ ਸਕਦਾ ਹੈ। ਪਰਮਾਤਮਾ ਨੂੰ ਪਹਿਚਾਣਨਾ ਇਸ ਦੂਜੇ ਭਾਗ ਦਾ ਕੰਮ ਹੈ। ਇਹ ਜੀਵ ਜਿਥੋਂ ਆਇਆ ਹੈ, ਉਥੇ ਹੀ ਜਾਏਗਾ ਇਹ ਸੰਸਾਰ ਮਨੁੱਖ ਲਈ ਪਰਦੇਸ ਹੈ। *'ਪਾਰਸ ਭਾਗ'* ਦੇ ਇਹ ਦੋਵੇਂ ਸਾਰਗ ਮਨੁੱਖ ਨੂੰ ਆਪਾ ਪਛਾਣਨ ਅਤੇ ਪ੍ਰਭੂ ਦੇ ਮਾਰਗ ਉਪਰ ਚੱਲਣ ਦੀ ਪ੍ਰੇਰਨਾ ਕਰਦੇ ਹਨ।

## 1.8.5.6 ਜਪੁ ਪਰਮਾਰਥ

*'ਜਪੁ ਪਰਮਾਰਥ'* ਦੇ ਬਹੁਤ ਸਾਰੇ ਨੁਸਖੇ (ਰੂਪ) ਮਿਲਦੇ ਹਨ। ਇਸ ਰਚਨਾ ਦੀ ਇਕ ਪੁਰਾਤਨ ਕਾਪੀ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਲਾਇਬਰੇਰੀ ਵਿਚ ਸੁਰੱਖਿਅਤ ਹੈ। ਇਸ ਰਚਨਾ ਵਿਚ ਗੁਰੂ ਅੰਗਦ ਦੇਵ ਜੀ ਨੇ 'ਜਪੁਜੀ' ਦੇ ਅਰਥ ਕੀਤੇ ਹਨ। *'ਵਾਰਤਕ ਵਿਰਸਾ'* ਪੁਸਤਕ ਵਿਚ 'ਜਪੁਜੀ' ਦੀਆਂ ਪਹਿਲੀਆਂ ਦੋ ਪਉੜੀਆਂ ਦੇ ਅਰਥ ਕੀਤੇ ਹਨ। ਡਾ. ਰਤਨ ਸਿੰਘ ਜੱਗੀ ਨੇ *'ਪੁਰਾਤਨ ਪੰਜਾਬੀ ਵਾਰਤਕ'* ਵਿਚ ਲਿਖਿਆ ਕਿ ਪਰਮਾਰਥ ਅਰਥ ਕਰਨ ਦੀ ਉਹ ਵਿਧੀ ਹੈ, ਜਿਸ ਦੁਆਰਾ ਮੂਲ ਰਚਨਾ ਵਿਚਲੇ ਅਧਿਆਤਮਕ ਭਾਵਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਰਚਨਾ ਦੇ ਆਰੰਭ ਵਿਚ ਕੁੱਝ ਗੁਰਸਿਖ, ਗੁਰੂ ਅੰਗਦ ਦੇਵ ਜੀ ਦੇ ਸਨਮੁਖ ਜਪੁਜੀ ਦੇ ਗੂੜ੍ਹ ਅਰਥਾਂ ਦੀ ਵਿਆਖਿਆ ਕਰਨ ਲਈ ਬੇਨਤੀ ਕਰਦੇ ਦੱਸੇ ਗਏ ਹਨ। ਗੁਰੂ ਸਾਹਿਬ ਉਨ੍ਹਾਂ ਦੀ ਬੇਨਤੀ ਨੂੰ ਸਵੀਕਾਰ ਕਰ ਲੈਂਦੇ ਹਨ। ਇਸ ਪਰਮਾਰਥ ਅਨੁਸਾਰ ਪਰਮਾਤਮਾ ਨੂੰ ਧਿਆਨ ਵਿਚ ਰੱਖ ਕੇ, ਉਸ ਨਾਲ ਲਿਵ ਜੋੜ ਕੇ ਹੀ ਉਸਦੀ ਕ੍ਰਿਪਾ ਦਾ ਪਾਤਰ ਬਣਿਆ ਜਾ ਸਕਦਾ ਹੈ। ਪਰਮਾਤਮਾ ਦੇ ਸਾਹਮਣੇ ਮਨੁੱਖ ਦੀ ਚਤੁਰਾਈ ਨਹੀਂ ਚੱਲਦੀ। ਮਨੁੱਖ ਨੂੰ ਪਰਮਾਤਮਾ ਦੇ ਹੁਕਮ ਅਤੇ ਉਸਦੀ ਰਜ਼ਾ ਵਿਚ ਚੱਲਣਾ ਚਾਹੀਦਾ ਹੈ। ਗੁਰੂ ਅੰਗਦ ਦੇਵ ਜੀ ਸਮਝਾਉਂਦੇ ਹਨ ਕਿ ਇਸ ਸ੍ਰਿਸ਼ਟੀ ਵਿਚ ਜੋ ਕੁਝ ਵਾਪਰਦਾ ਹੈ, ਉਹ ਪਰਮਾਤਮਾ ਦੇ ਹੁਕਮ ਅਨੁਸਾਰ ਵਾਪਰਦਾ ਹੈ। ਇਸ ਰਚਨਾ ਵਿਚ ਮਨੁੱਖ ਨੂੰ ਪਰਮਾਤਮਾ ਦਾ ਸਿਮਰਨ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ।

## 1.8.5.7 ਰਹਿਤਨਾਮਾ

ਭਾਈ ਕਾਨ੍ਹ ਸਿੰਘ ਨਾਭਾ 'ਰਹਿਤਨਾਮੇ' ਦੀ ਪਰਿਭਾਸ਼ਾ ਨਿਸ਼ਚਿਤ ਕਰਦੇ ਹੋਏ ਲਿਖਦੇ ਹਨ, "ਉਹ ਪੁਸਤਕ, ਜਿਸ ਵਿਚ ਸਿੱਖ ਧਰਮ ਦੇ ਨਿਯਮਾਂ ਅਨੁਸਾਰ ਰਹਿਤ ਰੱਖਣ ਦੀ ਰੀਤਿ ਦੱਸੀ ਹੋਵੇ, ਜਿਸ

ਵਿਚ ਸਿੱਖਾਂ ਲਈ ਵਿਧੀ-ਨਿਸ਼ੇਧ ਕਰਮਾਂ ਦਾ ਵਰਣਨ ਹੋਵੇ, ਉਸਨੂੰ ਰਹਿਤਨਾਮਾ ਕਿਹਾ ਜਾਂਦਾ ਹੈ।" (ਗੁਰਸ਼ਬਦ ਰਤਨਾਕਰ) ਵਾਰਤਕ ਵਿਰਸਾ ਪੁਸਤਕ ਵਿਚ ਭਾਈ ਦਯਾ ਸਿੰਘ ਰਚਿਤ ਰਹਿਤਨਾਮੇ ਦੇ ਕੁਝ ਚੋਣਵੇਂ ਅੰਸ਼ ਸੰਕਲਿਤ ਕੀਤੇ ਗਏ ਹਨ। ਭਾਈ ਦਯਾ ਸਿੰਘ ਅਨੁਸਾਰ ਇਹ ਰਹਿਤਨਾਮਾ ਗੁਰੂ ਗੋਬਿੰਦ ਸਿੰਘ ਜੀ ਨੇ ਦੱਸਿਆ ਸੀ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਅੰਮ੍ਰਿਤ ਪਾਨ ਕਰਨ, ਗੁਰਬਾਣੀ ਦਾ ਪਾਠ ਕਰਨ, ਪੰਜ ਕਕਾਰ (ਕਛਹਿਰਾ, ਕੜਾ, ਕੰਘਾ, ਕ੍ਰਿਪਾਨ ਅਤੇ ਕੇਸ) ਧਾਰਨ ਕਰਨ ਦੀ ਹਿਦਾਇਤ ਕੀਤੀ ਸੀ। ਆਪ ਨੇ ਖ਼ਾਲਸੇ ਦੀ ਮਹਿਮਾ ਕੀਤੀ ਅਤੇ ਗੁਰਸਿੱਖਾਂ ਨੂੰ ਮਸੰਦਾਂ, ਧੀਰਮੱਲੀਆਂ ਅਤੇ ਰਾਮਰਾਈਆਂ ਨਾਲ ਕੋਈ ਸੰਬੰਧ ਨਾ ਰੱਖਣ ਦੀ ਤਾੜਨਾ ਕੀਤੀ। ਪੰਜ ਵਿਕਾਰਾਂ ਤੋਂ ਬਚਣ ਦਾ ਉਪਦੇਸ਼ ਦਿੱਤਾ। ਬੁੱਤ-ਪੂਜਾ ਜਾਂ ਮੜ੍ਹੀ-ਪੂਜਾ ਨੂੰ ਅਨੁਚਿਤ ਦੱਸਿਆ। ਇਹ ਵੀ ਹਦਾਇਤ ਕੀਤੀ ਕਿ ਪਰ-ਧਨ, ਪਰ-ਇਸਤਰੀ, ਪਰ-ਨਿੰਦਾ, ਜੂਏਬਾਜ਼ੀ ਅਤੇ ਨਸ਼ਿਆਂ ਤੋਂ ਬਚਿਆ ਜਾਵੇ। ਇਸ ਤੋਂ ਬਿਨਾਂ ਪਰਮਾਤਮਾ ਨਾਲ ਲਿਵ ਜੋੜਨ ਅਤੇ ਸੱਚੀ-ਸੁੱਚੀ ਕਿਰਤ ਕਰਨ ਦਾ ਉਪਦੇਸ਼ ਦਿੱਤਾ।

## 1.8.6 ਸੰਕ੍ਰਾਂਤੀ ਕਾਲ (1850-1900 ਈ.)

ਸੰਕ੍ਰਾਂਤੀ ਕਾਲ ਦਾ ਅਰਥ ਹੈ: ਪਰਿਵਰਤਨ ਕਾਲ ਭਾਵੇਂ ਕਿਸੇ ਵੀ ਸਭਿਆਚਾਰ ਵਿਚ ਹਰ ਸਮੇਂ ਪਰਿਵਰਤਨ ਹੁੰਦਾ ਰਹਿੰਦਾ ਹੈ ਪਰ ਕਈ ਕਾਲਾਂ ਵਿਚ ਪਰਿਵਰਤਨ ਦੀ ਗਤੀ ਏਨੀ ਤੇਜ਼ ਹੋ ਜਾਂਦੀ ਹੈ ਕਿ ਸਭ ਨੂੰ ਨਜ਼ਰ ਆ ਜਾਂਦੀ ਹੈ। 1850 ਤੋਂ 1900 ਈ. ਦੇ ਸਮੇਂ ਵਿਚ ਅੰਗਰੇਜ਼ ਹਾਕਮ ਪੰਜਾਬ ਵਿਚ ਦਾਖ਼ਲ ਹੋ ਗਏ ਸਨ। ਇਸ ਤੋਂ ਪਹਿਲਾਂ ਪੰਜਾਬ ਦੇ ਬਹੁਤ ਵੱਡੇ ਹਿੱਸੇ ਉਪਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਅੰਗਰੇਜ਼ਾਂ ਨੇ ਪੰਜਾਬ ਉਪਰ ਕਾਬਜ਼ ਹੋ ਕੇ ਪੂੰਜੀਵਾਦੀ ਨੀਤੀਆਂ ਸ਼ੁਰੂ ਕਰ ਦਿੱਤੀਆਂ। ਪੰਜਾਬ ਵਿਚ ਯੂਨੀਵਰਸਿਟੀ, ਕਾਲਜ, ਬੈਂਕ, ਰੇਲਵੇ ਅਤੇ ਡਾਕਖ਼ਾਨੇ ਖੋਲ੍ਹ ਦਿੱਤੇ। ਜਿਸ ਕਾਰਨ ਪੰਜਾਬੀ ਲੋਕਾਂ ਦੀ ਮਾਨਸਿਕਤਾ ਬੜੀ ਤੇਜ਼ੀ ਨਾਲ ਬਦਲਣ ਲੱਗ ਪਈ। ਪੰਜਾਬੀ ਸਾਹਿਤ ਵਿਚ ਬਹੁਤ ਸਾਰੇ ਨਵੇਂ ਰੂਪਾਂ ਦਾ ਜਨਮ ਹੋਇਆ। ਵਾਤਰਕ ਦਾ ਮੂੰਹ-ਮੁਹਾਂਦਰਾਂ ਵੀ ਬਦਲ ਗਿਆ ਅਤੇ ਇਸ ਵਿਚ ਅਧਿਆਤਮਕ ਵਿਸ਼ਿਆਂ ਦੀ ਥਾਂ ਦੁਨਿਆਵੀ ਵਿਸ਼ੈ ਪੇਸ਼ ਹੁਣ ਲੱਗੇ। ਇਸ ਕਾਲ ਦੀ ਵਾਰਤਕ ਦਾ ਨਮੂਨਾ ਦੇਣ ਲਈ *'ਵਾਰਤਕ ਵਿਰਸਾ'* ਵਿਚ ਸ਼ਰਧਾ ਰਾਮ ਫਲੌਰੀ ਰਚਿਤ ਪੁਸਤਕ *'ਪੰਜਾਬੀ ਬਾਤ ਚੀਤ'* (1875) ਵਿਚੋਂ ਕੁਝ ਅੰਸ਼ ਦਿੱਤੇ ਗਏ ਹਨ।

### 1.8.6.1 ਬਾਤ ਚੀਤ

ਸ਼ਰਧਾ ਰਾਮ ਫਲੌਰੀ ਦੀਆਂ ਦੋ ਵਾਰਤਕ ਪੁਸਤਕਾਂ, ਆਧੁਨਿਕ ਪੰਜਾਬੀ ਵਾਰਤਕ ਦਾ ਆਰੰਭ ਮੰਨੀਆਂ ਜਾਂਦੀਆਂ ਹਨ। ਇਹ ਪੁਸਤਕਾਂ ਫਲੌਰੀ ਨੇ ਇਕ ਇਸਾਈ ਪਾਦਰੀ ਮਿ. ਨਿਊਟਨ ਦੇ ਕਹਿਣ ਉਪਰ ਰਚੀਆਂ। ਪਹਿਲੀ ਪੁਸਤਕ *'ਸਿੱਖਾਂ ਦੇ ਰਾਜ ਦੀ ਵਿਥਿਆ'* ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਉਪਰ ਝਾਤ ਪਾਈ ਗਈ ਹੈ ਅਤੇ ਦੂਜੀ ਪੁਸਤਕ *'ਪੰਜਾਬੀ ਬਾਤ ਚੀਤ'* ਵਿਚ ਮਾਝੇ, ਮਾਲਵੇ, ਦੁਆਬੇ ਅਤੇ ਪਹਾੜਾਂ ਵਿਚ ਰਹਿਣ ਵਾਲੇ ਪੰਜਾਬੀ ਲੋਕਾਂ ਦੇ ਸਭਿਆਚਾਰ (ਬੋਲੀ, ਰਸਮ ਰਿਵਾਜ਼ ਅਤੇ ਕੰਮ ਧੰਦੇ ਆਦਿ) ਦਾ ਸਰਵੇਖਣ ਕੀਤਾ ਗਿਆ ਹੈ। ਪੰਜਾਬੀ ਵਿਰਸਾ ਪੁਸਤਕ ਵਿਚ ਮਾਝੇ ਦੇ ਲੋਕਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਭਾਗ ਵਿਚ ਲਾਹੌਰ ਸ਼ਹਿਰ ਵਿਚ ਰਹਿਣ ਵਾਲੇ ਮੂਲਰਾਜ ਖੱਤਰੀ ਦੇ ਪਰਿਵਾਰ ਨਾਲ ਜਾਣ-ਪਛਾਣ ਕਰਵਾਈ ਗਈ ਹੈ। ਮੂਲਰਾਜ ਦੇ ਤਿੰਨ ਪੁੱਤਰ ਸਨ: ਗਰਾਂਦਿਤਾ, ਜੁਆਹਰ ਅਤੇ ਮਾਣਕ। ਗੁਰਾਂਦਿਤਾ ਜਵਾਨ ਹੋਇਆ ਤਾਂ ਉਸਦੇ ਵਿਆਹ ਦਾ ਪ੍ਰਬੰਧ ਕੀਤਾ ਗਿਆ।

ਲੇਖਕ ਨੇ ਮਾਝੇ ਵਿਚ ਰਹਿਣ ਵਾਲੇ ਪੰਜਾਬੀਆਂ ਦੇ ਵਿਆਹ ਦੀਆਂ ਰਸਮਾਂ ਬੜੀ ਤਫ਼ਸੀਲ ਨਾਲ ਬਿਆਨ ਕੀਤੀਆਂ ਹਨ। ਬਾਅਦ ਵਿਚ ਜੁਆਹਰ ਅਤੇ ਮਾਣਕ ਦਾ ਵੀ ਵਿਆਹ ਹੋ ਜਾਂਦਾ ਹੈ। ਜੁਆਹਰ ਨੂੰ ਜੂਆ ਖੇਡਣ ਦੀ ਲਤ ਲਗ ਜਾਂਦੀ ਹੈ। ਪਿਤਾ ਉਸ ਨੂੰ ਸਖ਼ਤੀ ਨਾਲ ਵਰਜ ਦਿੰਦਾ ਹੈ। ਸਭ ਤੋਂ ਛੋਟੇ ਮਾਣਕ ਨੂੰ ਉਸ ਦੇ ਨਾਨਕੇ ਅੰਮ੍ਰਿਤਸਰ ਭੇਜ ਦਿੱਤਾ ਜਾਂਦਾ ਹੈ। ਲੇਖਕ ਨੇ ਪੰਜਾਬ ਵਿਚ ਰਹਿਣ ਵਾਲੇ ਖੱਤਰੀਆਂ, ਅਰੋੜਿਆਂ ਅਤੇ ਜੱਟ-ਸਿੱਖਾਂ ਦੇ ਲੜਾਈ-ਝਗੜਿਆਂ ਦਾ ਵੇਰਵਾ ਵੀ ਪੇਸ਼ ਕੀਤਾ ਹੈ।

## 1.8.7 ਨਿਸ਼ਕਰਸ਼

*ਵਾਰਤਕ ਵਿਰਸਾ* ਪੰਜਾਬੀ ਵਾਰਤਕ ਦੇ ਬਾਰਾਂ ਸੌ ਵਰ੍ਹਿਆਂ ਵਿਚ ਫੈਲੇ ਇਤਿਹਾਸ ਦੀਆਂ ਮੁੱਖ ਪ੍ਰਵਿਰਤੀਆਂ ਉਪਰ ਝਾਤ ਪਾਉਣ ਦਾ ਇਕ ਪ੍ਰਸੰਸਾਯੋਗ ਉਪਰਾਲਾ ਹੈ। ਵਿਦਵਾਨ ਸੰਪਾਦਕਾਂ ਨੇ ਵਾਰਤਕ ਦੇ ਇਤਿਹਾਸ ਨੂੰ ਚਾਰ ਭਾਗਾਂ ਵਿਚ ਵੰਡ ਲਿਆ ਹੈ: (1) ਆਦਿ ਕਾਲ (800-1900) (2) ਮੱਧ ਕਾਲ (1500-1700) (3) ਪਿਛਲਾ ਮੱਧ ਕਾਲ (1700-1850) ਅਤੇ (4) ਸੰਕ੍ਰਾਂਤੀ ਕਾਲ (1850-1900) ਕਾਲ-ਵੰਡ ਕਰਨ ਉਪਰੰਤ ਉਪਨਿਸ਼ਦਾਂ, ਮਹਾਤਮਾਂ, ਜਨਮਸਾਖੀਆਂ, ਗੋਸ਼ਟਾਂ, ਬਚਨਾਂ, ਪਰਚੀਆਂ, ਪਰਮਾਰਥਾਂ, ਰਹਿਤਨਾਮਿਆਂ ਅਤੇ ਹੁਕਮਨਾਮਿਆਂ ਵਿਚੋਂ ਪ੍ਰਤੀਨਿਧ ਅੰਸ਼ ਪਾਠਕਾਂ ਦੀ ਸਹੂਲਤ ਲਈ ਇਕੱਤਰ ਕਰ ਦਿੱਤੇ ਹਨ। ਇਹ ਪੁਸਤਕ ਪੰਜਾਬੀ ਵਾਰਤਕ ਦੀ ਪ੍ਰਤੀਨਿਧਤਾ ਕਰਦੀ ਹੈ।

## ਮਹੱਤਵਪੂਰਨ ਪ੍ਰਸ਼ਨ

1. ਪੁਰਾਤਨ ਪੰਜਾਬੀ ਵਾਰਤਕ ਦੇ ਪ੍ਰਮੁੱਖ ਰੂਪਾਂ ਦਾ ਵਰਗੀਕਰਣ ਅਤੇ ਵਿਸ਼ਲੇਸ਼ਣ ਕਰੋ।
2. ਪੰਜਾਬੀ ਜਨਮਸਾਖੀਆਂ ਦੇ ਸਰੂਪ ਅਤੇ ਮਹੱਤਵ ਬਾਰੇ ਇਕ ਸੰਖੇਪ ਨੋਟ ਲਿਖੋ।
3. ਹੁਕਮਨਾਮਿਆਂ ਅਤੇ ਰਹਿਤਨਾਮਿਆਂ ਦੇ ਸਾਹਿਤਕ ਮਹੱਤਵ ਨੂੰ ਸਪਸ਼ਟ ਕਰੋ।
4. 'ਮੁੱਢਲੀ ਪੰਜਾਬੀ ਵਾਰਤਕ ਸਿਰਜਣਾ ਦੇ ਪ੍ਰੇਰਕ ਤਿੰਨ ਮੂਲ ਮਾਡਲ ਹਨ; ਬੋਧੀ, ਸੰਸਕ੍ਰਿਤ ਅਤੇ ਇਸਲਾਮੀ'। *ਵਾਰਤਕ ਵਿਰਸਾ* ਦੇ ਆਧਾਰ 'ਤੇ ਇਸ ਕਥਨ ਦੀ ਸਾਰਥਕਤਾ ਦੀ ਪਰਖ ਕਰੋ। (ਦਸੰਬਰ 2016)
5. ਇਹ ਵਾਰਤਕ ਪੰਜਾਬ ਦੇ ਸਰਬ ਸਾਂਝੇ ਮਿਸ਼ਰਤ ਸਭਿਆਚਾਰ ਦੀ ਦੱਸ ਪਾਉਂਦੀ ਹੈ, ਜਿਸ ਵਿਚ ਸਾਰੇ ਧਾਰਮਕ ਸਮੁਦਾਇ ਪਰਸਪਰ ਸ਼ਹਿਨਸ਼ੀਲਤਾ ਨਾਲ ਰਹਿੰਦੇ ਹਨ ਅਤੇ ਇਕ ਦੂਜੇ ਨੂੰ ਪ੍ਰਭਾਵਿਤ ਵੀ ਕਰਦੇ ਹਨ। *'ਵਾਰਤਕ ਵਿਰਸਾ'* ਵਿਚੋਂ ਉਦਾਹਰਣਾਂ ਦੇ ਕੇ ਇਸ ਕਥਨ ਦੀ ਸਾਰਥਕਤਾ ਦੀ ਪਰਖ ਕਰੋ। (ਦਸੰਬਰ 2017)

**ਪਾਠ ਨੰਬਰ : 1.9** **– ਪ੍ਰੋ. ਬ੍ਰਹਮਜਗਦੀਸ਼ ਸਿੰਘ**

# II. *ਵਾਰਤਕ ਵਿਰਸਾ*: ਭਾਸ਼ਾ ਅਤੇ ਸ਼ੈਲੀ

## 1.9.1. ਭੂਮਿਕਾ

*'ਵਾਰਤਕ ਵਿਰਸਾ'* ਵਿਚ ਸੰਕਲਿਤ ਚੋਣਵੀਆਂ ਰਚਨਾਵਾਂ ਗਿਆਰ੍ਹਾਂ ਸੌ (800–1900) ਵਰ੍ਹਿਆਂ ਦੇ ਕਾਲ-ਖੰਡ ਵਿਚ ਫੈਲੀਆਂ ਹੋਈਆਂ ਹਨ। ਇਸ ਕਾਰਨ ਸੁਭਾਵਿਕ ਹੀ ਇਨ੍ਹਾਂ ਰਚਨਾਵਾਂ ਦੀ ਭਾਸ਼ਾ ਅਤੇ ਸ਼ੈਲੀ ਵਿਚ ਕਾਫ਼ੀ ਅੰਤਰ ਆ ਗਿਆ ਹੈ। ਭਾਰਤ ਵਿਚ ਪੰਜਵੀਂ-ਛੇਵੀਂ ਸਦੀ ਈ. ਤੋਂ ਬਾਅਦ ਅਪਭ੍ਰੰਸ਼ ਭਾਸ਼ਾਵਾਂ ਦਾ ਦੌਰ ਸ਼ੁਰੂ ਹੋ ਗਿਆ ਸੀ। ਇਹ ਦੌਰ 1000 ਈ. ਤਕ ਰਿਹਾ ਅਤੇ ਇਸ ਤੋਂ ਬਾਅਦ ਆਧੁਨਿਕ ਭਾਰਤੀ ਭਾਸ਼ਾਵਾਂ ਵਿਕਸਿਤ ਹੋਣ ਲੱਗ ਪਈਆਂ। ਅਪਭ੍ਰੰਸ਼ ਭਾਸ਼ਾਵਾਂ ਦੀਆਂ ਵਾਕ-ਬਣਤਰਾਂ ਅਤੇ ਸ਼ਬਦ-ਜੋੜਾਂ ਉਪਰ ਸੰਸਕ੍ਰਿਤ ਭਾਸ਼ਾ ਦਾ ਕਾਫ਼ੀ ਪ੍ਰਭਾਵ ਸੀ। ਇਹ ਪ੍ਰਭਾਵ ਆਦਿ ਕਾਲ ਵਿਚ ਰਚੀ ਗਈ ਪੰਜਾਬੀ ਵਾਰਤਕ ਦੇ ਵੱਖ-ਵੱਖ ਨਮੂਨਿਆਂ ਉਪਰ ਵਿਆਪਕ ਰੂਪ ਵਿਚ ਨਜ਼ਰ ਆ ਜਾਂਦਾ ਹੈ। ਇਕ ਹਜ਼ਾਰ ਸਦੀ ਈ. ਤੋਂ ਬਾਅਦ ਮੁਸਲਮਾਨ ਹਮਲਾਵਰਾਂ ਦੇ ਆਕ੍ਰਮਣ ਸ਼ੁਰੂ ਹੋ ਗਏ ਅਤੇ ਬਾਰ੍ਹਵੀਂ ਸਦੀ ਦੇ ਅੰਤ ਤੱਕ ਉਨ੍ਹਾਂ ਨੇ ਭਾਰਤ ਉਪਰ ਆਪਣਾ ਸਥਾਈ ਰਾਜ ਕਾਇਮ ਕਰ ਲਿਆ ਸੀ। ਇਸ ਕਾਰਨ ਸਮੁੱਚੇ ਮੱਧ ਕਾਲ (1000 ਈ.–1850 ਈ.) ਦੀ ਵਾਰਤਕ ਵਿਚ ਫ਼ਾਰਸੀ ਸ਼ਬਦਾਵਲੀ ਵੀ ਭਰਪੂਰ ਮਾਤਰਾ ਵਿਚ ਆ ਗਈ ਸੀ। ਪਰਿਵਰਤਨ ਕਾਲ (1850–1900 ਈ.) ਵਿਚ ਪੰਜਾਬ ਉਪਰ ਅੰਗਰੇਜ਼ਾਂ ਦੀ ਹਕੂਮਤ ਕਾਇਮ ਹੋ ਜਾਣ ਕਾਰਨ ਪੰਜਾਬੀ ਭਾਸ਼ਾ ਉਤੇ ਪੱਛਮੀ ਸਾਹਿਤ ਅਤੇ ਅੰਗਰੇਜ਼ੀ ਭਾਸ਼ਾ (ਸ਼ਬਦਾਵਲੀ ਅਤੇ ਵਿਸਰਾਮ-ਚਿੰਨ੍ਹ ਆਦਿ) ਦਾ ਵੀ ਕਾਫ਼ੀ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਸਾਰੇ ਪ੍ਰਭਾਵ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਗਤੀਸ਼ੀਲਤਾ ਦੇ ਸੂਚਕ ਹਨ। ਅਸੀਂ ਆਪਣੇ ਵਿਦਿਆਰਥੀਆਂ ਨੂੰ ਪੰਜਾਬੀ ਵਾਰਤਕ ਵਿਚ ਆਈਆਂ ਕੁਝ ਭਾਸ਼ਾਗਤ ਅਤੇ ਬਿਰਤਾਂਤਕ ਜੁਗਤਾਂ ਬਾਰੇ ਜਾਣਕਾਰੀ ਦੇ ਰਹੇ ਹਾਂ।

## 1.9.2 ਰੂਪ ਰੇਖਾ

ਇਸ ਪਾਠ ਵਿਚ ਪੰਜਾਬੀ ਵਾਰਤਕ ਦੇ ਵਿਕਾਸ ਨਾਲ ਸੰਬੰਧਤ ਵਿਭਿੰਨ ਪੜਾਵਾਂ ਨੂੰ ਸਮਝਣ ਲਈ ਸੰਕਲਿਤ ਸਮੱਗਰੀ ਦਾ ਕਾਲਕ੍ਰਮ ਅਨੁਸਾਰ ਵਿਸ਼ਲੇਸ਼ਣ ਕੀਤਾ ਗਿਆ ਹੈ। ਆਦਿ ਕਾਲ (800–1500) ਵਿਚ ਉਪਨਿਸ਼ਦਾਂ, ਮਹਾਤਮ ਅਤੇ ਪੱਧਤੀਨਾਮਾ ਆਇਆ ਹੈ, ਮੱਧਕਾਲ (1500–1700) ਵਿਚ ਗੋਸ਼ਟਾਂ, ਜਨਸਾਖੀਆਂ, ਬਚਨਾਂ ਅਤੇ ਭਗਤਮਾਲਾ ਦੀ ਵਾਰਤਕ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ। ਪਿਛਲੇ ਮੱਧ ਕਾਲ (1700–1850) ਵਿਚ ਹੁਕਮਨਾਮਿਆਂ, ਬਚਨਾਂ, ਪਰਚੀਆਂ, ਪਰਮਾਰਥਾਂ ਅਤੇ ਰਹਿਤਨਾਮਿਆਂ ਦੀਆਂ ਭਾਸ਼ਾ-ਯੋਜਨਾਵਾਂ ਨੂੰ ਸਮਝਣ-ਸਮਝਾਉਣ ਦਾ ਪ੍ਰਯਤਨ ਕੀਤਾ ਗਿਆ ਹੈ। ਸੰਕ੍ਰਾਂਤੀ ਕਾਲ (1850–1900) ਵਿਚ ਪੰਡਤ ਸ਼ਰਧਾ ਰਾਮ ਫਲੌਰੀ ਦੀ ਰਚਨਾ *'ਪੰਜਾਬੀ ਬਾਤ ਚੀਤ'* ਨੂੰ ਸੰਕਲਿਤ ਕੀਤਾ ਗਿਆ ਹੈ। ਵਾਰਤਕ ਦੀ ਇਹ ਵੰਨਗੀ ਆਧੁਨਿਕ

ਪੰਜਾਬੀ ਵਾਰਤਕ ਦੇ ਆਰੰਭ ਦੀ ਸੂਚਕ ਹੈ। ਇਸ ਪਾਠ ਵਿਚ ਅਸੀਂ ਪੰਜਾਬੀ ਵਾਰਤਕ ਦੇ ਉਕਤ ਸਾਰੇ ਰੂਪਾਂ ਦਾ ਭਾਸ਼ਾਈ ਅਧਿਐਨ ਕਰ ਰਹੇ ਹਾਂ ਤਾਂ ਜੋ ਸਾਡੇ ਵਿਦਿਆਰਥੀ ਪੰਜਾਬੀ ਸਾਹਿਤ ਦੇ ਇਸ ਰੂਪ ਨੂੰ ਸਮੁੱਚਤਾ ਵਿਚ ਜਾਚਣਾ-ਪਰਖਣਾ ਸਿੱਖ ਜਾਣ।

## 1.9.3 ਭਾਸ਼ਾ ਅਤੇ ਸ਼ੈਲੀ

ਵਾਰਤਕ ਸਾਹਿਤ ਦਾ ਇਕ ਅਜਿਹਾ ਰੂਪ ਹੈ, ਜਿਸ ਵਿਚ ਲੇਖਕ ਨੇ ਆਪਣਾ ਸੰਦੇਸ਼ ਪਾਠਕਾਂ ਤਕ ਸਿੱਧੇ ਅਤੇ ਸਪਸ਼ਟ ਰੂਪ ਵਿਚ ਪਹੁੰਚਾਉਣਾ ਹੁੰਦਾ ਹੈ। ਇਸ ਕਾਰਨ ਵਾਰਤਕ ਲੇਖਕ ਨੂੰ ਆਪਣੀ ਭਾਸ਼ਾ ਬਾਰੇ ਬਹੁਤ ਸਜੱਗ ਅਤੇ ਸਾਵਧਾਨ ਰਹਿਣਾ ਪੈਂਦਾ ਹੈ। ਅੰਗਰੇਜ਼ੀ ਵਿਚ ਵਾਰਤਕ ਦਾ ਸਮਾਨਾਰਥੀ ਸ਼ਬਦ Prose (ਲੈਟਿਨ) ਹੈ, ਜਿਸਦਾ ਅਰਥ ਹੈ: ਸਿੱਧੀ ਅਤੇ ਸਪਸ਼ਟ ਗੱਲ, ਇਕ ਪਰਿਭਾਸ਼ਾ ਅਨੁਸਾਰ, "Prose is a direct and unadorned form of speech, written or spoken, in ordinary usage." (Dictionary of Literary Terms and Literary Theory, p. 705) ਪਰ ਇਸ ਪਰਿਭਾਸ਼ਾ ਦਾ ਇਹ ਅਰਥ ਨਹੀਂ ਹੈ ਕਿ ਵਾਰਤਕਕਾਰ ਕਿਸੇ ਨਵੇਕਲੀ ਜਾਂ ਮੌਲਿਕ ਸ਼ੈਲੀ ਦਾ ਪ੍ਰਯੋਗ ਹੀ ਨਹੀਂ ਕਰਦਾ ਬਲਕਿ ਹਰ ਵਾਰਤਕਕਾਰ-ਸ਼ੈਲੀ ਦੇ ਕਾਰਨ ਪਹਿਚਾਣਿਆ ਜਾਂਦਾ ਹੈ। ਬਫ਼ਨ ਨੇ ਕਿਹਾ ਸੀ ਕਿ ਸ਼ੈਲੀ ਹੀ ਸਖ਼ਸੀਅਤ ਹੈ (Style is the man himself): ਇਸ ਪ੍ਰਕਾਰ ਹਰ ਵਾਰਤਕਕਾਰ ਨੇ ਸਪਸ਼ਟਤਾ ਅਤੇ ਸਾਹਿਤਕਤਾ ਦੇ ਇਕ ਬਹੁਤ ਸੰਕਰੇ ਮਾਰਗ ਉਪਰ ਚੱਲਣਾ ਹੁੰਦਾ ਹੈ।

### 1.9.3.1 ਗੋਰਖ ਉਪਨਿਸ਼ਦ

ਗੋਰਖ ਨਾਥ ਨੂੰ ਭਾਰਤੀ ਭਾਸ਼ਾਵਾਂ ਦਾ ਪਹਿਲਾ ਵਾਰਤਕਕਾਰ ਮੰਨਿਆ ਜਾਂਦਾ ਹੈ। ਉਸ ਨੇ ਲਗਭਗ 40 ਗ੍ਰੰਥਾਂ ਦੀ ਰਚਨਾ ਕੀਤੀ ਹੈ। 'ਗੋਰਖ ਉਪਨਿਸ਼ਦ' ਉਸਦੀ ਇਕ ਪ੍ਰਤੀਨਿਧ ਰਚਨਾ ਹੈ। ਇਸ ਵਿਚ ਪਰਮਾਤਮਾ ਨੂੰ ਸ੍ਰੀ ਨਾਥ ਕਿਹਾ ਗਿਆ ਹੈ। ਗੋਰਖ ਅਨੁਸਾਰ ਪਰਮਾਤਮਾ ਹੀ ਵਿਸ਼ਵਗੁਰੂ, ਪਰਮਾਨੰਦ, ਨਿਰੰਜਨ ਅਤੇ ਵਿਸ਼ਵ-ਵਿਆਪਕ ਹੈ। ਲੋਕਾਂ ਨੂੰ ਮੁਕਤੀ ਦੇਣ ਲਈ ਸ੍ਰੀ ਨਾਥ ਨੇ ਉਪਨਿਸ਼ਦ ਦੀ ਰਚਨਾ ਕੀਤੀ। ਇਸ ਉਪਨਿਸ਼ਦ ਵਿਚ ਯੋਗ ਦਾ ਗਿਆਨ ਵੀ ਦਿੱਤਾ ਗਿਆ ਹੈ। ਉਪਨਿਸ਼ਦ ਸਾਹਿਤ ਦਾ ਇਕ ਅਜਿਹਾ ਰੂਪ ਹੈ, ਜਿਸ ਵਿਚ ਜਗਿਆਸੂ ਕੋਈ ਪ੍ਰਸ਼ਨ ਕਰਦਾ ਹੈ ਅਤੇ ਗਿਆਤਾ ਉਸਦੀ ਜਗਿਆਸਾ ਦਾ ਉੱਤਰ ਦਿੰਦਾ ਹੈ। ਇਸ ਪ੍ਰਕਾਰ ਉਪਨਿਸ਼ਦ ਵਿਚ ਪ੍ਰਸ਼ਨ-ਉੱਤਰ ਸ਼ੈਲੀ ਦੀ ਪ੍ਰਯੋਗ ਕੀਤਾ ਜਾਂਦਾ ਹੈ। ਦੇਖੋ:

### ਸ੍ਰੀ ਗੋਰਕਸ਼ਨਾਥ ਉਵਾਚ

ਕਰਤਾ ਉਹੀ ਹੈ ਜੋ ਦਵੈਤਾ ਦਵੈਤ ਰਹਿਤ ਅਨਿਰਵਚਨੀਯ ਨਾਥ ਸਦਾਨੰਦ ਸਵਰੂਪ ਹੈ। ਇਸ ਉਪਨਿਸ਼ਦ ਦੇ ਅੰਤ ਵਿਚ ਗ੍ਰੰਥ ਦਾ ਮਹਾਤਮ ਦਸਿਆ ਗਿਆ ਹੈ:

ਮੋਕਸ਼ ਮੋਕਸ਼ ਐਸੋ ਆ ਗ੍ਰੰਥ ਮੈਂ ਨਿਰੂਪਣ ਹੈ। ਸੋ ਜੋ ਕੋਈ ਪੜ੍ਹੇ-ਪੜ੍ਹਾਵੇ ਤਾ ਕੋ ਅਨੰਤ ਅਚਿੰਤਿਯ ਫਲ ਹੈ।

ਇਸ ਉਪਨਿਸ਼ਦ ਵਿਚ ਸੰਸਕ੍ਰਿਤ ਦੇ ਅਨੇਕ ਸ਼ਬਦ ਆਏ ਹਨ। ਦੇਖੋ: ਲਕਸ਼ਿਆ, ਆਦੇਸ, ਅਵਤਰਨ, ਵਿਸਮਯ ਜੁਕਤ, ਮੋਕਸ਼, ਕ੍ਰਿਪਾਲ, ਇੰਦ੍ਰੀਯ, ਅੰਤਰਯਾਮਿ, ਰਕਸ਼ਾ, ਮਹਾਸ਼ੂਨਯ, ਭੂਤਨਮਯ ਈਸ਼ਵਰ,

ਤਾਤਪਰਯ, ਸਤਿਵਾਸ਼, ਸਾਕਸ਼ਾਤ, ਆਦਿ-ਅਨਾਦਿ, ਆਸ਼ੰਕਾ, ਕ੍ਰਿਆ ਸ਼ਕਤੀ, ਅਵਿਅਕਤ, ਨਿਰਗੁਣ ਸਵਰੂਪ ਆਦਿ। ਕ੍ਰਿਆ-ਰੂਪ ਅਤੇ ਕਾਲਵਾਚਕ ਸ਼ਬਦ ਸੰਸਕ੍ਰਿਤ ਵਿਆਕਰਣ ਤੋਂ ਪਰੇ ਹਟ ਕੇ ਆਧੁਨਿਕ ਸਰੂਪ ਵਾਲੇ ਹੋ ਗਏ ਹਨ। ਜਿਵੇਂ: ਸ੍ਰੀ ਨਾਥ ਪਰਮਾਨੰਦ ਹੈ, ਵਿਸ਼ਵ ਗੁਰੂ ਹੈ। ਨਿਰੰਜਨ ਹੈ, ਵਿਸ਼ਵ ਵਿਆਪਕ ਹੈ। ... ਪੀਛੈ ਗਿਆਨ ਸ਼ਕਤੀ ਪ੍ਰਗਟ ਕਰੀ, ਪੀਛੈ ਕੀਆ ਸ਼ਕਤੀ ਪ੍ਰਗਟ ਕਰੀ, ਤਾਂ ਕਰਿ ਪੀਛੈ ਪਿੰਡ ਬ੍ਰਹਿਮਾਂਡ ਪ੍ਰਗਟ ਭਏ। (ਪੰਨਾ 3)

## 1.9.3.2 ਫ਼ਰੀਦ ਜੀ ਕਾ ਪੱਧਤੀਨਾਮਾ

ਇਹ ਰਚਨਾ ਸ਼ੇਖ ਫ਼ਰੀਦ ਜੀ ਨਾਲ ਸੰਬੰਧਤ ਦੱਸੀ ਜਾਂਦੀ ਹੈ। ਇਹ ਇਕ ਪ੍ਰਕਾਰ ਦੀ ਮਨਬਚਨੀ ਹੈ, ਜਿਸ ਵਿਚ ਲੇਖਕ ਆਪਣੇ ਮਨ ਨਾਲ ਗੱਲਾਂ ਕਰਦਾ ਹੈ, ਆਪਣੇ ਗ਼ੁਨਾਹਾਂ ਤੋਂ ਤੋਬਾ ਕਰਦਾ ਹੈ ਅਤੇ ਅੱਗੇ ਤੋਂ ਪਵਿੱਤਰ, ਸੰਜਮੀ ਅਤੇ ਸੁਚੱਜਾ ਜੀਵਨ ਬਤੀਤ ਕਰਨ ਦੀ ਪ੍ਰਤਿਗਿਆ ਕਰਦਾ ਹੈ। ਇਹ ਇਕ ਆਤਮ-ਸੁਝਾਊ ਗ੍ਰੰਥ ਹੈ। ਇਸ ਦੀ ਸ਼ੈਲੀ ਦੇਖੋ, "ਬਗੈਰ ਗੁਨਾਹ ਏਕ ਘੜੀ ਨਹੀਂ ਗੁਜਰੀ। ਮੁਝ ਪਰ। ਇਨ ਨਫਸ ਨੇ ਮੇਰਾ ਸਾਹਿਬ ਕਾ ਰਾਹ ਮਾਰਿਆ ਹੈ। ਨਫਸ ਹੰਦ ਸਿਆਣਾ ਸੋਈ। ਜਿਨਿ ਆਪਣਾ ਗੁਸਾ ਮਾਰਿਆ ਸੇ ਜਵਾਨ। ਸੋਈ ਸੰਸਾਰ ਮੇਂ ਛੁਟਿਆ ਹੈ। ਜੋ ਇੰਦ੍ਰੀਆਂ ਕੇ ਪਿਛੇ ਬਹਕਿਆ ਫਿਰੈ। ਤਿਸਕੂ ਸਾਹਿਬ ਨ ਬਖਸ਼ੇਗਾ।" (ਪੰਨਾ 6) ਇਸ ਰਚਨਾ ਵਿਚ ਫ਼ਾਰਸੀ ਦੀ ਬਹੁਤ ਸਾਰੀ ਸ਼ਬਦਾਵਲੀ ਦੇਖੀ ਜਾ ਸਕਦੀ ਹੈ। ਫ਼ਾਰਸੀ ਉਸ ਵਕਤ ਹਿੰਦੁਸਤਾਨ ਦੀ ਸਰਕਾਰੀ ਭਾਸ਼ਾ ਬਣ ਗਈ ਸੀ। ਇਸ ਕਾਰਨ ਆਮ ਲੋਕਾਂ ਦੀ ਸ਼ਬਦਾਵਲੀ ਵਿਚ ਵੀ ਫ਼ਾਰਸੀ ਦੇ ਬਹੁਤ ਸਾਰੇ ਸ਼ਬਦ ਸ਼ਾਮਲ ਹੋ ਗਏ। ਜਿਵੇ: ਗ਼ੁਨਾਹ, ਹਜੂਰਿ, ਸਾਹਿਬ ਨਫ਼ਸ, ਦਰਗਾਹ, ਇਤਬਾਰ, ਅਜ਼ਾਬ, ਗਾਫ਼ਿਲ, ਹੋਸ਼, ਰੁਸਵਾਈ, ਇਬਾਦਤ, ਮਕਸੂਦ, ਬੇਉਮੈਦ, ਮਤਲਬ, ਕਾਦਰ, ਖ਼ਾਮੋਸ਼, ਤਨਹਾਈ, ਫਕਰੀ, ਸ਼ੈਤਾਨ, ਖਲਕ, ਅਮਲ, ਜ਼ਾਹਰ, ਰੋਸ਼ਨਾਈ ਇਤਿਆਦਿ। ਸ਼ੈਲੀ ਵਿਚ ਸੰਭਾਸ਼ਣ ਦਾ ਪ੍ਰਯੋਗ ਬੜੀ ਕੁਸ਼ਲਤਾ ਨਾਲ ਕੀਤਾ ਗਿਆ ਹੈ। ਜਿਸ ਦੀ ਵਜ੍ਹਾ ਨਾਲ ਇਹ ਲਿਖਤ ਕਾਫ਼ੀ ਪ੍ਰੇਰਨਾ ਭਰਪੂਰ ਬਣ ਗਈ ਹੈ। ਦਲੀਲ ਅਤੇ ਵਿਵੇਕ ਇਸ ਰਚਨਾ ਦੀ ਗਦ-ਸ਼ੈਲੀ ਦੇ ਪ੍ਰਮੁੱਖ ਲੱਛਣ ਹਨ।

## 1.9.3.3 ਏਕਾਦਸ਼ੀ ਮਹਾਤਮ

ਇਹ ਰਚਨਾ ਤੇਰ੍ਹਵੀਂ-ਚੌਦ੍ਹਵੀਂ ਸਦੀ ਨਾਲ ਸੰਬੰਧਤ ਦੱਸੀ ਜਾਂਦੀ ਹੈ। ਇਸ ਵਿਚ ਪ੍ਰਸ਼ਨ-ਉਤਰ ਸ਼ੈਲੀ ਦੁਆਰਾ ਕੁਝ ਸ਼ੰਕਿਆਂ ਦਾ ਨਿਵਾਰਨ ਕੀਤਾ ਗਿਆ ਹੈ। ਇਸ ਰਚਨਾ ਦੀ ਸ਼ਬਦਾਵਲੀ ਅਪਭ੍ਰੰਸ਼ ਮਿਸ਼ਰਿਤ ਹੈ। ਅਪਭ੍ਰੰਸ਼ ਭਾਸ਼ਾ ਵਿਚ ਕੁੱਝ ਸ਼ਬਦਾਂ (ਧੁਨੀਆਂ) ਦੇ ਜੋੜ ਪਰਿਵਰਤਿਤ ਹੋ ਗਏ ਹਨ। ਜਿਵੇਂ:

| **ਸੰਸਕ੍ਰਿਤ** | **ਅਪਭ੍ਰੰਸ਼** |
|---|---|
| ਬ੍ਰਹਮਾ ਜੀ | ਬ੍ਰਮ੍ਹਾਜੀ |
| ਤਕ, ਤੀਕ | ਤਿਕ |
| ਹੈ, ਹੈਨ | ਹੇਨਿ |
| ਯੁਧ | ਜੁਧ |

ਯੁਧਿਸ਼ਟਰ ਜੁਧਿਸ਼ਟਰ

ਇਸ ਰਚਨਾ ਦੀ ਸ਼ੈਲੀ ਵਿਚ ਛੋਟੇ-ਛੋਟੇ ਵਾਕਾਂ ਦਾ ਪ੍ਰਯੋਗ ਹੋਇਆ ਹੈ। ਗੁਰਬਾਣੀ ਅਤੇ ਹੋਰ ਮੱਧਕਾਲੀਨ ਲਿਖਤਾਂ ਵਾਂਗ ਪੂਰਨ-ਵਿਰਾਮ ਲਈ ਇਕ ਡੰਡੀ (।) ਦੀ ਬਜਾਇ ਦੋ ਡੰਡੀਆਂ (॥) ਦਾ ਪ੍ਰਯੋਗ ਹੋਇਆ ਹੈ। ਦੇਖੋ: ਹੇ ਪੂਤ੍ਰਾ, ਨਾਰਦਾ ਜੀ ਫਲਗੁਣਿ ਵਦੀ ਜੋ ਏਕਾਦਸਿ ਹੇਨ॥ ਤਿਸ ਕਾ ਨਾਮ ਵਿਜਯਾ ਨਾਮ ਹੇਨਿ॥ ਸੋ ਅਤਿ ਪਵਿਤ੍ਰ ਹੇਨ॥ ਅਰੁ ਹੋਰ ਸੋ ਵਡਿ ਸ਼੍ਰੇਸਟ ਹੇਨਿ॥ ਹੋਰ ਗੋਵਿੰਦਾ ਜੀ ਕੀ ਪੂਜਾ ਕਰਨ ਏਹ ਇਸ ਇਕਾਦਸਿ ਕਾ ਦੇਵਤਾ ਹੇਨ॥ ਤਾਂ ਓ ਸ੍ਰੀ ਬ੍ਰਮ੍ਹਾ ਜੀ ਕਥਾ ਬੋਲਦਾ ਹੋਨਿ॥ (ਪੰਨਾ 8) ਇਸ ਮਹਾਤਮ ਸ਼ੈਲੀ ਵਿਚ ਗਲਪ-ਰੂੜ੍ਹੀਆਂ ਦਾ ਵੀ ਬੜਾ ਢੁੱਕਵਾਂ ਪ੍ਰਯੋਗ ਕੀਤਾ ਗਿਆ ਹੈ।

### 1.9.4.1 ਗੋਸਟਿ ਆਤਮ ਪਰਾਤਮੇ ਕੀ: ਦੇਹੀ ਕਾ ਬੀਚਾਰ

ਇਹ ਗੋਸਟਿ 'ਪ੍ਰਾਣ ਸੰਗਲੀ' ਗ੍ਰੰਥ ਵਿਚੋਂ ਲਈ ਗਈ ਹੈ। 'ਪ੍ਰਾਣ ਸੰਗਲੀ' ਤੋਂ ਭਾਵ ਹੈ ਸਾਹਾਂ ਦੀ ਲੜੀ। ਮਨੁੱਖੀ ਜੀਵਨ ਪ੍ਰਕਿਰਤੀ ਦਾ ਇਕ ਅਦਭੁਤ ਵਰਤਾਰਾ ਹੈ ਕਿਉਂਕਿ ਮਨੁੱਖ ਇਕ ਚਿੰਤਨਸ਼ੀਲ ਪ੍ਰਾਣੀ ਹੈ। ਉਸ ਨੇ ਆਪਣੇ ਜੀਵਨ ਦਾ ਇਕ ਮਕਸਦ ਬਣਾ ਰੱਖਿਆ ਹੈ ਅਤੇ ਹਰ ਮਨੁੱਖ ਆਪਣੇ-ਆਪਣੇ ਮੰਤਵ ਦੀ ਪੂਰਤੀ ਲਈ ਪੂਰੀ ਜਦੋਜਹਿਦ ਕਰਦਾ ਰਹਿੰਦਾ ਹੈ। ਸਮੇਂ-ਸਮੇਂ ਇਸ ਪ੍ਰਿਥਵੀ ਉਪਰ ਆਏ ਧਰਮਾਤਮਾ ਅਤੇ ਰਿਸ਼ੀ-ਮੁਨੀ ਲੋਕ ਮਨੁੱਖੀ ਜੀਵਨ ਦੇ ਮੰਤਵ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਤ ਕਰਦੇ ਰਹੇ ਤਾਂ ਜੋ ਮਨੁੱਖ ਦਾ ਜੀਵਨ, ਆਲੇ ਦੁਆਲੇ ਲਈ ਪ੍ਰਮਾਣਿਕ ਅਤੇ ਪ੍ਰਾਸੰਗਿਕ ਬਣਿਆ ਰਹੇ। ਇਸ ਮੰਤਵ ਲਈ ਰਿਸ਼ੀਆਂ-ਮੁਨੀਆਂ ਅਤੇ ਜਗਿਆਸੂਆਂ ਦੇ ਦਰਮਿਆਨ ਸੰਬਾਦ ਹੁੰਦੇ ਰਹੇ ਹਨ। ਇਹੀ ਸੰਬਾਦ ਗੋਸ਼ਟੀਆਂ ਦਾ ਰੂਪ ਧਾਰਨ ਕਰ ਜਾਂਦੇ ਹਨ। ਗੋਸ਼ਟੀ ਵਿਚ ਪ੍ਰਸ਼ਨਕਰਤਾ ਨਿਮਰ ਅਤੇ ਨਿਮਾਣਾ ਹੁੰਦਾ ਹੈ ਜਦ ਕਿ ਉੱਤਰਕਰਤਾ ਸਗਲਗੁਣ ਸੰਪੰਨ ਅਤੇ ਗਿਆਨੀ ਪੁਰਸ਼ ਹੁੰਦਾ ਹੈ। ਦੋਹਾਂ ਦੇ ਸੰਬਾਦਾਂ ਵਿਚ ਉਨ੍ਹਾਂ ਦੇ ਵਿਅਕਤੀਗਤ ਨਾਲ ਸੰਬੰਧਤ ਇਹ ਗੁਣ ਦ੍ਰਿਸ਼ਟੀਗੋਚਰ ਹੁੰਦੇ ਰਹਿੰਦੇ ਹਨ। ਦੇਖੋ:

ਪ੍ਰਸ਼ਨ: ਪ੍ਰਿਥਮੈ ਤ੍ਰੈ ਲੋਕ ਪਿੰਡ ਮਹਿ ਕਹਾ ਹੈ?

ਉੱਤਰ: ਊਭ, ਮਧ, ਪੈਆਲ।

ਪ੍ਰਸ਼ਨ: ਕਹੈ ਇਹ ਕਉਣ ਹੈ?

ਉੱਤਰ: ਊਭ ਊਪਰਿ, ਮਧ ਬੀਚ, ਪੈਆਲੁ ਤਲੇ।

ਪ੍ਰਸ਼ਨ: ਏ ਪਿੰਡ ਐ ਦਿਖਾਵਹੁ ਜੀ?

ਉਤਰ: ਸਿਰ ਊਪਰਿ, ਪੇਟੁ ਅਧ ਬੀਚ, ਪਰੈ ਤਲੇ ਏ ਪਿੰਡ ਮੋ ਲੇਇ ਹੈ।

(ਪੰਨਾ 12)

ਪ੍ਰਸ਼ਨਕਰਤਾ ਆਪਣੀ ਜਗਿਆਸਾ ਨੂੰ ਸ਼ਾਂਤ ਕਰਨ ਲਈ ਪ੍ਰਸ਼ਨ-ਦਰ-ਪ੍ਰਸ਼ਨ ਕਰਦਾ ਚਲਿਆ ਜਾਂਦਾ ਹੈ। ਉੱਤਰਕਰਤਾ ਉਸ ਦੇ ਅਜੀਬੋ-ਗਰੀਬ ਸਵਾਲ ਸੁਣ ਕੇ ਅਧੀਰ ਜਾਂ ਅਸਹਿਜ ਨਹੀਂ ਹੁੰਦਾ ਬਲਕਿ ਉਸਨੂੰ ਸਾਰੇ ਉੱਤਰ ਬੜੇ ਠੀਕ, ਦਲੀਲਯੁਕਤ ਅਤੇ ਤਰਕਭਰਪੂਰ ਢੰਗ ਨਾਲ ਦੇਈ ਜਾਂਦਾ ਹੈ। ਜਿਵੇਂ:

ਪ੍ਰਸ਼ਨ: ਬ੍ਰਹਿਮੰਡ ਮਹਿ ਚੰਦ ਸੂਰਜ ਹਹਿ ਚਾਂਦਨਾ ਹਹਿ। ਪਿੰਡ ਮਹਿ ਕਹਾ ਹੈ?

ਉਤਰ: ਨ੍ਰੇਤ ਚੰਦ ਸੂਰਜ ਹਹਿ ਇਨ ਕਾ ਚਾਂਦਨਾ ਹੈ।

ਪ੍ਰਸ਼ਨ: ਬ੍ਰਹਿਮੰਡ ਕੈ ਬਿਖੈ ਦਿਨੁ ਰਾਤਿ ਹੈ, ਪਿੰਡ ਮਹਿ ਕਹਾ ਹੈ?

ਉਤਰ: ਸੋਵਤੀ ਰਾਤਿ ਹੈ ਜਾਗਤਾ ਦਿਨ ਹੈ।

ਪ੍ਰਸ਼ਨ: ਬ੍ਰਹਿਮੰਡ ਕੈ ਬਿਖੈ ਨਰਕ ਸੁਰਗ ਹੈ, ਸੋ ਪਿੰਡ ਮਹਿ ਕਹਾ ਹੈ?

ਉਤਰ: ਇਸ ਕਉ ਦੁਖ ਲਗਤਾ ਹੈ ਤਬ ਨਰਕੁ ਹੈ, ਸੁਖ ਲਗਤਾ ਹੈ, ਸੁਰਗੁ ਹੈ।

ਸ਼ਬਦ ਜੋੜ ਗੁਰਬਾਣੀ ਵਾਲੇ ਹਨ। ਭਾਸ਼ਾ ਸਟੀਕ ਅਤੇ ਠੁੱਕਦਾਰ ਹੈ। ਵਾਕ ਛੋਟੇ ਅਤੇ ਸਪਸ਼ਟ ਹਨ। ਗੁਰਬਾਣੀ ਦਾ ਵਿਚਾਰਧਾਰਾ ਉਪਰ ਵੀ ਸਪਸ਼ਟ ਪ੍ਰਭਾਵ ਹੈ। ਫ਼ਾਰਸੀ ਦਾ ਪ੍ਰਭਾਵ ਨਹੀਂ ਦਿਸਦਾ। ਇਸ ਤੱਥ ਤੋਂ ਇਸ ਰਚਨਾ ਦੀ ਪੁਰਾਤਨਤਾ ਬਾਰੇ ਪਤਾ ਚਲਦਾ ਹੈ। ਇਹ ਰਚਨਾ ਮੱਧਕਾਲੀਨ ਪੰਜਾਬੀ ਵਾਰਤਕ ਦਾ ਉੱਤਮ ਨਮੂਨਾ ਹੈ।

## 1.9.4.2 ਸੱਚਾ ਸੌਦਾ

ਇਹ ਸਾਖੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਤ ਹੈ। ਗੁਰੂ ਸਾਹਿਬ ਦੇ ਜੀਵਨ ਨੂੰ ਦਰਸਾਉਣ ਵਾਲੀਆਂ ਪੁਰਾਤਨ ਰਚਨਾਵਾਂ ਨੂੰ ਜਨਮਸਾਖੀਆਂ ਕਿਹਾ ਜਾਂਦਾ ਹੈ। ਜਨਮਸਾਖੀਆਂ ਦੀਆਂ ਕਈ ਪ੍ਰਣਾਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਸਭ ਤੋਂ ਪ੍ਰਮਾਣਿਕ ਰਚਨਾ *'ਪੁਰਾਤਨ ਜਨਮਸਾਖੀ'* ਦੇ ਨਾਮ ਨਾਲ ਪ੍ਰਸਿੱਧ ਹੈ। ਵਿਚਾਰ ਅਧੀਨ ਰਚਨਾ ਭਾਈ ਬਾਲੇ ਦੀ ਜਨਮਸਾਖੀ ਵਿਚੋਂ ਲਈ ਗਈ ਹੈ। ਇਸ ਜਨਮਸਾਖੀ ਦੀ ਪ੍ਰਮਾਣਿਕਤਾ ਸੰਦਿਗਧ ਹੈ ਪਰੰਤੂ ਬੋਲੀ ਅਤੇ ਸ਼ੈਲੀ ਦੇ ਪੱਖੋਂ ਇਸਦਾ ਮਹੱਤਵ ਨਿਰਵਿਵਾਦ ਹੈ। ਇਸ ਜਨਮਸਾਖੀ ਵਿਚ ਕਰਤਾ ਨੇ ਕਥਾ ਦਾ ਬਿਰਤਾਂਤ ਬਹੁਤ ਕੁਸ਼ਲਤਾ ਨਾਲ ਬੁਣਿਆ ਹੈ। ਗੁਰੂ ਨਾਨਕ ਦੇਵ ਨੂੰ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਵੀਹ ਰੁਪਏ ਦੇ ਕੇ ਵਣਜ ਕਰਨ ਲਈ ਭੇਜਦੇ ਹਨ ਅਤੇ ਨਾਲ ਤਾਕੀਦ ਵੀ ਕਰ ਦਿੰਦੇ ਹਨ ਕਿ ਖਰਾ (ਮੁਨਾਫੇ ਵਾਲਾ) ਸੌਦਾ ਕਰ ਕੇ ਆਵੀਂ। ਇਸ ਪ੍ਰਕਾਰ ਸਾਖੀ ਦੇ ਆਰੰਭ ਵਿਚ ਹੀ ਇਕ ਸਸਪੈਂਸ ਸਿਰਜ ਦਿੱਤਾ ਗਿਆ ਕਿ ਗੁਰੂ ਨਾਨਕ ਦੇਵ ਇਸ ਸੌਦੇ ਵਿਚ ਸਫ਼ਲ ਹੋਏਗਾ ਜਾਂ ਨਹੀਂ। ਬਾਰਾਂ ਕੋਹ ਵਾਟ ਅੱਗੇ ਜਾ ਕੇ ਉਨ੍ਹਾਂ ਨੂੰ ਨਾਂਗੇ ਸਾਧੂਆਂ ਦੀ ਇਕ ਮੰਡਲੀ ਮਿਲਦੀ ਹੈ। ਗੁਰੂ ਸਾਹਿਬ ਉਨ੍ਹਾਂ ਨਾਲ ਸਵਾਲ-ਜਵਾਬ ਕਰਦੇ ਹਨ। ਪਤਾ ਚਲਦਾ ਹੈ ਕਿ ਉਹ ਸਾਧੂ ਨਿਰਬਾਣੀ ਹਨ। ਜੋ ਕੱਪੜੇ ਨਹੀਂ ਪਹਿਨਦੇ ਅਤੇ ਕਈ ਦਿਨਾਂ ਦੇ ਭੁੱਖੇ ਹਨ ਪਰ ਕਿਸੇ ਪਿੰਡ ਜਾਂ ਬਸਤੀ ਵਿਚ ਜਾ ਕੇ ਮੰਗਣਾ ਉਨ੍ਹਾਂ ਦਾ ਧਰਮ ਨਹੀਂ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਉਹ ਜਿੱਥੇ ਵੀ ਬੈਠਣਗੇ, ਰੱਬ ਉੱਥੇ ਹੀ ਉਨ੍ਹਾਂ ਦੇ ਖਾਣ ਦੀ ਵਿਵਸਥਾ ਕਰ ਦੇਵੇਗਾ। ਹੁਣ ਸਾਖੀ ਆਪਣੇ ਸਿਖਰ ਵੱਲ ਵਧਣ ਲੱਗਦੀ ਹੈ। ਗੁਰੂ ਸਾਹਿਬ ਵੀਹ ਰੁਪਇਆਂ ਦੀ ਰਸਦ-ਪਾਣੀ ਅਤੇ ਬਰਤਨ ਉਨ੍ਹਾਂ ਨੂੰ ਲਿਆ ਦਿੰਦੇ ਹਨ ਅਤੇ ਆਪ ਖਾਲੀ ਹੱਥ ਪਿੰਡ ਪਰਤ ਆਉਂਦੇ ਹਨ। ਇਸ ਤੋਂ ਅੱਗੇ ਸਾਖੀਕਾਰ ਇਕ ਨਵਾਂ ਪਾਸਾਰ ਖੋਲ੍ਹ ਦਿੰਦਾ ਹੈ। ਗੁਰੂ ਸਾਹਿਬ ਘਰ ਜਾਣ ਦੀ ਬਜਾਇ ਖੇਤਾਂ ਵਿਚ ਜਾ ਕੇ ਲੁਕ ਜਾਂਦੇ ਹਨ। ਪਿਤਾ ਉਨ੍ਹਾਂ ਨੂੰ ਲੱਭ ਕੇ ਚਪੇੜਾਂ ਮਾਰਦਾ ਹੈ। ਤਲਵੰਡੀ ਦੇ ਹਾਕਮ ਰਾਇ ਬੁਲਾਰ ਨੂੰ ਪਤਾ ਚਲਦਾ ਹੈ ਤਾਂ ਉਹ ਮਹਿਤਾ ਕਾਲੂ ਨੂੰ ਝਿੜਕਦਾ ਹੈ ਅਤੇ ਦੱਸਦਾ ਹੈ ਕਿ ਗੁਰੂ ਨਾਨਕ ਪੂਰੀ ਦੁਨੀਆਂ ਦੀ ਦੌਲਤ ਦਾ ਸੁਆਮੀ ਹੈ। ਅਸੀਂ-ਤੁਸੀਂ ਸਭ ਲੋਕ ਇਸ ਤੋਂ ਦੌਲਤ ਹਾਸਲ ਕਰ ਕੇ ਖਾਂਦੇ-ਖਰਚਦੇ ਹਾਂ। ਅੱਗੇ ਤੋਂ ਕਦੇ ਵੀ ਇਸ ਬਾਲਕ ਨੂੰ ਨਹੀਂ ਝਿੜਕਣਾ। ਇਸ ਪ੍ਰਕਾਰ ਗੁਰੂ ਸਾਹਿਬ ਦੀ ਮਹਿਮਾ ਦਾ ਬਖਾਨ ਕਰ ਕੇ ਇਹ ਸਾਖੀ

ਖ਼ਤਮ ਹੋ ਜਾਂਦੀ ਹੈ। ਇਹ ਸਾਖੀ ਪੁਰਾਤਨ ਪੰਜਾਬੀ ਭਾਸ਼ਾ ਵਿਚ ਲਿਖੀ ਗਈ ਹੈ। ਸੰਸਕ੍ਰਿਤ ਜਾਂ ਫ਼ਾਰਸੀ ਦਾ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਹੈ। ਲਹਿੰਦੀ ਭਾਸ਼ਾ ਦੀ ਸੰਜੋਗਾਤਮਕਤਾ ਨਜ਼ਰ ਆਉਂਦੀ ਹੈ। ਸਾਖੀ ਕਰਤਾ ਨੇ ਬਿਰਤਾਂਤ ਨੂੰ ਦਿਲਚਸਪ ਬਣਾਉਣ ਲਈ ਨਾਟਕੀ ਮੌਕਿਆਂ ਅਤੇ ਵਾਰਤਾਲਾਪ ਦਾ ਬਹੁਤ ਕਲਾਮਈ ਪ੍ਰਯੋਗ ਕੀਤਾ ਹੈ।

## 1.9.4.3 ਗੋਸ਼ਟਿ ਸ੍ਰੀ ਗੋਪੀ ਚੰਦਿ ਕੀ

ਇਹ ਰਚਨਾ ਭਾਸ਼ਾ ਵਿਭਾਗ ਵੱਲੋਂ ਪ੍ਰਕਾਸ਼ਿਤ ਪੁਸਤਕ *'ਗੋਸ਼ਟੀਆਂ'* ਵਿਚੋਂ ਲਈ ਗਈ ਹੈ। ਇਸ ਵਿਚ ਪ੍ਰਸਿੱਧ ਰਾਜੇ ਗੋਪੀ ਚੰਦ ਦੇ ਜੋਗੀ ਬਣਨ ਦਾ ਬਿਰਤਾਂਤ ਅੰਕਿਤ ਹੋਇਆ ਹੈ। ਗੋਪੀ ਚੰਦ ਇਕ ਧਰਮੀ ਰਾਜਾ ਸੀ। ਉਸ ਨੇ ਆਪਣੀ ਮਾਤਾ ਪਾਸੋਂ ਜੀਵਨ ਦੀ ਨਾਸ਼ਮਾਨਤਾ ਦਾ ਪਾਠ ਸਮਝ ਕੇ ਜੋਗੀ ਬਣ ਜਾਣ ਦਾ ਨਿਰਣਾ ਕਰ ਲਿਆ। ਨਾਥ-ਪਰੰਪਰਾ ਵਿਚ ਗੋਪੀ ਨਾਥ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਗੋਸ਼ਟੀਕਾਰ ਨੇ ਇਸ ਕਥਾ ਨੂੰ ਸੰਬਾਦਾਂ ਦੇ ਮਾਧਿਅਮ ਨਾਲ ਪੂਰਨ ਕੀਤਾ ਹੈ। ਇਸ ਕਥਾ ਦਾ ਪਲਾਟ ਬੜੇ ਕਲਾਤਮਕ ਢੰਗ ਨਾਲ ਬੀੜਿਆ ਗਿਆ ਹੈ। ਆਰੰਭ ਵਿਚ ਹੀ ਪਾਠਕ ਦੀ ਉਤਸੁਕਤਾ ਨੂੰ ਜਗਾ ਦਿੱਤਾ ਜਾਂਦਾ ਹੈ। ਰਾਜਾ ਆਪਣੇ ਮਹਿਲਾਂ ਦੇ ਆਂਗਣ ਵਿਚ ਬੈਠਾ ਮਾਲਿਸ਼ ਕਰਵਾ ਰਿਹਾ ਹੈ ਕਿ ਮਹਿਲ ਦੀ ਖਿੜਕੀ ਵਿਚ ਬੈਠੀ ਉਸਦੀ ਮਾਂ ਰੋਣ ਲੱਗ ਪੈਂਦੀ ਹੈ। ਰਾਜੇ ਦੇ ਪੁੱਛਣ ਤੇ ਕਹਿੰਦੀ ਹੈ ਕਿ ਮੈਂ ਤੇਰੇ ਸੁੰਦਰ ਅਤੇ ਬਲਵਾਨ ਸਰੀਰ ਦੀ ਵਿਨਾਸ਼ ਦੀ ਕਲਪਨਾ ਕਰਕੇ ਰੋ ਰਹੀ ਹਾਂ। ਉਸ ਤੋਂ ਉਪਦੇਸ਼ ਲੈ ਕੇ ਰਾਜਾ, ਗੁਰੂ ਗੋਰਖ ਨਾਥ ਪਾਸ ਚਲਾ ਜਾਂਦਾ ਹੈ ਅਤੇ ਗੋਰਖ ਉਸ ਨੂੰ ਜੋਗ ਮਤਿ ਵਿਚ ਦੀਖਿਅਤ ਕਰ ਲੈਂਦਾ ਹੈ। ਬਾਅਦ ਵਿਚ ਜੋਗੀ ਬਣਿਆ ਗੋਪੀ ਚੰਦ ਆਪਣੇ ਮਹਿਲਾਂ ਵਿਚ ਹੀ ਭਿਖਿਆ ਮੰਗਣ ਆਉਂਦਾ ਹੈ। ਸਾਰਾ ਪਰਿਵਾਰ ਅਤੇ ਨਗਰ ਦੇ ਲੋਕ ਉਸ ਨੂੰ ਇਸ ਰੂਪ ਵਿਚ ਵੇਖ ਕੇ ਰੋਣ ਲੱਗ ਪੈਂਦੇ ਹਨ ਪਰ ਰਾਜਾ ਅਡੋਲ ਅਤੇ ਸੁਦ੍ਰਿੜ ਖੜ੍ਹਾ ਰਹਿੰਦਾ ਹੈ। ਉਹ ਕਹਿੰਦਾ ਹੈ ਕਿ ਸਾਰੀ ਧਰਤੀ ਮੇਰਾ ਵਿਛੌਣਾ ਹੈ, ਪਸ਼ੂ-ਪੰਛੀ ਮੇਰੇ ਸਾਥੀ ਹਨ। ਆਪਣੇ ਪਰਿਵਾਰ ਦੀ ਗੱਲ ਕਰਦਾ ਹੋਇਆ ਉਹ ਕਹਿੰਦਾ ਹੈ:

> ਮਾਤਾ ਰੂਖ, ਬ੍ਰਿਖ, ਗੜ੍ਹ, ਕੋਠੇ ਮੰਡਪ ਧਰਤੀ ਸੇਜ ਤੁਲਾਈ॥
>
> ਈਟ ਸਿਰਾਨੇ ਜੰਗਲਿ ਬਾਸਾ ਸਿਹਜਾ ਨੀਂਦ ਨਾ ਪਾਈ॥

ਸਮੁੱਚੀ ਰਚਨਾ ਸਾਧ-ਭਾਖਾ ਵਿਚ ਲਿਖੀ ਗਈ ਹੈ। 'ਅਬ, ਤਬ' ਦੁਆਰਾ ਕਥਾ ਦੇ ਵੱਖ-ਵੱਖ ਵਾਕਾਂ ਅਤੇ ਪ੍ਰਸੰਗਾਂ ਨੂੰ ਜੋੜਿਆ ਗਿਆ ਹੈ। ਕਰੁਣ ਰਸ ਅਤੇ ਸ਼ਾਂਤ ਰਸ ਦਾ ਬੜਾ ਸੁੰਦਰ ਪ੍ਰਯੋਗ ਹੋਇਆ ਹੈ। ਅੰਤ ਵਿਚ ਮਨੁੱਖੀ ਜੀਵਨ ਦੇ ਪ੍ਰਯੋਜਨ ਨੂੰ ਸਪਸ਼ਟ ਕਰ ਕੇ ਕਥਾ ਸਮਾਪਤ ਹੋ ਜਾਂਦੀ ਹੈ। ਇਹ ਕਥਾ, ਗਲਪਕਾਰੀ ਦਾ ਸੁੰਦਰ ਨਮੂਨਾ ਹੈ।

## 1.9.4.4 ਬਚਨ: ਪ੍ਰੇਮ ਸੁਮਾਰਗ ਗ੍ਰੰਥ

*'ਪ੍ਰੇਮ ਸੁਮਾਰਗ ਗ੍ਰੰਥ'* ਸਿਖ ਰਹਿਤ ਮਰਯਾਦਾ ਦੀ ਇਕ ਹਿਦਾਇਤ ਪੁਸਤਕ ਹੈ। ਇਸ ਗ੍ਰੰਥ ਦੇ ਨੌਵੇਂ ਅਧਿਆਇ ਵਿਚੋਂ ਦਸ ਬਚਨ *'ਵਾਰਤਕ ਵਿਰਸਾ'* ਪੁਸਤਕ ਵਿਚ ਸੰਕਲਿਤ ਕੀਤੇ ਗਏ ਹਨ ਤਾਂ ਜੋ ਵਿਦਿਆਰਥੀਆਂ ਨੂੰ ਪੰਜਾਬੀ ਵਾਰਤਕ ਦੇ ਵਿਭਿੰਨ ਰੂਪਾਂ ਅਤੇ ਪੜਾਵਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ। ਇਸ ਰਚਨਾ ਦੀ ਸ਼ਬਦਾਵਲੀ ਵਿਚ ਸੰਸਕ੍ਰਿਤ ਭਾਸ਼ਾ ਦੇ ਅਨੇਕ ਤਤਸਮ ਅਤੇ ਤਦਭਵ ਰੂਪ

ਦ੍ਰਿਸ਼ਟੀਗੋਚਰ ਹੁੰਦੇ ਹਨ। ਬਚਨਾਂ ਦੇ ਸਿਰਲੇਖ ਵੀ ਸੰਸਕ੍ਰਿਤ ਭਾਸ਼ਾ ਵਿਚ ਅੰਕਿਤ ਹੋਏ ਹਨ ਜਿਵੇਂ: ਪ੍ਰਥਮ, ਦੁਤੀਆ, ਤ੍ਰਿਤੀਆ, ਚਤੁਰਥ ਆਦਿ। ਸਿੱਖ ਬੰਦੇ ਲਈ 'ਪ੍ਰਾਨੀ' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਫ਼ਾਰਸੀ ਦੇ ਥੋੜ੍ਹੇ ਜਿਹੇ ਸ਼ਬਦ ਵੀ ਦਿਖਾਈ ਦੇ ਜਾਂਦੇ ਹਨ, ਜਿਵੇਂ: ਫ਼ਾਰਗ, ਸਲਾਮ, ਅਦਬ, ਰੁਜ਼ਗਾਰ ਆਦਿਕ। ਇਸ ਪੋਥੀ ਵਿਚ ਦਿੱਤੀਆਂ ਹਿਦਾਇਤਾਂ ਬੜੇ ਸਪਸ਼ਟ ਅਤੇ ਸਰਲ ਢੰਗ ਨਾਲ ਅੰਕਿਤ ਹੋਈਆਂ ਹਨ। ਦੇਖੋ:

1. ਪ੍ਰਾਨੀ ਕਉ ਚਾਹੀਐ, ਜੋ ਪ੍ਰਥਮੈ ਬੜੇ ਪ੍ਰਾਤਹਿ ਕਾਲ ਉਠੇ। (ਰਹਿਣੀ-ਬਹਿਣੀ)

2. ਪ੍ਰਾਨੀ ਕਉ ਚਾਹੀਐ, ਜੋ ਕਿਛੁ ਅਪਨੀ ਕ੍ਰਿਤ ਤੈ ਇਸਨੂੰ ਪ੍ਰਾਪਤ ਹੋਵੈ, ਉਸ ਮੈ ਵੰਡ ਕਰੈ। (ਦਸਵੰਧ)

3. ਜੋ ਕੋਈ ਕਿਛੁ ਬਸਤੁ ਰਾਹ ਤੇ ਪਾਵੈ, ਭਾਵੇਂ ਨਕਦ ਭਾਵੇਂ ਜਿਨਸ ਉਸਦੀ ਵੰਡ ਦੀ ਬਿਧੀ ।(ਕੋਈ ਚੀਜ਼ ਲੱਭਣੀ)

4. ਜੇ ਕੋਈ ਆਪਨ ਇਸਤ੍ਰੀ ਪਰ ਔਰ ਸੰਜੋਗ ਕਰੈ, ਅਰੁ ਉਸਕੈ ਔਲਾਦ ਹੋਵੈ। (ਜਾਇਜ-ਨਾਜਾਇਜ਼ ਔਲਾਦ)

5. ਅਬ ਜੋ ਕੋਈ ਅਮਾਨਤ ਕਿਸੀ ਪਾਸ ਰਖੈ-ਨਕਦ ਯਾ ਜਿਨਸ। (ਅਮਾਨਤ ਦਾ ਨਿਪਟਾਰਾ)

ਉਕਤ ਪੁਸਤਕ ਵਿਚ ਸ਼ਖ਼ਸੀ ਅਤੇ ਸਮਾਜਿਕ, ਦੋਹਾਂ ਪ੍ਰਕਾਰ ਦੇ ਵਿਵਹਾਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਕਿਉਂਕਿ ਗੁਰਬਾਣੀ ਵਿਚ ਇਹੋ ਜਿਹੇ ਮਸਲਿਆਂ ਬਾਰੇ ਕੇਵਲ ਇਸ਼ਾਰੇ ਮਾਤ੍ਰ ਮਿਲਦੇ ਹਨ। ਇਸ ਕਾਰਨ ਲੇਖਕ ਵੱਲੋਂ ਦਿੱਤਾ ਗਿਆ ਇਹ ਧਾਰਮਿਕ ਕੋਡ ਪ੍ਰਚੱਲਿਤ ਨਹੀਂ ਹੋ ਸਕਿਆ। ਇਸ ਰਚਨਾ ਦਾ ਕੇਵਲ ਸਾਹਿਤਕ ਮਹੱਤਵ ਹੀ ਹੈ।

## 1.9.4.5 ਸਿੱਖਾਂ ਦੀ ਭਗਤਮਾਲਾ

ਇਹ ਪੁਸਤਕ ਸਿੱਖ ਪੰਥ ਦੇ ਪ੍ਰਸਿੱਧ ਵਿਦਵਾਨ ਅਤੇ ਲਾਸਾਨੀ ਸ਼ਹੀਦ ਭਾਈ ਮਨੀ ਸਿੰਘ ਦੀ ਰਚਨਾ ਹੈ। ਇਸ ਵਿਚ ਗੁਰੂ ਸਾਹਿਬਾਨ ਦੇ ਅਨਿੰਨ ਸ਼ਰਧਾਲੂ ਸਿੱਖਾਂ ਦੀ ਸੂਚੀ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਸੇਵਾ ਦਾ ਵੀ ਉਲੇਖ ਹੋਇਆ। *'ਵਾਰਤਕ ਵਿਰਸਾ'* ਵਿਚ ਸੰਕਲਿਤ ਅੰਸ਼ ਤੇਰ੍ਹਵੀਂ ਪਉੜੀ ਦੀ ਪਹਿਲੀ ਸਾਖੀ ਨਾਲ ਸੰਬੰਧਤ ਹੈ। ਇਸ ਵਿਚ ਅਠਾਰ੍ਹਵੀਂ ਸਦੀ ਦੇ ਮੁੱਢ ਦੀ ਠੇਠ ਅਤੇ ਸ਼ੁੱਧ ਪੰਜਾਬੀ ਭਾਸ਼ਾ ਦਾ ਪ੍ਰਯੋਗ ਹੋਇਆ ਹੈ। ਸ਼ਬਦ-ਜੋੜਾਂ ਉਪਰ ਗੁਰਬਾਣੀ ਦਾ ਪ੍ਰਭਾਵ ਹੈ। ਦੇਖੋ: ਸ਼ਾਂਤਿ, ਸਰਨਿ, ਕਲਿਆਨ, ਮ੍ਰਿਤੁ, ਹੈਨਿ ਇਤਿਆਦਿ। ਕਿਧਰੇ-ਕਿਧਰੇ ਲਹਿੰਦੀ ਭਾਸ਼ਾਂ ਦੀ ਸੰਜੋਗਤਮਕਤਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਸ਼ੈਲੀ ਸਰਲ ਅਤੇ ਸਪਸ਼ਟ ਹੈ। ਇਕ ਨਮੂਨਾ ਦੇਖੋ: ਤਾਰੂ ਪੋਪਟ ਸਿੱਖ ਪਹਿਲੀ ਪਾਤਸ਼ਾਹੀ ਨੂੰ ਮਿਲਿਆ ਹੈ। ਬਰਸਾਂ ਦਸਾਂ ਦੀ ਆਰਜਾ ਉਸ ਦੀ ਹੈ ਸੀ। ਸਾਹਿਬ ਦੇ ਦਰਸਨ ਨੂੰ ਆਇਆ ਤੇ ਅਰਦਾਸ ਕੀਤੀਅਸੁ-ਜੋ ਗਰੀਬ ਨਿਵਾਜ ! ਸੁਣਿਆ ਹੈ ਜੋ ਸੰਤਾਂ ਨੂੰ ਮਿਲਦਾ ਹੈ ਤਿਸ ਨੂੰ ਸ਼ਾਂਤਿ ਪ੍ਰਾਪਤ ਹੁੰਦੀ ਹੈ, ਮੈਂ ਭੀ ਤੁਸਾਡੀ ਸਰਨਿ ਆਇਆ ਹਾਂ।"

ਹਰ ਸਾਖੀ ਦੇ ਆਰੰਭ ਵਿਚ ਇਕ ਪਉੜੀ ਆਉਂਦੀ ਹੈ, ਜੋ ਕਾਵਿ ਵਿਧਾ ਵਿਚ ਹੈ। ਬਾਅਦ ਵਿਚ ਪਉੜੀ ਦੀ ਵਾਰਤਕ ਵਿਚ ਵਿਆਖਿਆ ਕੀਤੀ ਗਈ ਹੈ। ਵਿਆਖਿਆ ਦੀ ਭਾਸ਼ਾ ਬੜੀ ਸਰਲ ਹੈ। ਲੇਖਕ ਮਨੁੱਖੀ ਜੀਵਨ ਵਿਚੋਂ ਢੁੱਕਵੇਂ ਪ੍ਰਮਾਣ ਦੇ ਕੇ ਅਧਿਆਤਮਕ ਮਸਲਿਆਂ ਨੂੰ ਗ੍ਰਹਿਣਯੋਗ ਬਣਾਉਂਦਾ

ਹੈ। ਪਉੜੀ ਨੂੰ ਪੜ੍ਹਨ ਉਪਰੰਤ ਭਾਈ ਸਾਹਿਬ ਦੀ ਕਾਵਿ ਪ੍ਰਤਿਭਾ ਦਾ ਵੀ ਬੜਾ ਉੱਤਮ ਪ੍ਰਮਾਣ ਮਿਲਦਾ ਹੈ। ਭਈ ਮਨੀ ਸਿੰਘ ਪੰਜਾਬੀ ਵਾਰਤਕ ਦੇ ਨਿਰਮਾਤਾਵਾਂ ਵਿਚੋਂ ਇਕ ਸਨ।

### 1.9.5.1 ਹੁਕਮਨਾਮਾ

'ਹੁਕਮਨਾਮਾ' ਦੋ ਸ਼ਬਦਾਂ ਦੇ ਸਮਾਸ 'ਹੁਕਮ + ਨਾਮਾ' ਦੁਆਰਾ ਹੋਂਦ ਵਿਚ ਆਇਆ ਇਕ ਨਵਾਂ ਸ਼ਬਦ ਹੈ। ਇਹ ਹੁਕਮਨਾਮੇ, ਸਿੱਖ ਗੁਰੂ ਸਾਹਿਬਾਨ ਆਪਣੇ ਦਸਤਖਤਾਂ ਦੀ ਮੋਹਰ-ਛਾਪ ਲਗਾ ਕੇ ਸਿੱਖ ਸੰਗਤਾਂ ਨੂੰ ਭੇਜਿਆ ਕਰਦੇ ਸਨ। *'ਵਾਰਤਕ ਵਿਰਸਾ'* ਵਿਚ ਸੰਕਲਿਤ ਹੁਕਮਨਾਮਾ ਗੁਰੂ ਗੋਬਿੰਦ ਸਿੰਘ ਜੀ ਦਾ ਹੈ ਅਤੇ ਇਹ ਡਾ. ਗੰਡਾ ਸਿੰਘ ਦੁਆਰਾ ਸੰਪਾਦਿਤ ਪੁਸਤਕ *'ਹੁਕਮਨਾਮੇ'* ਵਿਚੋਂ ਲਿਆ ਗਿਆ ਹੈ। ਗੁਰੂ ਸਾਹਿਬ ਨੇ ਇਹ ਹੁਕਮਨਾਮਾ 20 ਕੱਤਕ ਸੰਮਤ 1763 ਨੂੰ ਭਾਈ ਰੂਪੇ ਅਤੇ ਮਾਲਵੇ ਦੀ ਸੰਗਤ ਪਾਸ ਭੇਜਿਆ ਸੀ। ਇਸ ਵਿਚ ਉਸ ਵਕਤ ਦੇ ਸਿੱਖ ਸ਼ਰਧਾਲੂਆਂ ਦੇ ਨਾਮ ਵੀ ਆਏ ਹਨ। ਜਿਵੇਂ ਭਾਈ ਖਿਰਾਜ ਸਿੰਘ, ਭਾਈ ਬੁਲਾਕੀ ਸਿੰਘ, ਭਾਈ ਬਾਜ ਸਿੰਘ ਅਤੇ ਭਾਈ ਧਰਮ ਸਿੰਘ। ਇਨ੍ਹਾਂ ਸਿੰਘਾਂ ਨੂੰ ਚੰਗੀ ਨਸਲ ਦਾ ਇਕ-ਇਕ ਬੈਲ ਭੇਜਣ ਦਾ ਹੁਕਮ ਦਿੱਤਾ ਗਿਆ ਸੀ। ਇਨ੍ਹਾਂ ਦਿਨਾਂ ਵਿਚ ਗੁਰੂ ਸਾਹਿਬ ਨੇ ਦੱਖਣ ਵੱਲ ਰਵਾਨਾ ਹੋਣਾ ਸੀ ਅਤੇ ਗੁਰੂ ਸਾਹਿਬ ਨੂੰ ਬੈਲਗੱਡੀਆਂ ਅੱਗੇ ਜੋੜਨ ਵਾਲੇ ਚੰਗੇ ਤਕੜੇ ਬੈਲਾਂ ਦੀ ਜ਼ਰੂਰਤ ਸੀ। ਹੁਕਮਨਾਮੇ ਦੀ ਭਾਸ਼ਾ ਬੜੀ ਸਰਲ ਅਤੇ ਸਪਸ਼ਟ ਹੈ। ਇਸ ਹੁਕਮਨਾਮੇ ਦਾ ਇਤਿਹਾਸਕ ਮਹੱਤਵ ਵੀ ਹੈ।

### 1.9.5.2 ਸੌ ਸਾਖੀ

*'ਸੌ ਸਾਖੀ'* ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਗਈ ਦੱਸੀ ਜਾਂਦੀ ਹੈ। ਗੁਰੂ ਜੀ ਨੇ ਇਹ ਸਾਖੀਆਂ ਅਪਾਣੇ ਇਕ ਸ਼ਰਧਾਲੂ ਸਿੰਘ ਭਾਈ ਗੁਰਬਖਸ਼ ਸਿੰਘ ਨੂੰ ਸੁਣਾਈਆਂ ਸਨ। ਬਾਅਦ ਵਿਚ ਇਨ੍ਹਾਂ ਸਾਖੀਆਂ ਨੂੰ ਗੁਰੂ-ਘਰ ਦੇ ਇਕ ਲਿਖਾਰੀ ਭਾਈ ਸਾਹਿਬ ਨੇ ਲਿਖ ਦਿੱਤਾ ਸੀ। *'ਵਾਰਤਕ ਵਿਰਸਾ'* ਪੁਸਤਕ ਵਿਚ ਦੋ ਸਾਖੀਆਂ (18 ਅਤੇ 19) ਸੰਕਲਿਤ ਕੀਤੀਆਂ ਗਈਆਂ ਹਨ। ਹਰ ਸਾਖੀ 'ਇਕ ਵਾਰ' ਤੋਂ ਸ਼ੁਰੂ ਹੁੰਦੀ ਹੈ ਅਤੇ ਬੋਲਹੁ ਭਾਈ ਜੀ ਵਾਹਿਗੁਰੂ ਨਾਲ ਸਮਾਪਤ ਹੁੰਦੀ ਹੈ। ਇਨ੍ਹਾਂ ਸਾਖੀਆਂ ਵਿਚ ਗੁਰੂ ਸਾਹਿਬ ਲੋਭ-ਲਾਲਚ ਨਾ ਕਰਨ ਅਤੇ ਵਿਸਾਹਘਾਤੀ ਤੋਂ ਚੌਕਸ ਰਹਿਣ ਦਾ ਉਪਦੇਸ਼ ਦਿੰਦੇ ਹਨ। ਬੋਲੀ ਸਰਲ ਅਤੇ ਠੇਠ ਰੱਖੀ ਗਈ ਹੈ। ਕੁਝ ਸ਼ਬਦਾਂ ਦੇ ਜੋੜ ਪੁਰਾਤਨ ਹਨ: ਜਿਵੇਂ ਛਕਾਵੈਗਾ (ਛਕਾਵੇਗਾ), ਹੋਵੈਗਾ (ਹੋਵੇਗਾ), ਭੁਗਤੈਗਾ (ਭੁਗਤੇਗਾ), ਵਿਵਾਹੈਗਾ (ਵਿਆਹੇਗਾ) ਅਤੇ ਕਰੈਗਾ (ਕਰੇਗਾ) ਆਦਿ। ਇਹ ਸ਼ਬਦ ਅਠਾਰਵੀਂ ਸਦੀ ਵਿਚ ਇਸੇ ਪ੍ਰਕਾਰ ਉਚਾਰੇ ਜਾਂਦੇ ਸਨ। ਹਰ ਸਾਖੀ ਦੇ ਅੰਤ ਵਿਚ ਕੋਈ ਨਾ ਕੋਈ ਸਿੱਟਾ ਕੱਢਿਆ ਗਿਆ ਹੈ। ਇਹ ਵੀ ਲਿਖਿਆ ਗਿਆ ਹੈ: ਸਾਖੀ ਪੂਰੀ ਹੋਈ। ਇਹ ਸਾਖੀਆਂ ਪੁਰਾਤਨ ਪੰਜਾਬੀ ਵਾਰਤਕ ਦਾ ਇਕ ਭਰੋਸੇਯੋਗ ਨਮੂਨਾ ਹਨ।

### 1.9.5.3 ਬਚਨ ਸਾਈਂ ਲੋਕਾਂ ਦੇ

ਇਹ ਬਚਨ ਪ੍ਰੋ. ਪਿਆਰਾ ਸਿੰਘ ਪਦਮ ਰਚਿਤ ਪੁਸਤਕ *ਸੰਤ ਬਚਨਾਵਲੀ* ਵਿਚੋਂ ਲਏ ਗਏ ਹਨ। ਇਸ ਦਾ ਲੇਖਕ ਸੇਵਾਪੰਥੀ ਸੰਪਰਦਾਇ ਨਾਲ ਸੰਬੰਧਤ ਹਰਦਿਆਲ ਭਗਤ ਨੂੰ ਮੰਨਿਆ ਜਾਂਦਾ ਹੈ। ਮਧਕਾਲ ਦੇ ਸੰਤ ਭਗਤ ਬਹੁਤ ਘੱਟ ਬੋਲਦੇ ਸਨ ਪਰ ਉਹ ਜਿਹੜੇ ਸ਼ਬਦ ਬੋਲਦੇ ਸਨ, ਉਹ ਉਨ੍ਹਾਂ ਦੇ ਜੀਵਨ ਅਨੁਭਵ ਦਾ ਹਾਸਲ ਜਾਂ ਨਿਚੋੜ ਹੁੰਦੇ ਸਨ, ਜਿਹੜਾ ਵਿਸ਼ਾ ਉਨ੍ਹਾਂ ਦੇ ਅਨੁਭਵ ਦੀ ਕੁਠਾਲੀ ਵਿਚ ਨਹੀਂ ਸੀ ਢਲਿਆ ਹੁੰਦਾ, ਉਸ ਬਾਰੇ ਉਹ ਆਪਣੀ ਜ਼ੁਬਾਨ ਨਹੀਂ ਸੀ ਖੋਲ੍ਹਦੇ ਬਲਕਿ ਚੁੱਪ ਰਹਿੰਦੇ ਸਨ।

ਇਸ ਪ੍ਰਕਾਰ ਉਨ੍ਹਾਂ ਦੀ ਜ਼ੁਬਾਨ ਉਪਰ ਆਇਆ ਹਰ ਬਚਨ ਜੀਵਨ ਦੇ ਕਿਸੇ-ਨਾ-ਕਿਸੇ ਪੱਖ ਬਾਰੇ ਅਟੱਲ ਸਚਾਈ ਨੂੰ ਮੂਰਤੀਮਾਨ ਕਰਦਾ ਸੀ। ਬਾਅਦ ਵਿਚ ਇਨ੍ਹਾਂ ਸੰਤਾਂ ਦੇ ਸੇਵਕਾਂ ਨੇ ਜਾਂ ਉਨ੍ਹਾਂ ਨੇ ਆਪ ਹੀ ਇਨ੍ਹਾਂ ਬਚਨਾਂ ਨੂੰ ਲਿਖ ਦਿੱਤਾ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਤੋਂ ਸੇਧ ਲੈਣ ਸਕਣ। ਇਸ ਪਾਠ ਵਿਚ ਪੇਸ਼ ਹੋਏ ਕੁਝ ਬਚਨ ਦੇਖੋ; ਇਨ੍ਹਾਂ ਵਿਚ ਮਹਾਂਪੁਰਖਾਂ ਦੇ ਜੀਵਨ ਦਾ ਲੰਬਾ ਤਜਰਬਾ ਬੋਲਦਾ ਹੈ:

ਭਜਨ ਰੂਪੀ ਖੇਤ ਦਾ ਫ਼ਲ ਪਰਮੇਸ਼ਰ ਦਾ ਦਰਸ਼ਨ ਹੈ। ਇਸ ਖੇਤ ਉਪਰ ਰਾਖੀ ਭਲੀ ਪ੍ਰਕਾਰ ਕਰਨੀ ਚਾਹੀਤੀ ਹੈ, ਜੈਸੇ ਅਨਾਜ ਕੇ ਖੇਤ ਊਪਰ ਰਾਖੀ ਕਰਤੇ ਹੈ।

- ਜਗਤ ਕੀ ਰਚਨਾ ਸਭ ਬੁਧਿ ਕੇ ਆਸਰੇ ਠਹਿਰਾਈ ਹੈ।

ਜੈਸਾ ਆਪਿ ਪਰਮੇਸਰ ਹੈ ਤੈਸੀ ਪਰਮੇਸਰ ਕੀ ਰਚਨਾ। ਸੋ ਰਚਨਾ ਅਪਨੀ ਮਹਿ ਪਰਮੇਸਰ ਅਪਨਾ ਆਪ ਐਸੇ ਰਾਖਿਆ ਹੂਆ ਹੈ, ਜੈਸੇ ਪਰੇ ਮਹਿ ਨਿਹਕਲੰਕ ਰਾਖਿਆ ਹੂਆ ਹੈ।

ਜਬ ਜਗਿਆਸੀ ਸੰਤਹੁ ਕੇ ਬਚਨ ਸੁਣ ਕਰ ਕਰਤਤ (ਅਮਲ) ਵਿਖੇ ਲਿਆਂਵਦਾ ਹੈ, ਤਬ ਉਨ ਬਚਨੋਂ ਕਾ ਪ੍ਰਕਾਸ਼ ਉਨ ਕੇ ਹਿਰਦੇ ਮਹਿ ਪਹੁੰਚਦਾ ਹੈ, ਨਹੀਂ ਤਾਂ ਉਹ ਕਹਾਣੀ ਹੋਇ ਜਾਂਦੇ ਹੈਨ। ਕੁਝ ਦਿਨ ਚਿਤ ਰਹਿ ਕੇ ਫੇਰ ਵਿਸਰ ਜਾਂਦੇ ਹਨ।

ਇਸ ਵਾਰਤਕ ਰੂਪ ਦੀ ਬੋਲੀ ਸਾਧ-ਭਾਖਾ ਹੈ, ਜਿਸ ਵਿਚ ਸੰਬੰਧਕ ਅਤੇ ਕ੍ਰਿਆ ਰੂਪ ਹਿੰਦੀ ਵਾਲੇ ਹੁੰਦੇ ਹਨ ਜਿਵੇਂ ਕਾ, ਕੇ, ਕੀ ਅਤੇ ਕਰਤੇ ਹੈ, ਰਾਖਿਆ ਚਾਹੀਤਾ ਹੈ, ਉਜੜ ਜਾਤਾ ਹੈ ਆਦਿ। ਸ਼ਬਦ-ਜੋੜਾਂ ਉਪਰ ਗੁਰਬਾਣੀ ਦਾ ਵੀ ਕੁਝ ਰੰਗ ਚੜ੍ਹਿਆ ਹੋਇਆ ਹੈ। ਇਹ ਵਾਰਤਕ ਰੂਪ ਮਧਕਾਲੀਨ ਪੰਜਾਬੀ ਵਾਰਤਕ ਦਾ ਇਕ ਪ੍ਰਮੁੱਖ ਨਮੂਨਾ ਹੈ।

## 1.9.5.4 ਪਰਚੀਆਂ ਭਾਈ ਸੇਵਾ ਦਾਸ

*'ਪਰਚੀਆਂ ਭਾਈ ਸੇਵਾਦਾਸ'* ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਮੰਨੀ ਜਾਂਦੀ ਹੈ। ਇਸ ਵਿਚ ਸੇਵਾਪੰਥੀ ਸਾਧੂ ਭਾਈ ਸੇਵਾਦਾਸ ਨੇ ਮਹਾਂਪੁਰਖਾਂ ਦੇ ਜੀਵਨ ਨਾਲ ਸੰਬੰਧਤ ਪੰਜਾਹ ਸਾਖੀਆਂ ਬਿਆਨ ਕੀਤੀਆਂ ਹਨ। *'ਵਾਰਤਕ ਵਿਰਸਾ'* ਪੁਸਤਕ ਵਿਚ ਨੌਵੇਂ ਸਤਿਗੁਰੂ ਸ੍ਰੀ ਤੇਗ ਬਹਾਦਰ ਜੀ ਦੇ ਜੀਵਨ ਨੂੰ ਦਰਸਾਉਣ ਵਾਲੀਆਂ ਦੋ ਸਾਖੀਆਂ ਅੰਕਿਤ ਹਨ। ਪਹਿਲੀ ਸਾਖੀ ਵਿਚ ਗੁਰੂ ਹਰਿਕ੍ਰਿਸ਼ਨ ਜੀ ਵੱਲੋਂ ਅੰਤਿਮ ਸਮੇਂ ਉਚਾਰੇ ਗਏ ਸ਼ਬਦ 'ਬਾਬਾ ਬਕਾਲੇ' ਦੀ ਰੌਸ਼ਨੀ ਵਿਚ ਗੁਰੂ ਤੇਗਬਹਾਦਰ ਜੀ ਦੇ ਪ੍ਰਗਟ ਹੋਣ ਦੀ ਵਾਰਤਾ ਦਰਜ ਹੈ। ਦੂਜੀ ਸਾਖੀ ਵਿਚ ਗੁਰੂ-ਘਰ ਦੇ ਮਸੰਦਾਂ ਦੀ ਲੋਭੀ ਜ਼ਿਹਨੀਅਤ ਦਾ ਵਰਣਨ ਕੀਤਾ ਗਿਆ ਹੈ। ਇਸ ਰਚਨਾ ਦੀ ਬੋਲੀ ਵੀ ਸਾਧ-ਭਾਖਾ ਹੈ। ਕਈ ਕ੍ਰਿਆ ਰੂਪ ਹਿੰਦੀ ਵਾਲੇ ਹਨ ਪਰ ਕੁਝ ਪੰਜਾਬੀ ਵਾਲੇ ਵੀ ਆਏ ਹਨ। ਸੰਸਕ੍ਰਿਤ ਦੇ ਤਤਸਮ ਸ਼ਬਦ ਤਦਭਵ ਰੂਪ ਵਿਚ ਵਰਤੇ ਗਏ ਹਨ ਜਿਵੇਂ:

| **ਤਤਸਮ** | **ਤਦਭਵ** |
|---|---|
| ਵਹਾਂ | ਉਹਾਂ |
| ਗ੍ਰੰਥ | ਗਿਰੰਥ |

| | |
|---|---|
| ਸਿਉਂ | ਸੌਂ |
| ਅਭਿਲਾਸ਼ਾ | ਅਭਿਲਾਖਾ |
| ਲਕਸ਼ਣ | ਲਛਨ |
| ਆਂਚਲ | ਅੰਚਲ |

ਸਾਖੀਆਂ ਵਿਚ ਆਈ ਹਰ ਘਟਨਾ, ਪੂਰੇ ਵਿਸਤਾਰ ਸਹਿਤ ਬਿਆਨ ਕੀਤੀ ਗਈ ਹੈ ਤਾਂ ਜੋ ਜਗਿਆਸੂਆਂ ਨੂੰ ਮਹਾਂਪੁਰਖਾਂ ਦੇ ਜੀਵਨ ਬਾਰੇ ਸਹੀ ਸਮਝ ਆ ਜਾਵੇ। ਹਰ ਸਾਖੀ ਦੇ ਅੰਤ ਵਿਚ ਸਪਸ਼ਟਤਾ ਲਈ ਸਾਖੀ ਨੰਬਰ ਵੀ ਅੰਕਿਤ ਕੀਤਾ ਗਿਆ ਹੈ। ਇਹ ਪਰਚੀਆਂ ਗੁਰੂ ਸਾਹਿਬਾਨ ਅਤੇ ਹੋਰ ਮਹਾਂਪੁਰਖਾਂ ਦਾ ਜੀਵਨ-ਪਰਿਚਯ ਕਰਵਾਉਣ ਲਈ ਲਿਖੀਆਂ ਗਈਆਂ ਹਨ।

### 1.9.5.5 ਪਾਰਸ ਭਾਗ

ਇਹ ਪੁਸਤਕ ਫ਼ਾਰਸੀ ਦੇ ਪ੍ਰਸਿੱਧ ਸੂਫ਼ੀ ਚਿੰਤਕ ਇਮਾਮ-ਅਲ-ਗ਼ਜ਼ਾਲੀ ਦੀ ਪ੍ਰਸਿੱਧ ਰਚਨਾ *'ਕੀਮੀਆ-ਏ-ਸਆਦਤ'* ਦਾ ਪੰਜਾਬੀ ਅਨੁਵਾਦ ਹੈ। 'ਧਿਆਓ ਆਪਣੇ ਪਛਾਣਨੇ ਕਾ' ਦੇ ਦੋ ਸਰਗ *ਵਾਰਤਕ ਵਿਰਸਾ* ਪੁਸਤਕ ਵਿਚ ਸੰਕਲਿਤ ਹੋਏ ਹਨ। ਇਹ ਅਨੁਵਾਦ ਭਾਈ ਗਾੜ੍ਹ ਸੇਵਪੰਥੀ ਵਾਲਿਆਂ ਨੇ ਕੀਤਾ ਹੈ। ਅਨੁਵਾਦਕ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ ਕਿ ਉਸ ਨੇ ਫ਼ਾਰਸੀ ਦੀ ਸੰਕਲਪਗਤ ਸ਼ਬਦਾਵਲੀ ਵਾਸਤੇ ਸੰਸਕ੍ਰਿਤ ਅਤੇ ਪੰਜਾਬੀ ਭਾਸ਼ਾ ਵਿਚੋਂ ਹੀ ਢੁੱਕਵੇਂ ਸ਼ਬਦ ਲੱਭ ਲਏ ਹਨ। ਮੂਲ ਪੁਸਤਕ ਦੀ ਆਤਮਾ ਨੂੰ ਕਾਇਮ ਰੱਖਿਆ ਹੈ ਅਤੇ ਸਾਧ-ਭਾਖਾ ਜੋ ਮੱਧ ਕਾਲ ਵਿਚ ਸਮੁੱਚੇ ਭਾਰਤ ਦੀ ਸਾਂਝੀ ਜ਼ੁਬਾਨ ਬਣ ਚੁੱਕੀ ਸੀ, ਦੇ ਮਾਧਿਅਮ ਦੁਆਰਾ ਗ਼ਜਾਲੀ ਦੇ ਗ੍ਰੰਥ ਦਾ ਬੜਾ ਸੁਚੱਜਾ ਅਨੁਵਾਦ ਕਰ ਦਿੱਤਾ ਹੈ। ਉਸ ਦੁਆਰਾ ਕੀਤੇ ਗਏ ਅਨੁਵਾਦ ਦੀ ਇਕ ਝਲਕ ਦੇਖੋ: 'ਜੋ ਆਪ ਕੋ ਪਛਾਣ ਕਰ ਮੁਝਕੋ ਭੀ ਪਛਾਣੈ ਤਾਂ ਤੇ ਭਾਈ ਤੇਰੇ ਸਮਾਨ ਤੁਝਕੋ ਅਵਰ ਪਦਾਰਥ ਕੋਈ ਨਿਕਟਿ ਨਹੀਂ ਸੋ ਪਿਥਮੇਂ ਜਬ ਤੂੰ ਆਪ ਕੋ ਨਹੀਂ ਪਛਾਣੈ ਤਬ ਅਵਰ ਕਿਸੀ ਕੋ ਕਿਸ ਤਰਹ ਪਛਾਣੇਗਾ ਅਰ ਜਬ ਤੂੰ ਕਿਸ ਪ੍ਰਕਾਰ ਕਹੇ ਜੋ ਮੈਂ ਤੋ ਆਪ ਕੋ ਪਛਾਣਤਾ ਹਉ ਸੋ ਤੇਰਾ ਇਹ ਕਹਨਾ ਝੂਠ ਹੈ।" ਲੇਖਕ ਨੇ ਬੜੀਆਂ ਸੁਚੱਜੀਆਂ ਦਲੀਲਾਂ ਦੁਆਰਾ ਆਪਣੇ ਆਪ ਨੂੰ ਪਛਾਣਨ ਦੇ ਮਹੱਤਵ ਨੂੰ ਪ੍ਰਗਟ ਕੀਤਾ ਹੈ। ਬੇਸ਼ਕ ਸ਼ੈਲੀ ਉਪਰ ਸਾਧ-ਭਾਖਾ ਦਾ ਪ੍ਰਭਾਵ ਹੈ ਪਰ ਇਹ ਹਰ ਪਾਠਕ ਦੀ ਸਮਝ ਵਿਚ ਆ ਜਾਂਦੀ ਹੈ। ਲੇਖਕ ਮਨੁੱਖੀ ਜਗਤ ਦੀ ਲੀਲ੍ਹਾ ਵਿਚੋਂ ਅਨੇਕ ਹਵਾਲੇ ਦੇ ਕੇ ਮਨੁੱਖ ਨੂੰ ਉਸਦਾ ਕਰਤਵ ਸਮਝਾਉਂਦਾ ਹੈ। ਇਸ ਲਿਖਤ ਵਿਚ ਵਿਸਰਾਮ ਚਿੰਨ੍ਹਾਂ (ਡੰਡੀ, ਕੌਮਾ ਆਦਿ) ਦਾ ਪ੍ਰਯੋਗ ਨਹੀਂ ਕੀਤਾ ਗਿਆ। ਵਾਰਤਕ ਵਿਰਸਾ ਪੁਸਤਕ ਦੇ ਸੰਪਾਦਕਾਂ ਨੂੰ ਇਸ ਦਿਸ਼ਾ ਵਿਚ ਧਿਆਨ ਦੇਣਾ ਚਾਹੀਦਾ ਸੀ ਅਤੇ ਪਾਠ ਨੂੰ ਗ੍ਰਹਿਣਯੋਗ ਬਣਾਉਣ ਲਈ ਖੁਦ ਇਹ ਕੰਮ ਕਰ ਦੇਣਾ ਸੀ ਪਰ ਸ਼ਾਇਦ ਉਨ੍ਹਾਂ ਨੇ ਪਾਠ ਦੀ ਪ੍ਰਮਾਣਿਕਤਾ ਨੂੰ ਧਿਆਨ ਵਿਚ ਰੱਖ ਕੇ ਇਹ ਕਰੱਤਵ ਨਹੀਂ ਨਿਭਾਇਆ, ਜਿਸ ਕਾਰਨ ਵਿਦਿਆਰਥੀਆਂ ਨੂੰ ਪੜ੍ਹਨ ਵਿਚ ਕੁਝ ਮੁਸ਼ਕਿਲ ਆਵੇਗੀ ਪਰ ਧਿਆਨ ਨਾਲ ਪੜ੍ਹਿਆਂ ਹੌਲੀ-ਹੌਲੀ ਪਾਠ ਦੇ ਅਰਥ ਸਪਸ਼ਟ ਹੋ ਜਾਣਗੇ। *ਪਾਰਸ ਭਾਗ* ਦਾ ਇਹ ਅਨੁਵਾਦ ਪੰਜਾਬੀ ਵਾਰਤਕ ਦੇ ਇਤਿਹਾਸ ਨੂੰ ਵਿਸਤਾਰਦਾ ਹੈ।

## 1.9.5.6 ਜਪੁ ਪਰਮਾਰਥ

'ਜਪੁ ਪਰਮਾਰਥ' ਦਾ ਮੂਲ ਖਰੜਾ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਹੱਥਲਿਖਤ ਨੰਬਰ 1193 ਵਿਚੋਂ ਪ੍ਰਾਪਤ ਕੀਤਾ ਗਿਆ ਹੈ। ਡਾ. ਰਤਨ ਸਿੰਘ ਜੱਗੀ ਨੇ ਆਪਣੀ ਪੁਸਤਕ *'ਪੁਰਾਤਨ ਪੰਜਾਬੀ ਵਾਰਤਕ'* ਵਿਚ ਸਟੀਕ (ਟੀਕੇ) ਅਤੇ ਪਰਮਾਰਥ ਦੀ ਭਿੰਨਤਾ ਨੂੰ ਸਪਸ਼ਟ ਕਰਦਿਆਂ ਹੋਇਆ ਲਿਖਦੇ ਹਨ ਕਿ ਸਟੀਕ ਵਿਚ ਕਿਸੇ ਬਾਣੀ ਦੇ ਮੂਲ ਅਰਥਾਂ ਨੂੰ ਸਮਝਾਇਆ ਜਾਂਦਾ ਹੈ, ਜਦੋਂ ਕਿ ਪਰਮਾਰਥ ਵਿਚ ਉਸ ਬਾਣੀ ਵਿਚ ਆਏ ਅਧਿਆਤਮਕ ਸੰਕਲਪਾਂ ਬਾਰੇ ਵਿਸਤਾਰ ਸਹਿਤ ਚਰਚਾ ਕੀਤੀ ਜਾਂਦੀ ਹੈ। (*ਵਾਰਤਕ ਵਿਰਸਾ* ਵਿਚ ਉਧਰਿਤ, ਪੰਨਾ 92) ਇਸ ਪਰਮਾਰਥ-ਅੰਸ਼ ਵਿਚ ਜਪੁਜੀ ਸਾਹਿਬ ਦੀਆਂ ਪਹਿਲੀਆਂ ਦੋ ਪਉੜੀਆਂ "ਸੋਚੈ ਸੋਚਿ ਨ ਹੋਵਈ" ਅਤੇ "ਹੁਕਮੀ ਹੋਵਨਿ ਹੋਵਨਿ ਆਕਾਰ" ਦੀ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ। ਇਸ ਪਰਮਾਰਥ ਨੂੰ ਗੁਰੂ ਅੰਗਦ ਦੇਵ ਜੀ ਦੇ ਨਾਮ ਨਾਲ ਜੋੜਿਆ ਜਾਂਦਾ ਹੈ। ਬਹੁਤ ਵਾਕ 'ਤਬ', 'ਜੋ', 'ਸੋ', 'ਜਿਚਰ', 'ਜਿ' ਆਦਿ ਯੋਜਕਾਂ ਨਾਲ ਸ਼ੁਰੂ ਹੁੰਦੇ ਹਨ। ਇਸ ਪਰਮਾਰਥ ਦੀ ਸ਼ੈਲੀ-ਸ਼ਬਦਾਵਲੀ ਦੀ ਇਕ ਵੰਨਗੀ ਦੇਖੋ:

ਮੂਲ ਪੰਕਤੀ: ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥

**ਪਰਮਾਰਥ:**

ਪਰਮੇਸਰ ਕਾ ਵੀਚਾਰੁ ਸੋਚਿ ਸੋਚਿ ਕਰਿ ਕੀਤਾ ਲੋੜੇ ਤਾਂ ਨਹੀਂ ਹੋਂਦਾ। ਕਹੈ ਜੀ ਚੁਪ ਕਰਿ ਕਰਿ ਮੋਨਿ ਧਾਰਿ ਕਰਿ ਲਿਵਤਾਰ ਲਾਇ ਕਰ ਬਹਿ ਕਰਿ ਰਹੀਐ ਤਾਂ ਭੀ ਓਸ ਪਰਮੇਸਰੁ ਕੀ ਲਿਵਤਾਰ ਵਿਚਿ ਨਾ ਰਹਿ ਸਕੈ ਬਿਨਾ ਓਸ ਮਹਾਰਾਜ ਕੀ ਕ੍ਰਿਪਾ ਤੇ। ਇਸ ਪ੍ਰਕਾਰ ਪਰਮਾਰਥਕਾਰ ਨੇ ਜਪੁਜੀ ਸਾਹਿਬ ਦੀ ਵਿਆਖਿਆ ਤੇ ਵਿਸਤਾਰ ਬਹੁਤ ਗੰਭੀਰ ਢੰਗ ਨਾਲ ਕੀਤਾ ਹੈ ਅਤੇ ਮੂਲ ਪਾਠ ਤੋਂ ਲਾਂਭੇ ਜਾਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ।

## 1.9.5.7 ਰਹਿਤਨਾਮਾ ਭਾਈ ਦਯਾ ਸਿੰਘ

'ਰਹਿਤਨਾਮੇ' ਸਿੱਖਾਂ ਦੀ ਸ਼ਖਸੀ ਅਤੇ ਸਮਾਜਿਕ ਰਹਿਣੀ-ਬਹਿਣੀ ਬਾਰੇ ਜ਼ਰੂਰੀ ਹਦਾਇਤਾਂ ਅੰਕਿਤ ਹੁੰਦੀਆਂ ਹਨ। ਇਹ ਰਹਿਤਨਾਮਾ ਗੁਰੂ ਸਾਹਿਬ ਦੇ ਸ਼ਿਰੋਮਣੀ ਅਤੇ ਪਿਆਰੇ ਸਿੱਖ ਭਈ ਦਯਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਤੋਂ ਸੁਣੇ ਉਪਦੇਸ਼ਾਂ ਦੇ ਆਧਾਰ ਉਤੇ ਰਚਿਆ ਹੈ। ਇਸ ਰਹਿਤਨਾਮੇ ਦਾ ਆਰੰਭ ਬੜੇ ਵਚਿਤਰ ਅਤੇ ਕਰਾਮਾਤੀ ਢੰਗ ਨਾਲ ਕੀਤਾ ਗਿਆ ਹੈ, ਜੋ ਸਿੱਖ ਪਰੰਪਰਾਵਾਂ ਦੇ ਅਨੁਕੂਲ ਨਹੀਂ ਜਾਪਦਾ। ਸਪਸ਼ਟ ਹੈ ਕਿ ਲੇਖਕ ਨੇ ਪੌਰਾਣਿਕ ਢੰਗ ਨਾਲ ਇਸ ਰਹਿਤਨਾਮੇ ਦੀ ਰਚਨਾ ਕੀਤੀ ਹੈ। ਦੇਖੋ: "ਜਦ ਦੇਵੀ ਪ੍ਰਗਟ ਭਈ ਔਰ ਪਾਂਚ ਪਯਾਰੇ ਸਾਵਧਾਨ ਹੂਏ ਤਬ ਸਭ ਦੇਵਤਾ ਆਏ। 'ੴ ਸਤਿਨਾਮੁ' ਮੰਤਰ ਸ੍ਰੀ ਗੁਰੂ ਨਾਨਕ ਜੀ ਕੀ ਸ਼ਕਤਿ ਨੇ ਦੀਆ। (ਪੰਨਾ 52) ਇਸ ਰਹਿਤਨਾਮੇ ਵਿਚ ਅੰਮ੍ਰਿਤ ਤਿਆਰ ਕਰਨ ਅਤੇ ਛਕਾਉਣ ਦੀ ਵਿਧੀ ਦਿੱਤੀ ਗਈ ਹੈ। ਪੰਜ ਪਿਆਰਿਆਂ, ਪੰਜ ਭੁਜੰਗੀਆਂ ਅਤੇ ਦਸ ਰਿਸ਼ੀਆਂ-ਮੁਨੀਆਂ ਦੇ ਨਾਵਾਂ ਦਾ ਵਰਣਨ ਹੈ। ਰਹਿਤਾਂ ਅਤੇ ਕੁਰਹਿਤਾਂ ਬਾਰੇ ਸਪਸ਼ਟ ਰੂਪ ਵਿਚ ਜਾਣਕਾਰੀ ਦਿੱਤੀ ਗਈ ਹੈ। ਇਕ ਗੁਰਸਿੱਖ ਦੇ ਕਰਤੱਵ ਗਿਣਾਏ ਗਏ ਹਨ। ਸ਼ੈਲੀ ਸਰਲ ਅਤੇ ਪ੍ਰਭਾਵਸ਼ਾਲੀ ਹੈ। ਪੁਰਾਤਨ ਪੰਜਾਬੀ ਬੋਲੀ ਦਾ ਬੜਾ ਸੁਚੱਜਾ ਪ੍ਰਯੋਗ ਹੋਇਆ ਹੈ। ਜਿਵੇਂ: "ਸੰਗਤ ਮੈ ਖਾਲੀ ਜਾਵੈ ਨਾਹੀਂ, ਕੀਰਤਨ ਸੁਨੈ ਸੁਨਾਵੈ, ਅਰਥੀ ਨੂੰ ਦਾਨ ਕੇ, ਜਿਸ ਨੂੰ ਕੋਈ ਕੁੜਮਾਈ ਕਰੇ ਨਾਹੀਂ, ਤਿਸ ਨੂੰ ਲੋਚ ਕੇ ਕਰੇ ਕਰਾਵੇ। ਕੁਸਿੱਖ ਹੋਵੇ ਤਿਸਕੋ ਸਿੱਖ ਕਰੇ। ਦੁਖੀ ਦੁਖਾਵੇ

ਨਾ। ਸਿੱਖ ਸ਼ਬਦ ਤੇ ਜਾਣੀਏ, ਰਹਿਤ ਤੇ ਪਛਾਣੀਏ।"(ਪੰਨਾ 53) ਇਹ 'ਰਹਿਤਨਾਮਾ' ਪੰਜਾਬੀ ਵਾਰਤਕ ਦੇ ਵਿਕਾਸ-ਪੜਾਵਾਂ ਬਾਰੇ ਬੜੀ ਅਰਥਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ।

## 1.9.6.1 ਬਾਤ-ਚੀਤ

ਇਹ ਵਾਰਤਕ-ਟੁਕੜੀ ਪੰਡਿਤ ਸ਼ਰਧਾ ਰਾਮ ਫਲੌਰੀ ਰਚਿਤ ਪੁਸਤਕ *'ਪੰਜਾਬੀ ਬਾਤ-ਚੀਤ'* ਵਿਚੋਂ ਲਈ ਗਈ ਹੈ। ਇਸ ਵਿਚ ਪੰਜਾਬ ਦੇ ਵੱਖ-ਵੱਖ ਖਿੱਤਿਆਂ ਵਿਚ ਰਹਿਣ ਵਾਲੇ ਲੋਕਾਂ ਦੀ ਪਰਸਪਰ ਗੱਲ ਬਾਤ ਦੇ ਨਮੂਨਿਆਂ ਨੂੰ ਅੰਕਿਤ ਕੀਤਾ ਗਿਆ ਹੈ। ਮਾਝੇ ਵਿਚ ਰਹਿਣ ਵਾਲੇ ਲੋਕ ਮਾਝੀ, ਦੁਆਬੇ ਵਿਚ ਰਹਿਣ ਵਾਲੇ ਦੁਆਬੀ, ਮਾਲਵੇ ਵਾਲੇ ਮਲਵਈ ਅਤੇ ਪਹਾੜਾਂ ਦੇ ਲੋਕ ਪਹਾੜੀ ਬੋਲੀ ਬੋਲਦੇ ਹਨ। ਅੰਗਰੇਜ਼ ਅਫ਼ਸਰਾਂ ਨੂੰ ਪੰਜਾਬੀ ਭਾਸ਼ਾ ਦੀਆਂ ਇਨ੍ਹਾਂ ਵੱਖ-ਵੱਖ ਉਪਭਾਸ਼ਾਵਾਂ ਬਾਰੇ ਜਾਣਕਾਰੀ ਦੇਣ ਲਈ ਸ਼ਰਧਾ ਰਾਮ ਫਲੌਰੀ ਨੇ ਇਸ ਪੁਸਤਕ ਦੀ ਰਚਨਾ ਕੀਤੀ ਸੀ। ਇਸ ਪ੍ਰਕਾਰ ਦੀ ਪੁਸਤਕ ਤਿਆਰ ਕਰਨ ਦੀ ਸਲਾਹ ਉਸ ਨੂੰ ਇਕ ਅੰਗਰੇਜ਼ ਪਾਦਰੀ ਜਾਨ ਨਿਊਟਨ ਨੇ ਦਿੱਤੀ ਸੀ। ਹਥਲੀ ਪੁਸਤਕ ਵਿਚ ਲਾਹੌਰ ਵਿਚ ਰਹਿਣ ਵਾਲੇ ਲੋਕਾਂ ਦੀ ਮਾਝੀ ਬੋਲੀ ਦੇ ਨਮੂਨੇ ਪੇਸ਼ ਹੋਏ ਹਨ। ਦੇਖੋ: ਮੂਲ ਰਾਜ ਆਖਿਆ, "ਪੁੱਤਰ ਅਸਾਂ ਕੀ ਆਖਿਆ ਹੈ। ਅਸਾਂ ਤੇ ਤੁਹਾਨੂੰ ਵੇਖ ਵੇਖ ਰਾਜੀ ਹੁੰਦੇ ਰਹਿਨੇ ਹਾਂ। ਜਿਹੜੇ ਲੋਕ ਤੁਹਾਨੂੰ ਮਾੜੀਆਂ ਸੁਹਬਤਾਂ ਵਿਚ ਬੈਠੇ ਵੇਖ ਆਉਂਦੇ ਹੈਨ ਸੋਈ ਅਸਾਨੂੰ ਮਾਣ ਦਸਦੇ ਹੈਨ। ਸੋ ਹੱਛਾ ਜੇ ਤੁਸਾਂ ਸਾਰਾ ਦਿਨ ਆਪਣੇ ਕੰਮ ਧੰਦੇ ਵੱਲ ਧਿਆਨ ਰਖਦੇ ਹੋਮੋਗੇ ਤੇ ਫੈਦਾ ਬੀ ਤੁਹਾਨੂੰ ਹੀ ਹੋਊਗਾ ਨਾ।" (ਪੰਨਾ 59) ਸ਼ਰਧਾ ਰਾਮ ਫਲੌਰੀ ਨੇ ਇਕ ਪਰਿਵਾਰ ਨੂੰ ਚੁਣ ਕੇ ਉਸ ਦੇ ਕੰਮ ਕਾਰ, ਵਿਆਹ-ਸ਼ਾਦੀਆਂ, ਮਨ-ਪਰਚਾਵਿਆਂ ਅਤੇ ਲੜਾਈ ਝਗੜਿਆਂ ਬਾਰੇ ਇਕ ਬੜੀ ਦਿਲਚਸਪ ਵਾਰਤਾ ਬਿਆਨ ਕੀਤੀ ਹੈ। ਕਥਾਨਕ ਬੜਾ ਸੰਘਣਾ ਅਤੇ ਉਤਸੁਕਤਾ ਭਰਪੂਰ ਹੈ। ਪਾਤਰਾਂ ਦੀ ਸ਼ਖ਼ਸੀਅਤ ਨੂੰ ਕਲਾਤਮਕ ਢੰਗ ਨਾਲ ਉਸਾਰਿਆ ਗਿਆ ਹੈ। ਮਾਝੀ ਸ਼ਬਦਾਵਲੀ ਦੇ ਕੁੱਝ ਨਮੂਨੇ ਦੇਖੋ: ਤ੍ਰੈ, ਨੀਂਗਰ (ਬੱਚੇ), ਦੂੰਹ ਤ੍ਰਿੰਹ ਵਰ੍ਹਿਆਂ, ਦਿਆੜੇ (ਦਿਨ), ਸੁਹਬਤ (ਸੰਗਤ), ਹਿੱਕ (ਇਕ), ਪਾਹ (ਪੁੱਜਤ, ਪਹੁੰਚ), ਭਖਾਉਂਦੇ (ਚੁੱਕਦੇ), ਅਯਾਣਾ (ਬੱਚਾ), ਭਿਰਾ (ਭਰਾ) ਆਦਿਕ।

## 1.9.7 ਨਿਸ਼ਕਰਸ਼

'ਵਾਰਤਕ ਵਿਰਸਾ' ਵਿਚ ਪੁਰਾਤਨ ਪੰਜਾਬੀ ਵਾਰਤਕ (800-1900 ਈ.) ਦੀ ਪ੍ਰਤੀਨਿਧਤਾ ਕਰਨ ਵਾਲੇ 16 ਰੂਪ ਸ਼ਾਮਲ ਹਨ। ਇਨ੍ਹਾਂ ਵਿਚ ਉਪਨਿਸ਼ਦ, ਪੱਧਤੀਨਾਮਾ, ਮਹਾਤਮ, ਗੋਸ਼ਿਟਿ, ਸਾਖੀਆਂ, ਬਚਨ, ਭਗਤ ਮਾਲਾ, ਹੁਕਮਨਾਮਾ, ਪਰਚੀਆਂ, ਪਰਮਾਰਥ ਅਤੇ ਰਹਿਤਨਾਮਾ ਵਰਗੇ ਸਾਹਿੱਤ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ। ਆਦਿ ਕਾਲ ਦੀ ਵਾਰਤਕ ਵਿਚ ਸੰਸਕ੍ਰਿਤ ਅਤੇ ਅਪਭ੍ਰੰਸ਼ ਦੀ ਸ਼ਬਦਾਵਲੀ ਦ੍ਰਿਸ਼ਟੀਗੋਚਰ ਹੁੰਦੀ ਹੈ ਅਤੇ ਮੱਧਕਾਲ ਵਿਚ ਫ਼ਾਰਸੀ ਸ਼ਬਦਾਵਲੀ ਦਾ ਵੀ ਪ੍ਰਵੇਸ਼ ਹੋ ਜਾਂਦਾ ਹੈ। ਬਹੁਤੇ ਵਾਰਤਕ-ਰੂਪਾਂ ਵਿਚ ਸਾਧ ਭਾਖਾ ਦਾ ਪ੍ਰਯੋਗ ਹੋਇਆ ਹੈ ਜੋ ਮੱਧ ਕਾਲ ਵਿਚ ਪੂਰੇ ਭਾਰਤ ਦੀ ਸਾਂਝੀ ਜ਼ੁਬਾਨ ਮੰਨੀ ਜਾਂਦੀ ਸੀ। ਹਰ ਸਾਹਿਤ ਰੂਪ ਵਿਚ ਸ਼ੈਲੀ ਬੜੀ ਸਰਲ ਅਤੇ ਸਪਸ਼ਟ ਹੈ। ਸਾਖੀਆਂ, ਬਚਨਾਂ ਅਤੇ ਪਰਚੀਆਂ ਆਦਿ ਨੂੰ ਨੰਬਰਾਂ ਨਾਲ ਇਕ-ਦੂਸਰੀ ਤੋਂ ਨਿਖੇੜਿਆ ਗਿਆ ਹੈ। ਸ਼ਬਦ-ਜੋੜਾਂ ਉਪਰ ਗੁਰਬਾਣੀ ਦਾ ਪ੍ਰਭਾਵ ਹੈ। ਕਿਧਰੇ-ਕਿਧਰੇ ਭਾਵ ਨੂੰ ਸਪਸ਼ਟ ਕਰਨ ਲਈ ਗੁਰਬਾਣੀ ਜਾਂ ਭਗਤ ਬਾਣੀ ਦੇ ਸਲੋਕ ਵੀ ਵਰਤੇ ਗਏ ਹਨ। ਇਹ ਸਾਰੀਆਂ ਰਚਨਾਵਾਂ ਪਾਠਕਾਂ ਨੂੰ ਉਨ੍ਹਾਂ ਦੇ ਅਧਿਆਤਮਕ

ਭੰਡਾਰ ਅਤੇ ਸਭਿਆਚਾਰਕ ਵਿਰਸੇ ਨਾਲ ਜੋੜਨ ਲਈ ਲਿਖੀਆਂ ਗਈਆਂ ਸਨ। ਇਨ੍ਹਾਂ ਦੇ ਲੇਖਕ ਆਪਣੇ ਇਸ ਪਵਿੱਤਰ ਮਕਸਦ ਵਿਚ ਪੂਰੀ ਤਰ੍ਹਾਂ ਨਾਲ ਕਾਮਯਾਬ ਰਹੇ ਹਨ।

## ਸਹਾਇਕ ਪੁਸਤਕਾਵਲੀ


1. ਡਾ. ਸਤਨਾਮ ਸਿੰਘ ਜੱਸਲ, ਡਾ. ਬੂਟਾ ਸਿੰਘ ਬਰਾੜ, *ਵਾਰਤਕ ਵਿਰਸਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.
2. ਪ੍ਰੋ. ਬ੍ਰਹਮਜਗਦੀਸ਼ ਸਿੰਘ, *ਮੁੱਢਲੀ ਪੰਜਾਬੀ ਵਾਰਤਕ*, ਵਾਰਿਸ ਸ਼ਾਹ, ਫਾਊਂਡੇਸ਼ਨ, ਅੰਮ੍ਰਿਤਸਰ, 2011.
3. ਪ੍ਰੋ. ਬ੍ਰਹਮਜਗਦੀਸ਼ ਸਿੰਘ, ਰਾਜਬੀਰ ਕੌਰ, *ਪੰਜਾਬੀ ਸਾਹਿੱਤ ਦਾ ਇਤਿਹਾਸ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2011.


## ਮਹੱਤਵਪੂਰਨ ਪ੍ਰਸ਼ਨ

1. *'ਵਾਰਤਕ ਵਿਰਸਾ'* ਪੁਸਤਕ ਦੇ ਆਧਾਰ 'ਤੇ ਪੁਰਾਤਨ ਪੰਜਾਬੀ ਵਾਰਤਕ ਦੇ ਵਿਭਿੰਨ ਰੂਪਾਂ ਦਾ ਵਰਗੀਕਰਣ ਅਤੇ ਵਿਸ਼ਲੇਸ਼ਣ ਕਰੋ।
2. ਪੁਰਾਤਨ ਪੰਜਾਬੀ ਵਾਰਤਕਕਾਰਾਂ ਦੀ ਸ਼ੈਲੀ ਅਤੇ ਸ਼ਬਦਾਵਲੀ ਉਪਰ ਇਕ ਨੋਟ ਲਿਖੋ।
3. ਜਨਮਸਾਖੀ ਪਰੰਪਰਾ ਦੇ ਜਨਮ, ਵਿਕਾਸ ਅਤੇ ਵਿਭਿੰਨ ਰੂਪਾਂ ਨਾਲ ਜਾਣ-ਪਹਿਚਾਣ ਕਰਵਾਉ।
4. ਮੱਧਕਾਲੀ ਵਾਰਤਕ ਰੂਪਾਂ ਦੀ ਵਰਗ-ਵੰਡ ਕਰਦੇ ਹੋਏ ਹਰੇਕ ਵਰਗ ਦੀਆਂ ਪ੍ਰਵਿਰਤੀਆਂ ਅਤੇ ਵਿਸ਼ੇਸ਼ਤਾਈਆਂ ਤੋਂ ਜਾਣੂ ਕਰਵਾਓ।
   (ਦਸੰਬਰ 2016)
5. *'ਵਾਰਤਕ ਵਿਰਸਾ'* ਪੁਸਤਕ ਦੇ ਆਧਾਰ 'ਤੇ ਮੱਧਕਾਲੀ ਪੰਜਾਬੀ ਵਾਰਤਕ ਦੀ ਭਾਸ਼ਾ ਅਤੇ ਸ਼ੈਲੀ ਉਪਰ ਇਕ ਆਚੋਨਾਤਮਕ ਨਿਬੰਧ ਲਿਖੋ। (ਦਸੰਬਰ 2017)

**ਪਾਠ ਨੰਬਰ : 1.10** **– ਪ੍ਰੋ. ਬ੍ਰਹਮਜਗਦੀਸ਼ ਸਿੰਘ**

# III. ਵਾਰਤਕ ਵਿਰਸਾ: ਸ਼ਬਦਾਵਲੀ

## 1.10.1 ਭੂਮਿਕਾ

*'ਵਾਰਤਕ ਵਿਰਸਾ'* ਪੰਜਾਬੀ ਵਾਰਤਕ ਦੀਆਂ ਪੁਰਾਤਨ ਵੰਨਗੀਆਂ ਦੀ ਜਾਣਕਾਰੀ ਦੇਣ ਵਾਲਾ ਇਕ ਸੰਖੇਪ ਪਰੰਤੂ ਪ੍ਰਤੀਨਿਧ ਸੰਗ੍ਰਹਿ ਹੈ। ਡਾ. ਸਤਨਾਮ ਸਿੰਘ ਜੱਸਲ ਅਤੇ ਡਾ. ਬੂਟਾ ਸਿੰਘ ਬਰਾੜ ਨੇ ਪੁਰਾਤਨ ਪੰਜਾਬੀ ਵਾਰਤਕ ਦੀਆਂ ਅਨੇਕ ਪੋਥੀਆਂ ਦਾ ਗੰਭੀਰ ਅਧਿਐਨ ਕਰ ਕੇ ਇਸ ਸੰਗ੍ਰਹਿ ਵਿਚ ਅਜਿਹੀਆਂ ਵੰਨਗੀਆਂ ਸ਼ਾਮਲ ਕੀਤੀਆਂ ਹਨ, ਜੋ ਪ੍ਰਮਾਣਿਕ ਹੋਣ ਦੇ ਨਾਲ-ਨਾਲ ਪੰਜਾਬੀ ਵਾਰਤਕ ਦੇ ਵਿਭਿੰਨ ਰੂਪਾਂ ਬਾਰੇ ਗਿਆਨ ਪ੍ਰਦਾਨ ਕਰ ਸਕਣ। ਇਸ ਮੰਤਵ ਲਈ ਗੋਸ਼ਟਾਂ, ਮਹਾਤਮਾਂ, ਸਾਖੀਆਂ, ਬਚਨਾਂ, ਹੁਕਮਨਾਮਿਆਂ, ਰਹਿਤਨਾਮਿਆਂ ਅਤੇ ਪੰਜਾਬੀ ਲੋਕਾਂ ਦੀ ਬਾਤਚੀਤ ਆਦਿਕ ਵੰਨਗੀਆਂ ਕੇ ਕੁੱਝ ਨਮੂਨੇ *ਵਾਰਤਕ ਵਿਰਸਾ* ਪੁਸਤਕ ਵਿਚ ਸੰਕਲਿਤ ਕੀਤੇ ਗਏ ਹਨ। ਇਹ ਪੁਸਤਕ ਭਾਰਤ ਵਿਚ ਹਿੰਦੂ ਰਾਜ ਤੋਂ ਲੈ ਕੇ ਤੁਰਕ, ਪਠਾਣਾਂ, ਮੁਗਲਾਂ ਆਦਿ ਦੀ ਹਕੂਮਤ ਤੋਂ ਹੁੰਦੀ ਹੋਈ ਅੰਗਰੇਜ਼ ਸਾਮਰਾਜ ਦੀ ਸਥਾਪਨਾ ਤਕ ਪੂਰੇ 1100 (800 ਈ.-1900 ਈ.) ਸਾਲਾਂ ਤਕ ਫੈਲੀ ਹੋਈ ਹੈ। ਇਸ ਲਈ ਸੁਭਾਵਿਕ ਹੀ ਸ਼ਬਦਾਵਲੀ ਦੀ ਦ੍ਰਿਸ਼ਟੀ ਤੋਂ ਇਸ ਪੁਸਤਕ ਦੀ ਵਾਰਤਕ ਵਿਚ ਅਨੇਕ ਪਰਿਵਰਤਨ ਦਿਖਾਈ ਦੇਣਗੇ। ਅੱਠਵੀਂ-ਨੌਵੀਂ ਸਦੀ ਵਿਚ ਰਚੀਆਂ ਗਈਆਂ ਵਾਰਤਕ-ਪੋਥੀਆਂ ਤਾਂ ਸਾਧਾਰਨ ਨਜ਼ਰੇ ਕਾਫ਼ੀ ਕਠਿਨ ਪ੍ਰਤੀਤ ਹੋਣਗੀਆਂ। ਆਪਣੇ ਵਿਦਿਆਰਥੀਆਂ ਦੀ ਇਸ ਮੁਸ਼ਕਿਲ ਦਾ ਨਿਵਾਰਨ ਕਰਨ ਲਈ ਇਸ ਪਾਠ ਵਿਚ 'ਸ਼ਬਦਾਵਲੀ' ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਪਾਠ ਨੂੰ ਪੜ੍ਹ ਕੇ ਸਾਡੇ ਵਿਦਿਆਰਥੀਆਂ ਦੀ *ਵਾਰਤਕ ਵਿਰਸਾ* ਪੁਸਤਕ ਤਕ ਰਸਾਈ ਅਤੇ ਪਹੁੰਚ ਆਸਾਨ ਹੋ ਜਾਵੇਗੀ ਅਤੇ ਉਨ੍ਹਾਂ ਨੂੰ ਵਿਭਿੰਨ ਪਾਠਾਂ ਦਾ ਸਾਹਿਤਕ ਆਨੰਦ ਪ੍ਰਾਪਤ ਹੋਣ ਲੱਗ ਜਾਵੇਗਾ।

## 1.10.2 ਰੂਪ-ਰੇਖਾ

*ਵਾਰਤਕ ਵਿਰਸਾ* ਪੁਸਤਕ ਵਿਚ ਸੰਕਲਿਤ ਵਾਰਤਕ-ਵੰਨਗੀਆਂ ਨੂੰ ਵਿਦਵਾਨ ਸੰਪਾਦਕਾਂ ਨੇ ਚਾਰ ਮੁੱਖ ਕਾਲਾਂ ਵਿਚ ਵੰਡਿਆ ਹੈ:

(ੳ) ਆਦਿ ਕਾਲ (850-1500 ਈ.)

(ਅ) ਮੱਧ ਕਾਲ (1500-1700 ਈ.)

(ੲ) ਪਿਛਲਾ ਮੱਧ ਕਾਲ (1700-1850 ਈ.)

(ਸ) ਸੰਕ੍ਰਾਂਤੀ ਕਾਲ (1850-1900 ਈ.)

ਇਸ ਪੁਸਤਕ ਦਾ ਆਦਿ ਕਾਲ ਸਭ ਤੋਂ ਲੰਬੇ ਸਮੇਂ ਵਿਚ ਫੈਲਿਆ ਹੋਇਆ ਹੈ। ਭਾਰਤ ਵਿਚ ਮੌਰੀਆ, ਕਨਿਸ਼ਕ ਅਤੇ ਗੁਪਤ ਰਾਜ ਤੋਂ ਬਾਅਦ ਇੱਥੇ ਚਕ੍ਰਵਰਤੀ ਸਮਰਾਟ ਨਹੀਂ ਸਨ ਰਹੇ ਬਲਕਿ ਪੂਰਾ ਭਾਰਤ ਛੋਟੇ-ਛੋਟੇ ਰਾਜਾਂ ਵਿਚ ਵੰਡਿਆ ਗਿਆ ਸੀ। ਪੂਰਬ ਵਿਚ ਪਾਲ ਖ਼ਾਨਦਾਨ ਦਾ ਰਾਜ ਸੀ, ਪੱਛਮ ਵਿਚ ਪਰਿਹਾਰ ਰਾਜਪੂਤਾਂ ਦੇ ਅਤੇ ਮੱਧਭਾਰਤ ਵਿਚ ਰਾਸ਼ਟਰ-ਕੂਟ ਰਾਜ ਕਰਦੇ ਸਨ। ਇਹ ਤਿੰਨੇ ਖ਼ਾਨਦਾਨ ਇਕ ਦੂਜੇ ਨਾਲ ਉਲਝਦੇ-ਲੜਦੇ ਰਹਿੰਦੇ ਸਨ। ਉੱਤਰ ਵਿਚ ਹਿੰਦੂਸ਼ਾਹੀ ਰਾਜ ਸੀ, ਜੋ ਉੱਤਰ-ਪੱਛਮ ਦੇ ਦਰ੍ਰਿਆਂ ਰਾਹੀਂ ਬਾਹਰ ਤੋਂ ਆਉਣ ਵਾਲੇ ਹਮਲਵਾਰਾਂ ਨੂੰ ਰੋਕਦਾ ਸੀ। ਪਰੰਤੂ ਅੱਠਵੀਂ-ਨੌਂਵੀ ਸਦੀ ਵਿਚ ਈਰਾਨ ਅਤੇ ਅਫ਼ਗਾਨਿਸਤਾਨ ਉਪਰ ਤੁਰਕਾਂ ਦੇ ਹੋਣ ਵਾਲੇ ਹਮਲਿਆਂ ਤੋਂ ਤੰਗ ਆ ਕੇ ਉਥੋਂ ਦੇ ਰਾਜੇ, ਰਜਵਾੜੇ ਅਤੇ ਪਰਾਕ੍ਰਮੀ ਯੋਧੇ ਭਾਰਤ ਉਤੇ ਨਿਗਾਹਾਂ ਗੱਡੀ ਬੈਠੇ ਸਨ। ਆਖ਼ਰ ਮਹਿਮੂਦ ਗਜ਼ਨਵੀ ਅਤੇ ਮੁਹੰਮਦ ਗੌਰੀ ਵਰਗੇ ਹਮਲਾਵਰ ਗਿਆਰ੍ਹਵੀਂ ਅਤੇ ਬਾਰ੍ਹਵੀਂ ਸਦੀ ਵਿਚ ਭਾਰਤ ਅੰਦਰ ਦਾਖਲ ਹੋ ਗਏ। ਮੁਹੰਮਦ ਗੌਰੀ ਨੇ ਬਾਰ੍ਹਵੀਂ ਸਦੀ ਵਿਚ ਪ੍ਰਿਥਵੀ ਰਾਜ

ਚੌਹਾਨ ਨੂੰ ਤਰਾਈਂ ਦੇ ਮੈਦਾਨ ਵਿਚ ਹਰਾ ਕੇ ਇੱਥੇ ਆਪਣਾ ਰਾਜ ਸਥਾਪਿਤ ਕਰ ਲਿਆ ਸੀ। ਇਸ ਤਰ੍ਹਾਂ ਭਾਰਤ ਵਿਚ ਇਸਲਾਮਿਕ ਹਕੂਮਤ ਕਾਇਮ ਹੋ ਗਈ, ਜੋ ਲਗਭਗ ਪੰਜ ਸੌ ਵਰ੍ਹਿਆਂ ਤਕ ਚੱਲੀ। ਉਸ ਤੋਂ ਬਾਅਦ ਪੰਜਾਬ ਵਿਚ ਸਿੱਖ ਰਾਜ ਸਥਾਪਿਤ ਹੋ ਗਿਆ। 1850 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸਾਂ ਅਤੇ ਜਰਨੈਲਾਂ ਨੂੰ ਹਰਾ ਕੇ ਪੰਜਾਬ ਵਿਚ ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਕਰ ਲਿਆ। 1947 ਈ. ਤਕ ਅੰਗਰੇਜ਼ੀ ਹਕੂਮਤ ਚਲਦੀ ਰਹੀ ਅਤੇ ਫੇਰ ਭਾਰਤ ਆਜ਼ਾਦ ਹੋ ਗਿਆ। ਹਰ ਨਵੀਂ ਹਕੂਮਤ ਸਭਿਆਚਾਰ ਵਿਚ ਅਨੇਕ ਪਰਿਵਰਤਨ ਲੈ ਕੇ ਆਉਂਦੀ ਹੈ ਅਤੇ ਇਨ੍ਹਾਂ ਪਰਿਵਰਤਨਾਂ ਨੂੰ ਦੇਖਣ ਦਾ ਸਭ ਤੋਂ ਪ੍ਰਮਾਣਿਕ ਸਰੋਤ ਸਾਹਿਤ ਹੁੰਦਾ ਹੈ। ਪੰਜਾਬੀ ਵਾਰਤਕ ਸਾਹਿਤ ਵਿਚ ਵੀ ਬਹੁਤ ਸਾਰੇ ਨਵੇਂ ਪਰਿਵਰਤਨ ਆਏ। ਪੰਜਾਬੀ ਭਾਸ਼ਾ ਵਿਚ ਅਨੇਕ ਨਵੇਂ ਸ਼ਬਦ ਆ ਗਏ। ਹਥਲੇ ਪਾਠ ਵਿਚ ਅਸੀਂ ਸ਼ਬਦਾਵਲੀ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ।

### 1.10.1.1 ਆਦਿ ਕਾਲ (800-1500 ਈ.) : ਗੋਰਖ ਉਪਨਿਸ਼ਦ

ਇਸ ਕਾਲ ਦੇ ਅੰਤ ਤੱਕ ਭਾਰਤੀ ਭਾਸ਼ਾਵਾਂ ਉਪਰ ਵਿਦੇਸ਼ੀ ਪ੍ਰਭਾਵ ਪੈਣੇ ਸ਼ੁਰੂ ਹੋ ਗਏ ਸਨ। ਨੌਵੀਂ-ਦਸਵੀਂ ਸਦੀ ਤਕ ਭਾਰਤੀ ਭਾਸ਼ਾਵਾਂ ਅਪਭ੍ਰੰਸ਼ ਕਾਲ ਵਿਚੋਂ ਗੁਜ਼ਰ ਰਹੀਆਂ ਸਨ। ਅਪਭ੍ਰੰਸ਼ ਭਾਸ਼ਾਵਾਂ ਸੰਸਕ੍ਰਿਤ ਵਿਚੋਂ ਪਾਲੀ ਅਤੇ ਹੋਰ ਪ੍ਰਾਕਿਰਤਾਂ ਰਾਹੀਂ ਗੁਜ਼ਰਦੀਆਂ ਹੋਈਆਂ ਆਪਣੇ ਮੌਜੂਦਾ ਸਰੂਪ ਤੱਕ ਪਹੁੰਚੀਆਂ ਸਨ। ਸੰਸਕ੍ਰਿਤ ਭਾਸ਼ਾ ਦੀ ਸੰਯੁਕਤ ਸ਼ਬਦਾਵਲੀ ਲੋਪ ਹੁੰਦੀ ਜਾ ਰਹੀ ਸੀ ਅਤੇ ਸੰਜੋਗਾਤਮਕਤਾ ਦੀ ਥਾਂ ਵਿਜੋਗਾਤਮਕਤਾ ਦਾ ਪ੍ਰਚਲਨ ਹੋ ਰਿਹਾ ਸੀ। ਗੋਰਖ ਉਪਨਿਸ਼ਦ ਇਸ ਕਾਲ ਵਿਚ ਵਰਤੀ ਜਾ ਰਹੀ ਭਾਸ਼ਾ ਦਾ ਇਕ ਪ੍ਰਤੀਨਿਧ ਅਤੇ ਮੁੱਢਲਾ ਨਮੂਨਾ ਪੇਸ਼ ਕਰਦੀ ਹੈ। ਇਸ ਉਪਨਿਸ਼ਦ ਦੀ ਸ਼ਬਦਾਵਲੀ ਦੇ ਕੁੱਝ ਨਮੂਨੇ ਦੇਖੋ:

| **ਸ਼ਬਦ** | **ਅਰਥ** |
|---|---|
| 1. ਉਪਵੀਤ (ਯਗਯੋਪਵੀਤ) | ਜੰਞੂ, ਜਨੇਊ |
| 2. ਅਵਤਰਨ | ਅਵਤਾਰ ਧਾਰਨਾ, ਜਨਮ ਲੈਣਾ |
| 3. ਅਕੁਲ | ਜਿਸ ਦੀ ਕੋਈ ਕੁਲ ਨਾ ਹੋਵੇ, ਪਰਮਾਤਮਾ |

| | |
|---|---|
| 4. ਅਨਿਰਵਚਨੀਯ | ਜਿਸ ਨੂੰ ਵਚਨਾਂ ਵਿਚ ਬਿਆਨ ਨਾ ਕੀਤਾ ਜਾ ਸਕੇ, ਅਕੱਥ |
| 5. ਅਧੋਭੂਮੀ | ਹੇਠਲੀ ਜ਼ਮੀਨ |
| 6. ਵਿਸਮਯਜੁਕਤ | ਹੈਰਾਨ, ਅਚੰਭੇ ਦੀ ਸਥਿਤੀ |
| 7. ਵਿਸਲਾ ਉਵਾਚ | ਵਿਸਲਾ ਕਥਨ |
| 8. ਗੋਰਕਸ਼ਕ ਨਾਥ | ਗੋਰਖ ਦਾ ਮੂਲ ਅਤੇ ਅਸਲ ਨਾਮ |
| 9. ਨਾਨਾ ਪ੍ਰਕਾਰ | ਕਈ ਤਰ੍ਹਾਂ ਦੀ, ਵਿਭਿੰਨ ਕਿਸਮਾਂ ਦੀ |
| 10. ਵਿਰੁਧ | ਵਿਰੋਧ, ਵਿਰੋਧਾਭਾਸ |
| 11. ਅਦਵੈਤ | ਪਰਮਾਤਮਾ ਅਤੇ ਆਤਮਾ ਵਿਚ ਕੋਈ ਭੇਦ ਨਾ ਹੋਣਾ |
| 12. ਅਵਿਅਕਤ | ਜੋ ਪ੍ਰਗਟ ਨਾ ਹੋਇਆ ਹੋਵੇ, ਨਿਰਾਕਾਰ |
| 13. ਖੇਚਰੀ | ਆਕਾਸ਼ ਵਿਚ ਫਿਰਨ ਵਾਲੀ ਯੋਗਿਨੀ |
| 14. ਵਿਗ੍ਰਹਿ | ਘਰ ਤੋਂ ਬਿਨਾਂ, ਸੰਨਿਆਸੀ |
| 15. ਵਿਅਵਹਾਰ ਕੈ ਹੇਤੁ | ਵਿਹਾਰ ਵਾਸਤੇ, ਜ਼ਰੂਰਤ ਪੂਰੀ ਕਰਨ ਲਈ। |

### 1.10.1.2 ਏਕਾਦਸੀ ਮਹਾਤਮ

ਇਸ ਕਾਲ ਵਿਚ ਰਚੀ ਗਈ ਇਕ ਹੋਰ ਪੋਥੀ *'ਏਕਾਦਸੀ ਮਹਾਤਮ'* ਹੈ, ਜੋ ਡਾ. ਤਰਲੋਚਨ ਸਿੰਘ ਬੇਦੀ ਦੇ ਕਥਨ ਅਨੁਸਾਰ ਤੇਰ੍ਹਵੀਂ-ਚੌਦ੍ਹਵੀਂ ਸਦੀ ਦੀ ਰਚਨਾ ਹੈ। ਇਨ੍ਹਾਂ ਸਦੀਆਂ ਵਿਚ ਪੰਜਾਬ ਉਤੇ ਤੁਰਕਾਂ ਦਾ ਰਾਜ ਸਥਾਪਿਤ ਹੋ ਗਿਆ ਸੀ ਅਤੇ ਪੰਜਾਬੀ ਬੋਲੀ ਵਿਚ ਫ਼ਾਰਸੀ ਭਾਸ਼ਾ ਦੇ ਸ਼ਬਦ ਵੀ ਆਉਣ ਲੱਗ ਪਏ ਸਨ। ਅਪਭ੍ਰੰਸ਼ਾਂ ਦਾ ਪ੍ਰਭਾਵ ਲੱਗਭਗ ਸਮਾਪਤ ਹੋ ਚੁੱਕਾ ਸੀ। ਪੰਜਾਬੀ ਵਿਚ ਕਈ ਸਰੋਤਾਂ ਤੋਂ ਸ਼ਬਦਾਵਲੀ ਆਉਣ ਕਰਕੇ ਇਸ ਦਾ ਸ਼ਬਦ ਭੰਡਾਰ ਕਾਫ਼ੀ ਵਿਸ਼ਾਲ ਅਤੇ ਅਮੀਰ ਹੋ ਗਿਆ ਸੀ। *'ਏਕਾਦਸੀ ਮਹਾਤਮ'* ਦੀ ਸ਼ਬਦਾਵਲੀ ਦੇ ਕੁਝ ਰੂਪ ਦੇਖੋ:

| | **ਸ਼ਬਦ** | **ਅਰਥ** |
|---|---|---|
| 1. | ਬ੍ਰਮ੍ਹਾ ਜੀ | ਬ੍ਰਹਮਾ ਦੇਵਤਾ |
| 2. | ਅਸੇ | ਅਸੀਂ |
| 3. | ਅਰ | ਔਰ, ਅਤੇ |
| 4. | ਇਨਦਰ | ਇੰਦਰ ਦੇਵਤਾ |
| 5. | ਹੇਨ | ਹੈਨ, ਹਨ |
| 6. | ਕਰੀ ਕੇ | ਕਰ ਕੇ |

| | | |
|---|---|---|
| 7. | ਕਰਣਿ | ਕਰਨੀ |
| 8. | ਕੁਨ | ਕੌਣ |
| 9. | ਕੀਸਿ | ਕਿਸੇ |
| 10. | ਦੈਇਤੇ | ਦੈਂਤਾਂ, ਰਾਕਸ਼ਾਂ ਨੇ |
| 11. | ਮ੍ਰਿਗਾਸੀ | ਖੋਜੀ |
| 12. | ਵਿਧ | ਬਿਧਿ, ਬਿਧੀ |
| 13. | ਵਨਾਵੋ | ਦੱਸੋ |

### 1.10.1.3 ਫਰੀਦ ਜੀ ਕੀ ਪੱਧਤੀਨਾਮਾ

ਇਸ ਪੋਥੀ ਦਾ ਸੰਬੰਧ ਬਾਰ੍ਹਵੀਂ-ਤੇਰ੍ਹਵੀਂ ਸਦੀ ਦੇ ਸੂਫ਼ੀ ਫ਼ਕੀਰ ਸ਼ੇਖ ਫ਼ਰੀਦ ਜੀ ਨਾਲ ਜੋੜਿਆ ਜਾਂਦਾ ਹੈ। ਜਿਨ੍ਹਾਂ ਦੇ ਸ਼ਬਦ ਅਤੇ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਫ਼ਰੀਦ ਜੀ ਨੇ ਠੇਠ ਅਤੇ ਟਕਸਾਲੀ ਪੰਜਾਬੀ ਭਾਸ਼ਾ ਵਿਚ ਆਪਣੀ ਬਾਣੀ ਰਚੀ ਹੈ। 'ਪੱਧਤੀਨਾਮੇ' ਦੀ ਭਾਸ਼ਾ, ਉਸ ਭਾਸ਼ਾ ਨਾਲ ਮੇਲ ਨਹੀਂ ਖਾਂਦੀ। ਇਸ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਇਹ ਫ਼ਰੀਦ ਜੀ ਦੀ ਆਪਣੀ ਰਚਨਾ ਨਹੀਂ ਹੈ। ਇਸ ਪੋਥੀ ਵਿਚ ਆਤਮਬਚਨੀ ਦੇ ਮਾਧਿਅਮ ਦੁਆਰਾ ਅਧਿਆਤਮਕ-ਨੈਤਿਕ ਉਪਦੇਸ਼ ਦਿੱਤੇ ਗਏ ਹਨ। ਇਸ ਦੀ ਸ਼ਬਦਾਵਲੀ ਦੇਖੋ:

| | **ਸ਼ਬਦ** | **ਅਰਥ** |
|---|---|---|
| 1. | ਅਜਾਬ (ਅਜ਼ਾਬ) | ਦੁੱਖ, ਤਕਲੀਫ਼, ਪੀੜ ਦਾ ਅਹਿਸਾਸ |
| 2. | ਇਬਾਦਤ | ਬੰਦਗੀ, ਸਿਮਰਨ |
| 3. | ਸੂੰ (ਸਿਉਂ) | ਤੋਂ, ਨਾਲ |
| 4. | ਸ਼ਮਸ਼ੇਰੰ | ਸ਼ੇਰ ਦੇ ਨਹੁੰ ਵਰਗੀ ਤਲਵਾਰ, ਸ਼ਮਸ਼ੀਰ |
| 5. | ਸਬੀਰੀ (ਸਬੂਰੀ) | ਸਬਰ |
| 6. | ਸ਼ਿਕਮ | ਪੇਟ |
| 7. | ਕਾਬੇ | ਮੱਕਾ ਸ਼ਰੀਫ ਵਿਚ ਮੁਸਲਮਾਨਾਂ ਦਾ ਪਵਿੱਤਰ ਸਥਾਨ |
| 8. | ਖ਼ਲਕ | ਦੁਨੀਆਂ |
| 9. | ਖਾਲਕ | ਖਲਕਤ ਦੀ ਦੇਖ ਭਾਲ ਕਰਨ ਵਾਲਾ, ਰੱਬ |
| 10. | ਖਲਾਸੀ | ਮੁਕਤੀ, ਨਿਜਾਤ, ਛੁਟਕਾਰਾ |

| | | |
|---|---|---|
| 11. | ਗਾਫ਼ਿਲ | ਲਾਪ੍ਰਵਾਹ |
| 12. | ਦੀਨ | ਗਰੀਬ, ਵਿਚਾਰਾ |
| 13. | ਨਫ਼ਸ | ਵਿਕਾਰ, ਕਾਮਵਾਸਨਾ |
| 14. | ਨਿਰਦਾਵੈ | ਨਿਰ-ਦਾਅਵਾ, ਜਿਸ ਦਾ ਕੋਈ ਹੱਕ ਨਾ ਹੋਵੇ |
| 15. | ਪੱਧਤੀ | ਪੈਰ ਦਾ ਨਿਸ਼ਾਨ, ਰੀਤੀ, ਵਿਧੀ, ਨਿਯਮ |
| 16. | ਫ਼ਕਰਾ | ਫ਼ਕੀਰ ਦਾ ਬਹੁਵਚਨ, ਬਹੁਤੇ ਫ਼ਕੀਰ |
| 17. | ਮਕਸੂਦ | ਮਕਸਦ, ਮੰਤਵ |
| 18. | ਮਾਨਿੰਦ | ਵਰਗਾ, ਜਿਹਾ |

## 1.10.2.1 ਮੱਧਕਾਲ: ਗੋਸਟਿ ਆਤਮੇ ਪਰਾਤਮੇ ਕੀ (ਪ੍ਰਾਣ ਸੰਗਲੀ)

| | **ਸ਼ਬਦ** | **ਅਰਥ** |
|---|---|---|
| 1. | ਉਤਭੁਜ ਖਾਣੀ | ਜ਼ਮੀਨ ਵਿਚੋਂ ਉਤਪੰਨ ਹੋਣ ਵਾਲੇ ਪੇੜ-ਪੌਦੇ |
| 2. | ਉਦਮਾਦਤਾ | ਮਸਤੀ, ਉਛਲ-ਕੁੱਦ |
| 3. | ਊਭ | ਆਕਾਸ਼ |
| 4. | ਅੰਡਜ਼ | ਅੰਡਿਆਂ ਵਿਚੋਂ ਪੈਦਾ ਹੋਣ ਵਾਲੇ ਜੀਵ-ਜੰਤੂ |
| 5. | ਅਸੋਕ | ਜੋ ਕਦੇ ਨਾ ਸੁੱਕੇ |
| 6. | ਅੰਜਨ | ਕਾਲਖ, ਮਾਇਆ, ਸੁਰਮਾ |
| 7. | ਇੜਾ, ਪਿੰਗਲਾ, ਸੁਖਮਨਾ | ਤਿੰਨ ਨਾੜੀਆਂ, ਜੋ ਯੋਗ ਵਿਚ ਕੰਮ ਆਉਂਦੀਆਂ ਹਨ |
| 8. | ਸਬੁੱਧਾ | ਬੁੱਧੀਮਾਨ, ਸਿਆਣਾ |
| 9. | ਸਾਤਕ | ਸਤੋਗੁਣੀ, ਸੰਤੋਖੀ |
| 10. | ਸੁਕਰਤ | ਸੁਕ੍ਰਿਤ, ਚੰਗੀ (ਸ਼ੁਭ) ਕਿਰਤ |
| 11. | ਸੁਪੈਦੁ | ਸਫ਼ੈਦ, ਚਿੱਟਾ |
| 12. | ਸੇਤਜ | ਪਸੀਨੇ ਵਿਚੋਂ ਪੈਦਾ ਹੋਣ ਵਾਲੇ ਜੀਵ, ਜੂੰਆਂ ਆਦਿ |
| 13. | ਸਿਵਕਾ | ਸਿਉਂਕ |
| 14. | ਘੂਘੇ | ਸਮੁੰਦਰ ਵਿਚ ਮਿਲਣ ਵਾਲੇ ਘੋਗੇ |

| | | |
|---|---|---|
| 15. | ਜਿਭਿਆ | ਜਿਹਬਾ, ਜੀਭ |
| 16. | ਜੇਰਜ | ਜੇਰ ਵਿਚੋਂ ਪੈਦਾ ਹੋਣ ਵਾਲੇ ਜੀਵ, ਮਨੁੱਖ ਤੇ ਪਸ਼ੂ |
| 17. | ਠਉਰ | ਠਿਕਾਣਾ, ਟਿਕਾਣਾ, ਜਗ੍ਹਾ |
| 18. | ਤਾਮਸ | ਤਮੋਗੁਣੀ, ਵਿਕਾਰਗ੍ਰਸਤ |
| 19. | ਨਿਕਸਤੇ | ਨਿਕਲਦੇ |
| 20. | ਪੈਆਲੁ | ਪਾਤਾਲ ਹੇਠਾਂ |
| 21. | ਪਿਰਾਗ | ਪ੍ਰਯਾਗ ਤੀਰਥ |
| 22. | ਬਾਦੀ | ਵਾਦ-ਵਿਵਾਦ ਕਰਨ ਵਾਲਾ, ਝਗੜਾਲੂ |
| 23. | ਬੈਨੀ | ਤ੍ਰਿਵੈਣੀ, ਪ੍ਰਯਾਗ ਤੀਰਥ |
| 24. | ਮਜਨੁ | ਇਸ਼ਨਾਨ |
| 25. | ਮਹਲਪ | ਮਲ੍ਹਪ, ਸਪੋਲੀਏ |
| 26. | ਮਵੇਸ਼ੀ | ਪਸ਼ੂ, ਘਾਹ ਚਰਨ ਵਾਲੇ |
| 27. | ਮੂਦਤਾ | ਬੰਦ ਕਰਨਾ, ਮੌਂਦਾ ਲਾਉਣਾ |
| 28. | ਰਾਜਸ | ਰਜੋਗੁਣੀ, ਧਨ-ਦੌਲਤ ਦੀ ਇੱਛਾ ਕਰਨ ਵਾਲਾ |

## 1.10.2.2 ਸੱਚਾ ਸੌਦਾ (ਭਾਈ ਬਾਲੇ ਵਾਲੀ ਜਨਮਸਾਖੀ)

| | **ਸ਼ਬਦ** | **ਅਰਥ** |
|---|---|---|
| 1. | ਉਦਿਆਨ | ਜੰਗਲ, ਬੀਆਬਾਨ |
| 2. | ਅਤੀਤ | ਦੁਨੀਆਂ ਤੋਂ ਨਿਰਾਸ਼, ਸਾਧੂ, ਜੋਗੀ ਆਦਿ |
| 3. | ਸਵਦਾ, ਸਉਦਾ | ਸੌਦਾ, ਵਣਜ |
| 4. | ਸਈਆਦ | ਸ਼ਿਕਾਰੀ, ਹੱਤਿਆ ਕਰਨ ਵਾਲਾ |
| 5. | ਕੁਪੀਨ | ਲੰਗੋਟੀ, ਨੰਗੇਜ਼ ਢਕਣ ਵਾਲਾ ਵਸਤਰ |
| 6. | ਖਿਜਮਤ | ਖਿਦਮਤ, ਸੇਵਾ |
| 7. | ਚਲਣ | ਚਾਲ-ਚਲਣ, ਆਚਰਣ |
| 8. | ਝਲਿ | ਜੰਗਲ, ਜਿਥੇ ਬਹੁਤ ਸਾਰੇ ਰੁਖ ਬੂਟੇ ਉੱਗੇ ਹੋਣ |

| | | |
|---|---|---|
| 9. | ਨਫ਼ਰ | ਨੌਕਰ, ਸੇਵਕ, ਚਾਕਰ |
| 10. | ਨਿਰਬਾਣ | ਤਿਆਗੀ, ਸਾਧੂ, ਨੰਗੇ ਰਹਿਣ ਵਾਲੇ |
| 11. | ਬਰਤ | ਵਰਤ, ਖਾਣ-ਪੀਣ ਤੋਂ ਸੰਕੋਚ ਕਰਨਾ |
| 12. | ਮਸਲਤ | ਸਲਾਹ, ਮਤਾ ਪਕਾਉਣਾ |
| 13. | ਰੰਜ | ਗੁੱਸੇ, ਦੁਖੀ, ਪੀੜਿਤ |

## 1.10.3.3 ਗੋਸ਼ਟਿ ਸ੍ਰੀ ਗੋਪੀ ਚੰਦ ਕੀ

| | **ਸ਼ਬਦ** | **ਅਰਥ** |
|---|---|---|
| 1. | ਉਇ ਇਵ | ਉਹ ਸਾਰੀਆਂ |
| 2. | ਧਉਲਹਰ | ਧੌਲਰ, ਮਹਿਲ |
| 3. | ਮੁਹਾਡਾ ਡਾਲ ਕਰਿ | ਮੂੰਹ ਬਾਹਰ ਕੱਢ ਕੇ |
| 4. | ਦੇਹੀ ਕੰਉ | ਸੁੰਦਰ ਸਰੀਰ ਨੂੰ ਵੇਖ ਕੇ |
| 5. | ਧਰਤੀ ਪੜੈਗੀ | ਮਰ ਜਾਵੇਗੀ, ਨਾਸ ਹੋ ਜਾਵੇਗੀ |
| 6. | ਆਖੀ ਤੇਜ਼ ਪਾਣੀ | ਅੱਖੀਆਂ ਵਿਚ ਅੱਥਰੂਆਂ ਦੀ ਝੜੀ ਲੱਗੀ ਜਾਣੀ |
| 7. | ਬਿਸਮਾਦੁ ਹੋਇ | ਹੈਰਾਨ-ਪਰੇਸ਼ਾਨ ਰਹਿ ਗਿਆ |
| 8. | ਉਵਹੀ ਛੱਡਿਆ | ਉਵੇਂ ਹੀ ਪਿਆ ਰਹਿਣ ਦਿੱਤਾ |
| 9. | ਖਵਾਸੁ ਪਹਿਰਾਵਣੈ ਕੰਉ | ਵਿਸ਼ੇਸ਼ ਤੌਰ ਤੇ ਪਹਿਨਣ ਲਈ |
| 10. | ਅੰਗੋਛਾ | ਪਰਨਾ, ਪਟਕਾ |
| 11. | ਖੜਵਾ ਪਾਵਹੁ | ਪੈਰਾਂ ਵਿਚ ਖੜਾਵਾਂ ਪਾ ਕੇ |
| 12. | ਦੁਲੀਚਾ ਛਿਟਕਾਇ ਦੀਆਂ | ਗਲੀਚਾ ਵਿਛਾ ਦਿੱਤਾ |
| 13. | ਆਦੇਸ | ਹੁਕਮ, ਨਮਸਕਾਰ |
| 14. | ਸਕਤਾ | ਸ਼ਕਤੀ ਵਾਲਾ, ਡਾਢਾ, ਤਾਕਤਵਰ |
| 15. | ਸਿਹਜਾ | ਬਿਸਤਰ, ਸੇਜ |
| 16. | ਖਰਾ ਭਇਆ | ਖੜ੍ਹਾ ਹੋ ਗਿਆ |
| 17. | ਖਵਾਸੁ | ਖਾਸ, ਵਿਸ਼ੇਸ਼ (ਦੇਖੋ ਅਵਾਸ-ਖਵਾਸ) |

| | | |
|---|---|---|
| 18. | ਗਜਪਤਿ | ਹਾਥੀਆਂ ਦਾ ਸੁਆਮੀ, ਰਾਜਾ |
| 19. | ਚਮਕ ਪਹਿਆ | ਚੌਂਕਿਆਂ, ਗੁੱਸੇ ਵਿਚ ਬੋਲਿਆ |
| 20. | ਡੰਡਉਤਿ | ਡੰਡੇ ਵਾਂਗ ਸਿੱਧਾ ਲੇਟ ਕੇ ਨਮਸਕਾਰ ਕਰਨਾ |
| 21. | ਥਣਾ ਸਾਥਿ | ਉਨ੍ਹਾਂ ਨਾਲ |
| 22. | ਨਿਰਚਲਹੁ | ਸਥਿਰ ਹੋ ਜਾਣਾ, ਇਕ ਥਾਂ ਰੁਕ ਜਾਣਾ |
| 23. | ਪਖਾਲਹਿ | ਪੈਰ ਦਬਾਉਣਾ, ਸੇਵਾ ਕਰਨੀ |
| 24. | ਪਿਛਾਚਾ ਕੀਆ | ਪਿੱਛਾ ਕੀਤਾ |
| 25. | ਸਹੇਲੀਆਂ | ਸਖੀਆਂ, ਸਹੇਲੀਆਂ |
| 26. | ਮੂਡ | ਮੁੰਡਾਉਣਾ, ਮੁਨਾਉਣਾ |
| 27. | ਭੈਆ | ਭਇਆ, ਹੋਇਆ |

## 1.10.3.4 ਬਚਨ (ਪ੍ਰੇਮ ਸੁਮਾਰਗ ਗ੍ਰੰਥ)

| | **ਸ਼ਬਦ** | **ਅਰਥ** |
|---|---|---|
| 1. | ਉਜ਼ਰ | ਇਤਰਾਜ਼, ਵਿਰੋਧ |
| 2. | ਅਸੀਲ | ਸੁਸ਼ੀਲ, ਭਲੀ, ਸਾਊ |
| 3. | ਸਯ | ਸਿਉਂ, ਨਾਲ |
| 4. | ਸਾਇਤ | ਵੇਲਾ, ਘੜੀ |
| 5. | ਸੁਕ੍ਰਿਤਯ | ਚੰਗੀ (ਨੇਕ) ਕਮਾਈ |
| 6. | ਹਿਕਮਤ | ਸਿਆਣਪ, ਤਦਬੀਰ, ਵਿਧੀ |
| 7. | ਠੌਰ | ਠਹਿਰ, ਟਿਕਾਣਾ |
| 8. | ਬਯੋਹਾਰ | ਗੁਜ਼ਰ-ਬਸਰ, ਗੁਜ਼ਾਰਾ |
| 9. | ਤਹਿਕੀਕ | ਪੜਤਾਲ, ਖੋਜ-ਖ਼ਬਰ |
| 10. | ਦਾਲਿਦ੍ਰ | ਦਰਿੱਦਰ, ਗ਼ਰੀਬੀ, ਕੰਗਾਲੀ |
| 11. | ਨੱਤਾ | ਨਾਤੀ, ਨਾਤਾ, ਦੋਹਤਾ, ਪੜੋਤੇ ਦਾ ਪੁੱਤਰ |
| 12. | ਨਿਸਬਤ | ਬਰਾਬਰ, ਮੰਗਣੀ ਕਰਨਾ |

| | | |
|---|---|---|
| 13. | ਪਾਉ ਰੁਪਯਾ | ਰੁਪਏ ਦਾ ਚੌਥਾ ਹਿੱਸਾ, ਚੁਆਨੀ, ਪੱਚੀ ਪੈਸੇ |
| 14. | ਪ੍ਰਾਲਬਧ | ਕਿਸਮਤ, ਨੇਕ ਕਮਾਈ |
| 15. | ਫ਼ਾਰਗ | ਸੇਵਾ ਮੁਕਤ, ਵਿਹਲਾ ਹੋਣਾ |
| 16. | ਬਰਨ | ਵਰਣ, ਜਾਤੀ (ਚਤੁਰ ਵਰਣ) |
| 17. | ਬਿਖਾਦ | ਲੜਾਈ-ਝਗੜਾ, ਫ਼ਸਾਦ |
| 18. | ਮੁਯੱਸਰ | ਹਾਸਲ, ਪ੍ਰਾਪਤ |
| 19. | ਮਾਲ ਕੀ ਬਿਧਿ | ਜਾਇਦਾਦ ਵੰਡਣ ਦਾ ਢੰਗ |
| 20. | ਰੁਜੂ | ਵਾਪਸ, ਮੁੜਨਾ |
| 21. | ਰਿਣ | ਕਰਜ਼ਾ |

### 1.10.3.5 ਸਾਖੀ (ਭਗਤ ਰਤਨਾਵਲੀ)

| | ਸ਼ਬਦ | ਅਰਥ |
|---|---|---|
| 1. | ਸਰਨਿ | ਸ਼ਰਨ (ਓਟ) ਵਿਚ ਆਉਣਾ |
| 2. | ਸੁਵਰਨ | ਸੋਨਾ |
| 3. | ਕੁਲ ਤਾਰੂ | ਕੁਲ (ਵੰਸ਼) ਨੂੰ ਤਾਰਨ ਵਾਲਾ |
| 4. | ਭਾਉ ਭਗਤਿ | ਪ੍ਰੇਮ ਨਾਲ ਭਗਤੀ ਕਰਨਾ |
| 5. | ਰਾਗ ਦਵੈਖ | ਪ੍ਰੇਮ ਅਤੇ ਵਿਰੋਧ (ਵੈਰ) |
| 6. | ਰਿਦੇ | ਹਿਰਦੈ, ਹਿਰਦਾ, ਦਿਲ |

### 1.10.4.1 ਪਿਛਲਾ ਮੱਧ ਕਾਲ (1700-1850): ਹੁਕਮਨਾਮਾ

| | ਸ਼ਬਦ | ਅਰਥ |
|---|---|---|
| 1. | ਸਉਰੈਗਾ | ਸੰਵਰੇਗਾ, ਸੁਧਰੇਗਾ, ਠੀਕ ਰਹੇਗਾ |
| 2. | ਕੂਚ | ਰਵਾਨਾ ਹੋਣਾ, ਚਾਲੇ ਪਾਉਣਾ |
| 3. | ਫੁਰਮਾਇਸ਼ | ਫ਼ਰਮਾਇਸ਼, ਸਿਫ਼ਾਰਿਸ਼ |

## 10.4.2 ਸੌ ਸਾਖੀ

| | ਸ਼ਬਦ | ਅਰਥ |
|---|---|---|
| 1. | ਆਸ਼ਰਮ | ਜੀਵਨ ਦੇ ਚਾਰ ਭਾਗ (ਬ੍ਰਹਮਚਰਯ, ਗ੍ਰਿਹਸਥ, ਵਾਨਪ੍ਰਸਥ, ਸੰਨਿਆਸ) |
| 2. | ਗੋਣਾਂ | ਭਾਂਡੇ, ਬਰਤਨ |
| 3. | ਖਿਸਾਣੇ | ਥਾਂ ਤੋਂ ਖਿਸਕਣਾ, ਹਿਲਣਾ-ਜੁਲਣਾ |
| 4. | ਤਕਰਾਰ | ਬਹਿਸ-ਮੁਬਾਹਸਾ, ਵਿਵਾਦ |
| 5. | ਪਾਹੁਲੀਆ | ਪਾਹੁਲ (ਅੰਮ੍ਰਿਤਧਾਰੀ) ਛਕਿਆ ਹੋਇਆ |

## 1.10.4.3 ਬਚਨ (ਬਚਨ ਸਾਈਂ ਲੋਕਾਂ ਦੇ)

| | ਸ਼ਬਦ | ਅਰਥ |
|---|---|---|
| 1. | ਆਠਵੇ ਮਹਲ | ਅੱਠਵੇਂ ਸਤਿਗੁਰੂ ਹਰਿਕ੍ਰਿਸ਼ਨ ਜੀ |
| 2. | ਛਪੇ ਰਹਣਾ | ਲੁਕੇ-ਛਿਪੇ ਰਹਿਣਾ, ਪ੍ਰਗਟ ਨਾ ਹੋਣਾ |
| 3. | ਗਿਰੰਥ | ਧਾਰਮਿਕ ਪੋਥੀ, ਜੋਤਸ਼-ਵਿਗਿਆਨ |
| 4. | ਮਸਤਾਨੇ ਤਉਰ | ਮਸਤੀ ਵਿਚ, ਆਪਣੀ ਧੁਨ ਵਿਚ |
| 5. | ਅਭਿਲਾਖਾ | ਇੱਛਾ, ਗਰਜ਼ |
| 6. | ਸੰਗਤ ਜਾਇ ਲਧਾ | ਸੰਗਤ ਨੇ ਜਾ ਕੇ ਲੱਭ ਲਿਆ |
| 7. | ਅੰਚਲਿ ਪਕੜਾਇ ਹੈ | ਪੱਲੂ (ਆਸਰਾ) ਫੜਾਇਆ ਹੈ |
| 8. | ਪੋਟ ਗਉਰੀ ਹੈ | ਪੋਟਲੀ (ਜ਼ਿੰਮੇਵਾਰੀ) ਭਾਰੀ ਹੈ |
| 9. | ਦਰੁਣ | ਦੂਰ ਹੋਣਾ |
| 10. | ਦੁਤੀਏ ਕਾ ਚੰਦ | ਦੂਜਾ ਚੰਦਰਮਾ |
| 11. | ਮੰਜੀ ਊਪਰਿ ਬੈਸੀਏ | ਗੁਰੂ ਦੇ ਆਸਣ ਉਪਰ ਬੈਠ ਜਾਉ |
| 12. | ਪਟੰਬਰ | ਰੇਸ਼ਮੀ ਪੋਸ਼ਾਕ (ਪੱਟ ਦੇ ਵਸਤਰ) |
| 13. | ਬ੍ਰਤ | ਪ੍ਰਤਿਗਿਆ, ਸੰਕਲਪ |
| 14. | ਦੁਇ ਕਿਉ ਰਾਖਤਾ ਹੈ | ਦੋ ਰੁਪਏ ਕਿਉਂ ਦੇ ਰਿਹਾ ਹੈ? |

| | |
|---|---|
| 15. ਚੰਦ ਤਰਾਇਨ | ਚੰਦ–ਤਾਰੇ |
| 16. ਮੰਤ੍ਰੀਅਹੁ | ਸਲਾਹਕਾਰਾਂ, ਸਿੱਖਾਂ–ਸੇਵਕਾਂ |
| 17. ਸਰੀਕ ਬਲ ਪਾਇ ਗਏ | ਗੁਰੂ–ਘਰ ਦੇ ਸ਼ਰੀਕ ਤਕੜੇ ਹੋ ਗਏ |

## 1.10.4.5 ਪਾਰਸ ਭਾਗ (ਅਨੁਵਾਦ)

| **ਸ਼ਬਦ** | **ਅਰਥ** |
|---|---|
| 1. ਅਵਰ | ਔਰ, ਹੋਰ, ਦੂਜੇ |
| 2. ਧਿਆਉ | ਅਧਿਆਇ, ਖੰਡ |
| 3. ਤੁਚਾ | ਖੱਲੜੀ |
| 4. ਅੰਗੀਕਾਰ | ਸਵੀਕਾਰ ਕਰਨਾ, ਮੰਨ ਲੈਣਾ |
| 5. ਵਸੀਕਾਰ | ਵੱਸ ਵਿਚ ਕਰਨਾ |
| 6. ਟਹਲੂਏ | ਸੇਵਕ, ਚਾਕਰ |
| 7. ਰਿਦਾ | ਹਿਰਦੈ, ਮਨ, ਦਿਲ |
| 8. ਨਯਾਈ | ਵਾਂਗ, ਵਾਂਗੂੰ |
| 9. ਉਸ ਹੀ ਓਰ | ਜਿਸ ਦਿਸ਼ਾ ਤੋਂ ਆਇਆ ਹੈ, ਉਸੇ ਦਿਸ਼ਾ ਵੱਲ ਜਾਵੇਗਾ |
| 10. ਅਵਸਮਵ | ਜ਼ਰੂਰ, ਹਰ ਹਾਲਤ ਵਿਚ |

## 1.10.4.6 ਜਪੁ ਪਰਮਾਰਥ

| **ਸ਼ਬਦ** | **ਅਰਥ** |
|---|---|
| 1. ਨਿਕਟਵਰਤੀ ਮਹਲੀਆਂ | ਜਿਸ ਸਤਿਗੁਰੂ ਨੂੰ ਨੇੜੇ ਰਹਿਣ ਦਾ ਸਮਾਂ ਮਿਲਿਆ ਹੋਵੇ |
| 2. ਅਸਾਨੋ | ਸਾਨੂੰ ਸਭਨਾਂ ਨੂੰ |
| 3. ਕੁਦਰਤਿ | ਹਸਤੀ, ਪਾਇਆ |
| 4. ਡਿਅਹੁ ਮੁਹਹੁ | ਦੇ ਮੂੰਹੋਂ, ਜ਼ਬਾਨੀ |
| 5. ਪਰਮਾਰਥ | ਗੂੜ੍ਹ ਅਰਥ, ਭਾਵ ਅਰਥ |
| 6. ਅੰਜੁਨ, ਸਿਆਹੀ | ਕਾਲਾ ਰੰਗ, ਮਾਇਆ ਦਾ ਪ੍ਰਭਾਵ |

| | | |
|---|---|---|
| 7. | ਸੁਪੇਦੀ ਬਡੀ | ਸਫ਼ੈਦੀ ਵੱਡੀ ਹੈ |
| 8. | ਬ੍ਰਹਮਾ ਬਿਸਨੁ ਮਹਾਂਦੇਉ | ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ |

## 1.10.4.7 ਰਹਿਤਨਾਮਾ ਭਾਈ ਦਯਾ ਸਿੰਘ

| | **ਸ਼ਬਦ** | **ਅਰਥ** |
|---|---|---|
| 1. | ਬਸੀਕਰਨੇ | ਵੱਸ ਵਿਚ ਕਰਨਾ |
| 2. | ਮਿਸਟਾਨ | ਮਿਠਾਸ, ਮਿਠਾਈ |
| 3. | ਨਿਮਿਤ | ਵਾਸਤੇ, ਲਈ |
| 4. | ਸਰਕਰ... | ਸ਼ੱਕਰ ਵਿਸ਼ਨੂੰ ਨੇ ਦਿੱਤੀ |
| 5. | ਘੀਵ | ਘਿਉ ਬ੍ਰਹਮਾ ਨੇ ਦਿੱਤਾ |
| 6. | ਨੀਚਾਦਿ | ਨੀਚ (ਨੀਵੀਆਂ) ਜਾਤੀਆਂ ਦੇ ਲੋਕ |
| 7. | ਹਾਥ ਜੋਧਿ | ਹੱਥ ਜੋੜ ਕੇ |
| 8. | ਸਾਵਗ | ਸਰਾਵਗ ਸੁਧ ਸਮੂਹ ਸਿਧਾਨ (ਸਵੱਈਏ) |
| 9. | ਪੁਨਹ | ਇਸ ਤੋਂ ਬਾਅਦ |
| 10. | ਪਾਪ ਸੰਬੂਹ ਬਿਨਾਸਨ | ਸਾਰੇ ਪਾਪਾਂ ਦਾ ਨਾਸ਼ ਹੋ ਜਾਵੇਗਾ |

## 1.10.5.1 ਬਾਤ-ਚੀਤ (ਪੰਜਾਬੀ ਬਾਤ ਚੀਤ)

| | **ਸ਼ਬਦ** | **ਅਰਥ** |
|---|---|---|
| 1. | ਤ੍ਰੈ ਨੀਂਗਰ | ਤਿੰਨ ਪੁੱਤਰ |
| 2. | ਸੁਚੇਤ | ਸਿਆਣਾ, ਸਮਝਦਾਰ |
| 3. | ਦਿਆੜੇ | ਦਿਹਾੜੇ, ਦਿਨ |
| 4. | ਪਤਿਆਹੁਰਾ | ਸਹੁਰੇ ਦਾ ਭਰਾ |
| 5. | ਹਿਕ ਕਹੇਂ ਦਾ ਕਟੋਰਾ | ਕਾਂਸੀ ਦਾ ਇਕ ਕਟੋਰਾ |
| 6. | ਪਾਹ | ਪਾਸ, ਕੋਲੇ |
| 7. | ਭਖਾਉਂਦੇ | ਚੁਕਣਾ ਦੇਣੀ, ਚੁਗਲੀ ਕਰਨਾ |

| | | |
|---|---|---|
| 8. | ਕੁਰਾਫ਼ਾਤਾਂ | ਸ਼ਰਾਰਤਾਂ, ਲੜਾਈ-ਝਗੜੇ |
| 9. | ਭੇੜ ਕਰਾਉਣਾ | ਲੜਾਈ ਕਰਵਾਉਣੀ |
| 10. | ਕਿਹਾੜ | ਹਿੰਦੂ ਹਟਵਾਣੀਏ |
| 11. | ਜਰੀਮਾਨਾ | ਜੁਰਮਾਨਾ ਕਰਨਾ |
| 12. | ਵਲਾਂ ਤੇ | ਪਾਸਿਆਂ ਤੋਂ |

## 1.10.6 ਨਿਸ਼ਕਰਸ਼

'ਸ਼ਬਦਾਵਲੀ' ਦੀ ਦ੍ਰਿਸ਼ਟੀ ਤੋਂ *ਵਾਰਤਕ ਵਿਰਸਾ* ਦਾ ਅਧਿਐਨ ਅਤੇ ਵਿਸ਼ਲੇਸ਼ਣ ਬੜੀਆਂ ਮਹੱਤਵਪੂਰਨ ਅੰਤਰ-ਦ੍ਰਿਸ਼ਟੀਆਂ ਮੁਹਈਆ ਕਰਦਾ ਹੈ। ਅਸੀਂ ਦੇਖ ਸਕਦੇ ਹਾਂ ਕਿ ਪੰਜਾਬੀ ਵਾਰਤਕ ਅਪਭ੍ਰੰਸ਼ਾਂ ਵਿਚੋਂ ਉਤਪੰਨ ਹੋ ਕੇ ਕਿਵੇਂ ਅਜ ਤੱਕ ਦੇ ਦੌਰ ਤੱਕ ਪਹੁੰਚੀ ਹੈ। ਇਸ ਵਿਚ ਸੰਸਕ੍ਰਿਤ ਸ਼ਬਦਾਵਲੀ ਕਿਵੇਂ ਅਤੇ ਕਦੋਂ ਲੋਪ ਹੋਣ ਲੱਗੀ। ਫ਼ਾਰਸੀ ਦਾ ਪ੍ਰਵੇਸ਼ ਕਿਵੇਂ ਹੋਇਆ ਅਤੇ ਪੰਜਾਬੀ ਭਾਸ਼ਾ ਨੇ ਆਧੁਨਿਕ ਯੁੱਗ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਬਿਰਤਾਂਤ-ਵਿਧੀਆਂ ਅਤੇ ਨਵੀਂ ਸ਼ਬਦਾਵਲੀ ਦਾ ਆਵਿਸ਼ਕਾਰ ਕਿਵੇਂ ਕੀਤਾ। ਸੱਚਮੁੱਚ *ਵਾਰਤਕ ਵਿਰਸਾ* ਇਕ ਸ੍ਰੋਤ-ਪੁਸਤਕ ਹੈ।

## ਸਹਾਇਕ ਪੁਸਤਕਾਵਲੀ


1. ਡਾ. ਸਤਨਾਮ ਸਿੰਘ ਜੱਸਲ, ਡਾ. ਬੂਟਾ ਸਿੰਘ ਬਰਾੜ (ਸੰਪਾ.), *ਵਾਰਤਕ ਵਿਰਸਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.
2. ਪ੍ਰੋ. ਬ੍ਰਹਮਜਗਦੀਸ਼ ਸਿੰਘ, ਰਾਜਬੀਰ ਕੌਰ, *ਪੰਜਾਬੀ ਸਾਹਿੱਤ ਦਾ ਇਤਿਹਾਸ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, ਤੀਜਾ ਸੰਸਕਰਣ, 2016.
3. ਪ੍ਰੋ. ਰਾਜਬੀਰ ਕੌਰ (ਸੰਪਾ.), *ਪੁਰਾਤਨ ਤੇ ਨਵੀਨ ਪੰਜਾਬੀ ਵਾਰਤਕ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2009.

# IV. ਵਾਰਤਕ ਵਿਰਸਾ: ਕਲਾ ਪੱਖ

## 1.11.1 ਭੂਮਿਕਾ

ਸਾਹਿਤਕ ਵਾਰਤਕ ਨੂੰ ਸਮਾਜਕ-ਵਿਗਿਆਨਾਂ ਦੇ ਪੱਧਰ ਤੋਂ ਉਪਰ ਉਠਾਉਣ ਲਈ ਵਾਰਤਕਕਾਰ ਨੂੰ ਬਹੁਤ ਸਤਰਕ ਅਤੇ ਸਾਵਧਾਨ ਰਹਿਣਾ ਪੈਂਦਾ ਹੈ ਕਿਉਂਕਿ ਉਸਦੀ ਥੋੜ੍ਹੀ ਜਿਹੀ ਅਸਾਵਧਾਨੀ, ਰਚਨਾ ਪਾਸੋਂ ਸਾਹਿਤਕ ਦਰਜਾ ਖੋਹ ਸਕਦੀ ਹੈ। ਇਸੇ ਗੱਲ ਨੂੰ ਮੁੱਖ ਰੱਖ ਕੇ ਪ੍ਰੋ. ਪੂਰਨ ਸਿੰਘ ਨੇ ਆਪਣੀ ਨਿਬੰਧਾਵਲੀ *ਖੁਲ੍ਹੇ ਲੇਖ* ਦੀ ਭੂਮਿਕਾ ਵਿਚ ਲਿਖਿਆ ਸੀ, "ਵਾਰਤਕ ਲਿਖਣੀ ਢੇਰ ਕਠਿਨ ਹੈ ਕਿਉਂਕਿ ਇਸ ਵਿਚ ਰੂਹ ਤੇ ਦਿਮਾਗ ਦੀ ਨੰਗੀ ਤਸਵੀਰ ਖਿਚਣੀ ਪੈਂਦੀ ਹੈ।" ਸਾਹਿਤ-ਆਲੋਚਕਾਂ ਨੇ ਕਾਵਿ ਅਤੇ ਵਾਰਤਕ ਵਿਚ ਨਿਖੇੜਾ ਕਰਦਿਆਂ ਲਿਖਿਆ ਹੈ ਕਿ ਕਵਿਤਾ ਦਿਲ ਦੀ ਬੋਲੀ ਹੈ ਅਤੇ ਵਾਰਤਕ ਦਿਮਾਗ ਦੀ ਬੋਲੀ ਹੈ। ਇਸ ਕਾਰਨ ਦੋਹਾਂ ਦਾ ਮਿਜ਼ਾਜ ਇਕ ਦੂਜੇ ਨਾਲੋਂ ਵੱਖਰਾ ਹੈ। ਕਵਿਤਾ ਵਿਚ ਭਾਵ ਅਤੇ ਕਲਪਨਾ ਪ੍ਰਧਾਨ ਹੁੰਦੀ ਹੈ ਜਦੋਂ ਕਿ ਵਾਰਤਕ ਵਿਚ ਤਰਕ ਅਤੇ ਨਿਆਇ ਵੱਲ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਬੇਸ਼ਕ ਭਾਵਾਂ ਅਤੇ ਕਲਪਨਾ ਦੀ ਸ਼ਿੱਦਤ ਨੂੰ ਬਣਾਈ ਰੱਖਣ ਲਈ ਕਾਵਿ ਵਿਚ ਬਿੰਬਾਂ, ਰਸਾਂ ਅਤੇ ਅਲੰਕਾਰਾਂ ਦਾ ਪ੍ਰਯੋਗ ਜ਼ਰੂਰੀ ਮੰਨਿਆ ਗਿਆ ਹੈ ਪਰੰਤੂ ਵਾਰਤਕ ਵਿਚ ਵੀ ਇਨ੍ਹਾਂ ਦਾ ਪ੍ਰਯੋਗ ਵਰਜਿਤ ਨਹੀਂ ਹੈ। ਸੁਚੱਜੇ ਸ਼ੈਲੀਕਾਰ ਵਾਰਤਕ ਦੇ ਕਲਾ ਪੱਖ ਨੂੰ ਮਜ਼ਬੂਤ ਕਰਨ ਲਈ ਇਨ੍ਹਾਂ ਤੱਤਾਂ ਦੀ ਵਰਤੋਂ ਕਰ ਲੈਂਦੇ ਹਨ। ਪੁਰਾਤਨ ਵਾਰਤਕ ਦੇ ਨਮੂਨਿਆਂ ਵਿਚ ਵੀ ਇਹ ਤੱਤ ਬੜੇ ਸਚੱਜੇ ਢੰਗ ਨਾਲ ਵਿਉਂਤਬੱਧ ਕੀਤੇ ਗਏ ਹਨ।

## 1.11.2 ਰੂਪ-ਰੇਖਾ

ਹਥਲੇ ਪਾਠ ਵਿਚ *ਵਾਰਤਕ ਵਿਰਸਾ* ਪਾਠ-ਪੁਸਤਕ ਵਿਚ ਸੰਕਲਿਤ ਰਚਨਾਵਾਂ ਦੇ ਕੁਝ ਉਘੜਵੇਂ ਕਲਾਤਮਕ ਲੱਛਣਾਂ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ। ਇਹ ਰਚਨਾਵਾਂ ਅਧਿਆਤਮਕ ਅਤੇ ਨੈਤਿਕ ਸਰੋਕਾਰਾਂ ਦੀ ਪੇਸ਼ਕਾਰੀ ਕਰਦੀਆਂ ਹਨ। ਅਜੋਕੀ ਵਾਰਤਕ ਵਾਂਗ ਇਨ੍ਹਾਂ ਵਿਚ ਅਜੋਕੇ ਮਨੁੱਖ ਦੇ ਮਨੋਵਿਗਿਆਨਕ, ਸਮਾਜਿਕ ਜਾਂ ਵਿਹਾਰਕ ਮਸਲੇ ਪੇਸ਼ ਨਹੀਂ ਹੋਏ। ਇਸ ਕਾਰਨ ਇਨ੍ਹਾਂ ਉਪਰ ਲੇਖਕਾਂ ਦੇ ਨਿੱਜਤਵ ਦੀ ਕੋਈ ਛਾਪ ਨਜ਼ਰ ਨਹੀਂ ਆਉਂਦੀ। ਮੱਧਕਾਲ ਵਿਚ ਨਿੱਜਤਵ ਦੇ ਵਿਕਾਸ ਜਾਂ ਉਭਾਰ ਨੂੰ ਬਹੁਤੀ ਤਰਜੀਹ ਨਹੀਂ ਸੀ ਦਿੱਤੀ ਜਾਂਦੀ ਸਗੋਂ ਮਨੁੱਖ ਨੂੰ ਨਿਮਰ ਅਤੇ ਨਿਮਾਣਾ ਬਣਨ ਦਾ ਉਪਦੇਸ਼ ਦਿੱਤਾ ਜਾਂਦਾ ਸੀ। ਅਧਿਆਤਮਕ ਮੰਜ਼ਿਲ ਦੀ ਪ੍ਰਾਪਤੀ ਲਈ ਇਹ ਜ਼ਰੂਰੀ ਮੰਨਿਆ ਗਿਆ ਸੀ ਕਿ ਵਿਅਕਤੀ ਆਪਣੇ ਨਿੱਜੀ ਆਗ੍ਰਹਾਂ ਨੂੰ ਛਿਪਾ ਕੇ ਰੱਖੇ, ਇਨ੍ਹਾਂ ਉਪਰ ਨਿਯੰਤ੍ਰਣ ਪਾਵੇ ਕਿਉਂਕਿ ਨਿੱਜਤਵ ਪ੍ਰਤੀ ਝੁਕਾਉ ਵਿਅਕਤੀ ਦੇ ਮਨ ਵਿਚ ਹਉਮੈ ਦੇ ਭਾਵ ਵਿਕਸਿਤ ਕਰ ਦਿੰਦਾ ਹੈ। ਹਉਮੈਗ੍ਰਸਤ ਵਿਅਕਤੀ ਮਨਮੁਖ ਬਣ ਜਾਂਦਾ ਹੈ। ਉਹ ਗੁਰਮੁਖ ਦੀ ਪਦਵੀ ਤਕ ਨਹੀਂ ਪਹੁੰਚ ਪਾਉਂਦਾ ਹੈ। ਮੱਧਕਾਲੀਨ ਭਗਤਾਂ ਅਤੇ ਮਹਾਂ ਪੁਰਖਾਂ ਅਨੁਸਾਰ ਕੇਵਲ ਗੁਰਮੁਖ ਵਿਅਕਤੀ ਹੀ ਆਪਣੇ ਅਧਿਆਤਮਕ

ਲਕਸ਼ ਦੀ ਪ੍ਰਾਪਤੀ ਕਰ ਸਕਦੇ ਹਨ। ਮਨਮੁਖ ਲੋਕ ਹਉਮੈ ਵਿਚ ਤਪਦੇ-ਕ੍ਰਿਝਦੇ ਹੋਏ ਰਹਿ ਜਾਂਦੇ ਹਨ। ਉਨ੍ਹਾਂ ਨੂੰ ਅਧਿਆਤਮਕ ਮੰਜ਼ਲ ਦੀ ਪ੍ਰਾਪਤੀ ਨਹੀਂ ਹੋ ਸਕਦੀ।

### 1.11.3.1 ਆਦਿਕਾਲੀਨ ਪੰਜਾਬੀ ਵਾਰਤਕ

ਇਹ ਕਾਲ 800 ਈ. ਤੋਂ ਲੈ ਕੇ 1500 ਈ. ਤੱਕ ਫੈਲਿਆ ਹੋਇਆ ਹੈ। ਬੇਸ਼ਕ ਇਸ ਕਾਲ ਵਿਚ ਪੰਜਾਬੀ ਵਾਰਤਕ ਦੇ ਅਨੇਕ ਰੂਪ ਲਿਖੇ ਗਏ ਹੋਣਗੇ ਪਰ ਸਾਂਭ-ਸੰਭਾਲ ਦੀ ਅਣਹੋਂਦ ਵਿਚ ਇਹ ਸਮੇਂ ਦੀ ਧੂੜ ਵਿਚ ਗੁਆਚ ਗਏ। ਪੰਜਾਬ ਅੰਦਰ ਅੰਗਰੇਜ਼ੀ ਰਾਜ ਦੀ ਸਥਾਪਨਾ ਤੋਂ ਬਾਅਦ ਹੀ ਪੰਜਾਬੀਆਂ ਨੂੰ ਸਾਹਿੱਤ-ਸੰਭਾਲ ਦੀ ਚੇਤਨਾ ਪ੍ਰਾਪਤ ਹੋਈ ਸੀ। ਇਸ ਚੇਤਨਾ ਦੇ ਕਾਰਨ ਅਸੀਂ ਬਚੇ-ਖੁਚੇ ਸਾਹਿੱਤ ਨੂੰ ਸੰਭਾਲ ਸਕੇ ਹਾਂ। ਪੰਜਾਬ ਉਪਰ ਨਿਰੰਤਰ ਹੋਣ ਵਾਲੇ ਵਿਦੇਸ਼ੀ ਹਮਲਿਆਂ ਨੇ ਵੀ ਸਾਹਿੱਤ ਦੇ ਗੁੰਮਣ ਅਤੇ ਨਸ਼ਟ ਹੋ ਜਾਣ ਵਿਚ ਕਾਫ਼ੀ ਨਕਾਰਾਤਮਕ ਭੂਮਿਕਾ ਨਿਭਾਈ ਹੈ। ਜਦੋਂ ਕਿਸੇ ਇਕ ਹਮਲੇ ਦੇ ਕਾਰਨ ਬਹੁਤ ਸਾਰੇ ਪਿੰਡ ਅਤੇ ਨਗਰ ਉੱਜੜ ਜਾਂਦੇ ਹੋਣ, ਪ੍ਰਿੰਟਿੰਗ-ਪ੍ਰੈਸਾਂ ਦੀ ਸਹੂਲਤ ਨਾ ਹੋਵੇ ਤਾਂ ਕਿਸੇ ਵੀ ਸਾਹਿਤ-ਰਚਨਾ ਦੇ ਚੰਦ ਖਰੜਿਆਂ ਦਾ ਲੋਪ ਹੋ ਜਾਣਾ ਸੁਭਾਵਿਕ ਹੀ ਹੈ। ਸੰਤਾਂ-ਸਾਧਾਂ ਦੇ ਡੇਰਿਆਂ ਵਿਚ ਪਏ ਸਾਹਿਤ ਦੇ ਅਨੇਕ ਮੁੱਲਵਾਨ ਖਰੜੇ ਸਮਾਂ ਬੀਤਣ ਨਾਲ ਨਸ਼ਟ ਹੋ ਗਏ। ਜੇ ਅੰਗਰੇਜ਼ ਮਿਸ਼ਨਰੀ, ਪ੍ਰੋ. ਪ੍ਰੀਤਮ ਸਿੰਘ ਜਾਂ ਡਾਕਟਰ ਗੰਡਾ ਸਿੰਘ ਵਰਗੇ ਦਾਨਿਸ਼ਵਰ ਖੋਜੀ ਇਸ ਦਿਸ਼ਾ ਵਿਚ ਉਚੇਚੇ ਪ੍ਰਯਤਨ ਨਾ ਕਰਦੇ ਤਾਂ ਪੰਜਾਬੀ ਸਾਹਿਤ ਦਾ ਹੋਰ ਵੀ ਨੁਕਸਾਨ ਹੋ ਜਾਣਾ ਸੀ।

ਮੱਧਕਾਲ ਵਿਚ ਵਾਰਤਕ ਦੇ ਰੂਪਾਂ ਦੀ ਘਾਟ ਦੋ ਤੱਥਾਂ ਵੱਲ ਸੰਕੇਤ ਕਰਦੀ ਹੈ। ਪਹਿਲਾ ਇਹ ਕਿ ਉਸ ਕਾਲ ਵਿਚ ਭਗਤ ਅਤੇ ਗੁਣੀਜਨ ਲੋਕ ਆਪਣੇ ਭਾਵਾਂ/ਵਿਚਾਰਾਂ ਦਾ ਇਜ਼ਹਾਰ ਕਰਨ ਲਈ ਕਾਵਿ ਨੂੰ ਵਧੇਰੇ ਸ਼ਕਤੀਸ਼ਾਲੀ ਮਾਧਿਅਮ ਮੰਨਦੇ ਸਨ। ਆਪਣੀਆਂ ਸ਼ਿਲਪਗਤ ਜ਼ਰੂਰਤਾਂ ਦੇ ਕਾਰਨ ਕਾਵਿ, ਰਸਮੀ ਪ੍ਰਵਚਨ (formal discourse)ਹੋ ਨਿੱਬੜਦਾ ਹੈ। ਇਸ ਦੇ ਵਿਪਰੀਤ ਵਾਰਤਕਕਾਰ ਤੋਂ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਗ਼ੈਰਰਸਮੀ (informal) ਅਤੇ ਸਹਿਜ ਸੁਭਾਵਿਕ ਬਣਿਆ ਰਹੇ। ਇਸ ਲਈ ਲੇਖਕ ਅਤੇ ਪਾਠਕ ਦੋਵੇਂ ਹੀ ਕਾਵਿ -ਰੂਪਾਂ ਪ੍ਰਤੀ ਵਧੇਰੇ ਆਕ੍ਰਸ਼ਣ ਰੱਖਦੇ ਸਨ। ਦੂਜਾ ਤੱਥ ਇਸ ਗੱਲ ਨਾਲ ਜੁੜਿਆ ਹੋਇਆ ਹੈ ਕਿ ਛੰਦ ਅਤੇ ਸੁਰਤਾਲ ਵਰਗੇ ਤੱਤਾਂ ਦੇ ਕਾਰਨ ਕਾਵਿ ਨੂੰ ਜ਼ਬਾਨੀ ਯਾਦ ਰੱਖਣਾ ਸੌਖਾ ਹੋ ਜਾਂਦਾ ਸੀ। ਪੰਜਾਬੀ ਵਿਚ ਮਿਰਾਸੀ, ਭੱਟਾਂ ਅਤੇ ਡੂਮ ਜਾਤੀ ਦੇ ਲੋਕਾਂ ਨੂੰ ਅਨੇਕ ਕਿੱਸੇ ਅਤੇ ਘੋੜੀਆਂ-ਅਲਾਹੁਣੀਆਂ ਵਰਗੇ ਲੋਕ ਕਾਵਿ ਰੂਪ ਯਾਦ ਸਨ ਅਤੇ ਸੀਨਾ-ਬਸੀਨਾ ਇਹ ਲੋਕ ਪੰਜਾਬੀ ਕਾਵਿ ਦੇ ਅਨੇਕ ਰੂਪਾਂ ਨੂੰ ਸੰਭਾਲੀ ਰੱਖਦੇ ਸਨ। ਪਰ ਵਾਰਤਕ ਨੂੰ ਇਹੋ ਜਿਹੀ ਸਹੂਲਤ ਪ੍ਰਾਪਤ ਨਹੀਂ ਸੀ। ਇਸ ਨੂੰ ਪ੍ਰਮਾਣਿਕ ਰੂਪ ਵਿਚ ਜ਼ੁਬਾਨੀ ਯਾਦ ਨਹੀਂ ਸੀ ਰੱਖਿਆ ਜਾ ਸਕਦਾ। ਇਹੀ ਕਾਰਨ ਹੈ ਕਿ ਮੱਧਕਾਲ ਵਿਚ ਪੰਜਾਬੀ ਵਾਰਤਕ ਦੀ ਯੋਗ ਸੰਭਾਲ ਨਾ ਹੋ ਸਕੀ।

### 1.11.3.2 ਆਦਿਕਾਲੀਨ ਵਾਰਤਕ ਦੇ ਗੁਣ-ਲੱਛਣ

*ਵਾਰਤਕ ਵਿਰਸਾ* ਪੁਸਤਕ ਵਿਚ ਆਦਿਕਾਲੀਨ ਵਾਰਤਕ ਦੇ ਤਿੰਨ ਰੂਪ ਪ੍ਰਕਾਸ਼ਿਤ ਕੀਤੇ ਗਏ ਹਨ: (1) ਉਪਨਿਸ਼ਦ (2) ਪੱਧਤੀਨਾਮਾ (3) ਮਹਾਤਮ। ਉਪਨਿਸ਼ਦ ਭਾਰਤੀ ਸਾਹਿੱਤ ਦਾ ਪੁਰਾਤਨ ਰੂਪ ਹੈ। ਪੰਜਾਬ ਵਿਚ ਵੇਦ-ਰਚਨਾ ਤੋਂ ਬਾਅਦ ਬਹੁਤ ਸਾਰੇ ਉਪਨਿਸ਼ਦ ਰਚੇ ਗਏ, ਜਿਨ੍ਹਾਂ ਦੁਆਰਾ ਕੋਈ ਰਿਸ਼ੀ ਮੁਨੀ ਜਾਂ ਆਚਾਰੀਆ ਆਪਣੇ ਸ਼ਿਸ਼ਾਂ ਨੂੰ ਅਧਿਆਤਮਕ ਸਰੋਕਾਰਾਂ ਬਾਰੇ ਜਾਣਕਾਰੀ ਦਿਆ ਕਰਦਾ ਸੀ। ਉਪਨਿਸ਼ਦ ਅਜਿਹੇ ਜਗਿਆਸੂਆਂ ਦੀਆਂ ਸ਼ੰਕਾਵਾਂ ਦਾ ਸਮਾਧਾਨ ਕਰਦੇ ਸਨ, ਜਿਨ੍ਹਾਂ ਨੂੰ ਮੁਕਤੀ ਦੀ

ਇੱਛਾ ਹੁੰਦੀ ਸੀ। ਇਸ ਕਾਰਨ ਉਪਨਿਸ਼ਦਾਂ ਵਿਚ ਵਿਆਖਿਆ ਅਤੇ ਵਿਸ਼ਲੇਸ਼ਣ ਉਪਰ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਕਈ ਵਾਰ ਉਪਨਿਸ਼ਦਕਾਰ ਮਨੁੱਖੀ ਜੀਵਨ ਅਤੇ ਜਗਤ ਵਿਚੋਂ ਢੁਕਵੇਂ ਪ੍ਰਮਾਣ ਲੱਭ ਕੇ ਜਗਿਆਸੂਆਂ ਨੂੰ ਗੂੜ੍ਹ-ਰਹੱਸਾਂ ਦਾ ਬੋਧ ਕਰਵਾਉਂਦਾ ਸੀ। ਵਿਆਖਿਆ ਅਤੇ ਵਿਸ਼ਲੇਸ਼ਣ ਦੀ ਇਹ ਵਿਧੀ ਗੋਰਖ-ਉਪਨਿਸ਼ਦ ਵਿਚ ਵੀ ਬੜੀ ਉਜਾਗਰ ਹੈ। ਇਸ ਵਿਚ ਪ੍ਰਸ਼ਨ-ਉੱਤਰ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ। 'ਵਾਚ' ਸ਼ਬਦ ਦੁਆਰਾ ਇਹ ਦਰਸਾਇਆ ਜਾਂਦਾ ਹੈ ਕਿ ਕੋਈ ਵਾਰਤਾਲਾਪ ਕਿਸ ਧਿਰ ਨੇ ਬੋਲੀ ਹੈ। ਉਪਨਿਸ਼ਦਾਂ ਵਿਚ ਸ਼ਿਸ਼ ਅਤੇ ਅਚਾਰੀਆ ਆਪਸ ਵਿਚ ਨਿਰੰਤਰ ਸੰਵਾਦ (dialogue) ਰਚਾਈ ਰੱਖਦੇ ਹਨ। ਗੋਰਖ-ਉਪਨਿਸ਼ਦ ਵਿਚੋਂ ਇਸ ਵਿਧੀ ਦਾ ਇਕ ਪ੍ਰਮਾਣ ਦੇਖੋ:

**ਵਿਸਲਾ ਉਵਾਚ:**

ਜੋ ਸਮੈ ਮਹਾਸ਼ੂਨਯ ਥਾ, ਆਕਾਸ਼ਿਾਦਿ ਮਹਾਪੰਚਭੂਤ ਅਰੁ ਤਿਨਹੀ ਪੰਚ ਭੂਤਨਮਯ ਈਸ਼ਵਰ ਅਰੁ ਜੀਵਾਦਿ ਕੋਈ ਪ੍ਰਕਾਰ ਨ ਥੇ ਤਬ ਯੌ ਸ੍ਰਿਸ਼ਟੀ ਕਾ ਕਰਤਾ ਕੌਨ ਥਾ?

## ਸ੍ਰੀ ਗੋਰਕਸ਼ਕ ਨਾਥ ਉਵਾਚ:

ਹੇ ਦੇਵੀ ! ਮੁਖਯ ਕਰਤਾ ਜਾਨੀਐ। ਕਿਉਂਕਿ ਨਿਰਕਾਰ ਕਰਤਾ ਹੋਯ ਤੋਂ ਆਕਾਰ ਇਛਾ ਧਾਰਿਬੈ ਮੈਂ ਵਿਰੁਧ (ਵਿਰੋਧ) ਆਵੈ ਹੈ। ਸਾਕਾਰ ਕਰਤਾ ਹੋਯ ਤੌ ਸਾਕਾਰ ਕੋ ਵਿਆਪਕਤਾ ਨਹੀਂ ਹੈ, ਯਹ ਵਿਰੁਧ (ਵਿਰੋਧ) ਆਵੇ ਹੈ।

ਇਸ ਉਪਨਿਸ਼ਦ ਦੇ ਆਰੰਭ ਵਿਚ ਈਸ਼ਵਰ ਦੇ ਨਾਮ-ਰੂਪ ਦੀ ਵੰਦਨਾ ਕੀਤੀ ਗਈ ਹੈ। ਅੰਤ ਵਿਚ ਇਸ ਰਚਨਾ ਨੂੰ ਪੜ੍ਹਨ-ਸੁਣਨ ਦਾ ਮਹਾਤਮ ਦੱਸਿਆ ਗਿਆ ਹੈ। ਬੋਲੀ ਸਾਧ-ਭਾਖਾ ਹੈ, ਜਿਸ ਉਪਰ ਸੰਸਕ੍ਰਿਤ ਅਤੇ ਅਪਭ੍ਰੰਸ਼ ਦਾ ਵਿਆਪਕ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ।

## 1.11.3.3 ਪੱਧਤੀਨਾਮਾ

'ਪਧਤੀਨਾਮਾ' ਦਾ ਅਰਥ ਹੈ, ਉਹ ਪੁਸਤਕ ਜਿਸ ਵਿਚ ਕਿਸੇ ਦਰਵੇਸ਼ ਜਾਂ ਮਹਾਂਪੁਰਖਾਂ ਦੁਆਰਾ ਦਰਸਾਈ ਜੀਵਨ-ਸ਼ੈਲੀ ਦਾ ਉਲੇਖ ਹੋਵੇ। ਇਸ ਪੁਸਤਕ ਵਿਚ ਫ਼ਰੀਦ ਜੀ ਮਨੁੱਖੀ ਜੀਵਨ-ਸ਼ੈਲੀ ਦੇ ਕੁੱਝ ਜ਼ਰੂਰੀ ਲੱਛਣਾਂ ਦਾ ਬਖਾਨ ਕਰਦੇ ਹਨ। ਇਸ ਰਚਨਾ ਵਿਚ ਉੱਤਮਪੁਰਖ ਦੀ ਵਿਧੀ ਨੂੰ ਅਪਣਾਇਆ ਗਿਆ ਹੈ। ਫ਼ਰੀਦ ਜੀ ਦੇ ਨਾਮ ਨਾਲ ਸੰਬੰਧਤ ਹੋਣ ਕਾਰਨ ਇਸ ਵਿਚ ਫ਼ਾਰਸੀ ਸ਼ਬਦਾਵਲੀ ਵੀ ਆ ਗਈ ਹੈ, ਜੋ ਸੁਭਾਵਿਕ ਹੀ ਸੀ। ਫ਼ਰੀਦ ਜੀ ਦੇ ਕਈ ਸਲੋਕਾਂ ਦੀ ਖੁੱਲ੍ਹੀ ਵਿਆਖਿਆ ਵੀ ਇਸ ਰਚਨਾ ਵਿਚ ਮਿਲਦੀ ਹੈ। ਵਾਕ ਬੜੇ ਛੋਟੇ-ਛੋਟੇ ਹਨ, ਜਿਸ ਕਾਰਨ ਰਵਾਨੀ ਵਧ ਗਈ ਹੈ। ਸੰਚਾਰ ਵੀ ਸੌਖਾ ਅਤੇ ਪ੍ਰਭਾਵਸ਼ਾਲੀ ਬਣ ਗਿਆ ਹੈ। ਲੇਖਕ ਦਾ ਲਹਿਜ਼ਾ ਉਪਦੇਸ਼ਾਤਮਕ ਹੈ। ਕਈ ਵਾਰ ਸੰਭਾਸ਼ਣਮਈ ਅੰਦਾਜ਼ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਸ਼ੈਲੀ ਦਾ ਪਿੰਡਾ ਸਾਧ-ਭਾਖਾ ਦਾ ਬਣਿਆ ਹੋਇਆ ਹੈ। ਇਕ ਉਦਾਹਰਣ ਦੇਖੋ: ਐ ਬਿਰਾਦਰ ! ਜੇ ਤੂੰ ਕਾਦਰ ਨੂੰ ਚਾਹਣ ਬਾਲਾ ਹੈ ਤੋ ਉਸ ਕੀ ਕੀਤੀ ਤੇ ਮੂੰਹ ਨਾ ਖੋਲ। ਜੋ ਕੋਈ ਗਿਲਾ ਕਰਤਾ ਹੈ ਸੋ ਅਹਿਮਕ ਹੈ। ਤੂੰ ਮਰਨੇ ਕੀ ਖਬਰ ਰਾਖ। ਤੇ ਆਪਨਾ ਮੁਖ ਚੁਪ ਵਲ ਮਰੋੜ ਕੇ ਰਾਖ। ਜੇ ਖਲਾਸੀ ਚਾਹੇ ਤੋਂ ਖਾਮੋਸ਼ ਰਹੁ ਖਲਕ ਮੇਂ, ਜੈਸੇ ਕਣ ਛਿਪਾ ਹੈ।" (ਪੰਨਾ 7)

## 1.11.4.4 ਏਕਾਦਸ਼ੀ ਮਹਾਤਮ

ਇਸ ਪੋਥੀ ਵਿਚ ਇਕਾਦਸ਼ੀ ਦਾ ਵਰਤ ਰੱਖਣ ਦੀ ਮਹਿਮਾ ਦਾ ਬਖਾਣ ਕੀਤਾ ਗਿਆ ਹੈ। ਚੰਦਰਮਾਸ ਦੀ ਗਿਆਰ੍ਹਵੀਂ (10 + 1 = 11) ਮਿਤੀ ਨੂੰ ਇਕਾਦਸ਼ੀ ਕਿਹਾ ਜਾਂਦਾ ਹੈ। ਹਨੇਰ ਪੱਖ ਵਾਲੀ ਵਦੀ-ਇਕਾਦਸ਼ੀ ਹੁੰਦੀ ਹੈ ਅਤੇ ਚਾਨਣ ਪੱਖ ਵਾਲੀ ਸੁਦੀ-ਇਕਾਦਸ਼ੀ ਹੁੰਦੀ ਹੈ। ਇਕਾਦਸ਼ੀ ਨੂੰ ਪਵਿੱਤਰ ਦਿਨ ਮੰਨਿਆ ਜਾਂਦਾ ਹੈ। ਇਸ ਦਿਨ ਦੀ ਮਹਿਮਾ ਸੰਬੰਧੀ ਬ੍ਰਹਮਾ ਅਤੇ ਨਾਰਦ ਦੇ ਦਰਮਿਆਨ ਸੰਵਾਦ ਅੰਕਿਤ ਹੋਇਆ ਹੈ। ਇਕ ਟੁਕੜੀ ਵਿਚ ਯੁਧਿਸ਼ਟਰ ਅਤੇ ਕ੍ਰਿਸ਼ਨ ਸੰਵਾਦ ਰੂਪਮਾਨ ਕੀਤਾ ਗਿਆ ਹੈ। ਇਸ ਕਥਾ ਦੀ ਭਾਸ਼ਾ ਪੁਰਾਤਨ ਪੰਜਾਬੀ ਦਾ ਇਕ ਪ੍ਰਮਾਣਿਕ ਨਮੂਨਾ ਹੈ। ਸ਼ਬਦ-ਜੋੜਾਂ ਉਪਰ ਸੰਸਕ੍ਰਿਤ ਦਾ ਪ੍ਰਭਾਵ ਹੈ। ਕ੍ਰਿਆਵਾਂ ਅਤੇ ਸਹਾਇਕ-ਕ੍ਰਿਆਵਾਂ ਅਜੋਕੀ ਪੰਜਾਬੀ ਵਰਗੀਆਂ ਹਨ। ਦੇਖੋ:

> ਤਬ ਸ੍ਰੀ ਬ੍ਰਮਾ ਜੀ ਨਾਰਦਾ ਕੀ ਬੋਲਦੇ ਹੇਨ॥
> ਹੇ ਪੁਤ੍ਰਾ ਜੀ ਤੁਸੀਂ ਏਹੇ ਵਡਿ ਪਵਿਤ੍ਰ ਕਥਾ ਪੂਛੀ ਆਜ ਤਿਕ
> ਏਹੇ ਕਥਾ ਅਸੇ ਕਿਸਿ ਪਾਸ ਨਹੀ ਦਸਿ॥
> ਏਹੀ ਜੇ ਕਥਾ ਹੇਨ ਸੋ ਮਹਾ ਗੁਪਤਿ ਵਾਰਤਾ ਹੇਨ॥

(ਪੰਨਾ 8)

| **ਪੁਰਾਤਨ ਪੰਜਾਬੀ** | **ਆਧੁਨਿਕ ਪੰਜਾਬੀ** |
|---|---|
| ਬੋਲਦੇ ਹੇਨ | ਦੱਸਦੇ ਹਨ |
| ਏਹੇ ਵਡਿ ਪਵਿਤ੍ਰ | ਇਹ ਬੜੀ ਪਵਿੱਤਰ |
| ਆਜ ਤਿਕ | ਅੱਜ ਤੱਕ |
| ਕਿਸਿ ਪਾਸ | ਕਿਸੇ ਨੂੰ ਵੀ ਨਹੀਂ |
| ਨਹੀਂ ਦਸਿ | ਨਹੀਂ ਦੱਸੀ |
| ਏਹੀ ਜੇ ਕਥਾ | ਇਹੋ ਜਿਹੀ ਕਥਾਵਾਂ |

## 1.11.5.1 ਗੋਸ਼ਟਿ ਆਤਮੇ ਪਰਾਤਮੇ ਕੀ: ਦੇਹੀ ਕਾ ਬੀਚਾਰ

ਇਹ ਗੋਸ਼ਟਿ *ਪ੍ਰਾਣ ਸੰਗਲੀ* ਗ੍ਰੰਥ ਵਿਚੋਂ ਲਈ ਗਈ ਹੈ। ਇਨ੍ਹਾਂ ਸ਼ਬਦਾਂ ਦਾ ਅਰਥ ਹੈ: ਪ੍ਰਾਣਾਂ (ਸਾਹਾਂ/ਸਵਾਸਾਂ) ਦੀ ਲੜੀ। ਇਸ ਗ੍ਰੰਥ ਵਿਚ ਯੋਗ-ਦਰਸ਼ਨ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ। ਬੇਸ਼ਕ ਇਸ ਗ੍ਰੰਥ ਨੂੰ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਜੋੜਿਆ ਜਾਂਦਾ ਹੈ ਪਰ ਗੁਰੂ ਸਾਹਿਬ ਯੋਗ-ਦਰਸ਼ਨ ਦੇ ਰਵਾਇਤੀ ਸਰੂਪ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ। ਇਸ ਕਾਰਨ ਇਸ ਰਚਨਾ ਨੂੰ ਉਨ੍ਹਾਂ ਦੇ ਨਾਮ ਜੋੜਨਾ ਉਚਿਤ ਨਹੀਂ ਹੈ। ਇਸ ਰਚਨਾ ਦੇ ਆਰੰਭ ਵਿਚ ਇਕ ਸਲੋਕ ਦਿੱਤਾ

ਗਿਆ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਇੜਾ, ਪਿੰਗਲਾ ਅਤੇ ਸੁਖਮਨਾਂ ਨਾਮ ਦੀਆਂ ਨਾੜੀਆਂ ਇਕੋ ਸਥਾਨ ਉਪਰ ਇੱਕਠੀਆਂ ਹੁੰਦੀਆਂ ਹਨ। ਜਿਵੇਂ ਪ੍ਰਯਾਗ ਦੇ ਸੰਗਮ ਉਪਰ ਗੰਗਾ, ਜਮਨਾ ਅਤੇ ਸਰਸਵਤੀ ਇੱਕਠੀਆਂ ਹੁੰਦੀਆਂ ਹਨ। ਜਿਵੇਂ ਪ੍ਰਯਾਗ ਦੇ ਸੰਗਮ ਉਪਰ ਗੰਗਾ, ਜਮਨਾ ਅਤੇ ਸਰਸਵਤੀ ਇੱਕਠੀਆਂ ਹੋਣ ਕਰ ਕੇ ਇਸ ਸਥਾਨ ਉਪਰ ਇਸ਼ਨਾਨ ਕਰਨ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਇਸੇ ਪ੍ਰਕਾਰ ਇਹ ਨਾੜੀਆਂ ਵੀ ਬਹੁਤ ਪਵਿੱਤਰ ਹਨ। ਇੜਾ, ਪਿੰਗਲਾ ਅਤੇ ਸੁਖਮਨਾ ਦੀ ਕਾਰਜ-ਪ੍ਰਣਾਲੀ ਨੂੰ ਧਿਆਨ ਕਰਦਾ ਹੋਇਆ ਲੇਖਕ ਕਹਿੰਦਾ ਹੈ: ਇੜਾ ਅਗਨਿ, ਪਿੰਗੁਲਾ ਪਾਣੀ ਅਤੇ ਸੁਖਮਨਾ ਪੌਣ ਹੈ। ਇਹ ਤਿੰਨੇ ਮੁਸਤਕ ਉਪਰ ਇਕੱਠੀਆਂ ਰਹਿੰਦੀਆਂ ਹਨ। ਇਨ੍ਹਾਂ ਦੇ ਤਿੰਨ ਗੁਣ ਹਨ: ਰਾਜਸ, ਤਾਮਸ ਅਤੇ ਸਾਤਕ (ਸਾਤਵਿਕ)। ਇਸ ਗੋਸ਼ਟਿ ਵਿਚ ਪ੍ਰਸ਼ਨ-ਉਤਰਾਂ ਦਾ ਸਰੂਪ ਦੇਖੋ:

> ਪ੍ਰਸ਼ਨ: ਨਿਰੰਜਨ ਪੁਰਖ ਇਸ ਦੇਹੀ ਮਹਿ ਕਹੀਤਾ ਹੈ। ਸੋ ਕਹਾਂ ਹੈ?
>
> ਉੱਤਰ: ਸੁਨੀਐ ਜੀ ਗੁਰ ਕੈ ਪਰਸਾਦਿ। ਨਿਰੰਜਨ ਨੈਨਾ ਮਹਿ ਰਹਤਾ ਹੈ। 'ਨਿਰ' ਕਹੀਐ ਸਿਆਹੀ। ਬੀਚ ਜੋ ਅੰਜਨ ਹੈ ਏਹੀ ਕਹੀਐ ਨਿਰੰਜਨ।
>
> ਪ੍ਰਸ਼ਨ: ਇਸ ਮੋ ਨਿਰੰਜਨ ਕਾ ਸੁਭਾਉ ਕਉਣ ਹੈ। ਬਿਨਾ ਪਰਤੀਤ ਜਾਣਤਾ ਨਾਹੀ?
>
> ਉਤਰ: ਇਸ ਕਾ ਸੁਭਾਉ ਏਹੀ ਹੈ। ਅਵਰ ਦੇਹੀ ਘਟਤੀ ਬਢਤੀ ਹੈ। ਏਹ ਜੋ ਧੀਰੀ ਹੈ, ਘਟਤੀਆ ਬਢਤੀਆ ਨਾਹੀ। ਜੈਸੇ ਆਈ ਹੈ, ਤੈਸੀ ਹੀ ਹੈ। ਜਿਉ ਨਿਰੰਜਨ ਘਟਤਾ ਨਾਹੀ ਤਿਵੈ ਇਸ ਕਾ ਸੁਭਾਉ ਹੈ।

(ਪੰਨਾ 11)

## 1.11.5.2 ਸੱਚਾ ਸੌਦਾ

ਇਹ ਸਾਖੀ *ਭਾਈ ਬਾਲੇ ਵਾਲੀ ਜਨਮਸਾਖੀ* ਵਿਚੋਂ ਲਈ ਗਈ ਹੈ। ਇਸ ਪੋਥੀ ਦੀ ਵਸਤੂ-ਸਮੱਗਰੀ ਨੂੰ ਪ੍ਰਮਾਣਿਕ ਨਹੀਂ ਮੰਨਿਆ ਜਾਂਦਾ। ਇਸਦੀ ਇਤਿਹਾਸਕਤਾ ਸੰਦਿਗਧ ਹੈ। ਪਰੰਤੂ ਇਸਦੀ ਸਾਹਿਤਕਤਾ ਨਿਰਵਿਵਾਦ ਹੈ। ਇਸ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਵੱਲੋਂ ਬਚਪਨ ਵਿਚ ਕੀਤੇ ਇਕ ਸੱਚੇ ਸੌਦੇ (ਵਣਜ-ਵਪਾਰ) ਦਾ ਵਰਣਨ ਹੈ। ਗੁਰੂ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ ਨੇ ਆਪ ਨੂੰ ਸ਼ਹਿਰੋਂ ਕੁੱਝ ਸੌਦਾ ਲਿਆਉਣ ਲਈ ਭੇਜਿਆ, ਜਿਸ ਨੂੰ ਵੇਚ ਕੇ ਕਮਾਈ ਕੀਤੀ ਜਾ ਸਕੇ। ਪਰ ਗੁਰੂ ਸਾਹਿਬ ਵੀਹ ਰੁਪਇਆਂ ਦੀ ਰਾਸ਼ੀ ਸੰਤਾਂ-ਸਾਧੂਆਂ ਦੇ ਭੋਜਨ ਉਪਰ ਖਰਚ ਕਰ ਆਏ ਸਨ। ਉਨ੍ਹਾਂ ਦੀ ਨਜ਼ਰ ਵਿਚ ਭੁੱਖੇ-ਸਾਧੂਆਂ ਨੂੰ ਭੋਜਨ ਛਕਾਉਣਾ ਸਭ ਤੋਂ ਵੱਡੀ ਸੇਵਾ ਸੀ। ਇਸ ਰਚਨਾ ਦਾ ਪਿੰਡਾ ਪੰਜਾਬੀ ਹੈ। ਕ੍ਰਿਆਵਾਂ ਅਤੇ ਸਹਾਇਕ ਕ੍ਰਿਆਵਾਂ ਅਜੋਕੀ ਪੰਜਾਬੀ ਵਾਲੀਆਂ ਹਨ। ਵਾਕ ਛੋਟੇ-ਛੋਟੇ ਹਨ। ਸਾਖੀ ਵਿਚ ਬਹੁਤ ਸਾਰੇ ਬਿੰਬ ਦ੍ਰਿਸ਼ਟੀਗੋਚਰ ਹੁੰਦੇ ਹਨ। ਵਾਰਤਾਲਾਪ ਦੀ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ। ਸ਼ੈਲੀ ਸਰਲ, ਸਪਸ਼ਟ ਅਤੇ ਮੁਹਾਵਰੇ ਭਰਪੂਰ ਹੈ। ਇਕ ਉਦਾਹਰਣ ਦੇਖੋ:

ਜਾ ਕੋਹਾ ਬਾਰਹ ਤੇ ਗਇਆ ਅਗੇ ਦੇਖੇ ਸਾਧ ਮੰਡਲੀ ਬੈਠੀ ਹੈ ਪਰ ਕੇਹੀ ਜਹੀ ਉਨਾ ਨੂੰ ਕੁਪੀਨ ਬਿਨਾਂ ਕਪੜੇ ਦੀ ਜਾਤਿ ਨਾਹੀ। ਉਨਾ ਦਾ ਇਕ ਮਹੰਤ ਆਹਾ। ਉਸ ਨੂੰ ਨਾਨਕ ਪੁਛਿਆ ਜੀ ਤੁਸਾ ਨੂੰ ਕਪੜਾ ਹਥਿ ਆਵਦਾ ਨਾਹੀਂ। ਕੇ ਤੁਸਾਡੀ ਦੇਹੀ ਤੇ ਕਪੜਾ ਸੁਖਾਵਤਾ ਨਾਹੀਂ। ਤਾਂ ਉਹ ਮਹੰਤ ਬੋਲਿਆ ਕਿਉ ਭਾਈ ਤੂੰ ਕਿਉ ਪੁਛਦਾ ਹੈ? ਤੈਨੂੰ ਕਿਆ ਪਰਜਨ ਹੈ? ਤਾਂ ਬਾਲੇ ਆਖਿਆ ਨਾਨਕ ਜੀ ਤੂੰ ਬਣਜ

ਕਰਣਿ ਆਇਆ ਹੈ ਕਿ ਫਕੀਰਾਂ ਨਾਲ ਗੋਸਟਿ ਕਰਣਿ ਆਇਆ ਹੈ? ਚਲ, ਕਾਲੂ ਆਖਿਆ ਸੋ ਸਉਦਾ ਲੇ। ਭਾਈ ਬਾਲਾ ਮੈਨੂੰ ਪਿਤਾ ਕਾਲੂ ਆਖਿਆ ਹੈ ਖਰਾ ਸਉਦਾ ਕਰੀ। ਵਤ ਮੈਂ ਖਰਾ ਕਰਾ ਕਿ ਖੋਟਾ। ਤੂੰ ਆਖ ਮੈਨੂੰ ਮਸਲਤ ਦੇਹਿ। (ਪੰਨਾ 18)

### 1.11.5.3 ਗੋਸ਼ਟਿ ਸ੍ਰੀ ਗੋਪੀ ਚੰਦਿ ਕੀ

ਇਸ ਗੋਸ਼ਟਿ ਵਿਚ ਭਾਰਤ ਦੇ ਪ੍ਰਸਿੱਧ ਰਾਜੇ ਗੋਪੀ ਚੰਦ ਦੇ ਜੋਗੀ ਬਣਨ ਦਾ ਬਿਰਤਾਂਤ ਅੰਕਿਤ ਹੋਇਆ ਹੈ। ਗੋਸ਼ਟਿ ਵਿਚ ਗੋਪੀ ਚੰਦ, ਮਾਤਾ ਅਤੇ ਰਾਜੇ ਦੀਆਂ ਰਾਣੀਆਂ ਦਾ ਸੰਵਾਦ ਵੀ ਅੰਕਿਤ ਹੋਇਆ ਹੈ। ਸਾਰੀ ਵਾਰਤਾ ਕਰੁਣ ਅਤੇ ਸ਼ਾਂਤ ਰਸ ਨਾਲ ਭਰਪੂਰ ਹੈ। ਰਾਜੇ ਦੀ ਸੁੰਦਰ ਦੇਹੀ ਨੂੰ ਦੇਖ ਕੇ ਜਦੋਂ ਉਸ ਦੀ ਮਾਤਾ ਦੇ ਅੱਥਰੂ ਨਿੱਕਲ ਆਉਂਦੇ ਹਨ ਤਾਂ ਇਹ ਟੁਕੜੀ ਬੜੀ ਨਾਟਕੀ ਹੈ। ਇਸ ਟੁਕੜੀ ਦੁਆਰਾ ਮਨੁੱਖੀ ਜੀਵਨ ਦੀ ਨਾਸ਼ਮਾਨਤਾ ਦਾ ਸੱਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਗਿਆ ਹੈ। ਦਰਸਾਇਆ ਗਿਆ ਹੈ ਕਿ ਸੁੰਦਰ ਅਤੇ ਸੁਢੌਲ ਸਰੀਰ ਵੀ ਇਕ ਦਿਨ ਮਿੱਟੀ ਵਿਚ ਮਿਲ ਜਾਣੇ ਹਨ। ਫਿਰ ਦੇਹੀ ਅਤੇ ਧਨ-ਦੌਲਤ ਉੱਪਰ ਮਾਨ-ਅਭਿਮਾਨ ਕੈਸਾ? ਇਸ ਗੋਸ਼ਟਿ ਦੀ ਭਾਸ਼ਾ ਉਪਰ ਸਾਧ-ਭਾਖਾ ਦਾ ਵਿਆਪਕ ਪ੍ਰਭਾਵ ਹੈ। ਵਾਰਤਾਲਾਪ ਦੇ ਮਾਧਿਅਮ ਦੁਆਰਾ ਵਾਰਤਾ ਨੂੰ ਅੱਗੇ ਵਧਾਇਆ ਗਿਆ ਹੈ। ਸ਼ੈਲੀ ਵਿਚ ਮੁਹਾਵਰਿਆਂ ਅਤੇ ਅਖੌਤਾਂ ਦਾ ਯਥਾਯੋਗ ਪ੍ਰਯੋਗ ਹੋਇਆ ਹੈ। ਦੇਖੋ: "ਤਬ ਰਾਨੀ ਕਹਿਆ ਪੂਤ ਮਰਿ ਜਾਹਿਗਾ ਤੂ ਜੋਗੀ ਹੋਹਿ। ਤਬ ਰਾਜਾ ਗੋਪੀ ਚੰਦਿ ਬੋਲਾ ਕਿ ਮਾਤਾ ਕਉਨ ਨ ਮੂਆ ਅਰੁ ਕਉਨ ਨ ਮਰਸੀ। ਕਿਸ ਕਿਸ ਪਰੀ ਨਾ ਭਾਰਾ। ਕਿਸਹੀ ਨਾਲ ਨਾ ਨਿਬਹੇ ਮਾਤਾ ਘਰ, ਘੋੜੇ ਭੰਡਾਰਾ। ਤਬ ਮਾਤਾ ਬੋਲੀ ਨਾ ਰੇ ਪੂਤ! ਸਭ ਕੋਈ ਮਰਤਾ ਹੈ ਪਰ ਇਕਿ ਨਹੀਂ ਮਰਤੇ। ਕਾਇਆ ਸੋਧੈ ਪਵਨ ਬਿਰੋਲੈ ਕਦੇ ਨਾ ਹੋਇਗਾ ਰੋਗੀ। ਏਤਿ ਬੁਢੇ ਕਦੇ ਨ ਹੋਇਗੇ ਸਪੁ, ਵਣਸਪਤੀ ਜੋਗੀ।" (ਪੰਨਾ 23)

### 1.11.5.4 ਬਚਨ (ਪ੍ਰੇਮ ਸੁਮਾਰਗ ਗ੍ਰੰਥ)

*ਪ੍ਰੇਮ ਸੁਮਾਰਗ ਗ੍ਰੰਥ* ਸਿੱਖ ਪੰਥ ਦਾ ਰਹਿਤਨਾਮਾ ਹੈ। ਇਸ ਵਿਚ ਇਕ ਗੁਰਸਿੱਖ ਦੀ ਸ਼ਖ਼ਸੀ ਅਤੇ ਪੰਥਕ ਰਹਿਣੀ-ਬਹਿਣੀ ਦੇ ਸਿਧਾਂਤ ਅੰਕਿਤ ਕੀਤੇ ਗਏ ਹਨ। ਰਹਿਤਨਾਮਿਆਂ ਦੀ ਰੂੜ੍ਹੀ ਅਨੁਸਾਰ ਇਹ ਰਚਨਾ ਗੁਰੂ ਗੋਬਿੰਦ ਸਿੰਘ ਦੁਆਰਾ ਕੀਤੇ ਗਏ ਬਚਨਾਂ ਉਪਰ ਆਧਾਰਤ ਹੈ। ਹਥਲੀ ਲਿਖਤ ਵਿਚ 10 ਬਚਨ ਬਿਆਨ ਕੀਤੇ ਗਏ ਹਨ। ਬੋਲੀ ਸਰਲ ਅਤੇ ਸਪਸ਼ਟ ਹੈ। ਹਰ ਕਥਨ ਦੀ ਜ਼ਰੂਰਤ ਅਨੁਸਾਰ ਵਿਆਖਿਆ ਕੀਤੀ ਗਈ ਹੈ। ਸਾਧ-ਭਾਖਾ ਅਤੇ ਫ਼ਾਰਸੀ ਬੋਲੀ ਦਾ ਸ਼ੈਲੀ ਉਪਰ ਕਾਫ਼ੀ ਪ੍ਰਭਾਵ ਹੈ। ਇਕ ਉਦਾਹਰਣ ਦੇਖੋ:

ਅਬ ਇਸ ਪ੍ਰਾਨੀ ਬਉ ਚਾਹੀਐ ਜੋ ਪ੍ਰਥਮੈ ਬਡੇ ਪ੍ਰਾਤਹਿ ਕਾਲ ਉਠੈ। ਉਠ ਕੈ ਅਪਨੇ ਮਾਤਾ ਪਿਤਾ ਕੈ ਆਗੈ ਜਾਇ ਕੈ ਕਿਛੁ ਪ੍ਰਸਾਦ ਰਖਕੇ ਪੈਰਾਂ ਉਪਰਿ, ਫੇਰ ਪੈਰ ਜੋੜ ਕੇ ਹਥਾਂ ਨਾਲ ਸਲਾਮ ਕਰੇ। ਪੰਜ ਵਾਰੀ ਅਦਬ ਨਾਲਿ॥

ਫੇਰ ਵਡੇ ਭਾਈ ਅਰੁ ਤਾਏ ਚਾਚੇ ਅਗੇ ਜਾਇ ਕੈ ਸਲਾਮ ਕਰੈ ਅਦਬ ਨਾਲਿ। ਬਡੋਂ ਕਾ ਕਰਮ ਨਾ ਬਿਚਾਰੈ। ਜਿਸ ਕੈ ਆਗੈ ਹਥ ਜੋੜ ਕਰਿ ਸਲਾਮ ਕਰਨਾ ਆਇਆ ਹੈ। ਉਨ ਕੇ ਕਰਮ ਬਿਚਾਰਨਾ ਬਹੁਤ ਬੁਰਾ

ਹੈ। ਯੇ ਪੂਜਿ ਹੈ। (ਪੰਨਾ 28)

## 1.11.5.5 ਸਿੱਖਾਂ ਦੀ ਭਗਤਮਾਲਾ

ਇਹ ਪੋਥੀ ਭਾਈ ਮਨੀ ਸਿੰਘ ਦੁਆਰਾ ਰਚਿਤ ਹੈ। ਭਾਈ ਮਨੀ ਸਿੰਘ ਮੱਧਕਾਲੀਨ ਪੰਜਾਬੀ ਵਾਰਤਕ ਦਾ ਇਕ ਪ੍ਰਮਾਣਿਕ ਲੇਖਕ ਸੀ। ਉਹ ਕਾਵਿ ਅਤੇ ਵਾਰਤਕ ਦੋਵੇਂ ਰੂਪ ਸਿਰਜਣ ਵਿਚ ਅਤਿਅੰਤ ਨਿਪੁੰਨ ਸੀ। ਉਸ ਦੁਆਰਾ ਰਚਿਤ ਵਾਰਤਕ ਬੋਲੀ ਅਤੇ ਸ਼ੈਲੀ ਦੇ ਪੱਖੋਂ ਠੇਠ, ਸਰਲ ਅਤੇ ਮੁਹਾਵਰੇ ਭਰਪੂਰ ਹੈ। ਵਾਰਤਾਲਾਪਮਈ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ ਦੇਖੋ:

ਤਾਰੂ ਪੋਪਟ ਬੋਲਿਆ: ਜੋ ਜੀ ਮੇਰੀ ਮਾਈ ਅਗਨਿ ਜਲਾਵਣ ਲਗੀ ਜੋ ਪਹਿਲਾਂ ਛੋਟੀਆਂ ਲਕੜੀਆਂ ਨੂੰ ਅਗਨਿ ਲਗੀ। ਤਾਂ ਪਿਛੋਂ ਵਡੀਆਂ ਭੀ ਬਲੀਆਂ। ਤਾਂ ਮੇਰੇ ਮਨ ਵਿਚ ਭੈ ਆਇਆ ਜੋ ਮੈਂ ਭੀ ਸਾਧਾਂ ਨੂੰ ਮਿਲਾਂ ਜੋ ਮੇਰਾ ਭੀ ਕਲਿਆਣੁ ਹੋਵੇ। ਮ੍ਰਿਤੁ ਦਾ ਵਿਸਾਹ ਨਹੀਂ ਤਾਂ ਸਾਹਿਬ ਬਚਨ ਕੀਤਾ: ਤਾਰੂ ਤੂੰ ਕੁਲਤਾਰ ਹੋਵੇਗਾ। ਧਰਮ ਦੀ ਕ੍ਰਿਤ ਕਰ ਕੇ ਵੰਡ ਖਾਵਣਾ ਤੇ ਜੋ ਸੁਆਸ ਅੰਦਰ ਆਵੈ ਸੋ ਵਾਹਿਗੁਰੂ ਜਪਣਾ ਤੇ ਬਾਹਰ ਜਾਵੈ ਤਾਂ ਵਾਹਿਗੁਰੂ ਜਪਣਾ। ਮਨੁ, ਰਾਗ ਦਵੈਖ ਤੇ ਸੁਧ ਕਰਣਾ।

(ਪੰਨਾ 36)

## 1.11.6.1 ਪਿਛਲਾ ਮੱਧ ਕਾਲ: ਹੁਕਮਨਾਮਾ

'ਹੁਕਮਨਾਮਾ' ਗੁਰੂ ਸਾਹਿਬ ਵਲੋਂ ਆਪਣੀਆਂ ਸੰਗਤਾਂ ਨੂੰ ਭੇਜੇ ਪੱਤਰਾਂ ਨੂੰ ਕਿਹਾ ਜਾਂਦਾ ਹੈ। ਇਨ੍ਹਾਂ ਪੱਤਰਾਂ ਦੇ ਆਰੰਭ ਵਿਚ ਗੁਰੂ ਸਾਹਿਬ ਦੇ ਦਸਤਖਤ ਅਤੇ ਨਿਸ਼ਾਨ ਹੁੰਦੇ ਹਨ। ਬਾਅਦ ਵਿਚ ਮੰਗਲ ਸ਼ਬਦ (ੴ ਸ੍ਰੀ ਸਤਿਗੁਰੂ ਜੀ) ਅੰਕਿਤ ਹੋਏ ਹਨ। ਅੰਤ ਵਿਚ ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਅਸੀਸ ਦੇ ਕੇ ਮਿਤੀ, ਸੰਮਤ ਅਤੇ ਲਿਖੀਆਂ ਹੋਈਆਂ ਕੁੱਲ ਪੰਕਤੀਆਂ ਦਾ ਵੇਰਵਾ ਦਿੰਦੇ ਹਨ। ਦੇਖੋ:

ਸਰਬਤਿ ਸੰਗਤਿ ਬੈਰਾੜਾਂ ਕੀ, ਭਾਈ ਰੂਪੇ ਕੀ ਵਸਦੀ ਕੀ, ਗੁਰੂ ਰਖੈਗਾ।

ਚਾਰ ਬੈਲ (ਚਾਰ ਹੱਛੇ ਬੈਲਾਂ ਨੋ) ਭੇਜਣੇ ਹੁਕਮੁ ਦੇਖਦਿਆਂ। ਮੇਰੀ ਤੁਸਾ ਉਪਰਿ ਖੁਸ਼ੀ ਹੈ। ਗੁਰੂ ਜੀ ਤੁਸਾਡੀ ਰਖੈਗਾ ਸੰਮਤ ੧੭੬੩ ਮਿਤੀ ਕਤਕੇ ੨੦ ਸਤਰਾਂ ੯ ॥

(ਪੰਨਾ 39)

## 1.11.6.2 ਸੌ ਸਾਖੀ

*ਸੌ ਸਾਖੀ* ਮਧਕਾਲੀਨ ਪੰਜਾਬੀ ਵਾਰਤਕ ਦੀ ਇਕ ਪ੍ਰਮੁੱਖ ਰਚਨਾ ਹੈ। ਇਸ ਪੋਥੀ ਦੀ ਇਕ ਛਾਪ ਪ੍ਰੋ. ਪਿਆਰਾ ਸਿੰਘ ਪਦਮ ਨੇ ਸੰਪਾਦਿਤ ਕੀਤੀ ਸੀ। ਇਸ ਰਚਨਾ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਵੀ ਜੋੜਿਆ ਜਾਂਦਾ ਰਿਹਾ ਹੈ ਪਰ ਹੁਣ ਉਹ ਇਹ ਵਿਚਾਰ ਬਣ ਗਿਆ ਹੈ ਕਿ ਇਹ ਪੋਥੀ ਭਾਈ ਸਾਹਿਬ ਸਿੰਘ ਦੀ ਰਚਨਾ ਹੈ। *ਵਾਰਤਕ ਵਿਰਸਾ* ਪੁਸਤਕ ਵਿਚ ਪੰਜ ਬਚਨ ਸੰਕਲਿਤ ਹਨ। ਇਨ੍ਹਾਂ ਬਚਨਾਂ ਵਿਚ ਅਧਿਆਤਮਕ ਫ਼ਲਸਫ਼ੇ ਬਾਰੇ ਕੁਝ ਉਪਦੇਸ਼ ਦਿੱਤੇ ਗਏ ਹਨ। ਹਰ ਬਚਨ ਦਾ ਆਰੰਭ 'ਅਉਰ ਬਚਨ ਹੈ' ਦੇ ਵਾਕੰਸ਼ ਦੁਅਰਾ ਕੀਤੇ ਗਿਆ ਹੈ। ਸਾਧ-ਭਾਖਾ ਦਾ ਕਾਫ਼ੀ ਪ੍ਰਭਾਵ ਹੈ। ਕੁਝ ਸ਼ਬਦ ਦੇਖੋ: ਕੋਊ (ਕੋਈ), ਜੈਸਾ (ਜਿਹਾ), ਨਾਨਾ ਪ੍ਰਕਾਰ (ਕਈ ਪ੍ਰਕਾਰ), ਰਾਖਿਆ (ਰੱਖਿਆ), ਹੂਆ (ਹੋਇਆ), ਮਹਿ (ਵਿਚ), ਅਉਰ (ਹੋਰ), ਕਰਤਤ (ਕਰਮ, ਕਰਤਵ) ਆਦਿ। ਸ਼ੈਲੀ ਸੂਤਰਬੱਧ

ਅਤੇ ਸੰਖੇਪ ਹੈ। ਹਰ ਮਸਲੇ ਬਾਰੇ ਵਿਆਖਿਆਤਮਕ ਟਿੱਪਣੀਆਂ ਕੀਤੀਆਂ ਗਈਆਂ ਹਨ। ਦ੍ਰਿਸ਼ਟਾਂਤ, ਰੂਪਕ ਅਤੇ ਉਪਮਾ ਅਲੰਕਾਰ ਦੀ ਭਰਪੂਰ ਵਰਤੋਂ ਹੋਈ ਹੈ। ਇਕ ਉਦਾਹਰਣ ਦੇਖੋ:

ਅਸੰਖ ਜੀਵ ਮਾਇਆ ਕੀ ਨਿੰਦ੍ਰਾ ਮਹਿ ਸੂਤੇ ਪੜੇ ਹੈ। ਕੋਈ ਵਿਰਲਾ ਪੁਰਖ ਇਸ ਨਿੰਦ੍ਰਾ ਤੇ ਜਾਗਿਆ ਹੈ। ਜੋ ਜਾਗਿਆ ਹੈ ਤਿਨ ਕੇ ਹਿਰਦੇ ਮਹਿ ਪਰਮੇਸਰ ਕਾ ਭਜਨ ਰੂਪੀ ਖੇਤ ਜੰਮਿਆ ਹੈ। ਤਿਸ ਭਜਨ ਰੂਪੀ ਖੇਤ ਕਾ ਫਲ ਪਰਮੇਸਰ ਕਾ ਦਰਸ਼ਨ ਹੈ। ਭਜਨ ਰੂਪੀ ਖੇਤ ਊਪਰ ਰਾਖੀ ਭਲੀ ਪ੍ਰਕਾਰ ਕਰਨੀ ਚਾਹੀਦੀ ਹੈ, ਜੈਸੇ ਅਨਾਜ ਕੇ ਖੇਤ ਊਪਰ ਰਾਖੀ ਕਰਤੇ ਹੈਂ। (ਪੰਨਾ 4)

## 1.11.6.4 ਪਰਚੀਆਂ ਭਾਈ ਸੇਵਾ ਦਾਸ

ਇਹ ਰਚਨਾ ਅਠਾਰ੍ਹਵੀਂ ਸਦੀ ਨਾਲ ਸੰਬੰਧ ਰੱਖਦੀ ਹੈ। ਇਸ ਪੋਥੀ ਵਿਚ ਸਿੱਖ ਸਤਿਗੁਰਾਂ ਅਤੇ ਹੋਰ ਮਹਾਂਪੁਰਸ਼ਾਂ ਦੇ ਜੀਵਨ ਨਾਲ ਸੰਬੰਧਤ 50 ਸਾਖੀਆਂ ਅੰਕਿਤ ਹਨ। 'ਸਾਖੀ' ਉਸ ਕਥਾ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਕਿਸੇ ਸਤਿਗੁਰੂ ਦੀ ਜੀਵਨ-ਸ਼ੈਲੀ ਨੂੰ ਦਰਸਾਉਣ ਵਾਲੀ ਕੋਈ ਕਥਾ ਸੁਣਾਈ ਜਾਵੇ। ਇਹ ਰਚਨਾ ਪੜ੍ਹਨ-ਪੜ੍ਹਾਉਣ ਨਾਲੋਂ ਸੁਣਨ-ਸੁਣਾਉਣ ਦੀ ਸ਼ੈਲੀ ਵਿਚ ਰਚੀ ਜਾਂਦੀ ਹੈ। ਕਥਾ ਨੂੰ ਦਿਲਚਸਪ ਅਤੇ ਉਤਸੁਕਤਾ ਭਰਪੂਰ ਬਣਾਇਆ ਜਾਂਦਾ ਹੈ, ਤਾਂ ਜੋ ਸਰੋਤੇ ਦੀ ਜਗਿਆਸਾ ਬਣੀ ਰਹੇ। *ਵਾਰਤਕ ਵਿਰਸਾ* ਵਿਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਤ ਦੋ ਸਾਖੀਆਂ ਸੰਕਲਿਤ ਹਨ। ਪਹਿਲਾਂ ਸਾਖੀ ਵਿਚ ਗੁਰੂ ਤੇਗ ਬਹਾਦਰ ਜੀ ਦੇ ਸਤਿਗੁਰੂ ਬਣਨ ਦਾ ਬਿਰਤਾਂਤ ਦਰਜ ਹੋਇਆ ਹੈ। ਜਦੋਂ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਜੋਤੀ-ਜੋਤਿ ਸਮਾਉਣ ਤੋਂ ਕੁੱਝ ਸਮਾਂ ਪਹਿਲਾਂ ਇਹ ਸ਼ਬਦ ਉਚਾਰੇ, "ਬਾਬਾ ਬਕਾਲੇ" ਤਾਂ ਬਕਾਲੇ ਵਿਚ 16 ਸੋਢੀ ਸਾਹਿਬਜ਼ਾਦੇ ਆਪਣੀਆਂ-ਆਪਣੀਆਂ ਮੰਜੀਆਂ ਲਾ ਕੇ ਬੈਠ ਗਏ ਅਤੇ ਗੁਰੂ ਹੋਣ ਦਾ ਦਾਅਵਾ ਕਰਨ ਲੱਗੇ ਪਰ ਭਾਈ ਮੱਖਣ ਸ਼ਾਹ ਲੁਬਾਣਾ ਅਤੇ ਹੋਰ ਸਿੱਖ ਸ਼ਰਧਾਲੂਆਂ ਨੇ ਅਸਲੀ ਸਤਿਗੁਰੂ ਦੀ ਪਹਿਚਾਣ ਕਰ ਹੀ ਲਈ। ਇਹ ਸਾਰੀ ਵਾਰਤਾ ਅਤਿਅੰਤ ਦਿਲਚਸਪ ਹੈ। ਭਾਈ ਸੇਵਾ ਦਾਸ ਨੇ ਆਪਣੀ ਪ੍ਰਤਿਭਾ ਨਾਲ ਇਸ ਨੂੰ ਹੋਰ ਵੀ ਰੌਚਕ ਬਣਾ ਦਿੱਤਾ ਹੈ। ਇਸ ਸਾਖੀ ਦੀ ਬੋਲੀ ਉਪਰ ਥੋੜ੍ਹਾ ਜਿਹਾ ਪ੍ਰਭਾਵ ਸਾਧ- ਭਾਖਾ ਦਾ ਵੀ ਹੈ। ਕ੍ਰਿਆ-ਰੂਪ ਅਤੇ ਸਹਾਇਕ ਕ੍ਰਿਆਵਾਂ ਸਾਧ-ਭਾਖਾ ਵਿਚੋਂ ਆਈਆਂ ਹਨ। ਜਿਵੇਂ: ਬਚਨ ਕੀਆ, ਛਪੇ ਰਹਤੇ ਥੇ, ਕੋਊ ਨਾ ਜਾਨਤਾ ਥਾ, ਕਹਿ ਦੀਆ, ਮਸਤਾਨੇ ਤਉਰ ਰਹਤਾ ਹੈ, ਅੰਧੇਰੀ ਕੋਠਰੀ ਮਹਿ ਪੜਾ ਹੂਆ ਹੈ... ਇਤਿਆਦਿ। ਦੂਜੀ ਸਾਖੀ ਵਿਚ ਮਸੰਦਾਂ ਦੇ ਚਰਿੱਤਰ ਬਾਰੇ ਟਿੱਪਣੀਆਂ ਕੀਤੀਆਂ ਗਈਆਂ ਹਨ। ਇਸ ਸਾਖੀ ਉਪਰ ਪੌਰਾਣਿਕ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। 'ਪਰਚੀਆਂ ਭਾਈ ਸੇਵਾ ਦਾਸ' ਮੱਧਕਾਲੀਨ ਪੰਜਾਬੀ ਵਾਰਤਕ ਦੀ ਇਕ ਪ੍ਰਤੀਨਿਧ ਰਚਨਾ ਹੈ।

## 1.11.6.5 ਜਪੁ ਪਰਮਾਰਥ

'ਪਰਮਾਰਥ' ਉਸ ਸਟੀਕ (ਟੀਕਾਕਾਰੀ) ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਸ਼ਾਬਦਿਕ ਅਰਥਾਂ ਦੀ ਬਜਾਇ ਪਰਮਾਰਥਕ (ਗਹਿਰ ਗੰਭੀਰ ਅਤੇ ਵਿਸਤ੍ਰਿਤ ਵਿਆਖਿਆ) ਗਿਆਨ ਦਿੱਤਾ ਗਿਆ ਹੋਵੇ। ਗੁਰੂ-ਘਰ ਦੇ ਸ਼ਰਧਾਲੂ ਸਿੱਖਾਂ ਅਤੇ ਉਦਾਸੀ ਸਾਧੂਆਂ ਨੇ ਗੁਰੂ ਨਾਨਕ ਦੇਵ ਜੀ ਅਤੇ ਹੋਰ ਸਿੱਖ ਸਤਿਗੁਰਾਂ ਦੀਆਂ ਕੇਂਦਰੀ ਬਾਣੀਆਂ ਦੇ ਪਰਮਾਰਥ ਤਿਆਰ ਕੀਤੇ ਸਨ। ਇਹ ਪੋਥੀ ਕਿਸੇ ਉਦਾਸੀ ਸਾਧੂ ਸ਼ਿਬੂ ਨਾਥ ਦੀ ਲਿਖੀ ਹੋਈ ਮੰਨੀ ਜਾਂਦੀ ਹੈ। ਲੇਖਕ ਨੇ ਇਸ ਵਿਚ ਜਪੁ ਸਾਹਿਬ ਦਾ ਪਰਮਾਰਥ ਤਿਆਰ ਕੀਤਾ ਹੈ। *ਵਾਰਤਕ ਵਿਰਸਾ* ਵਿਚ ਪਹਿਲੀ ਤੇ ਦੂਜੀ ਪਉੜੀ ਦਾ

ਪਰਮਾਰਥ ਸੰਕਲਿਤ ਹੋਇਆ ਹੈ। ਬੋਲੀ ਉਪਰ ਸਾਧ-ਭਾਖਾ ਦਾ ਕੁੱਝ ਪ੍ਰਭਾਵ ਹੈ। ਵਾਰਤਾਲਾਪਮਈ ਵਿਧੀ ਦੇ ਪ੍ਰਯੋਗ ਕਾਰਨ ਅਰਥ-ਸੰਚਾਰ ਕਾਫ਼ੀ ਵੱਧ ਗਿਆ ਹੈ। ਜਪੁਜੀ ਦਾ ਇਹ ਪਰਮਾਰਥ ਗੁਰੂ ਅੰਗਦ ਦੇਵ ਜੀ ਨਾਲ ਸੰਬੰਧਤ ਕੀਤਾ ਗਿਆ ਹੈ। ਗੁਰੂ ਅੰਗਦ ਦੇਵ ਜੀ, ਗੁਰੂ ਨਾਨਕ ਦੇਵ ਜੀ ਨਾਲ ਬਹੁਤ ਸਮਾਂ ਬਿਤਾ ਚੁੱਕੇ ਸਨ, ਇਸ ਲਈ ਜਪੁਜੀ ਦੇ ਪਰਮਾਰਥ ਉਨ੍ਹਾਂ ਪਾਸੋਂ ਪੁੱਛੇ ਗਏ। ਉੱਤਰ ਵਿਚ ਗੁਰੂ ਜੀ ਨੇ ਫ਼ਰਮਾਇਆ, "ਜੋ ਭਾਈ ਜੀ ! ਏਸੁ ਜਪੁ ਦਾ ਅਰਥ ਓਹ ਜਾਣੇ ਜਿਸਦਾ ਇਹ ਜਪੁ ਹੈ। ਮੇਰੀ ਕੀ ਕੁਦਰਤਿ ਹੈ ਜਿ ਹਉ ਅਰਥ ਕਰ ਸਕਾਂ?" ਇਹ ਫ਼ਰਮਾਨ ਦਰਸਾਉਂਦਾ ਹੈ ਕਿ ਰਚਨਾ ਦਾ ਮੂਲ ਅਰਥ ਰਚਾਇਤਾ ਹੀ ਜਾਣਦਾ ਹੁੰਦਾ ਹੈ। ਹੋਰ ਲੋਕ ਸਿਰਫ਼ ਕਿਆਸਕਾਰੀ (ਅਨੁਮਾਨ) ਹੀ ਕਰ ਸਕਦੇ ਹਨ। ਗੁਰੂ ਅੰਗਦ ਸਾਹਿਬ ਫ਼ਰਮਾਉਂਦੇ ਹਨ ਕਿ ਜਦੋਂ ਗੁਰੂ ਸਾਹਿਬ ਨੇ ਸਿੱਧਾਂ ਨਾਲ ਗੋਸ਼ਟਿ ਕੀਤੀ ਸੀ ਤਾਂ ਉਥੇ ਜਪੁਜੀ ਦੇ ਅਰਥਾਂ ਬਾਰੇ ਵਿਚਾਰ-ਚਰਚਾ ਹੋਈ ਸੀ ਉਸੇ ਦੇ ਆਧਾਰ ਉਪਰ ਇਹ ਪਰਮਾਰਥ ਕੀਤਾ ਗਿਆ ਹੈ।

## 1.11.6.6 ਪਾਰਸ ਭਾਗ

ਇਹ ਪੁਸਤਕ ਇਮਾਮ ਅਲ-ਗਜ਼ਾਲੀ ਦੀ ਫ਼ਾਰਸੀ ਪੁਸਤਕ *ਕੀਮਿਆਇ ਸਆਦਤ* ਦਾ ਪੰਜਾਬੀ ਵਿਚ ਕੀਤਾ ਗਿਆ ਅਨੁਵਾਦ ਹੈ। ਅਨੁਵਾਦ ਵਿਚ ਵਰਤੀ ਗਈ ਭਾਸ਼ਾ ਪੁਰਾਤਨ ਪੰਜਾਬੀ ਬੋਲੀ ਦੀ ਪੂਰੀ ਤਰ੍ਹਾਂ ਪ੍ਰਤੀਨਿਧਤਾ ਕਰਦੀ ਹੈ। ਲੇਖਕ ਦੁਆਰਾ ਵੱਖ-ਵੱਖ ਵਾਕਾਂ ਨੂੰ ਜੋੜਨ ਵਾਲੇ ਯੋਜਕ (ਅਬ, ਅਰ, ਤਬ) ਸਾਧ-ਭਾਖਾ ਵੱਲ ਸੰਕੇਤ ਕਰਦੇ ਹਨ। ਲੇਖਕ ਦੁਆਰਾ ਵਰਤੇ ਗਏ ਸੰਬੰਧਕ ਅਤੇ ਕ੍ਰਿਆ-ਰੂਪ ਵੀ ਇਸੇ ਭਾਖਾ ਵਿਚੋਂ ਆਏ ਹਨ। ਦੇਖੋ:

ਜਬ ਤੂੰ ਆਪ ਕੋ ਪਛਾਣਿਆ ਚਾਹਤਾ ਹੈ ਤਬ ਇਸ ਪ੍ਰਕਾਰ ਨਿਸ਼ਚੇ ਜਾਨ ਜੋ ਤੁਝ ਕੋ ਦੋਹੁ ਪਦਾਰਥੋਂ ਕਰ ਉਤਪਤਿ ਕੀਆ ਹੈ ਸੋ ਏਕ ਸਰੀਰ ਹੈ, ਜੋ ਹੈ, ਅਸਥੂਲ ਨੇਤ੍ਰੋਂ ਕਰ ਕੇ ਦੇਖਿਆ ਜਾਂਦਾ ਹੈ ਅਰ ਦੂਸਰਾ ਚੈਤੰਨ ਹੈ, ਸੋ ਸੂਖਮ ਰੂਪ ਹੈ ਅਰ ਉਸਕੋ ਜੀਵ ਕਹਤੇ ਹੈ ਅਰ ਮਨੁ ਕਹਤੇ ਹੈ ਅਰ ਚਿਤ ਭੀ ਉਸੀ ਕਾ ਨਾਮ ਹੈ। (ਪੰਨਾ 46)

## 1.11.6.7 ਰਹਿਤਨਾਮ ਭਾਈ ਦਯਾ ਸਿੰਘ

*ਪ੍ਰੇਮ ਸੁਮਾਰਗ ਗ੍ਰੰਥ* ਵਾਂਗ ਇਸ ਰਚਨਾ ਵਿਚ ਵੀ ਸਿੱਖਾਂ ਦੀ ਰਹਿਣੀ-ਬਹਿਣੀ ਬਾਰੇ ਵਿਚਾਰ ਕੀਤੀ ਗਈ ਹੈ। ਇਹ ਰਹਿਤਨਾਮਾ, ਭਾਈ ਦਯਾ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਉਚਾਰਨ ਕੀਤਾ ਦੱਸਿਆ ਜਾਂਦਾ ਹੈ, ਜੋ ਇਕ ਕਥਾ-ਰੂੜ੍ਹੀ ਹੀ ਹੈ। ਇਸ ਰਹਿਤਨਾਮੇ ਦੇ ਲੇਖਕ ਅਨੁਸਾਰ ਗੁਰੂ ਸਾਹਿਬ ਨੇ ਦੇਵੀ ਪ੍ਰਗਟ ਕੀਤੀ, ਫਿਰ ਸਭ ਦੇਵਤੇ ਵੀ ਉਥੇ ਉਪਸਥਿਤ ਹੋ ਗਏ। ਇਨ੍ਹਾਂ ਦੇਵੀ-ਦੇਵਤਿਆਂ ਨੇ ਗੁਰਸਿੱਖਾਂ ਦੀ ਰਹਿਤ ਅਤੇ ਅੰਮ੍ਰਿਤ ਦਾ ਸਾਰਾ ਸਮਾਨ ਦਿੱਤਾ। ਜਲ ਵਰੁਣ ਦੇਵਤਾ ਨੇ ਦਿੱਤਾ, ਮਿਠਾਸ ਇੰਦਰ ਦੇਵਤੇ ਨੇ ਦਿੱਤੀ। ਅੰਮ੍ਰਿਤ ਬਣਾਉਣ ਲਈ ਲੋਹੇ ਦਾ ਬਾਟਾ ਯਮਰਾਜ ਨੇ ਦਿੱਤਾ, ਖੰਡਾ ਮਹਾਂਕਾਲ ਦੁਆਰਾ ਪ੍ਰਾਪਤ ਹੋਇਆ। ਇਸ ਪ੍ਰਕਾਰ ਦੇਵਤਿਆਂ ਦੀ ਸਹਾਇਤਾ ਨਾਲ ਅੰਮ੍ਰਿਤ ਤਿਆਰ ਕੀਤਾ ਗਿਆ। ਬਿਆਨ ਦੀ ਇਹ ਵਿਧੀ ਪੌਰਾਣਿਕ ਹੈ। ਇਸ ਰਹਿਤਨਾਮੇ ਦੀ ਗੱਦ-ਸ਼ੈਲੀ ਦੇ ਕੁਝ ਅੰਸ਼ ਦੇਖੋ:

ਸੰਗਤ ਮੈਂ ਖਾਲੀ ਜਾਵੈ ਨਾਹੀਂ, ਕੀਰਤਨ ਸੁਨੇ ਸੁਨਾਵੈ, ਅਰਥੀ ਨੂੰ ਦਾਨ ਦੇ, ਜਿਸ ਨੂੰ ਕੋਈ ਕੁੜਮਾਈ ਕਰੇ ਨਹੀਂ ਤਿਸ ਨੂੰ ਲੋਚਕੇ ਕਰੇ ਕਰਾਵੇ। ਕੁਸਿੱਖ ਹੋਵੇ ਤਿਸ ਕੋ ਸਿੱਖ ਕਰੇ, ਦੁਖੇ ਦੁਖਾਵੇ ਨਾ। ਸਿੱਖ ਸ਼ਬਦ ਤੇ ਜਾਣੀਏ, ਰਹਤ ਤੇ ਪਛਾਣੀਏ ਔ ਅੰਤਰ ਆਤਮਾ ਮੈਂ ਇਹ ਰਹਤ ਧਾਰੇ। (ਪੰਨਾ 53)

## 1.11.7.1 ਪੰਜਾਬੀ ਬਾਤ ਚੀਤ

*ਪੰਜਾਬੀ ਬਾਤ ਚੀਤ* ਉਸ ਦੌਰ ਦੀ ਉਪਜ ਹੈ, ਜਦੋਂ ਪੰਜਾਬ ਵਿਚ ਅੰਗਰੇਜ਼ੀ ਰਾਜ ਸਥਾਪਿਤ ਹੋ ਗਿਆ ਸੀ। ਉਸ ਵਕਤ ਪੰਜਾਬ ਵਿਚ ਬਹੁਤ ਸਾਰੇ ਸਕੂਲ ਖੁੱਲ੍ਹ ਗਏ ਸਨ, ਜਿਨ੍ਹਾਂ ਵਿਚ ਸਥਾਨਕ ਭਾਸ਼ਾਵਾਂ (ਪੰਜਾਬੀ, ਹਿੰਦੀ ਅਤੇ ਉਰਦੂ ਆਦਿਕ) ਪੜ੍ਹਾਈਆਂ ਜਾਣ ਲੱਗ ਪਈਆਂ ਸਨ। ਪੰਜਾਬੀ ਵਿਚ ਕੁੱਝ ਅਖ਼ਬਾਰ ਵੀ ਨਿੱਕਲਣੇ ਸ਼ੁਰੂ ਹੋ ਗਏ ਸਨ, ਜਿਸ ਕਾਰਨ ਪੰਜਾਬੀ ਵਾਰਤਕ ਸਾਧ-ਭਾਖਾ, ਅਪਭ੍ਰੰਸ਼ ਅਤੇ ਫ਼ਾਰਸੀ ਭਾਸ਼ਾ ਦੇ ਪ੍ਰਭਾਵ ਤੋਂ ਮੁਕਤ ਹੋ ਗਈ ਸੀ। ਸ਼ਰਧਾ ਰਾਮ ਫ਼ਲੌਰੀ ਨੇ ਇਸ ਪੁਸਤਕ ਵਿਚ ਮਾਝੀ, ਦੁਆਬੀ ਅਤੇ ਮਲਵਈ ਆਦਿ ਉਪਭਾਸ਼ਾਵਾਂ ਦਾ ਮੁਹਾਵਰੇ ਭਰਪੂਰ ਪ੍ਰਯੋਗ ਕਰ ਕੇ ਦਿਖਾਇਆ ਹੈ। ਸ਼ੈਲੀ ਕਥਾ-ਰਸ ਨਾਲ ਭਰਪੂਰ ਹੈ। ਵਾਰਤਾਲਾਪ ਦਾ ਬੜਾ ਸੁਚੱਜਾ ਪ੍ਰਯੋਗ ਕੀਤਾ ਗਿਆ ਹੈ। ਬੋਲੀ, ਸਰਲ, ਠੇਠ ਅਤੇ ਟਕਸਾਲੀ ਹੈ। ਇਕ ਉਦਾਹਰਣ ਦੇਖੋ:

ਬੁੱਢੇ ਆਖਿਆ ਸਿਖੋ ਅਸਾਂ ਤੁਹਾਡੇ ਮੂੰਹ ਵਲ ਪਏ ਵੇਖਨੇ ਹਾਂ ਪਰ ਤੁਸਾਂ ਗੰਦ ਬਕਣੇ ਤੇ ਨਹੀਂ ਹਟਦੇ। ਵੇਖੋ ਤੁਸਾਂ ਦੋ ਚਾਰ ਸੁਖਨ ਕੈਹੇ ਭੈੜੇ ਮੂੰਹ ਤੇ ਕੱਢੇ ਹੈਨ। ਭਲਾ ਵਿਚਾਰ ਕੇ ਆਖੋ ਖਾਂ ਇਹ ਭਲੇਮਾਣਸਾਂ ਦਾ ਕੰਮ ਜੇ? ਸਗੋਂ ਅਸਾਂ ਟਾਲਦੇ ਜਾਨੇ ਹਾਂ ਤੇ ਤੁਸਾਂ ਦੋ ਤ੍ਰੈ ਵਾਰ ਅਸਾਂ ਨੂੰ ਖੋਟੀਆਂ ਖਰੀਆਂ ਗੱਲਾਂ ਆਖੀਆਂ ਸਿਆਣੇ ਬਣੋ ਹੱਟੀ ਪੁਰ ਬੈਠਿਆਂ ਬੇਗੁਨਾਹਿਆਂ ਨੂੰ ਨਹੀਂ ਛੇੜੀਦਾ।

(ਪੰਨਾ 60)

*ਪੰਜਾਬੀ ਬਾਤ ਚੀਤ* ਆਧੁਨਿਕ ਪੰਜਾਬੀ ਵਾਰਤਕ ਦੇ ਬਹੁਤ ਸਾਰੇ ਰੂਪਾਂ ਦੀਆਂ ਸਿਰਜਨਾਤਮਕ ਸੰਭਾਵਨਾਵਾਂ ਵੱਲ ਸੰਕੇਤ ਵੀ ਕਰਦੀ ਹੈ। ਇਸ ਵਾਰਤਕ ਵਿਚ ਕਹਾਣੀ, ਨਾਟਕ ਅਤੇ ਨਾਵਲ ਆਦਿ ਦੇ ਬੀਜ ਨਜ਼ਰ ਆਉਂਦੇ ਹਨ। ਇਹ ਪੰਜਾਬੀ ਵਾਰਤਕ ਦਾ ਇਕ ਪ੍ਰਤੀਨਿਧ ਨਮੂਨਾ ਹੈ।

## 1.11.8 ਨਿਸ਼ਕਰਸ਼

*ਵਾਰਤਕ ਵਿਰਸਾ* ਵਿਚ ਸੰਕਲਿਤ ਵਾਰਤਕ ਵੰਨਗੀਆਂ ਦੀ ਚੋਣ ਡਾ. ਸਤਨਾਮ ਸਿੰਘ ਜੱਸਲ ਅਤੇ ਡਾ. ਬੂਟਾ ਸਿੰਘ ਬਰਾੜ ਨੇ ਬੜੀ ਵਿਵੇਕਮਈ ਦ੍ਰਿਸ਼ਟੀ ਨਾਲ ਕੀਤੀ ਹੈ। ਇਸ ਵਿਚ ਮੱਧਕਾਲੀਨ ਪੰਜਾਬੀ ਵਾਰਤਕ ਦਾ ਹਰ ਨਮੂਨਾ ਅੰਕਿਤ ਕੀਤਾ ਗਿਆ ਹੈ ਜਿਵੇਂ: ਉਪਨਿਸ਼ਦ, ਗੋਸ਼ਟਾਂ, ਸਾਖੀਆਂ, ਰਹਿਤਨਾਮੇ, ਬਚਨ, ਪਰਚੀਆਂ, ਹੁਕਮਨਾਮੇ ਅਤੇ ਅਨੁਵਾਦ ਆਦਿਕ। ਇਸ ਪੁਸਤਕ ਦੇ ਸਰਵੇਖਣ ਦੁਆਰਾ ਪੰਜਾਬੀ ਭਾਸ਼ਾ ਦੇ ਵਿਕਾਸ ਬਾਰੇ ਵੀ ਬੜੀ ਸਟੀਕ ਜਾਣਕਾਰੀ ਉਪਲਬਧ ਹੋ ਜਾਂਦੀ ਹੈ। ਸਾਡੀ ਭਾਸ਼ਾ, ਉੱਤਰੀ ਭਾਰਤ ਦੀਆਂ ਕੁੱਝ ਹੋਰ ਭਾਸ਼ਾਵਾਂ ਵਾਂਗ ਅਪਭ੍ਰੰਸ਼ਾਂ, ਸਾਧ-ਭਾਖਾ ਅਤੇ ਲਹਿੰਦੀ ਆਦਿ ਵਿਚੋਂ ਹੁੰਦੀ ਹੋਈ ਆਪਣੇ ਵਰਤਮਾਨ ਸਰੂਪ ਤੱਕ ਪਹੁੰਚੀ ਹੈ। ਇਸ ਵਿਚ ਫ਼ਾਰਸੀ ਸ਼ਬਦਾਵਲੀ ਦਾ ਵੀ ਕਾਫ਼ੀ ਅਸਰ ਰਿਹਾ ਹੈ। ਅੱਜ ਪੰਜਾਬ ਵਿਸ਼ਵ ਦੀਆਂ ਪਹਿਲੀਆਂ ਦਸ ਭਾਸ਼ਾਵਾਂ ਵਿਚ ਆਪਣਾ ਸਥਾਨ ਬਣਾਈ ਬੈਠਾ ਹੈ। ਇਸ ਨੂੰ ਬੋਲਣ ਵਾਲਿਆਂ ਦੀ ਗਿਣਤੀ ਦਸ ਕਰੋੜ ਨੂੰ ਪਾਰ ਕਰ ਗਈ ਹੈ। ਅੱਜ ਇਸ ਵਿਚ ਹਰ ਪ੍ਰਕਾਰ ਦਾ ਗਿਆਨ-ਵਿਗਿਆਨ ਪ੍ਰਾਪਤ ਹੈ। ਪੰਜਾਬੀ ਲੇਖਕਾਂ ਨੇ ਹਰ ਯੁੱਗ ਵਿਚ ਇਸ ਭਾਸ਼ਾ ਪ੍ਰਤੀ ਆਪਣੇ ਅਹਿਦ ਨੂੰ ਨਿਭਾਇਆ ਹੈ।

## ਮਹੱਤਵਪੂਰਨ ਪ੍ਰਸ਼ਨ

1. ਪੰਜਾਬੀ ਵਿਚ ਜਨਮਸਾਖੀ ਦੀ ਪਰੰਪਰਾ ਉਪਰ ਨੋਟ ਲਿਖੋ। ਇਸ ਦੇ ਸਾਹਿਤਕ ਗੁਣਾਂ-ਲੱਛਣਾਂ ਦਾ ਉਲੇਖ ਕਰੋ।
2. ਪੁਰਾਤਨ ਪੰਜਾਬੀ ਵਾਰਤਕ ਦੀ ਬੋਲੀ, ਸ਼ੈਲੀ ਅਤੇ ਬਿਰਤਾਂਤ ਜੁਗਤਾਂ ਉਪਰ ਆਪਣੇ ਵਿਚਾਰ ਪ੍ਰਗਟ ਕਰੋ।
3. *ਗੋਰਖ ਉਪਨਿਸ਼ਦ* ਤੋਂ ਲੈ ਕੇ ਪੰਜਾਬੀ ਵਾਰਤਕ ਭਾਸ਼ਾ ਅਤੇ ਸ਼ੈਲੀ ਦੇ ਕਿਨ੍ਹਾਂ-ਕਿਨ੍ਹਾਂ ਪੜਾਵਾਂ ਵਿਚੋਂ ਗੁਜ਼ਰੀ ਹੈ, ਵਿਚਾਰ ਕਰੋ।

**ਪਾਠ ਨੰਬਰ : 1.12** **– ਪ੍ਰੋ. ਬ੍ਰਹਮਜਗਦੀਸ਼ ਸਿੰਘ**

# V. ਵਾਰਤਕ ਵਿਰਸਾ: ਸੰਖੇਪ ਪ੍ਰਸ਼ਨ-ਉੱਤਰ

## 1.12.1 ਭੂਮਿਕਾ

*ਵਾਰਤਕ ਵਿਰਸਾ* ਪੁਸਤਕ ਪੁਰਾਤਨ ਪੰਜਾਬੀ ਵਾਰਤਕ ਦੀਆਂ ਵਾਰਤਕ ਵੰਨਗੀਆਂ ਦਾ ਇਕ ਪ੍ਰਤੀਨਿਧ ਸੰਗ੍ਰਹਿ ਹੈ। ਇਹ ਵਾਰਤਕ ਵੰਨਗੀਆਂ 800 ਈ: ਤੋਂ ਲੈ ਕੇ 1900 ਈ: ਤੱਕ ਰਚੀਆਂ ਗਈਆਂ ਸਨ। ਇਸ ਪ੍ਰਕਾਰ ਇਹ ਸੰਗ੍ਰਹਿ ਪੰਜਾਬੀ ਸਾਹਿੱਤ ਦੇ ਇਕ ਬਹੁਤ ਵੱਡੇ ਕਾਲ-ਖੰਡ ਵਿਚ ਫੈਲਿਆ ਹੋਇਆ ਹੈ। ਏਨੇ ਵੱਡੇ ਕਾਲ-ਖੰਡ ਦੀ ਪ੍ਰਤੀਨਿਧਤਾ ਕਰਨ ਵਾਲੀ ਪੰਜਾਬੀ ਵਾਰਤਕ ਨੂੰ ਕਿਸੇ ਇਕ ਪਾਠ-ਪੁਸਤਕ ਵਿਚ ਸੰਗ੍ਰਹਿਤ ਕਰਨਾ ਸੰਪਾਦਕਾਂ ਲਈ ਇਕ ਵੱਡੀ ਚੁਣੌਤੀ ਸੀ। ਪਰ ਸਾਨੂੰ ਖੁਸ਼ੀ ਹੈ ਕਿ ਉਹ ਇਸ ਚੁਣੌਤੀ ਉਪਰ ਪੂਰੇ ਉਤਰੇ ਹਨ। ਵਿਦਿਆਰਥੀਆਂ ਦੀ ਸਹੂਲਤ ਲਈ ਸੰਪਾਦਕਾਂ ਨੇ ਕੇਵਲ 51 (11-61) ਪੰਨਿਆਂ ਵਿਚ ਪੰਜਾਬੀ ਵਾਰਤਕ ਦੀਆਂ 16 ਵੰਨਗੀਆਂ ਨੂੰ ਇਸ ਸੰਗ੍ਰਹਿ ਵਿਚ ਸ਼ਾਮਲ ਕੀਤਾ ਹੈ। ਏਨੇ ਕੁ ਪੰਨਿਆਂ ਵਿਚ ਫੈਲੀ ਇਸ ਵਾਰਤਕ ਦੇ ਮਿਜ਼ਾਜ ਅਤੇ ਸਰੂਪ ਨੂੰ ਸਮਝਣਾ ਵਿਦਿਆਰਥੀਆਂ ਲਈ ਬਹੁਤਾ ਕਠਿਨ ਕੰਮ ਨਹੀਂ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਦੋ-ਤਿੰਨ ਵਾਰ ਇਸ ਪੁਸਤਕ ਵਿਚ ਸੰਕਲਿਤ ਪਾਠਾਂ ਦਾ ਅਧਿਐਨ ਕਰ ਲੈਣ। ਆਰੰਭ ਵਿਚ ਸ਼ਾਇਦ ਉਨ੍ਹਾਂ ਥੋੜ੍ਹੀ ਬਹੁਤ ਮੁਸ਼ਕਿਲ ਆਵੇ ਕਿਉਂਕਿ ਵਿਸ਼ੈ ਵੀ ਵੱਖਰੇ ਹਨ ਅਤੇ ਬੋਲੀ-ਸ਼ੈਲੀ ਵੀ ਓਪਰੀ ਹੈ ਪਰ ਜਿਵੇਂ ਹੀ ਉਹ ਇਸ ਅਧਿਐਨ ਵਿਚ ਡੂੰਘਾ ਉਤਰਦੇ ਜਾਣਗੇ, ਉਨ੍ਹਾਂ ਨੂੰ ਇਸ ਕਾਰਜ ਵਿਚੋਂ ਆਨੰਦ ਆਉਣ ਲੱਗ ਪਵੇਗਾ। ਸਾਹਿਤਕਤਾ ਦੀ ਵੱਡੀ ਨਿਸ਼ਾਨੀ ਇਸ ਪਾਠ-ਆਨੰਦ (ਜਾਂ ਆਨੰਦੀ-ਪਾਠ) ਤਕ ਪਹੁੰਚਣਾ ਹੀ ਹੈ। ਵਿਦਿਆਰਥੀਆਂ ਦੀ ਸਹੂਲਤ ਲਈ ਪਾਠ-ਪੁਸਤਕ ਵਿਚ ਕਠਿਨ ਸ਼ਬਦਾਂ ਦੀ ਇਕ ਸੂਚੀ ਅਰਥਾਂ ਸਮੇਤ ਦਿੱਤੀ ਗਈ ਹੈ। ਆਪਣੀ ਸੁਵਿਧਾ ਲਈ ਵਿਦਿਆਰਥੀ, ਇਹ ਅਰਥ, ਪਾਠਾਂ ਦੇ ਨਾਲ-ਨਾਲ ਵੀ ਅੰਕਿਤ ਕਰ ਸਕਦੇ ਹਨ।

## 1.12.2 ਰੂਪ-ਰੇਖਾ

ਇਸ ਪਾਠ ਵਿਚ ਅਸੀਂ ਕੁਝ ਉਨ੍ਹਾਂ ਪ੍ਰਸ਼ਨਾਂ ਦੇ ਸੰਖੇਪ ਉਤਰ ਲਿਖ ਰਹੇ ਹਾਂ, ਜਿਹੜੇ ਇਨ੍ਹਾਂ ਪਾਠਾਂ ਨੂੰ ਸਮਝਣ ਵਿਚ ਸਹਾਈ ਹੋਣਗੇ। ਇਨ੍ਹਾਂ ਸੰਖੇਪ ਪ੍ਰਸ਼ਨਾਂ ਦੀ ਵਿਉਂਤਬੰਦੀ ਦੁਆਰਾ ਉਹ ਵੱਡੇ ਪਾਠ ਆਪ ਬਣਾ ਸਕਣਗੇ। ਪਿਛਲੇ ਕੁਝ ਸਮੇਂ ਤੋਂ ਪਰੀਖਿਅਕਾਂ ਦੀ ਨਜ਼ਰ ਵਿਚ ਆਇਆ ਹੈ ਕਿ ਵਿਦਿਆਰਥੀ ਪਾਠ-ਪੁਸਤਕਾਂ ਨੂੰ ਪੂਰੀ ਤਵਜਹੁ ਨਹੀਂ ਦਿੰਦੇ। ਉਹ ਸਹਾਇਕ-ਸਮੱਗਰੀ ਨਾਲ ਹੀ ਕੰਮ ਚਲਾਉਣਾ ਗਿੱਝ ਗਏ ਹਨ। ਇਹ ਰੁਚੀ ਮਾੜੀ ਹੈ। ਕਿਉਂਕਿ ਜਿਤਨੀ ਦੇਰ ਤੱਕ ਪਾਠ-ਪੁਸਤਕ ਨਹੀਂ ਪੜ੍ਹੀ ਜਾਂਦੀ, ਵਿਦਿਆਰਥੀਆਂ ਵਿਚ ਆਤਮ-ਵਿਸ਼ਵਾਸ ਨਹੀਂ ਪੈਦਾ ਹੁੰਦਾ। ਪਾਠ-ਪੁਸਤਕ ਦੇ ਅਧਿਐਨ ਦੁਆਰਾ ਵਿਦਿਆਰਥੀਆਂ ਵਿਚ ਨਾ ਕੇਵਲ ਆਤਮ-ਵਿਸ਼ਵਾਸ ਪੈਦਾ ਹੋ ਜਾਂਦਾ ਹੈ ਬਲਕਿ ਉਨ੍ਹਾਂ ਦੇ ਗਿਆਨ ਅਤੇ ਵਿਵੇਕ ਦੇ ਦਿਸਹੱਦੇ ਵੀ ਮੋਕਲੇ ਹੋ ਜਾਂਦੇ ਹਨ। ਉਹ ਪਰੰਪਰਾ ਅਤੇ ਆਧੁਨਿਕਤਾ ਵਿਚ ਸੁਮੇਲ ਕਰਨਾ

ਸਿੱਖ ਜਾਂਦੇ ਹਨ। ਇਸ ਪਾਠ ਵਿਚ ਅਸੀਂ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾ ਸਾਰੇ ਪ੍ਰਸ਼ਨਾਂ ਦੇ ਸੰਖੇਪ ਉਤਰ ਲਿਖ ਦਿੱਤੇ ਜਾਣ, ਜੋ *ਵਾਰਤਕ ਵਿਰਸਾ* ਪੁਸਤਕ ਨੂੰ ਸਮਝਣ ਲਈ ਜ਼ਰੂਰੀ ਹਨ ਅਤੇ ਜਿਹੜੇ ਪ੍ਰੀਖਿਆ ਵਿਚ ਵਿਦਿਆਰਥੀਆਂ ਦੀ ਯੋਗਤਾ ਨੂੰ ਨਿਰਖਣ-ਪਰਖਣ ਲਈ ਪੁੱਛੇ ਜਾ ਸਕਦੇ ਹਨ। ਸੋ ਵਿਦਿਆਰਥੀਆਂ ਨੂੰ ਇਹ ਪਾਠ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ।

## 1.12.3.1 ਆਦਿ ਕਾਲ: ਗੋਰਖ ਉਪਨਿਸ਼ਦ

(ੳ) ਪ੍ਰਸ਼ਨ: ਇਸ ਪਾਠ ਵਿਚ ਰਚਨਾ ਦੇ ਨਾਇਕ ਦਾ ਨਾਮ ਕੀ ਲਿਖਿਆ ਗਿਆ ਹੈ?

ਉੱਤਰ: ਇਸ ਪਾਠ ਵਿਚ ਉਸਦਾ ਨਾਮ ਗੋਰਕਸ਼ਕ ਨਾਥ ਦੱਸਿਆ ਗਿਆ ਹੈ।

(ਅ) ਪ੍ਰਸ਼ਨ: ਇਸ ਪਾਠ ਵਿਚ ਕਿਨ੍ਹਾਂ ਵਿਅਕਤੀਆਂ ਦੇ ਦਰਮਿਆਨ ਸੰਵਾਦ ਕਰਵਾਇਆ ਗਿਆ ਹੈ?

ਉੱਤਰ: ਇਸ ਪਾਠ ਵਿਚ ਵਿਮਲਾ ਮਹਾਦੇਵੀ ਅਤੇ ਗੋਰਕਸ਼ਕ ਨਾਥ ਦਰਮਿਆਨ ਸੰਵਾਦ ਰਚਾਇਆ ਗਿਆ ਹੈ।

(ੲ) ਪ੍ਰਸ਼ਨ: ਇਸ ਪਾਠ ਵਿਚ ਹੋਰ ਕਿਹੜੇ-ਕਿਹੜੇ ਨਾਥ ਜੋਗੀਆਂ ਦਾ ਜ਼ਿਕਰ ਆਇਆ ਹੈ?

ਉਤਰ: ਇਸ ਪਾਠ ਵਿਚ ਗੋਰਕਸ਼ਕ ਨਾਥ ਤੋਂ ਬਿਨਾਂ ਸਤਿਨਾਥ, ਸੰਤੋਖਨਾਥ, ਕੂਰਮਨਾਥ, ਆਦਿਨਾਥ, ਬਮਤਿਸਿਏਂਦਰ (ਮਛੰਦਰ) ਨਾਥ ਅਤੇ ਉਦਯਨਾਥ ਦਾ ਜ਼ਿਕਰ ਆਇਆ ਹੈ।

(ਸ) ਪ੍ਰਸ਼ਨ: ਇਸ ਪਾਠ ਵਿਚ ਚਾਰ ਵਰਣਾਂ ਦੇ ਕਿਹੜੇ-ਕਿਹੜੇ ਨਾਮ ਦੱਸੇ ਗਏ ਹਨ?

ਉਤਰ: ਇਸ ਪਾਠ ਅਨੁਸਾਰ ਚਾਰ ਵਰਣ ਹਨ:

1. ਬ੍ਰਾਹਮਣ 2. ਕਸ਼ਤ੍ਰੀ 3. ਵੈਸ਼ 4. ਸ਼ੂਦਰ

## 1.12.3.2 ਫ਼ਰੀਦ ਜੀ ਕਾ ਪੱਧਤੀਨਾਮਾ

(ਹ) ਪ੍ਰਸ਼ਨ: 'ਪੱਧਤੀਨਾਮਾ' ਦਾ ਕੀ ਅਰਥ ਹੈ?

ਉਤਰ: 'ਪੱਧਤੀਨਾਮਾ' ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਇਕ ਨਵਾਂ ਸ਼ਬਦ ਹੈ। 'ਪੱਧਤੀ' ਦਾ ਅਰਥ ਹੈ: ਸਿਧਾਂਤ, ਪਰਿਪਾਟੀ, ਮਾਰਗ ਜਾਂ ਨਿਯਮ ਅਤੇ ਨਾਮਾ (ਨਾਮਹ) ਦਾ ਅਰਥ ਹੈ: ਪੋਥੀ ਜਾਂ ਰਚਨਾ। ਅਰਥਾਤ, ਜਿਸ ਪੋਥੀ ਜਾਂ ਰਚਨਾ ਵਿਚ ਕਿਸੇ ਮਾਰਗ ਜਾਂ ਸੰਪਰਦਾਇ ਦੇ ਨਿਯਮ ਦਰਜ ਹੋਣ, ਉਸ ਨੂੰ 'ਪੱਧਤੀਨਾਮਾ' ਕਿਹਾ ਜਾਂਦਾ ਹੈ।

(ਕ) ਪ੍ਰਸ਼ਨ: 'ਪੱਧਤੀਨਾਮਾ' ਪੋਥੀ ਕਿਸ ਪ੍ਰਕਾਰ ਦੀ ਵਿਧੀ ਅਤੇ ਸ਼ੈਲੀ ਦਾ ਪ੍ਰਯੋਗ ਕਰਦੀ ਹੈ?

ਉੱਤਰ: ਇਸ ਪੋਥੀ ਵਿਚ ਸ੍ਵੈਜੀਵਨੀਮੂਲਕ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ। ਫ਼ਰੀਦ ਜੀ ਆਪਣੇ ਜੀਵਨ ਦੀਆਂ ਦੁਬਿਧਾਵਾਂ ਅਤੇ ਦੁਸ਼ਵਾਰੀਆਂ ਦਾ ਜ਼ਿਕਰ ਕਰ ਰਹੇ ਹਨ। ਆਪ ਫਰਮਾਉਂਦੇ ਹਨ ਕਿ ਨਫ਼ਸ (ਕਾਮ ਆਦਿਕ ਵਿਕਾਰਾਂ) ਨੇ ਉਨ੍ਹਾਂ ਦਾ ਰਾਹ ਮੱਲ ਲਿਆ ਹੈ। ਇਸ ਨਫ਼ਸ ਰੂਪੀ ਸ਼ੈਤਾਨ ਨੂੰ ਆਪਣੇ ਰਾਹ ਤੋਂ ਹਟਾਏ ਬਿਨਾਂ ਉਹ ਆਪਣੇ ਖ਼ੁਦਾ (ਸਾਹਿਬ) ਤਕ ਨਹੀਂ ਪਹੁੰਚ ਸਕਦੇ।

(ਖ) ਪ੍ਰਸ਼ਨ: ਇਸ ਰਚਨਾ ਵਿਚ ਫ਼ਰੀਦ ਜੀ ਬੰਦੇ ਨੂੰ ਕੀ ਉਪਦੇਸ਼ ਦਿੰਦੇ ਹਨ?

ਉਤਰ: ਆਪ ਫੁਰਮਾਉਂਦੇ ਹਨ ਕਿ ਜੀਵਨ ਨਾਸ਼ਮਾਨ ਹੈ। ਮਨੁੱਖ ਨੂੰ ਰੱਬ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ ਕਿਸੇ ਨੂੰ ਵੀ ਬੁਰਾ ਨਾ ਕਹੋ। ਕਿਸੇ ਦਾ ਦਿਲ ਨਾ ਤੋੜੋ। ਆਪਣੀ ਸ਼ੇਖੀ ਨਾ ਮਾਰੋ। ਦੁਨੀਆਂ ਤੋਂ ਮੁੱਖ ਮੋੜ ਕੇ ਪਰਮਾਤਮਾ ਨਾਲ ਆਪਣੀ ਲਿਵ ਜੋੜ ਲਵੋ। ਫਿਰ ਅੰਦਰ ਨੂਰ ਫੈਲ ਜਾਵੇਗਾ।

## 1.12.3.3 ਏਕਾਦਸੀ ਮਹਾਤਮ

(ਗ) ਪ੍ਰਸ਼ਨ: 'ਏਕਾਦਸੀ' ਕਿਸ ਨੂੰ ਕਹਿੰਦੇ ਹਨ।

ਉਤਰ: ਚੰਦਰ ਮਹੀਨੇ ਦੀ ਗਿਆਰ੍ਹਵੀਂ (1 + 10) ਮਿਤੀ ਨੂੰ ਇਕਾਦਸੀ ਕਿਹਾ ਜਾਂਦਾ ਹੈ। ਹਨੇਰ ਪੱਖ ਵਾਲੀ ਵਦੀ-ਇਕਾਦਸੀ ਹੁੰਦੀ ਹੈ ਅਤੇ ਚਾਨਣੇ ਪੱਖ ਵਾਲੀ ਸੁਦੀ-ਇਕਾਦਸ਼ੀ ਹੁੰਦੀ ਹੈ। ਇਸ ਮਿਤੀ ਨੂੰ ਹਿੰਦੂ ਧਰਮ ਵਿਚ ਬਹੁਤ ਪਵਿੱਤਰ ਸਮਝਿਆ ਜਾਂਦਾ ਹੈ। ਇਸ ਦਿਨ ਵਰਤ (ਵ੍ਰਤ) ਆਦਿ ਰੱਖ ਕੇ ਦੇਵੀ-ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਹੈ।

(ਘ) ਪ੍ਰਸ਼ਨ: ਇਸ ਪਾਠ ਵਿਚ ਕਿਹੜੇ-ਕਿਹੜੇ ਪਾਤਰਾਂ ਦਾ ਸੰਵਾਦ ਦ੍ਰਿਸ਼ਟੀਗੋਚਰ ਹੁੰਦਾ ਹੈ।

ਉਤਰ: ਇਸ ਪਾਠ ਦੇ ਪਹਿਲੇ (ੳ) ਭਾਗ ਵਿਚ ਬ੍ਰਹਮਾ ਜੀ ਅਤੇ ਨਾਰਦ ਮੁਨੀ ਦਰਮਿਆਨ ਸੰਵਾਦ ਹੋਇਆ ਹੈ ਅਤੇ ਤੀਜੇ (ੲ) ਭਾਗ ਵਿਚ ਯੁਧਿਸ਼ਟਰ ਅਤੇ ਸ੍ਰੀ ਕ੍ਰਿਸ਼ਨ ਦੇ ਦਰਮਿਆਨ ਸੰਵਾਦ ਕਰਵਾਇਆ ਗਿਆ ਹੈ। ਦੂਜੇ (ਅ) ਭਾਗ ਵਿਚ ਮੁਰੂ ਦੈਂਤ (ਰਾਕਸ਼) ਅਤੇ ਇਕ ਸੁੰਦਰ ਦੇਵੀ ਦੇ ਦਰਮਿਆਨ ਗੱਲ ਬਾਤ ਹੋ ਰਹੀ ਹੈ। ਇਸ ਦੇਵੀ ਨੂੰ ਵਿਸ਼ਨੂੰ ਜੀ ਨੇ ਉਸ ਰਾਕਸ਼ ਦੇ ਸੰਘਾਰ ਲਈ ਪੈਦਾ ਕੀਤਾ ਸੀ।

(ਙ) ਪ੍ਰਸ਼ਨ: ਇਸ ਗੋਸ਼ਟਿ ਵਿਚ ਕਿਹੜੀਆਂ-ਕਿਹੜੀਆਂ ਤਿੰਨ ਨਾੜੀਆਂ ਦਾ ਜ਼ਿਕਰ ਆਇਆ ਹੈ ਅਤੇ ਉਹ ਕਿਥੇ ਨਿਵਾਸ ਕਰਦੀਆਂ ਹਨ?

ਉਤਰ: ਇਸ ਗੋਸ਼ਟਿ ਵਿਚ ਯੋਗਮਤਿ ਦੀਆਂ ਤਿੰਨ ਨਾੜੀਆਂ ਦਾ ਜ਼ਿਕਰ ਆਇਆ ਹੈ, ਜਿਨ੍ਹਾਂ ਦੇ ਨਾਮ ਹਨ: ਇੜਾ, ਪਿੰਗੁਲਾ ਅਤੇ ਸੁਖਮਨਾ। ਇੜਾ ਅਗਨੀ ਹੈ। ਪਿੰਗੁਲਾ ਪਾਣੀ ਅਤੇ ਸੁਖਮਨਾ ਪੌਣ ਦੀ ਪ੍ਰਤੀਕ ਹੈ। ਇਹ ਤਿੰਨੇ ਮਨੁੱਖ ਦੇ ਮੁਖ-ਮਸਤਕ ਵਿਚ ਇੱਕਠੀਆਂ ਨਿਵਾਸ ਕਰਦੀਆਂ ਹਨ। ਇਨ੍ਹਾਂ ਦੇ ਤਿੰਨ ਗੁਣ ਹਨ: ਰਾਜਸ, ਤਾਮਸ ਅਤੇ ਸਾਤਵਕ। ਇਨ੍ਹਾਂ ਤਿੰਨ ਨਾੜੀਆਂ ਨੂੰ ਬ੍ਰਹਮਾਂ, ਵਿਸ਼ਨੂੰ, ਮਹੇਸ਼ (ਸ਼ਿਵਜੀ) ਦੇ ਹਵਾਲੇ ਨਾਲ ਵੀ ਸਮਝਿਆ ਜਾ ਸਕਦਾ ਹੈ।

(ਚ) ਪ੍ਰਸ਼ਨ: ਮਨੁੱਖੀ ਦੇਹੀ ਨੂੰ ਲੱਗਣ ਵਾਲੇ ਅੱਠ ਰੋਗ ਕਿਹੜੇ-ਕਿਹੜੇ ਹਨ?

ਉਤਰ: ਇਸ ਗੋਸ਼ਟਿ ਅਨੁਸਾਰ ਮਨੁੱਖੀ ਦੇਹੀ ਨੂੰ ਲੱਗਣ ਵਾਲੇ ਅੱਠ ਰੋਗ ਇਹ ਹਨ:

(1) ਕਾਮ, (2) ਕ੍ਰੋਧ, (3) ਲੋਭ, (4) ਮੋਹ, (5) ਹੰਕਾਰ, (6) ਭੁੱਖ, (7) ਪਿਆਸ, (8) ਨੀਂਦ। ਇਹ ਅੱਠ ਰੋਗ ਮਨੁੱਖੀ ਦੇਹੀ ਨੂੰ ਹਰ ਰੋਜ਼ ਲੱਗਦੇ ਹਨ। ਇਨ੍ਹਾਂ ਰੋਗਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਮਨੁੱਖ ਲਈ ਜ਼ਰੂਰੀ ਵੀ ਹਨ। ਇਨ੍ਹਾਂ ਤੋਂ ਬਿਨਾਂ ਇਸ ਸੰਸਾਰ ਵਿਚ ਰਹਿਣਾ ਸੰਭਵ ਨਹੀਂ ਹੈ। ਪਰ ਇਹ ਮੁਕਤੀ ਲਈ ਸਹਾਈ ਨਹੀਂ ਹੁੰਦੇ। ਮੁਕਤੀ ਵਾਸਤੇ ਇਨ੍ਹਾਂ ਉਪਰ ਕਾਬੂ ਪਾਉਣਾ ਪੈਂਦਾ ਹੈ। ਇਨ੍ਹਾਂ ਰੋਗਾਂ ਉਤੇ ਕਾਬੂ ਪਾਉਣ ਲਈ ਅੱਠ ਸਹਾਈ ਤੱਤ ਇਹ ਹਨ। (1) ਨਾਮ, (2) ਦਾਨ, (3) ਇਸ਼ਨਾਨ,

(4) ਦਇਆ, (5) ਧਰਮ, (6) ਸੰਤੋਖ, (7) ਸੰਜਮ ਅਤੇ (8) ਪ੍ਰੇਮ। ਇਹ ਅੱਠ ਤੱਤ ਮਨੁੱਖ ਦੀ ਮੁਕਤੀ ਲਈ ਸਹਾਇਕ ਸਿੱਧ ਹੁੰਦੇ ਹਨ।

## 1.12.4.2 ਸੱਚਾ ਸੌਦਾ

(ਛ) ਪ੍ਰਸ਼ਨ: ਗੁਰੂ ਨਾਨਕ ਦੇਵ ਜੀ ਨੂੰ ਸੱਚਾ ਸੌਦਾ ਕਰਨ ਵੇਲੇ ਕਿਹੜੇ ਮੁਸਾਫ਼ਰ ਰਸਤੇ ਵਿਚ ਮਿਲੇ ਸਨ?

ਉਤਰ: ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਨੇ ਵੀਹ ਰੁਪਏ ਦੇ ਕੇ ਸ਼ਹਿਰ ਵਿਚੋਂ ਕੁੱਝ ਚੀਜ਼ਾਂ ਲੈਣ ਵਾਸਤੇ ਭੇਜਿਆ ਸੀ। ਬਾਰ੍ਹਾਂ ਕੋਹ ਜਾਣ ਉਪਰੰਤ ਉਨ੍ਹਾਂ ਨੂੰ ਇਕ ਸਾਧੂ-ਮੰਡਲੀ ਮਿਲੀ। ਇਹ ਸਾਧੂ-ਮੰਡਲੀ ਨਿਰਬਾਣੀ (ਬਾਣਾ ਰਹਿਤ, ਨਗਨ) ਸਾਧੂਆਂ ਦੀ ਸੀ। ਜਿਨ੍ਹਾਂ ਦਾ ਮੁਖੀ ਸੰਤ ਰੇਣ ਸੀ। ਇਹ ਸਾਧੂ ਭੁੱਖੇ ਸਨ। ਗੁਰੂ ਸਾਹਿਬ ਨੇ ਇਨ੍ਹਾਂ ਸਾਧੂਆਂ ਨੂੰ ਵੀਹ ਰੁਪਇਆਂ ਦਾ ਰਾਸ਼ਨ ਅਤੇ ਬਰਤਨ ਵਗੈਰਾ ਲਿਆ ਦਿੱਤੇ ਤਾਂ ਜੋ ਉਹ ਖਾਣਾ ਤਿਆਰ ਕਰ ਕੇ ਖਾ ਸਕਣ। ਇਸ ਤਰ੍ਹਾਂ ਉਨ੍ਹਾਂ ਨੇ ਸੱਚਾ ਸੌਦਾ ਕੀਤਾ।

(ਜ) ਪ੍ਰਸ਼ਨ: ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਕਿਉਂ ਝਿੜਕਿਆ?

ਉਤਰ: ਜਦੋਂ ਰਾਇ ਬੁਲਾਰ ਨੂੰ ਇਹ ਪਤਾ ਚੱਲਿਆ ਕਿ ਮਹਿਤਾ ਕਾਲੂ ਨੇ ਵੀਹ ਰੁਪਇਆਂ ਦਾ ਨੁਕਸਾਨ ਹੋਣ ਕਾਰਨ ਗੁਰੂ ਨਾਨਕ ਨੂੰ ਚਪੇੜਾਂ ਮਾਰੀਆਂ ਹਨ ਤਾਂ ਉਸ ਨੇ ਮਹਿਤਾ ਕਾਲੂ ਨੂੰ ਕਾਫ਼ੀ ਝਿੜਕਿਆ। ਰਾਇ ਬੁਲਾਰ ਗੁਰੂ ਸਾਹਿਬ ਦੀ ਅਜ਼ਮਤ ਤੋਂ ਜਾਣੂ ਸੀ। ਉਹ ਜਾਣਦਾ ਸੀ ਕਿ ਗੁਰੂ ਸਾਹਿਬ ਪੀਰਾਂ ਦੇ ਪੀਰ ਹਨ ਅਤੇ ਉਹ ਪੂਰੀ ਦੁਨੀਆਂ ਦਾ ਭਲਾ ਕਰਨ ਵਾਸਤੇ ਇਸ ਜਗਤ ਵਿਚ ਪ੍ਰਗਟ ਹੋਏ ਹਨ। ਉਸ ਨੇ ਆਪਣੇ ਕੋਲੋਂ ਵੀਹ ਰੁਪਏ ਮਹਿਤਾ ਕਾਲੂ ਨੂੰ ਦੇ ਦਿੱਤੇ ਅਤੇ ਚੇਤਾਵਨੀ ਦਿੱਤੀ ਕਿ ਅੱਗੇ ਤੋਂ ਗੁਰੂ ਸਾਹਿਬ ਨੂੰ ਕੁਝ ਨਹੀਂ ਆਖਣਾ।

## 1.12.4.3 ਗੋਸ਼ਟਿ ਸ੍ਰੀ ਗੋਪੀ ਚੰਦਿ ਕੀ

(ਝ) ਪ੍ਰਸ਼ਨ: ਗੋਪੀ ਚੰਦ ਦੀ ਮਾਤਾ, ਗੋਪੀ ਚੰਦ ਨੂੰ ਮਾਲਿਸ਼ ਕਰਾਉਂਦਿਆਂ ਵੇਖ ਕੇ ਕਿਉਂ ਰੋਈ?

ਉਤਰ: ਗੋਪੀ ਚੰਦ ਦੀ ਮਾਤਾ ਇਸ ਕਾਰਨ ਰੋਈ ਕਿਉਂਕਿ ਗੋਪੀ ਚੰਦ ਦਾ ਸਰੀਰ ਬਹੁਤ ਸੁੰਦਰ ਅਤੇ ਸੁਡੌਲ ਸੀ। ਮਾਤਾ ਨੂੰ ਖਿਆਲ ਆਇਆ ਕਿ ਇਕ ਦਿਨ ਇਹ ਸੁੰਦਰ ਸਰੀਰ ਬੁੱਢਾ ਅਤੇ ਜਰਜਰਾ ਹੋ ਕੇ ਖ਼ਤਮ ਹੋ ਜਾਵੇਗਾ। ਉਹ ਜਾਣਦੀ ਸੀ ਕਿ ਮ੍ਰਿਤੂ ਬਹੁਤ ਬਲਵਾਨ ਹੈ। ਇਸ ਤੋਂ ਬਚਿਆ ਨਹੀਂ ਜਾ ਸਕਦਾ। ਮ੍ਰਿਤੂ ਦੇ ਦਿਨ ਦੀ ਕਲਪਨਾ ਕਰਕੇ ਉਸ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਅਤੇ ਉਹ ਰੋਣ ਲੱਗ ਪਈ।

(ਞ) ਪ੍ਰਸ਼ਨ: ਮਾਤਾ ਨੇ ਰਾਜਾ ਗੋਪੀ ਚੰਦ ਨੂੰ ਕੀ ਉਪਦੇਸ਼ ਦਿੱਤਾ।

ਉਤਰ: ਮਾਤਾ ਨੇ ਆਪਣੇ ਬਚਪਨ ਵਿਚ ਗੋਰਖ ਨਾਥ ਦਾ ਉਪਦੇਸ਼ ਕਈ ਵਾਰ ਸੁਣਿਆ ਸੀ। ਉਹ ਜਾਣਦੀ ਸੀ ਕਿ ਪਹੁੰਚੇ ਹੋਏ ਜੋਗੀਆਂ ਦੀ ਆਯੂ ਬਹੁਤ ਲੰਬੀ ਹੁੰਦੀ ਹੈ। ਉਸ ਨੇ ਗੋਪੀ ਚੰਦ ਨੂੰ ਦੱਸਿਆ:

ਕਾਇਆ ਸੋਧੈ ਪਵਨੁ ਬਿਰੋਲੈ ਕਦੇ ਨਾ ਹੋਇਗਾ ਰੋਗੀ॥

ਏਤਇ ਬੁਢੇ ਕਦੇ ਨ ਹੋਇਗੇ ਸਪੁ, ਵਣਾਸਪਤਿ, ਜੋਗੀ॥

ਇਸ ਕਾਰਨ ਉਸ ਨੇ ਗੋਪੀ ਚੰਦ ਨੂੰ ਜੋਗੀ ਬਣਨ ਦਾ ਉਪਦੇਸ਼ ਦਿਤਾ। ਰਾਜੇ ਗੋਪੀ ਚੰਦ ਨੇ ਗੋਰਖਨਾਥ ਪਾਸ ਜਾ ਕੇ ਜੋਗਮਤਿ ਧਾਰਨ ਕਰ ਲਿਆ।

### 1.12.4.4 ਬਚਨ

(ਟ) ਪ੍ਰਸ਼ਨ: 'ਬਚਨ' ਨਾਮ ਦਾ ਪਾਠ ਸੰਪਾਦਕਾਂ ਨੇ ਕਿਸ ਪੁਸਤਕ ਵਿਚੋਂ ਲਿਆ ਹੈ। ਇਨ੍ਹਾਂ ਬਚਨਾਂ ਵਿਚ ਕੀ ਦੱਸਿਆ ਗਿਆ ਹੈ?

ਉਤਰ: ਇਹ ਪਾਠ *ਪ੍ਰੇਮ ਸੁਮਾਰਗ ਗ੍ਰੰਥ* ਵਿਚੋਂ ਲਿਆ ਗਿਆ ਹੈ। ਇਸ ਵਿਚ ਇਕ ਗੁਰਸਿੱਖ ਦੀ ਰਹਿਣੀ-ਬਹਿਣੀ ਬਾਰੇ ਉਪਦੇਸ਼ ਦਿੱਤਾ ਗਿਆ ਹੈ। ਇਕ ਗੁਰਸਿੱਖ ਨੂੰ ਸਵੇਰੇ ਸੁਵਖਤੇ ਉੱਠ ਕੇ ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ। ਉਸ ਨੂੰ ਆਪਣੀ ਕਮਾਈ ਵਿਚੋਂ ਦਸਵੰਧ ਕੱਢਣਾ ਚਾਹੀਦਾ ਹੈ, ਕਰਜ਼ਾ ਨਹੀਂ ਲੈਣਾ ਚਾਹੀਦਾ ਅਤੇ ਜੇ ਲੈਣਾ ਪੈ ਜਾਵੇ ਤਾਂ ਛੇਤੀ ਤੋਂ ਛੇਤੀ ਮੋੜ ਦੇਣਾ ਚਾਹੀਦਾ ਹੈ। ਆਪਣੀ ਜਾਇਦਾਦ ਨੂੰ ਸਾਰੇ ਪਰਿਵਾਰ ਦੇ ਮੈਂਬਰਾਂ ਵਿਚ ਯੋਗ ਢੰਗ ਨਾਲ ਵੰਡ ਦੇਣਾ ਚਾਹੀਦਾ ਹੈ ਤਾਂ ਜੋ ਵਿਅਕਤੀ ਦੀ ਮੌਤ ਤੋਂ ਬਾਅਦ ਕਿਸੇ ਨੂੰ ਕੋਈ ਗਿਲਾ ਨਾ ਰਹੇ ਅਤੇ ਮ੍ਰਿਤਕ ਦੀ ਸ਼ੋਭਾ ਵਧੇ।

### 1.12.4.5 ਸਿੱਖਾਂ ਦੀ ਭਗਤ ਮਾਲਾ

(ਠ) ਪ੍ਰਸ਼ਨ: *ਸਿੱਖਾਂ ਦੀ ਭਗਤ ਮਾਲਾ* ਕਿਸ ਦੀ ਰਚਨਾ ਹੈ ਅਤੇ ਇਸ ਵਿਚ ਕੀ ਲਿਖਿਆ ਗਿਆ ਹੈ?

ਉਤਰ: ਇਹ ਪੋਥੀ ਭਾਈ ਮਨੀ ਸਿੰਘ ਦੀ ਰਚਨਾ ਹੈ, ਜੋ ਗੁਰੂ ਗੋਬਿੰਦ ਸਿੰਘ ਦਾ ਇਕ ਅਨਿੰਨ ਸਿੱਖ ਸੀ। ਸਿੱਖਾਂ ਦੀ ਭਗਤ ਮਾਲਾ ਵਿਚ ਗੁਰੂ-ਘਰ ਦੇ ਸ਼ਰਧਾਲੂ ਅਤੇ ਉਘੇ ਸਿੱਖਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। *ਵਾਰਤਕ ਵਿਰਸਾ* ਵਿਚ ਇਸ ਪੁਸਤਕ ਦੀ ਤੇਰ੍ਹਵੀਂ ਸਾਖੀ ਸੰਕਲਿਤ ਕੀਤੀ ਗਈ ਹੈ। ਇਸ ਸਾਖੀ ਵਿਚ ਤਾਰੂ ਪੋਪਟ ਦੀ ਵਾਰਤਾ ਦਰਜ ਕੀਤੀ ਗਈ ਹੈ। ਤਾਰੂ ਪੋਪਟ ਬਚਪਨ ਵਿਚ ਹੀ ਗੁਰੂ ਨਾਨਕ ਦੇਵ ਜੀ ਦਾ ਭਗਤ ਬਣ ਗਿਆ ਸੀ। ਉਹ ਜਾਣਦਾ ਸੀ ਕਿ ਮੌਤ ਦਾ ਕੋਈ ਪਤਾ ਨਹੀਂ, ਕਦੋਂ ਆ ਜਾਵੇ। ਇਸ ਕਾਰਨ ਭਗਤੀ ਦੇ ਮਾਰਗ ਉਪਰ ਚੱਲ ਪੈਣਾ ਚਾਹੀਦਾ ਹੈ।

### 1.12.5.1 ਪਿਛਲਾ ਮੱਧ ਕਾਲ: ਹੁਕਮਨਾਮਾ

(ਡ) ਪ੍ਰਸ਼ਨ: 'ਹੁਕਮਨਾਮਾ' ਕੀ ਹੁੰਦਾ ਹੈ? ਇਸ ਰੂਪ ਦਾ ਕੀ ਮਹੱਤਵ ਹੈ?

ਉਤਰ: 'ਹੁਕਮਨਾਮਾ' ਗੁਰੂ ਸਾਹਿਬਾਨ ਵੱਲੋਂ ਆਪਣੀਆਂ ਸੰਗਤਾਂ ਨੂੰ ਭੇਜੀਆਂ ਚਿੱਠੀਆਂ ਨੂੰ ਕਿਹਾ ਜਾਂਦਾ ਹੈ। ਇਸ ਹੁਕਮਨਾਮੇ ਵਿਚ ਗੁਰੂ ਗੋਬਿੰਦ ਸਿੰਘ ਨੇ ਮਾਲਵੇ ਅਤੇ ਭਾਈ ਰੂਪਾ ਪਿੰਡ ਦੀਆਂ ਸੰਗਤਾਂ ਨੂੰ ਚਾਰ ਚੰਗੇ ਬੈਲ ਭੇਜਣ ਲਈ ਹੁਕਮ ਦਿੱਤਾ ਹੈ। ਇਨ੍ਹਾਂ ਹੁਕਮਨਾਮਿਆਂ ਤੋਂ ਸਿੱਖ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ। ਇਨ੍ਹਾਂ ਦਾ ਸਾਹਿਤਕ ਮਹੱਤਵ ਵੀ ਹੈ ਕਿਉਂਕਿ ਇਹ ਪੰਜਾਬੀ ਭਾਸ਼ਾ ਦੇ ਤਤਕਾਲੀ ਸਰੂਪ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ।

## 1.12.5.2 ਸੌ ਸਾਖੀ

(ਢ) ਪ੍ਰਸ਼ਨ: *ਸੌ ਸਾਖੀ* ਸਿਰਲੇਖ ਅਧੀਨ ਸੰਕਲਿਤ ਹੋਈਆਂ ਸਾਖੀਆਂ ਵਿਚ ਕੀ ਲਿਖਿਆ ਗਿਆ ਹੈ?

ਉੱਤਰ: ਇਸ ਸਿਰਲੇਖ ਅਧੀਨ ਦੋ ਸਾਖੀਆਂ ਸੰਕਲਿਤ ਹੋਈਆਂ ਹਨ, ਪਹਿਲੀ ਸਾਖੀ ਵਿਚ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਖਾਣ-ਪੀਣ ਦੇ ਲੋਭ ਤੋਂ ਵਰਜਿਆ ਹੈ ਤੇ ਦੂਜੀ ਸਾਖੀ ਵਿਚ ਪਹਾੜੀ ਰਾਜਿਆਂ ਤੋਂ ਸਾਵਧਾਨ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ। ਇਹ ਰਾਜੇ ਵਿਸ਼ਵਾਸਘਾਤੀ ਸਨ।

## 12.5.3 ਬਚਨ ਸਾਈਂ ਲੋਕਾਂ ਦੇ

(ਣ) ਪ੍ਰਸ਼ਨ: *ਬਚਨ ਸਾਈਂ ਲੋਕਾਂ* ਦੇ ਵਿਚ ਕਿੰਨੇ ਬਚਨ ਸੰਕਲਿਤ ਹਨ? ਉਨ੍ਹਾਂ ਦਾ ਵਿਸ਼ੈ ਕੀ ਹੈ।

ਉਤਰ: ਇਸ ਰਚਨਾਂ ਵਿਚ ਕੁੱਲ ਪੰਜ ਬਚਨ ਸੰਕਲਿਤ ਹਨ। ਪਹਿਲੇ ਬਚਨ ਵਿਚ ਰੱਬ ਦੀ ਭਗਤੀ ਕਰਨ ਅਤੇ ਵਿਕਾਰਾਂ ਤੋਂ ਬਚ ਕੇ ਰਹਿਣ ਦਾ ਉਪਦੇਸ਼ ਹੈ। ਦੂਜੇ ਬਚਨ ਵਿਚ ਪਰਮਾਤਮਾ ਦੀ ਏਕਤਾ ਬਾਰੇ ਗਿਆਨ ਦਿੱਤਾ ਗਿਆ ਹੈ; ਅਨੇਕ ਸੂਰਤਾਂ ਵਿਚ ਉਸੇ ਇਕ ਪ੍ਰਮਾਤਮਾ ਦਾ ਨਿਵਾਸ ਹੈ। ਤੀਜੇ ਬਚਨ ਵਿਚ ਫ਼ਰਮਾਇਆ ਗਿਆ ਹੈ ਕਿ ਪ੍ਰਮਾਤਮਾ ਆਪ ਆਪਣੀ ਰਚਨਾ ਵਿਚ ਸਮਾਇਆ ਹੋਇਆ ਹੈ। ਚੌਥੇ ਬਚਨ ਵਿਚ ਇਹ ਦੱਸਿਆ ਗਿਆ ਹੈ ਕਿ ਸੰਤਾਂ ਦੇ ਬਚਨਾ ਉਪਰ ਅਮਲ ਕਰਨਾ ਚਾਹੁੰਦਾ ਹੈ ਤਾਂ ਹੀ ਫ਼ਲ ਦੀ ਪ੍ਰਾਪਤੀ ਹੁੰਦੀ ਹੈ। ਪੰਜਵੇਂ ਬਚਨ ਵਿਚ ਕਿਹਾ ਗਿਆ ਹੈ ਕਿ ਮਨੁੱਖ ਦੀ ਭਲਾਈ ਚਾਰ ਕਰਮਾਂ ਵਿਚ ਹੈ: (1) ਪ੍ਰਮਾਤਮਾ ਨਾਲ ਪ੍ਰੇਮ ਕਰਨਾ (2) ਮਾਇਆ ਤੋਂ ਨਿਰਲੇਪ ਰਹਿਣਾ (3) ਗ਼ਰੀਬੀ ਧਾਰਨ ਕਰਨਾ ਅਤੇ (4) ਮਨ ਉਪਰ ਕਾਬੂ ਰੱਖਣਾ।

(ਤ) ਪ੍ਰਸ਼ਨ: 'ਬਚਨ ਸਾਈਂ ਲੋਕਾਂ ਦੇ' ਕਿਸ ਪੁਸਤਕ ਵਿਚੋਂ ਲਏ ਗਏ ਹਨ?

ਉਤਰ:ਇਹ ਬਚਨ ਪ੍ਰੋ. ਪਿਆਰਾ ਸਿੰਘ ਪਦਮ ਰਚਿਤ ਪੁਸਤਕ *ਸੰਤ ਬਚਨਾਵਲੀ* ਵਿਚੋਂ ਲਏ ਗਏ ਹਨ। ਇਸ ਦਾ ਲੇਖਕ ਕੋਈ ਸੇਵਾਪੰਥੀ ਸਾਧੂ ਹੈ ਜਿਸਦਾ ਨਾਮ ਹਰਦਿਆਲ ਭਗਤ ਹੈ।

## 1.12.5.4 ਪਰਚੀਆਂ ਭਾਈ ਸੇਵਾ ਦਾਸ

(ਥ) ਪ੍ਰਸ਼ਨ: *ਵਾਰਤਕ ਵਿਰਸਾ* ਪੁਸਤਕ ਵਿਚ ਕਿਸ ਗੁਰੂ ਸਾਹਿਬ ਦੀਆਂ ਕਿੰਨੀਆਂ ਸਾਖੀਆਂ ਦਿੱਤੀਆਂ ਗਈਆਂ ਹਨ?

ਉਤਰ: ਇਸ ਪੁਸਤਕ ਵਿਚ ਨੌਵੇਂ ਸਤਿਗੁਰੂ ਤੇਗ਼ ਬਹਾਦਰ ਜੀ ਬਾਰੇ ਦੋ ਸਾਖੀਆਂ ਦਿੱਤੀਆਂ ਗਈਆਂ ਹਨ। ਪਹਿਲੀ ਸਾਖੀ ਵਿਚ 'ਬਾਬਾ ਬਕਾਲੇ' ਦਾ ਐਲਾਨ ਹੋਣ ਤੋਂ ਬਾਅਦ ਗੁਰੂ ਤੇਗ਼ ਬਹਾਦਰ ਜੀ ਦੇ ਪ੍ਰਗਟ ਹੋਣ ਦੀ ਕਥਾ ਬਿਆਨ ਕੀਤੀ ਗਈ ਹੈ ਅਤੇ ਦੂਜੀ ਸਾਖੀ ਵਿਚ ਮਸੰਦਾਂ ਦੀਆਂ ਆਪਹੁਦਰੀਆਂ ਅਤੇ ਲਾਲਚੀ ਕਾਰਵਾਈਆਂ ਦਾ ਵਰਣਨ ਕੀਤਾ ਗਿਆ ਹੈ।

## 1.12.5.5 ਪਾਰਸ ਭਾਗ

(ਦ) ਪ੍ਰਸ਼ਨ: *ਪਾਰਸ ਭਾਗ* ਪੁਸਤਕ ਬਾਰੇ ਤੁਸੀਂ ਕੀ ਜਾਣਦੇ ਹੋ?

ਉਤਰ: *ਪਾਰਸ ਭਾਗ* ਫ਼ਾਰਸੀ ਭਾਸ਼ਾ ਦੇ ਪ੍ਰਸਿੱਧ ਵਿਦਵਾਨ ਇਮਾਮ-ਅਲ-ਗ਼ਜ਼ਾਲੀ ਦੀ ਰਚਨਾ 'ਕੀਮੀਆ-ਏ-ਸ਼ਆਦਤ' ਦਾ ਪੰਜਾਬੀ ਅਨੁਵਾਦ ਹੈ। ਇਹ ਪੁਸਤਕ ਇਸਲਾਮੀ ਜਗਤ ਵਿਚ ਇਕ ਸ਼ਾਹਕਾਰ ਰਚਨਾ ਵਜੋਂ ਪ੍ਰਵਾਨ ਕੀਤੀ ਗਈ ਹੈ। ਇਸ ਪੁਸਤਕ ਦਾ *ਪਾਰਸ ਭਾਗ* ਸਿਰਲੇਖ ਅਧੀਨ ਪੰਜਾਬੀ ਅਨੁਵਾਦ ਇਕ ਸੇਵਾਪੰਥੀ ਸਾਧੂ ਭਾਈ ਗਾੜ੍ਹੂ ਨੇ ਕੀਤਾ ਹੈ।

(ਧ) ਪ੍ਰਸ਼ਨ: *ਪਾਰਸ ਭਾਗ* ਸਿਰਲੇਖ ਅਧੀਨ ਆਏ ਪਾਠ ਦੇ ਵਿਸ਼ੇ ਦਾ ਵਰਣਨ ਕਰੋ।

ਉਤਰ: *ਵਾਰਤਕ ਵਿਰਸਾ* ਪੁਸਤਕ ਵਿਚ 'ਪਾਰਸ ਭਾਗ' ਵਿਚੋਂ ਦੋ ਸਰਗ ਦਿੱਤੇ ਗਏ ਹਨ। ਪਹਿਲੇ ਸਰਗ ਵਿਚ ਗ਼ਜ਼ਾਲੀ ਆਤਮ-ਪਛਾਣ ਦੀ ਸਿੱਖਿਆ ਦਿੰਦਾ ਹੈ। ਉਸ ਅਨੁਸਾਰ ਆਤਮ-ਪਛਾਣ ਪਰਮਾਤਮਾ ਨੂੰ ਪਛਾਣਨ ਦੀ ਕੁੰਜੀ ਹੈ। ਦੂਜੇ ਸਰਗ ਵਿਚ ਇਸੇ ਵਿਸ਼ੈ ਨੂੰ ਹੋਰ ਵਿਸਤਾਰ ਦਿੰਦਾ ਹੋਇਆ ਗ਼ਜ਼ਾਲੀ ਲਿਖਦਾ ਹੈ ਕਿ ਮਨੁੱਖੀ ਸਰੀਰ ਦੋ ਪਦਾਰਥਾਂ ਨਾਲ ਉਤਪੰਨ ਕੀਤਾ ਗਿਆ ਹੈ। ਇਕ ਮਨੁੱਖ ਦਾ ਸਥੂਲ ਸਰੀਰ ਹੈ, ਜੋ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਅਤੇ ਦੂਜਾ ਉਸਦਾ ਸੂਖ਼ਮ ਸਰੀਰ ਹੈ। ਇਸ ਨੂੰ ਮਨ ਜਾਂ ਚਿੱਤ ਕਹਿੰਦੇ ਹਨ। ਇਸ ਰੂਪ ਨੂੰ ਬੁੱਧੀ ਦੁਆਰਾ ਅਨੁਭਵ ਕੀਤਾ ਜਾ ਸਕਦਾ ਹੈ। ਇਹ ਸਾਧਾਰਨ ਅੱਖਾਂ ਨਾਲ ਦਿਖਾਈ ਨਹੀਂ ਦਿੰਦਾ।

## 1.12.5.6 ਜਪੁ ਪਰਮਾਰਥ

(ਨ) ਪ੍ਰਸ਼ਨ: 'ਪਰਮਾਰਥ' ਕਿਸ ਨੂੰ ਕਹਿੰਦੇ ਹਨ?

ਉਤਰ: 'ਪਰਮਾਰਥ' ਦਾ ਅਰਥ ਹੈ ਪਰਮ-ਅਰਥ ਅਰਥਾਤ ਡੂੰਘੀ ਅਤੇ ਦਾਰਸ਼ਨਿਕ ਵਿਆਖਿਆ। ਮੱਧਕਾਲ ਵਿਚ ਕਈ ਗੁਣੀ-ਗਿਆਨੀਆਂ ਨੇ ਸ਼੍ਰੇਸ਼ਠ ਰਚਨਾਵਾਂ ਦੇ ਡੂੰਘੇ ਅਤੇ ਰਮਜ਼-ਭਰਪੂਰ ਅਰਥ ਕੀਤੇ ਸਨ। ਉਨ੍ਹਾਂ ਨੂੰ 'ਪਰਮਾਰਥ' ਕਿਹਾ ਜਾਂਦਾ ਸੀ। ਇਸ 'ਪਰਮਾਰਥ' ਵਿਚ ਜਪੁਜੀ ਸਾਹਿਬ ਦੀ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ।

(ਪ) ਪ੍ਰਸ਼ਨ: *ਵਾਰਤਕ ਵਿਰਸਾ* ਵਿਚ ਜਪੁਜੀ ਦੀਆਂ ਕਿੰਨੀਆਂ ਪਉੜੀਆਂ ਦੀ ਵਿਆਖਿਆ ਕੀਤੀ ਗਈ ਹੈ?

ਉਤਰ: ਇਸ ਪੁਸਤਕ ਵਿਚ ਜਪੁਜੀ ਦੇ ਪ੍ਰਥਮ ਸਲੋਕ (ਆਦਿ ਸਚੁ ਜੁਗਾਦਿ ਸਚੁ) ਤੋਂ ਲੈ ਕੇ ਪਹਿਲੀ ਅਤੇ ਦੂਜੀ ਪਉੜੀ ਦੀ ਵਿਆਖਿਆ ਕੀਤੀ ਗਈ ਹੈ। ਲੇਖਕ ਨੇ ਇਨ੍ਹਾਂ ਪਉੜੀਆਂ ਦੀਆਂ ਵੱਖ-ਵੱਖ ਪੰਕਤੀਆਂ ਨੂੰ ਲੈ ਕੇ ਉਨ੍ਹਾਂ ਦਾ ਪਰਮਾਰਥ ਕੀਤਾ ਹੈ।

## 1.12.5.7 ਰਹਿਤਨਾਮਾ ਭਾਈ ਦਯਾ ਸਿੰਘ

(ਫ਼) ਪ੍ਰਸ਼ਨ: *ਵਾਰਤਕ ਵਿਰਸਾ* ਪਾਠ-ਪੁਸਤਕ ਵਿਚ ਸੰਕਲਿਤ 'ਰਹਿਤਨਾਮੇ' ਵਿਚ ਕੀ ਦੱਸਿਆ ਗਿਆ ਹੈ?

ਉਤਰ: ਇਸ ਪੁਸਤਕ ਦੇ ਪਾਠ ਵਿਚ ਖ਼ਾਲਸਾ ਪ੍ਰਗਟ ਕਰਨ ਪਿੱਛੋਂ ਉਸ ਨੂੰ ਅੰਮ੍ਰਿਤ ਛਕਾਉਣ ਬਾਰੇ ਜਾਣਕਾਰੀ ਦਿੱਤੀ ਗਈ ਹੈ। ਅੰਮ੍ਰਿਤ ਤਿਆਰ ਕਰਨ ਸਮੇਂ ਲੋਹੇ ਦੇ ਬਾਟੇ ਵਿਚ ਜਲ ਅਤੇ ਪਤਾਸੇ ਪਾ ਕੇ ਖੰਡੇ ਨਾਲ ਇਸ ਮਿਸ਼ਰਣ ਨੂੰ ਹਿਲਾਉਂਦੇ ਜਾਣਾ ਹੈ। ਨਾਮ-ਨਾਲ ਪੰਜ ਬਾਣੀਆਂ (ਜਪੁਜੀ, ਜਾਪੁ ਸਾਹਿਬ, ਚੌਪਈ, ਪੰਜ ਸਵਈਏ 'ਸ੍ਰਾਵਗ ਸੁਧ' ਵਾਲੇ ਅਤੇ ਪੰਜ ਸਵਈਏ 'ਦੀਨਨ ਕੀ ਪ੍ਰਤਿਪਾਲ' ਵਾਲੇ ਦਾ

ਪਾਠ ਕਰਨਾ ਹੈ। ਫਿਰ ਇਸ ਅੰਮ੍ਰਿਤ ਦੇ ਪੰਜ-ਪੰਜ ਚੁਲੇ (ਚੂਲੀਆਂ) ਅੰਮ੍ਰਿਤ-ਅਭਿਲਾਖੀਆਂ ਨੂੰ ਛਕਾਉਣੇ ਹਨ।

(ਬ) ਪ੍ਰਸ਼ਨ: ਪੰਜ ਕਕਾਰ ਕਿਹੜੇ-ਕਿਹੜੇ ਹਨ?

ਉਤਰ: (1) ਕੱਛਾ (ਕਛਹਿਰਾ), (2) ਕ੍ਰਿਪਾਨ, (3) ਕੜਾ, (4) ਕੰਘਾ, (5) ਕੇਸ।

## 1.12.6.1 ਸੰਕ੍ਰਾਂਤੀ ਕਾਲ: ਪੰਜਾਬੀ ਬਾਤ ਚੀਤ

(ਭ) ਪ੍ਰਸ਼ਨ: *ਪੰਜਾਬੀ ਬਾਤ ਚੀਤ* ਕਿਸ ਲੇਖਕ ਦੀ ਰਚਨਾ ਹੈ?

ਉਤਰ: ਇਹ ਪੁਸਤਕ ਪੰਡਤ ਸ਼ਰਧਾ ਰਾਮ ਫਲੌਰੀ ਨੇ 1875 ਈ. ਵਿਚ ਇਕ ਅੰਗਰੇਜ਼ ਪਾਦਰੀ ਮਿ. ਨਿਊਟਨ ਦੇ ਕਹਿਣ ਉਪਰ ਲਿਖੀ। ਇਸ ਪੁਸਤਕ ਵਿਚ ਪੰਜਾਬ ਵੱਖ-ਵੱਖ ਭਾਗਾਂ ਵਿਚ ਰਹਿਣ ਵਾਲੇ ਲੋਕਾਂ ਦੇ ਚਰਿੱਤਰ, ਰਸਮ-ਰਿਵਾਜਾਂ ਅਤੇ ਉਨ੍ਹਾਂ ਦੀ ਬੋਲ-ਚਾਲ ਦੀਆਂ ਪ੍ਰਮੁੱਖ ਰੂੜ੍ਹੀਆਂ ਨੂੰ ਬਿਆਨ ਕੀਤਾ ਗਿਆ ਹੈ।

(ਮ) ਪ੍ਰਸ਼ਨ: *ਵਾਰਤਕ ਵਿਰਸਾ* ਵਿਚ ਸੰਕਲਿਤ ਹੋਈ ਟੁਕੜੀ ਵਿਚ ਪੰਜਾਬ ਦੇ ਕਿਸ ਭਾਗ ਵਿਚ ਰਹਿਣ ਵਾਲੇ ਲੋਕਾਂ ਦੀ ਬੋਲ-ਚਾਲ ਬਾਰੇ ਦੱਸਿਆ ਗਿਆ ਹੈ?

ਉਤਰ: ਇਸ ਪਾਠ ਵਿਚ ਲਾਹੌਰ ਸ਼ਹਿਰ ਦੇ ਰਹਿਣ ਵਾਲੇ ਖੱਤਰੀ ਪਰਿਵਾਰਾਂ ਦੀ ਬੋਲੀ ਅਤੇ ਰਸਮ-ਰਿਵਾਜਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਲਾਹੌਰ ਅਤੇ ਅੰਮ੍ਰਿਤਸਰ, ਪੰਜਾਬ ਦੇ ਮਾਝਾ (ਮੱਧ) ਖੇਤਰ ਵਿਚ ਆਉਂਦੇ ਸਨ। ਇਸ ਇਲਾਕੇ ਦੀ ਬੋਲ-ਚਾਲ ਨੂੰ ਮਾਝੀ ਕਿਹਾ ਜਾਂਦਾ ਹੈ।

(ਯ) ਪ੍ਰਸ਼ਨ: *ਵਾਰਤਕ ਵਿਰਸਾ* ਪੁਸਤਕ ਦੇ 'ਬਾਤ ਚੀਤ' ਪਾਠ ਵਿਚ ਕਿਸ ਪਰਿਵਾਰ ਦੀ ਕਹਾਣੀ ਬਿਆਨ ਕੀਤੀ ਗਈ ਹੈ?

ਉਤਰ: ਇਸ ਪਾਠ ਵਿਚ ਲਾਹੌਰ ਸ਼ਹਿਰ ਵਿਚ ਰਹਿਣ ਵਾਲੇ ਇਕ ਖੱਤਰੀ ਮੂਲਰਾਜ ਦੇ ਪਰਿਵਾਰ ਦੀ ਕਹਾਣੀ ਬਿਆਨ ਕੀਤੀ ਗਈ ਹੈ। ਇਹ ਪਰਿਵਾਰ ਲੁਹਾਰੀ ਦਰਵਾਜ਼ੇ ਚਿੜੀਮਾਰਾਂ ਦੀ ਗਲੀ ਵਿਚ ਰਹਿੰਦਾ ਸੀ। ਉਸ ਦੇ ਤਿੰਨ ਪੁੱਤਰ ਸਨ। (1) ਗੁਰਾਂਦਿਤਾ, (2) ਜਵਾਹਰ ਅਤੇ (3) ਮਾਣਕ।

(ਰ) ਪ੍ਰਸ਼ਨ: ਗੁਰਾਂਦਿਤੇ ਦੀ ਸ਼ਾਦੀ ਦਾ ਸ਼ਗਨ ਕਿੱਥੇ ਹੋਇਆ?

ਉਤਰ: ਗੁਰਾਂਦਿਤੇ ਦੀ ਸ਼ਾਦੀ ਦਾ ਸ਼ਗਨ ਲਾਹੌਰ ਵਿਚ ਹੀ ਸਾਹਲਮੀ ਦਰਵਾਜ਼ੇ ਵਿਚ ਰਹਿਣ ਵਾਲੇ ਨਿਰੰਜਨ ਖੰਨੇ ਦੇ ਘਰ ਹੋਇਆ। ਨਰਾਤਿਆਂ ਦੇ ਦਿਨਾਂ ਵਿਚ ਇਕ ਰੁਪਏ ਅਤੇ ਗੁੜ ਦੀ ਰੋੜੀ ਦਾ ਸ਼ਗਨ ਪਾ ਕੇ ਰਿਸ਼ਤਾ ਪੱਕਾ ਕਰ ਦਿੱਤਾ ਗਿਆ। ਢਾਈ-ਤਿੰਨ ਵਰ੍ਹਿਆਂ ਬਾਅਦ ਗੁਰਾਂਦਿਤੇ ਦੀ ਸ਼ਾਦੀ ਵੀ ਹੋ ਗਈ।

(ਲ) ਪ੍ਰਸ਼ਨ: ਗੁਰਾਂਦਿਤੇ ਤੋਂ ਛੋਟੇ ਲੜਕੇ ਜਵਾਹਰ ਦਾ ਵਿਆਹ ਕਿੱਥੇ ਹੋਇਆ?

ਉਤਰ: ਜਵਾਹਰ ਦਾ ਵਿਆਹ ਬਟਾਲੇ ਸ਼ਹਿਰ ਵਿਚ ਰਹਿਣ ਵਾਲੇ ਮਲਹੋਤਰੇ ਖੱਤਰੀਆਂ ਦੀ ਬੇਟੀ ਨਾਲ ਹੋਇਆ। ਉਨ੍ਹਾਂ ਨੇ ਜਵਾਹਰ ਤੋਂ ਛੋਟੇ ਮਾਣਕ ਨੂੰ ਵੀ ਆਪਣੀ ਧੀ ਦੇਣ ਦਾ ਇਕਰਾਰ ਕਰ ਲਿਆ ਸੀ।

(ਵ) ਪ੍ਰਸ਼ਨ: ਜਵਾਹਰ ਨੂੰ ਕਿਹੜੀ ਭੈੜੀ ਵਾਦੀ ਲੱਗ ਗਈ ਸੀ?

ਉਤਰ: ਜੂਏਬਾਜ਼ਾਂ ਦੀ ਸੋਹਬਤ ਵਿਚ ਰਹਿਣ ਕਾਰਨ ਜਵਾਹਰ ਨੂੰ ਵੀ ਜੂਆ ਖੇਡਣ ਦੀ ਭੈੜੀ ਵਾਦੀ ਲੱਗ ਗਈ ਸੀ। ਪਰ ਉਸ ਦੇ ਪਿਤਾ ਮੂਲਰਾਜ ਨੇ ਆਪਣੇ ਖ਼ਾਨਦਾਨ ਦਾ ਵਾਸਤਾ ਪਾ ਕੇ ਉਸ ਨੂੰ ਜੂਆ ਖੇਡਣ ਦੀ ਆਦਤ ਤੋਂ ਬਚਾ ਲਿਆ ਸੀ।

(ੜ) ਪ੍ਰਸ਼ਨ: ਇਸ ਪਾਠ ਵਿਚ ਆਏ 'ਲੜਾਈ ਦੇ ਦ੍ਰਿਸ਼' ਉਪਰ ਰੋਸ਼ਨੀ ਪਾਉ।

ਉਤਰ: ਖੱਤਰੀ ਲੋਕ ਛੋਟੀਆਂ-ਛੋਟੀਆਂ ਗੱਲਾਂ ਉਪਰ ਝਗੜਾ ਛੇੜ ਲੈਂਦੇ ਹਨ। ਮੂਲਰਾਜ ਦੇ ਛੋਟੇ ਪੁੱਤਰ ਮਾਣਕ ਨੂੰ ਭੁੱਲਾ ਸਿੰਘ ਅਰੋੜੇ ਦੇ ਪੁੱਤਰ ਨੇ ਕੁੱਟ ਦਿੱਤਾ ਤਾਂ ਦੋਹਾਂ ਪਾਸਿਆਂ ਤੋਂ ਬਹੁਤ ਸਾਰੇ ਸਾਕ-ਸੰਬੰਧੀ ਇੱਕਠੇ ਹੋ ਗਏ। ਭੁੱਲਾ ਸਿੰਘ ਦੇ ਵਰਜਣ ਦੇ ਬਾਵਜੂਦ ਦੋਹਾਂ ਧਿਰਾਂ ਵਿਚ ਲੜਾਈ ਸ਼ੁਰੂ ਹੋ ਗਈ ਅਤੇ ਆਖ਼ਰ ਗੱਲ ਥਾਣੇ ਜਾ ਕੇ ਮੁੱਕੀ।

## 1.12.7 ਨਿਸ਼ਕਰਸ਼

*ਵਾਰਤਕ ਵਿਰਸਾ* ਪੁਸਤਕ ਵਿਚ ਪੰਜਾਬੀ ਦੇ ਅਧਿਆਤਮਕ ਅਤੇ ਸਭਿਆਚਾਰਕ ਵਿਰਸੇ ਬਾਰੇ ਬਹੁਤ ਸਾਰੀ ਬਹੁਮੁੱਲੀ ਜਾਣਕਾਰੀ ਸੰਕਲਿਤ ਹੈ। ਇਸ ਲਈ ਵਿਦਿਆਰਥੀ ਨੂੰ ਇਹ ਪੁਸਤਕ ਪੂਰੇ ਧਿਆਨ ਅਤੇ ਇਕਾਗਰਤਾ ਨਾਲ ਪੜ੍ਹਨ ਦੀ ਜ਼ਰੂਰਤ ਹੈ। ਪਾਠ ਪੜ੍ਹਨ ਦੌਰਾਨ ਹਾਸਲ ਹੋਈ ਜਾਣਕਾਰੀ ਨੂੰ ਵੱਖਰੇ ਕਾਗਜ਼ਾਂ ਉਪਰ ਅੰਕਿਤ ਕਰ ਲੈਣਾ ਚਾਹੀਦਾ ਹੈ ਤਾਂ ਜੋ ਪ੍ਰੀਖਿਆ ਤੋਂ ਪਹਿਲਾਂ ਉਸ ਉਪਰ ਨਜ਼ਰਸਾਨੀ ਕੀਤੀ ਜਾ ਸਕੇ। ਆਪਣੇ ਨੋਟਸ ਆਪ ਤਿਆਰ ਕਰਨ ਦੀ ਰੁਚੀ ਨੂੰ ਵਿਕਸਿਤ ਕਰਨਾ ਚਾਹੀਦਾ ਹੈ।

## ਕੁੱਝ ਹੋਰ ਮਹੱਤਵਪੂਰਨ ਪ੍ਰਸ਼ਨ

1. ਵਾਰਤਕ ਵਿਰਸਾ ਦੀ ਭੂਮਿਕਾ ਵਿਚ ਅੱਠ ਗੋਸ਼ਟਾਂ ਦੀ ਸੂਚੀ ਹੈ, ਚਾਰ ਗੋਸ਼ਟਾਂ ਦੇ ਨਾਂ ਲਿਖੋ। (ਦਸੰਬਰ 2016)
2. ਸਪਰੀ ਅਤੇ ਪਰਚੀ ਵਿਚ ਅੰਤਰ ਕਰੋ। (ਦਸੰਬਰ 2016)
3. ਆਦਿ ਕਾਲ ਦੀਆਂ ਸਮਝੀਆਂ ਜਾਣ ਵਾਲੀਆਂ ਵਾਰਤਕ ਰਚਨਾਵਾਂ ਵਿਚੋਂ ਦੋ ਦੇ ਨਾਮ ਲਿਖੋ। (ਦਸੰਬਰ 2017)
4. ਨਾਮਾ ਰੂਪ ਵਾਰਤਕ ਵੰਨਗੀਆਂ ਵਿਚ ਕਿਹੜੀਆਂ-ਕਿਹੜੀਆਂ ਵੰਨਗੀਆਂ ਸ਼ਾਮਲ ਹਨ? ਹਰੇਕ ਦੇ ਦੋ-ਦੋ ਲੱਛਣ ਬਿਆਨ ਕਰੋ। (ਦਸੰਬਰ 2017)

## ਸਹਾਇਕ ਪੁਸਤਕਾਵਲੀ


1. ਸਤਨਾਮ ਸਿੰਘ ਜੱਸਲ, ਬੂਟਾ ਸਿੰਘ ਬਰਾੜ (ਸਪਾ.), *ਵਾਰਤਕ ਵਿਰਸਾ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2015
2. ਪ੍ਰੋ. ਬ੍ਰਹਮਜਗਦੀਸ਼ ਸਿੰਘ, *ਮੁੱਢਲੀ ਪੰਜਾਬੀ ਵਾਰਤਕ: ਸਿੱਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2011
3. ਪ੍ਰੋ. ਰਾਜਬੀਰ ਕੌਰ, *ਪੁਰਾਤਨ ਅਤੇ ਨਵੀਨ ਪੰਜਾਬੀ ਵਾਰਤਕ: ਸਿੱਧਾਂਤ ਤੇ ਵਿਹਾਰ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2009
4. ਪ੍ਰੋ. ਬ੍ਰਹਮਜਗਦੀਸ਼ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ: ਵਾਰਤਕ ਰਚਨਾ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2010
5. ਪ੍ਰੋ. ਬ੍ਰਹਮਜਗਦੀਸ਼ ਸਿੰਘ, ਪ੍ਰੋ. ਰਾਜਬੀਰ ਕੌਰ, *ਪੰਜਾਬੀ ਸਾਹਿੱਤ ਦਾ ਇਤਿਹਾਸ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, ਤੀਜਾ ਸੰਸਕਰਣ 2017


Type Setting :

Department of Distance Education, Punjabi University, Patiala.